

ਅਦਾਰਾ 'ਦੇਸ਼ ਦੁਆਬਾ' ਵੱਲੋਂ ਮਹਾਤਮਾ ਜਯੋਤੀਬਾ ਰਾਓ ਫੁਲੇ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।


13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -14 ISSUE - 1

April 9, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪ ਸਭ ਨੂੰ ਵਿਸਾਖ, ਵਿਸਾਖੀ ਅਤੇ ਖਾਲਸਾ ਜੀ ਦੇ ਸਾਜਨਾ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ ਹੋਵਣ ਜੀ। ਅਦਾਰਾ 'ਦੇਸ਼ ਦੁਆਬਾ' ਜਲਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਨਿੱਘੀ ਸ਼ਰਧਾਂਜਲੀ ਦਿੰਦਾ ਹੈ।


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ 134ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ ਅਤੇ ਉਹਨਾਂ ਦੇ ਲਾਸਾਨੀ ਜੀਵਨ ਸੰਘਰਸ ਅਤੇ ਸਮੂਹ ਮਾਨਵਤਾ ਅਤੇ ਦੇਸ ਪ੍ਰਤੀ ਸੱਚੀ ਨਿਸਠਾ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ। **(ਸਬੰਧਿਤ ਲੇਖ ਅੰਦਰ ਦੇਖੋ)**

# ਅਮਰੀਕੀ ਪ੍ਰਸ਼ਾਸਨ ਦੇ ਨਵੇਂ ਟੈਕਸ ਲਾਗੂ, ਚੀਨ 'ਤੇ ਲਾਇਆ 104% ਟੈਕਸ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਰਜਨਾਂ ਮੁਲਕਾਂ 'ਤੇ ਲਾਇਆ 'ਜਵਾਬੀ' ਟੈਕਸ ਬੁੱਧਵਾਰ ਤੋਂ ਅਮਲ ਵਿਚ ਆ ਜਾਵੇਗਾ। ਇਸ ਵਿਚ ਚੀਨੀ ਵਸਤਾਂ 'ਤੇ ਲਾਇਆ 104 ਫੀਸਦ ਟੈਕਸ ਵੀ ਸ਼ਾਮਲ ਹੈ, ਜਿਸ ਨਾਲ ਟਰੰਪ ਵੱਲੋਂ ਛੇੜੀ ਆਲਮੀ ਵਪਾਰਕ ਜੰਗ ਹੋਰ ਡੂੰਘੀ ਹੋਣ ਦੇ ਆਸਾਰ ਹਨ। ਅਮਰੀਕੀ ਸਦਰ ਨੇ ਹਾਲਾਂਕਿ ਕੁਝ ਦੇਸ਼ਾਂ ਨਾਲ ਗੱਲਬਾਤ ਦੀ ਤਿਆਰੀ ਕਰ ਲਈ ਹੈ। ਟਰੰਪ ਦੇ ਜਵਾਬੀ ਟੈਕਸਾਂ ਨੇ ਦਹਾਕਿਆਂ ਤੋਂ ਚੱਲ ਰਹੀ ਵਿਸ਼ਵਵਿਆਪੀ ਵਪਾਰਕ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਨਾਲ ਨਾ ਸਿਰਫ਼ ਮੰਦੀ ਦਾ ਡਰ ਵਧਿਆ ਹੈ ਬਲਕਿ ਆਲਮੀ ਪੱਧਰ 'ਤੇ ਸ਼ੇਅਰ ਬਾਜ਼ਾਰਾਂ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ।



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਨਵੀਆਂ ਟੈਕਸ ਦਰਾਂ ਬੁੱਧਵਾਰ ਅੱਧੀ ਰਾਤ ਤੋਂ ਅਮਲ ਵਿਚ ਆ ਗਈਆਂ ਹਨ। ਟਰੰਪ ਨੇ 2 ਅਪਰੈਲ ਨੂੰ ਟੈਕਸਾਂ ਦੇ ਨਵੇਂ ਦੌਰ ਦਾ ਐਲਾਨ ਕੀਤਾ ਸੀ। ਟਰੰਪ ਨੇ ਉਦੋਂ ਕਿਹਾ ਸੀ ਕਿ ਅਮਰੀਕਾ ਹੁਣ ਆਪਣੇ ਸਾਰੇ ਵਪਾਰਕ ਭਾਈਵਾਲਾਂ 'ਤੇ ਘੱਟੋ ਘੱਟ 10 ਫੀਸਦ ਟੈਕਸ ਲਗਾਏਗਾ। ਸ਼ਨਿੱਚਰਵਾਰ ਤੋਂ 10 ਫੀਸਦ ਦੀ ਮੂਲ ਦਰਾਂ ਲਾਗੂ ਹੋ ਗਈਆਂ ਸਨ। ਇਸ ਮਗਰੋਂ ਕਈ ਦੇਸ਼ਾਂ ਤੇ ਖੇਤਰਾਂ ਉੱਤੇ ਅਮਰੀਕਾ ਦੀ ਉੱਚ ਦਰਾਮਦ ਟੈਕਸ ਦਰਾਂ ਅੱਧੀ ਰਾਤ ਤੋਂ ਲਾਗੂ ਹੋ ਗਈਆਂ। ਸਭ ਤੋਂ ਵੱਧ 50 ਫੀਸਦ ਟੈਕਸ ਉਨ੍ਹਾਂ ਛੋਟੇ ਅਰਥਚਾਰਿਆਂ ਉੱਤੇ ਲਾਗੂ ਹੁੰਦਾ ਹੈ, ਜੋ ਅਮਰੀਕਾ ਨਾਲ ਬਹੁਤ ਘੱਟ ਵਪਾਰ ਕਰਦੇ ਹਨ। ਇਸ ਵਿਚ ਅਫ਼ਰੀਕੀ ਸ਼ਹਿਰ ਲੇਸੋਥੋ ਵੀ ਸ਼ਾਮਲ ਹੈ। ਉਧਰ ਮੈਡਾਗਾਸਕਰ ਤੋਂ ਦਰਾਮਦ ਉੱਤੇ 47 ਫੀਸਦ, ਵੀਅਤਨਾਮ ਉੱਤੇ 46 ਫੀਸਦ, ਤਾਇਵਾਨ 32 ਫੀਸਦ, ਦੱਖਣੀ ਕੋਰੀਆ 25 ਫੀਸਦ, ਜਾਪਾਨ 24 ਫੀਸਦ ਤੇ ਯੂਰਪੀ ਸੰਘ 'ਤੇ 20 ਫੀਸਦ ਟੈਕਸ ਦਰ ਸ਼ਾਮਲ ਹੈ। ਇਨ੍ਹਾਂ ਵਿਚੋਂ ਕੁਝ ਨਵੇਂ ਟੈਕਸ ਵਪਾਰਕ ਉਪਾਆਂ 'ਤੇ ਅਧਾਰਿਤ ਹਨ। ਮਿਸਾਲ ਵਜੋਂ ਟਰੰਪ ਨੇ ਪਿਛਲੇ ਹਫ਼ਤੇ ਚੀਨੀ ਦਰਾਮਦਾਂ 'ਤੇ 34 ਫੀਸਦ ਟੈਕਸ ਲਾਉਣ ਦਾ ਐਲਾਨ ਕੀਤਾ ਸੀ, ਜੋ ਇਸ ਸਾਲ ਦੀ ਸ਼ੁਰੂਆਤ ਵਿਚ ਦੇਸ਼ ਉੱਤੇ ਲਗਾਏ ਗਏ 20 ਫੀਸਦ ਟੈਕਸ ਤੋਂ ਵਾਧੂ ਹੋਵੇਗਾ। ਟਰੰਪ ਪ੍ਰਸ਼ਾਸਨ ਨੇ ਚੀਨ ਦੇ ਪਲਟਵਾਰ ਮਗਰੋਂ ਚੀਨੀ ਵਸਤਾਂ 'ਤੇ 50 ਫੀਸਦ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ। ਅਜਿਹੀ ਸਥਿਤੀ ਵਿਚ ਚੀਨ 'ਤੇ ਕੁਲ ਮਿਲਾ ਕੇ 104 ਫੀਸਦ ਟੈਕਸ ਲੱਗੇਗਾ।

ਮੰਗਲਵਾਰ ਨੂੰ ਕਰੀਬ ਇੱਕ ਸਾਲ ਵਿੱਚ ਪਹਿਲੀ ਵਾਰ 5,000 ਤੋਂ ਹੇਠਾਂ ਬੰਦ ਹੋਇਆ। ਡੇਟਾ ਅਨੁਸਾਰ, ਟਰੰਪ ਵੱਲੋਂ ਪਿਛਲੇ ਹਫ਼ਤੇ ਜਵਾਬੀ ਟੈਕਸਾਂ ਦਾ ਐਲਾਨ ਕੀਤੇ ਜਾਣ ਮਗਰੋਂ 500 ਕੰਪਨੀਆਂ ਨੇ ਸਟਾਕ ਮਾਰਕੀਟ ਮੁੱਲ ਵਿੱਚ 5.8 ਖਰਬ ਡਾਲਰ ਦਾ ਨੁਕਸਾਨ ਕੀਤਾ ਹੈ, ਜੋ ਕਿ 1950 ਦੇ ਦਹਾਕੇ ਵਿੱਚ ਬੈਂਚਮਾਰਕ ਦੀ ਸਿਰਜਣਾ ਤੋਂ ਬਾਅਦ ਸਭ ਤੋਂ ਵੱਡਾ ਚਾਰ ਦਿਨਾਂ ਦਾ ਘਾਟਾ ਹੈ। ਬੁੱਧਵਾਰ ਨੂੰ ਏਸ਼ਿਆਈ ਬਾਜ਼ਾਰਾਂ ਵਿੱਚ ਥੋੜ੍ਹੀ ਜਿਹੀ ਰਾਹਤ ਤੋਂ ਬਾਅਦ ਵਿਕਰੀ ਮੁੜ ਸ਼ੁਰੂ ਹੋ ਗਈ, ਜਾਪਾਨ ਦਾ ਨਿੱਕੀ 3% ਤੋਂ ਵੱਧ ਡਿੱਗ ਗਿਆ ਅਤੇ ਦੱਖਣੀ ਕੋਰੀਆ ਦੀ ਵੌਨ ਕਰੰਸੀ 16 ਸਾਲਾਂ ਦੇ ਹੇਠਲੇ ਪੱਧਰ 'ਤੇ ਆ ਗਈ। ਵਰਣਨਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੇਤਾਵਨੀ ਤੋਂ ਇੱਕ ਦਿਨ ਬਾਅਦ, ਵ੍ਹਾਈਟ ਹਾਊਸ ਨੇ ਚੀਨ 'ਤੇ 104% ਟੈਕਸ ਲਗਾਉਣ ਦਾ ਐਲਾਨ ਕੀਤਾ ਸੀ। ਇਸ ਖ਼ਬਰ ਤੋਂ ਬਾਅਦ ਅਮਰੀਕੀ ਸਟਾਕ ਡਿੱਗ ਗਏ। ਆਲਮੀ ਬਾਜ਼ਾਰਾਂ ਵਿੱਚ ਪਹਿਲਾਂ ਇਸ ਉਮੀਦ ਨਾਲ ਤੇਜ਼ੀ ਆਈ ਸੀ ਕਿ ਟਰੰਪ ਗੱਲਬਾਤ ਲਈ ਤਿਆਰ ਹੋ ਸਕਦੇ ਹਨ।

## 'ਦੇਸ਼ ਦੁਆਬਾ' 14ਵੇਂ ਸਾਲ 'ਚ ਪ੍ਰਵੇਸ਼

ਸਤਿਕਾਰਯੋਗ ਸਮੂਹ ਇਸ਼ਤਿਹਾਰਦਾਤਾਵਾਂ, ਪਾਠਕ, ਲੇਖਕ ਸਾਹਿਬਾਨ ਅਤੇ ਪ੍ਰਸ਼ੰਸਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 13 ਅਪ੍ਰੈਲ 2025 ਨੂੰ ਹਫਤਾਵਾਰੀ 'ਦੇਸ਼ ਦੁਆਬਾ' ਚੌਦਵੇਂ ਸਾਲ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਹੱਥਲਾ ਅੰਕ ਚੌਦਵੇਂ ਸਾਲ ਦਾ ਪ੍ਰਵੇਸ ਅੰਕ ਹੈ। ਇਹ ਤੁਹਾਡੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਵੀ ਸਾਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਤੁਹਾਡੀਆਂ ਆਸ਼ਾਵਾਂ ਤੇ ਖਰੇ ਉਤਰਨ ਲਈ ਪੂਰੀ ਕੋਸ਼ਿਸ਼ ਕਰਦੇ ਰਹਾਂਗੇ।

**–ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

# ਲੋਕ ਸਭਾ ਮੈਂਬਰ ਚੰਦਰਸ਼ੇਖਰ ਆਜ਼ਾਦ ਅਮਰੀਕਾ ਦੌਰੇ 'ਤੇ ਆਉਣਗੇ

**ਕੈਲੇਫੋਰਨੀਆ–** ਭਾਰਤੀ ਲੋਕ ਸਭਾ ਦੇ ਮੈਂਬਰ ਚੰਦਰਸ਼ੇਖਰ ਆਜ਼ਾਦ (ਐਡਵੋਕੇਟ) 12 ਅਪ੍ਰੈਲ ਤੋਂ 20 ਅਪ੍ਰੈਲ, 2025 ਤੱਕ ਅਮਰੀਕਾ ਦਾ ਦੌਰਾ ਕਰਨਗੇ। ਪ੍ਰੋਗਰਾਮ ਪ੍ਰਬੰਧਕ ਸ਼੍ਰੀ ਰੋਹਿਤ ਭੱਟੀ, ਜੱਸੀ ਬੰਗਾ ਅਤੇ ਵਿਨੋਦ ਚੁੰਬਰ ਨੇ ਦੱਸਿਆ ਹੈ ਕਿ ਮਾਣਯੋਗ ਸੰਸਦ ਮੈਂਬਰ ਸ਼੍ਰੀ ਆਜ਼ਾਦ ਸ਼ਨੀਵਾਰ 11-12-13 ਅਪ੍ਰੈਲ, 2025 ਨੂੰ, ਕੈਲੀਫੋਰਨੀਆ ਆਉਣਗੇ। ਫੇਰ ਉਹ 19-20 ਅਪ੍ਰੈਲ, 2025 ਨੂੰ ਸ਼ਿਕਾਗੋ ਅਤੇ ਨਿਊਯਾਰਕ ਜਾਣਗੇ।



ਬਤੌਰ ਲੋਕ ਸਭਾ ਮੈਂਬਰ ਉਹ ਗ੍ਰਹਿ ਮਾਮਲਿਆਂ ਦੀ ਕਮੇਟੀ ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਕਮੇਟੀ ਦੇ ਮੈਂਬਰ ਹਨ। ਉਨ੍ਹਾਂ ਦੀਆਂ ਵਿਸ਼ੇਸ਼ ਦਿਲਚਸਪੀਆਂ ਵਿਚ 'ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਲਈ ਸਮਾਜਿਕ ਨਿਆਂ, ਸਮਾਨਤਾ ਅਤੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਅਤੇ ਪਹਿਲਕਦਮੀਆਂ ਦੀ ਵਕਾਲਤ ਕਰਨਾ ਸ਼ੁਮਾਰ ਹਨ। ਉਹ ਨਿਸ਼ਾਨਾ ਨੀਤੀਆਂ ਰਾਹੀਂ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਲਈ ਆਰਥਿਕ ਵਿਕਾਸ ਅਤੇ ਵਿੱਤੀ ਸ਼ਮੂਲੀਅਤ ਵੱਲ ਵੀ ਰੁੱਝੇ ਹੋਏ ਹਨ। ਉਨ੍ਹਾਂ ਦੇ ਸੰਘਰਸ਼ ਅਤੇ ਪ੍ਰਭਾਵ ਨੂੰ ਦੇਖਦੇ ਹੋਏ, ਵਿਸ਼ਵ ਪ੍ਰਸਿੱਧ "ਟਾਈਮ" ਮੈਗਜ਼ੀਨ ਨੇ ਉਨ੍ਹਾਂ ਨੂੰ ਸਾਲ 2021 ਦੇ ਵਿਸ਼ੇਸ਼ ਅੰਕ ਵਿੱਚ ਦੁਨੀਆ ਦੇ 100 ਉੱਭਰ ਰਹੇ ਨੇਤਾਵਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ। ਉਹ ਭਾਰਤ ਦੇ ਇਕਲੌਤੇ ਨੇਤਾ ਸਨ ਜਿਨ੍ਹਾਂ ਨੂੰ ਇਸ ਮੈਗਜ਼ੀਨ ਦਾ ਮਾਣਮੱਤਾ ਪ੍ਰਾਪਤ ਹੋਇਆ ਸੀ। ***(ਵਿਸਥਾਰ ਲੇਖ ਦੇਖੋ ਸਫਾ 34 'ਤੇ)***




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com




Cell (510) 368-3983



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs

**Guru Piyari Saadh Sangat Ji:**
**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**April 13, 2025**
**Baisakhi Celebrations**

Baisakhi commemorates the initiation of the Khalsa Panth by Sahib-E-Kamal, Guru Gobind Singh ji in 1699. It's also the harvest celebration in Punjab. It is an occasion for social gatherings, celebrations and religious praise. Akhand Path will start on Friday April 11,2025 at 10:00 AM and will conclude with Bhog ceremony on Sunday April 13, 2025. Kirtani Jatha of Bhai Baljit Singh from San Jose and Bhai Balwinder Singh will delight Sangat with Shabad Kirtan. **May Guru Sahib bless His Sangat with peace and prosperity**.

**April 20, 2025**
**Birthday Celebration of**
**Babasaheb Dr. Bhim Rao Ambedkar**

Sri Sukhmani Sahib Path and Langar Sewa will be hosted by Sangat to celebrate 135th birth anniversary of Bharat Ratna Dr. B. R. Ambedkar.

**June 27-28-29, 2025**
**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA**
**TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruavidasstemple.com



Chairman
Vinod Kumar



President
Sunita Singh Bangar




Gen. Secretary
Upinder Pal (Ricky)



Treasurer
Shinder Pal Narabut

# ਇਕ ਵੱਢਿਉਂ ਲਾਏ ਟੈਰਿਫ਼ ਕਾਰਨ ਬਹੁਤ ਮਹਿੰਗਾਈ ਹੋਣ ਤੇ ਬੇਯਕੀਨੀ ਵਾਲੇ ਹਾਲਾਤ ਬਣਨ ਦੀ ਸੰਭਾਵਨਾ-ਫੈਡਰਲ ਰਿਜ਼ਰਵ ਚੇਅਰਮੈਨ ਦੀ ਚਿਤਾਵਨੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਸਮੇਤ ਵਿਸ਼ਵ ਭਰ ਦੇ ਦੇਸ਼ਾਂ ਦੀਆਂ ਦਰਾਮਦਾਂ ਉਪਰ ਲਾਏ ਟੈਰਿਫ਼ ਕਾਰਨ ਅਮਰੀਕੀ ਲੋਕਾਂ ਦਾ ਜਨ ਜੀਵਨ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਫੈਡਰਲ ਰਿਜ਼ਰਵ ਚੇਅਰਮੈਨ ਜੇਰੋਮ ਪਾਵਲ ਨੇ ਇਸ ਬਾਰੇ ਕਿਹਾ ਹੈ ਕਿ ਜਿਸ ਢੰਗ ਨਾਲ ਸਮੁੱਚੇ ਦੇਸ਼ਾਂ ਉਪਰ ਟੈਰਿਫ਼ ਲਾਇਆ ਗਿਆ ਹੈ, ਉਸ ਨਾਲ ਬਹੁਤ ਜਿਆਦਾ ਮਹਿੰਗਾਈ ਹੋ ਸਕਦੀ ਹੈ। ਉਨਾਂ ਕਿਹਾ ਹੈ ਕਿ ਵੱਡੀ ਪੱਧਰ 'ਤੇ ਬੇਯਕੀਨੀ ਦੇ ਹਾਲਾਤ ਕਾਰਨ ਬੇਰੁਜ਼ਗਾਰੀ ਤੇ ਮਹਿੰਗਾਈ ਦੋਨਾਂ ਦਾ ਬੋਲਬਾਲਾ ਰਹਿ ਸਕਦਾ ਹੈ। ਉਨਾਂ ਕਿਹਾ ਕਿ ਵਿਆਜ ਦਰਾਂ ਸਥਿੱਰ ਰਹਿਣਗੀਆਂ। ਉਨਾਂ ਨੇ ਵਿਕਾਸ ਦੀ ਰਫਤਾਰ ਮੱਧਮ ਹੋ ਜਾਣ ਦੀ ਚਿਤਾਵਨੀ ਵੀ ਦਿੱਤੀ। ਉਹ ਵਾਸ਼ਿੰਗਟਨ , ਡੀ ਸੀ ਤੋਂ ਬਾਹਰ ਸੋਸਾਇਟੀ ਫਾਰ ਐਡਵਾਂਸ ਬਿਜ਼ਨਸ ਐਡੀਟਿੰਗ ਐਂਡ ਰਾਈਟਿੰਗ ਕਾਨਫਰੰਸ ਵਿੱਚ ਬੋਲ ਰਹੇ ਸਨ। ਉਨਾਂ ਕਿਹਾ ਕਿ ਘੱਟੋ ਘੱਟ ਆਰਜੀ ਤੌਰ 'ਤੇ ਮਹਿੰਗਾਈ ਤਾਂ ਵਧਣ ਦੀ ਸੰਭਾਵਨਾ ਹੈ ਹੀ ਪਰੰਤੂ ਇਹ ਵੀ ਸੰਭਾਵਨਾ ਹੈ ਕਿ ਇਹ ਲੰਬਾ ਸਮਾਂ ਰਹੇ। ਪਾਵਲ ਦੇ ਭਾਸ਼ਣ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੋਸਲ ਮੀਡੀਆ ਪਲੇਟਫਾਰਮ ਉਪਰ ਪਾਈ ਇਕ ਪੋਸਟ ਵਿਚ ਲਿਖਿਆ ਹੈ ਕਿ ਫੈਡਰਲ ਰਿਜ਼ਰਵ ਨੂੰ ਉਧਾਰ ਲਾਗਤਾਂ ਘਟਾਉਣੀਆਂ ਚਾਹੀਦੀਆਂ ਹਨ। ਟਰੰਪ ਨੇ ਕੇਂਦਰੀ ਬੈਂਕ ਦੇ ਆਗੂ ਉਪਰ ਰਾਜਨੀਤੀ ਖੇਡਣ ਦਾ ਦੋਸ਼ ਲਾਇਆ। ਉਨਾਂ ਕਿਹਾ ਕਿ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵਲ ਲਈ ਇਹ ਉਚਿੱਤ ਸਮਾਂ ਹੈ ਕਿ ਉਹ ਵਿਆਜ ਦਰਾਂ ਵਿਚ ਕਟੌਤੀ ਕਰਨ। ਇਥੇ ਜਿਕਰਯੋਗ ਹੈ ਕਿ ਟਰੰਪ ਦੁਆਰਾ ਅਮਰੀਕੀ ਦਰਾਮਦਾਂ ਉਪਰ ਐਲਾਨਿਆ 10% ਟੈਰਿਫ਼ ਤਾਂ ਅੱਜ ਤੋਂ ਹੀ ਲਾਗੂ ਹੋ ਗਿਆ ਹੈ ਜਦ ਕਿ ਵੱਖ ਵੱਖ ਦੇਸ਼ਾਂ ਉਪਰ ਲਾਏ ਟੈਰਿਫ਼ 9 ਅਪ੍ਰੈਲ ਤੋਂ ਲਾਗੂ ਹੋਣਗੇ। ਮਾਹਿਰਾਂ ਦਾ ਵਿਚਾਰ ਹੈ ਕਿ ਟਰੰਪ ਦੁਆਰਾ ਲਾਏ ਟੈਰਿਫ਼ ਅਨੁਮਾਨ ਨਾਲੋਂ ਕਿਤੇ ਵਧ ਖਤਰਨਾਕ ਹਨ। ਅਰਥਸ਼ਾਸ਼ਤਰੀ ਜੇ ਪੀ ਮੋਰਗਨ ਦਾ ਵਿਚਾਰ ਹੈ ਕਿ ਜੇਕਰ ਟੈਰਿਫ਼ ਲਾਗੂ ਰਹਿੰਦੇ ਹਨ ਤਾਂ ਕੌਮਾਂਤਰੀ ਮੰਦਾ ਆਵੇਗਾ। ਮੁੱਖ ਅਰਥਸ਼ਾਸ਼ਤਰੀ ਕੈਥੀ ਬੋਸਟਜੈਨਸਿਸ ਨੇ ਕਿਹਾ ਹੈ ਕਿ ਫੈਡਰਲ ਰਿਜ਼ਰਵ ਬਹੁਤ ਕਸੂਤੀ ਸਥਿੱਤੀ ਵਿਚ ਹੈ ਕਿਉਂਕਿ ਮਹਿੰਗਾਈ ਵਧਣੀ ਤੇ ਅਰਥ ਵਿਵਸਥਾ ਵਿੱਚ ਮੰਦਾ ਆਉਣਾ ਤੈਅ ਹੈ।



# ਸੈਨੇਟ ਦੁਆਰਾ ਹਰਮੀਤ ਢਿੱਲੋਂ ਦੀ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕੀ ਸੈਨੇਟ ਨੇ ਪੰਜਾਬੀ ਤੇ ਅਮਰੀਕੀ ਭਾਈਚਾਰੇ ਵਿਚ ਜਾਣੀ ਪਛਾਣੀ ਸਖਸ਼ੀਅਤ ਹਰਮੀਤ ਢਿੱਲੋਂ ਦੀ ਮਾਨਵੀ ਹੱਕਾਂ ਬਾਰੇ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ ਕਰ ਦਿੱਤੀ ਹੈ। ਢਿਲੋਂ ਦੇ ਸੰਵਿਧਾਨਕ ਆਜ਼ਾਦੀ ਕਾਇਮ ਰੱਖਣ ਵਿਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਇਸ ਅਹਿਮ ਅਹੁੱਦੇ ਲਈ ਉਨਾਂ ਨੂੰ ਨਾਮਜ਼ਦ ਕੀਤਾ ਸੀ। ਅਲਾਸਕਾ ਤੋਂ ਕੇਵਲ ਇਕ ਰਿਪਬਲੀਕਨ ਸਾਂਸਦ ਲੀਸਾ ਮੁਰਕੋਵਸਕੀ ਨੇ ਪਾਰਟੀ ਲਾਈਨ ਤੋਂ ਹਟ ਕੇ ਢਿੱਲੋਂ ਦੇ ਵਿਰੋਧ ਵਿਚ ਡੈਮੋਕਰੈਟਸ ਦਾ ਸਾਥ ਦਿੱਤਾ ਬਾਕੀ ਸਭ ਰਿਪਬਲੀਕਨ ਸੈਨੇਟ ਮੈਂਬਰਾਂ ਨੇ ਪਾਰਟੀ ਲਾਈਨ ਅਨੁਸਾਰ ਉਨਾਂ ਨੂੰ ਵੋਟ ਪਾਈ। ਢਿੱਲੋਂ ਦੇ ਹੱਕ ਵਿਚ 52 ਤੇ ਵਿਰੁੱਧ 42 ਵੋਟਾਂ ਪਈਆਂ। ਰਾਸ਼ਟਰਪਤੀ ਟਰੰਪ ਦੀ ਕੱਟੜ ਸਮਰਥਕ ਢਿੱਲੋਂ ਨਿਆਂ ਵਿਭਾਗ ਨਾਲ ਸਬੰਧਿਤ ਕੰਮਕਾਜ਼ ਵੇਖੇਗੀ।




# ਪੰਜਾਬ ਤੇ ਹਰਿਆਣਾ ’ਚ ਗਰਮੀ ਨੇ ਜ਼ੋਰ ਫੜਿਆ, ਐਤਕੀ ਬਹੁਤ ਗਰਮ ਰਹੇਗਾ ਪੰਜਾਬ

**ਚੰਡੀਗੜ੍ਹ-** ਪੰਜਾਬ ਤੇ ਹਰਿਆਣਾ ਵਿੱਚ ਅਪਰੈਲ ਮਹੀਨੇ ਦੇ ਪਹਿਲੇ ਹਫ਼ਤੇ ਹੀ ਗਰਮੀ ਨੇ ਲੋਕਾਂ ਦੇ ਵੱਟ ਕੱਢਣੇ ਸ਼ੁਰੂ ਕਰ ਦਿੱਤੇ ਹਨ ਅਤੇ ਅੱਜ ਪੰਜਾਬ ਤੇ ਹਰਿਆਣਾ ਦੇ ਸ਼ਹਿਰਾਂ ਵਿੱਚ ਤਾਪਮਾਨ 42 ਡਿਗਰੀ ਸੈਲਸੀਅਸ ’ਤੇ ਪਹੁੰਚ ਗਿਆ ਹੈ। ਮੌਸਮ ਵਿਭਾਗ ਨੇ ਦੋਵਾਂ ਸੂਬਿਆਂ ਵਿੱਚ 8 ਤੇ 9 ਅਪਰੈਲ ਨੂੰ ਅਤਿ ਦੀ ਗਰਮੀ ਪੈਣ ਸਬੰਧੀ ‘ਯੈਲੋ’ ਅਲਰਟ ਜਾਰੀ ਕੀਤਾ ਹੈ। ਵਿਭਾਗ ਨੇ ਨਾਲ ਹੀ 10 ਅਪਰੈਲ ਨੂੰ ਪੱਛਮੀ ਗੜਬੜੀ ਦੇ ਚਲਦਿਆਂ ਕਿਣਮਿਣ ਹੋਣ ਤੇ ਬਿਜਲੀ ਲਿਸ਼ਕਣ ਦੀ ਪੇਸ਼ੀਨਗੋਈ ਕੀਤੀ ਹੈ।

ਪੰਜਾਬ ’ਚ ਬਠਿੰਡਾ ਏਅਰਪੋਰਟ ਨੇੜਲਾ ਇਲਾਕਾ ਸਭ ਤੋਂ ਗਰਮ ਰਿਹਾ, ਜਿੱਥੇ ਵੱਧ ਤੋਂ ਵੱਧ ਤਾਪਮਾਨ 41.9 ਡਿਗਰੀ ਸੈਲਸੀਅਸ ਦਰਜ ਕੀਤਾ ਹੈ, ਜੋ ਆਮ ਨਾਲੋਂ 8.2 ਡਿਗਰੀ ਸੈਲਸੀਅਸ ਵੱਧ ਸੀ। ਇਸੇ ਤਰ੍ਹਾਂ ਹਰਿਆਣਾ ਦਾ ਰੋਹਤਕ ਸ਼ਹਿਰ ਸਭ ਤੋਂ ਗਰਮ ਰਿਹਾ ਹੈ, ਜਿੱਥੇ ਤਾਪਮਾਨ 42.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਹ ਆਮ ਨਾਲੋਂ 6.6 ਡਿਗਰੀ ਸੈਲਸੀਅਸ ਵੱਧ ਸੀ। ਪੰਜਾਬ ਵਿੱਚ ਗਰਮੀ ਵਧਣ ਦੇ ਨਾਲ-ਨਾਲ ਲੋਕਾਂ ਦੀਆਂ ਸਮੱਸਿਆਵਾਂ ਵਧ ਗਈਆਂ ਹਨ ਤੇ ਬਿਜਲੀ ਦੀ ਮੰਗ ਵੀ ਵਧਣੀ ਸ਼ੁਰੂ ਹੋ ਗਈ ਹੈ।

ਮੌਸਮ ਵਿਭਾਗ ਤੋਂ ਮਿਲੀ



ਜਾਣਕਾਰੀ ਅਨੁਸਾਰ ਅੱਜ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 37.6 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 37, ਲੁਧਿਆਣਾ ਵਿੱਚ 39.2, ਪਟਿਆਲਾ ਵਿੱਚ 38.6, ਪਠਾਨਕੋਟ ਵਿੱਚ 37, ਬਠਿੰਡਾ ਸ਼ਹਿਰ ਵਿੱਚ 40, ਫਰੀਦਕੋਟ ਵਿੱਚ 39.5, ਗੁਰਦਾਸਪੁਰ ਵਿੱਚ 35.5, ਨਵਾਂ ਸ਼ਹਿਰ ਵਿੱਚ 35.8, ਫਤਹਿਗੜ੍ਹ ਸਾਹਿਬ ਵਿੱਚ 37.1, ਫਿਰੋਜ਼ਪੁਰ ਵਿੱਚ 38, ਹੁਸ਼ਿਆਰਪੁਰ ਵਿੱਚ 35.9, ਜਲੰਧਰ ਵਿੱਚ 37.3, ਮੋਗਾ ਵਿੱਚ 37.2, ਮੁਹਾਲੀ ਵਿੱਚ 36.4 ਅਤੇ ਰੋਪੜ ਵਿੱਚ ਵੱਧ ਤੋਂ ਵੱਧ ਤਾਪਮਾਨ 35.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

ਇਸੇ ਤਰ੍ਹਾਂ ਹਰਿਆਣਾ ਦੇ ਅੰਬਾਲਾ ਵਿੱਚ ਵੱਧ ਤੋਂ ਵੱਧ ਤਾਪਮਾਨ 38.4 ਡਿਗਰੀ ਸੈਲਸੀਅਸ, ਹਿਸਾਰ ਵਿੱਚ 41.5, ਕਰਨਾਲ ਵਿੱਚ 37.6, ਮਹਿੰਦਰਗੜ੍ਹ ਵਿੱਚ 40.6, ਭਿਵਾਨੀ ਵਿੱਚ 38.4, ਸਿਰਸਾ ਵਿੱਚ 41, ਚਰਖੀ ਦਾਦਰੀ ਵਿੱਚ 39.9, ਫਤਿਹਾਬਾਦ ਵਿੱਚ 38.8, ਗੁਰੂਗ੍ਰਾਮ ਵਿੱਚ 38.5, ਜੀਂਦ ਵਿੱਚ 40, ਕਰਨਾਲ ਵਿੱਚ 37.7, ਪਾਣੀਪਤ ਵਿੱਚ 37.9, ਸੋਨੀਪਤ ’ਚ 38.4 ਅਤੇ ਮੇਵਾਤ ਵਿੱਚ ਵੱਧ ਤੋਂ ਵੱਧ ਤਾਪਮਾਨ 39 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਾ ਭਰ ਵਿੱਚ ਟਰੰਪ ਤੇ ਮਸਕ ਵਿਰੁੱਧ ਪ੍ਰਦਰਸ਼ਨ, ਲੋਕਾਂ ਦੇ ਅਧਿਕਾਰ ਤੇ ਆਜ਼ਾਦੀ ਖੋਹਣ ਦਾ ਦੋਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸਮੁੱਚੇ 50 ਰਾਜਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨਾਂ ਦੇ ਜੋਟੀਦਾਰ ਅਰਬਪੱਤੀ ਐਲਨ ਮਸਕ ਵਿਰੁੱਧ ਹੋਏ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਵੱਲੋਂ ਹਿੱਸਾ ਲੈਣ ਦੀ ਖਬਰ ਹੈ। ਇਨਾਂ ਪ੍ਰਦਰਸ਼ਨਾਂ ਦਾ ਅਯੋਜਨ ਇਕ 'ਪ੍ਰੋ ਡੈਮੋਕਰੇਸੀ ਮੂਵਮੈਂਟ' ਦੁਆਰਾ ਕੀਤਾ ਗਿਆ ਜਿਸ ਨੇ ਕਿਹਾ ਹੈ ਕਿ ਸੱਤਾ ਉਪਰ ਕਾਬਜ਼ ਲੋਕਾਂ ਨੇ ਦੁਸ਼ਮਣੀ ਵਾਲਾ ਵਤੀਰਾ ਅਪਣਾਇਆ ਹੋਇਆ ਹੈ ਤੇ ਉਹ ਅਮਰੀਕੀਆਂ ਦੇ ਅਧਿਕਾਰਾਂ ਅਤੇ ਆਜ਼ਾਦੀ ਉਪਰ ਹਮਲੇ ਕਰ ਰਹੇ ਹਨ। ਪ੍ਰਬੰਧਕਾਂ ਅਨੁਸਾਰ ਰਾਜਾਂ ਦੀਆਂ ਰਾਜਧਾਨੀਆਂ, ਸੰਘੀ ਇਮਾਰਤਾਂ, ਕਾਂਗਰਸ ਦੇ ਦਫਤਰਾਂ, ਸਮਾਜਿਕ ਸੁਰੱਖਿਆ ਦੇ ਮੁੱਖ ਦਫਤਰਾਂ, ਪਾਰਕਾਂ ਤੇ ਨਗਰ ਨਿਗਮਾਂ ਦੀਆਂ ਇਮਾਰਤਾਂ ਵਿਚ 1400 ਤੋਂ ਵਧ ਸਮੂਹਿਕ ਪ੍ਰਦਰਸ਼ਨ ਕੀਤੇ ਗਏ। 'ਦੂਰ ਰਹੋ' ਦੇ ਨਾਅਰੇ ਹੇਠ ਹੋਏ ਇਹ ਪ੍ਰਦਰਸ਼ਨ ਉਸ ਹਰ ਥਾਂ ਉਪਰ ਕੀਤੇ ਗਏ ਜਿਥੋਂ ਲੋਕਾਂ ਦੀ ਆਵਾਜ਼ ਵਾਈਟ ਹਾਊਸ ਤੱਕ ਪਹੁੰਚ ਸਕੇ। ਪ੍ਰਦਰਸ਼ਨਕਾਰੀਆਂ ਨੇ ਅਰਬਪੱਤੀਆਂ ਦੇ ਸੱਤਾ ਉਪਰ ਕਬਜ਼ੇ ਨੂੰ ਖਤਮ ਕਰਨ ਦੀ ਮੰਗ ਕੀਤੀ। ਪ੍ਰਬੰਧਕਾਂ ਨੇ ਕਿਹਾ ਹੈ ਲੋਕਤੰਤਰ ਉਪਰ ਹੋ ਰਹੇ ਹਮਲੇ, ਨੌਕਰੀਆਂ ਵਿੱਚ ਕਟੌਤੀ, ਨਿੱਜਤਾ ਉਪਰ ਹਮਲਿਆਂ ਤੇ ਸੇਵਾਵਾਂ ਉਪਰ ਹਮਲਿਆਂ ਨੇ ਸਾਨੂੰ ਇਕਜੁੱਟ ਹੋਣ ਲਈ ਮਜ਼ਬੂਰ ਕੀਤਾ ਹੈ, ਇਹ ਅੰਦੋਲਨ ਲੋਕਾਂ ਲਈ ਹੈ। ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਸੰਸਥਾਵਾਂ ਵਿਚੋਂ ਇਕ 'ਇੰਡਿਵਿਸੀਬਲ' ਸੰਸਥਾ ਅਨੁਸਾਰ ਤਕਰੀਬਨ 6 ਲੱਖ ਲੋਕਾਂ ਨੇ ਪ੍ਰਦਰਸ਼ਨਾਂ ਵਿਚ ਸ਼ਾਮਿਲ ਹੋ ਕੇ ਦਸਤਖਤ ਕੀਤੇ ਹਨ। ਦੇਸ਼ ਵਿਆਪੀ ਇਹ ਪ੍ਰਦਰਸ਼ਨ ਮਨੁੱਖੀ ਹੱਕਾਂ ਬਾਰੇ ਸੰਸਥਾਵਾਂ, ਸਾਬਕਾ ਫੌਜੀਆਂ, ਔਰਤਾਂ ਦੇ ਹੱਕਾਂ ਨਾਲ ਸਬੰਧਿਤ ਸਮੂੰਹਾਂ, ਕਿਰਤੀਆਂ ਦੀਆਂ ਯੁਨੀਅਨਾਂ ਤੇ ਟਰਾਂਸ ਭਾਈਚਾਰੇ ਦੇ ਹੱਕਾਂ ਦੇ ਅਲੰਬਰਦਾਰਾਂ ਦੇ ਸਹਿਯੋਗ ਨਾਲ ਕੀਤੇ ਗਏ ਹਨ।




ਪ੍ਰਬੰਧਕਾਂ ਅਨੁਸਾਰ ਉਨਾਂ ਦੀਆਂ 3 ਮੰਗਾਂ ਹਨ। ਅਰਬਪੱਤੀਆਂ ਦਾ ਸੱਤਾ ਉਪਰ ਕਬਜ਼ਾ ਖਤਮ ਕਰਨਾ ਅਤੇ ਟਰੰਪ ਪ੍ਰਸ਼ਾਸਨ ਵਿਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ ਖਤਮ ਕਰਨਾ, ਡਾਕਟਰੀ, ਸਮਾਜਿਕ ਸੁਰੱਖਿਆ ਤੇ ਹੋਰ ਪ੍ਰੋਗਰਾਮਾਂ ਜਿਨਾਂ ਉਪਰ ਕਾਮੇ ਨਿਰਭਰ ਹਨ, ਲਈ ਫੰਡਾਂ ਵਿਚ ਕਟੌਤੀ ਨੂੰ ਰੋਕਣਾ ਤੇ ਪ੍ਰਵਾਸੀਆਂ, ਟਰਾਂਸ ਲੋਕਾਂ ਤੇ ਹੋਰ ਭਾਈਚਾਰਿਆਂ ਉਪਰ ਹਮਲਿਆਂ ਨੂੰ ਰੋਕਣਾ ਸ਼ਾਮਿਲ ਹਨ। ਵਾਸ਼ਿੰਗਟਨ, ਡੀ ਸੀ ਵਿਚ ਹੋਏ ਪ੍ਰਦਰਸ਼ਨ ਮੌਕੇ ਡੈਮੋਕਰੈਟਿਕ ਪ੍ਰਤੀਨਿੱਧ ਜੈਮੀ ਰਸਕਿਨ ਮੈਰੀਲੈਂਡ ਸਮੇਤ ਬਹੁਤ ਸਾਰੇ ਪ੍ਰਤੀਨਿਧੀਆਂ ਨੇ ਸੰਬੋਧਨ ਕੀਤਾ ਜਿਨਾਂ ਨੇ ਕਿਹਾ ਕਿ ਰਾਸ਼ਟਰਪਤੀ ਦੀ ਅਗਵਾਈ ਵਿਚ ਸਾਡਾ ਕੋਈ ਭਵਿੱਖ ਨਹੀਂ ਹੈ ਜਿਸ ਦੀ ਰਾਜਨੀਤੀ ਮੁਸੋਲੀਨੀ ਵਰਗੀ ਹੈ ਤੇ ਆਰਥਿਕ ਨੀਤੀ ਹਰਬਰਟ ਹੂਵਰ ਵਾਲੀ ਹੈ। ਵਾਸ਼ਿੰਗਟਨ ਮੋਨੂਮੈਂਟ ਵਿਖੇ ਹਜਾਰਾਂ ਦੀ ਤਾਦਾਦ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਰਸਕਿਨ ਨੇ ਕਿਹਾ ਕਿ ਸਾਡੇ ਮੋਢੀਆਂ ਦੁਆਰਾ ਲਿਖਿਆ ਸੰਵਿਧਾਨ 'ਅਸੀਂ ਤਾਨਾਸ਼ਾਹ ਹਾਂ' ਸ਼ਬਦਾਂ ਨਾਲ ਸ਼ੁਰੂ ਨਹੀਂ ਹੁੰਦਾ ਬਲ ਕਿ 'ਅਸੀਂ ਲੋਕ ਹਾਂ' ਨਾਲ ਸ਼ੁਰੂ ਹੁੰਦਾ ਹੈ। ਮਿਨੀਸੋਟਾ ਦੇ ਡੈਮੋਕਰੈਟਿਕ ਪ੍ਰਤੀਨਿੱਧ ਇਹਾਨ ਉਮਰ ਨੇ ਕਿਹਾ ਕਿ ਜੇਕਰ ਤੁਸੀਂ ਇਕ ਅਜਿਹਾ ਦੇਸ਼ ਚਹੁੰਦੇ ਹੋ ਜੋ ਲੋੜੀਂਦੀ ਪ੍ਰਕ੍ਰਿਆ ਵਿਚ ਵਿਸ਼ਵਾਸ਼ ਰਖਦਾ ਹੋਵੇ ਤਾਂ ਸਾਨੂੰ ਇਸ ਵਾਸਤੇ ਲੜਨਾ ਪਵੇਗਾ। ਉਨਾਂ ਕਿਹਾ ਕਿ ਜੇਕਰ ਤੁਸੀਂ ਅਜਿਹੇ ਦੇਸ਼ ਵਿਚ ਵਿਸ਼ਵਾਸ਼ ਰਖਦੇ ਹੋ ਜਿਥੇ ਸਾਡੇ ਗਵਾਂਢੀਆਂ ਦੀ ਦੇਖਰੇਖ ਹੋਵੇ, ਗਰੀਬਾਂ ਦੀ ਗੱਲ ਹੋਵੇ ਤੇ ਸਾਡੇ ਬੱਚਿਆਂ ਦਾ ਯਕੀਨਨ ਭਵਿੱਖ ਹੋਵੇ ਤਾਂ ਇਸ ਵਾਸਤੇ ਸਾਨੂੰ ਜਦੋਜਹਿਦ ਕਰਨੀ ਪਵੇਗੀ। ਫਲੋਰਿਡਾ ਦੇ ਸਾਂਸਦ ਮੈਕਸਵੈਲ ਫਰਾਸਟ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਵਿਖਾਵੇ ਕਰਕੇ ਆਪਣੀ ਆਵਾਜ਼ ਬੁਲੰਦ ਕਰਨ।




ਉਨਾਂ ਕਿਹਾ ਕਿ ਮਨੁੱਖੀ ਇਤਿਹਾਸ ਗਵਾਹ ਹੈ ਕਿ ਤਾਨਾਸ਼ਾਹ ਆਪਣੀ ਤਾਕਤ ਤੋਂ ਕਦੀ ਵੀ ਸੰਤੁਸ਼ਟ ਨਹੀਂ ਹੋਏ, ਉਹ ਹੱਦਾਂ ਪਾਰ ਕਰਦੇ ਹਨ, ਕਾਨੂੰਨ ਤੋੜਦੇ ਹਨ ਅਤੇ ਬਾਅਦ ਵਿਚ ਲੋਕਾਂ ਵੱਲ ਵੇਖਦੇ ਹਨ ਕਿ ਉਹ ਚੁੱਪ ਹਨ ਜਾਂ ਰੌਲਾ ਪਾ ਰਹੇ ਹਨ। ਇਸ ਲਈ ਆ ਇਕਜੁੱਟ ਹੋ ਕੇ ਆਜ਼ਾਦੀ ਲਈ ਜਦੋਜਹਿਦ ਕਰੀਏ।

# ਉੱਤਰ ਪ੍ਰਦੇਸ਼ ਵਿਚ ਅੰਬੇਡਕਰ ਤੇ ਬੁੱਧ ਦੀਆਂ ਮੂਰਤੀਆਂ ਹਟਾਉਣ 'ਤੇ ਝੜਪ

**ਸੀਤਾਪੁਰ (ਉੱਤਰ ਪ੍ਰਦੇਸ਼)–** ਉੱਤਰ ਪ੍ਰਦੇਸ਼ ਦੇ ਸੀਤਾਪੁਰ ਜ਼ਿਲ੍ਹੇ ਦੇ ਵਿਭਰਾਪੁਰ ਪਿੰਡ 'ਚ ਸਰਕਾਰੀ ਜ਼ਮੀਨ ਤੋਂ ਡਾ. ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਬੁੱਧ ਦੀਆਂ ਮੂਰਤੀਆਂ ਹਟਾਉਣ ਨੂੰ ਲੈ ਕੇ ਪਿੰਡ ਵਾਸੀਆਂ ਅਤੇ ਪੁਲੀਸ ਵਿਚਾਲੇ ਹੋਈ ਹਿੰਸਕ ਝੜਪ 'ਚ ਅੱਠ ਪੁਲੀਸ ਮੁਲਾਜ਼ਮ ਜ਼ਖਮੀ ਹੋ ਗਏ। ਅਧਿਕਾਰੀਆਂ ਅਨੁਸਾਰ ਸ਼ਨਿਚਰਵਾਰ ਨੂੰ ਵਾਪਰੀ ਘਟਨਾ ਸਬੰਧੀ ਦੋ ਔਰਤਾਂ ਸਣੇ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ 11 ਮਾਰਚ ਨੂੰ ਪਿੰਡ ਵਾਸੀਆਂ ਨੇ ਪੰਚਾਇਤ ਭਵਨ ਦੇ ਸਾਹਮਣੇ ਅੰਬੇਡਕਰ ਅਤੇ ਮਹਾਤਮਾ ਬੁੱਧ ਦੀਆਂ ਮੂਰਤੀਆਂ ਸਥਾਪਤ ਕੀਤੀਆਂ ਸਨ। ਪੁਲੀਸ ਅਨੁਸਾਰ ਸਰਕਾਰੀ ਜ਼ਮੀਨ 'ਤੇ ਸਥਾਪਤ ਇਨ੍ਹਾਂ ਮੂਰਤੀਆਂ ਬਾਰੇ ਸ਼ਿਕਾਇਤਾਂ ਮਿਲਣ ਤੋਂ ਬਾਅਦ ਤਹਿਸੀਲ ਪ੍ਰਸ਼ਾਸਨ ਨੇ 12 ਮਾਰਚ ਨੂੰ ਉਨ੍ਹਾਂ ਨੂੰ ਹਟਾਉਣ ਲਈ ਨੋਟਿਸ ਜਾਰੀ ਕੀਤਾ। ਪਿੰਡ ਵਾਸੀਆਂ ਨੇ ਇਸ ਕਦਮ ਦਾ ਵਿਰੋਧ ਕੀਤਾ ਅਤੇ ਮੂਰਤੀਆਂ ਨਹੀਂ ਹਟਾਈਆਂ। ਪੁਲੀਸ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਮਹੋਲੀ ਵਿੱਚ 'ਸੰਪੂਰਨ ਸਮਾਧਾਨ ਦਿਵਸ' ਦੌਰਾਨ ਇਹ ਮੁੱਦਾ ਦੁਬਾਰਾ ਉਭਰਿਆ ਅਤੇ ਉੱਚ ਅਧਿਕਾਰੀਆਂ ਦੇ ਤਾਜ਼ਾ ਹੁਕਮਾਂ 'ਤੇ ਕਾਰਵਾਈ ਕਰਦਿਆਂ ਮਹੋਲੀ ਦੇ ਉਪ-ਜ਼ਿਲ੍ਹਾ ਮੈਜਿਸਟਰੇਟ ਸ਼ਸ਼ੀਬਿੰਦ ਦਿਵੇਦੀ ਅਤੇ ਸਰਕਲ ਅਧਿਕਾਰੀ ਵਿਸ਼ਾਲ ਗੁਪਤਾ ਪੁਲੀਸ ਅਤੇ ਮਾਲ ਅਧਿਕਾਰੀਆਂ ਦੀ ਸਾਂਝੀ ਟੀਮ ਨਾਲ ਪਿੰਡ ਵਿੱਚ ਪਹੁੰਚੇ। ਪੁਲੀਸ ਅਨੁਸਾਰ ਬੁਲ-ਡੋਜ਼ਰ ਲੈ ਕੇ ਆਈ ਟੀਮ ਨੇ ਵਿਵਾਦਤ ਥਾਂ ਤੋਂ ਦੋਵੇਂ ਮੂਰਤੀਆਂ ਹਟਾ ਦਿੱਤੀਆਂ। ਜਿਵੇਂ ਹੀ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਜਾਣ ਦੀ ਤਿਆਰੀ ਕਰ ਰਹੇ ਸਨ, ਪਿੰਡ ਵਾਸੀਆਂ ਦੇ ਗਰੁੱਪ ਨੇ ਉਨ੍ਹਾਂ 'ਤੇ ਪਥਰਾਅ ਕਰਨਾ ਸੁਰੂ ਕਰ ਦਿੱਤਾ, ਜਿਸ ਕਾਰਨ ਅੱਠ ਪੁਲੀਸ ਮੁਲਜ਼ਮ ਜ਼ਖਮੀ ਹੋ ਗਏ ਅਤੇ ਸਰਕਲ ਅਫਸਰ ਦੀ ਗੱਡੀ ਵੀ ਨੁਕਸਾਨੀ ਗਈ। ਵਧੀਕ ਪੁਲੀਸ ਸੁਪਰਡੈਂਟ (ਦੱਖਣੀ) ਪ੍ਰਵੀਨ ਰੰਜਨ ਨੇ ਕਿਹਾ, 'ਮੂਰਤੀਆਂ ਹਟਾਉਣ ਦੌਰਾਨ ਪਿੰਡ ਵਾਸੀ ਸ਼ਾਂਤ ਰਹੇ ਪਰ ਜਦੋਂ ਟੀਮ ਜਾਣ ਲੱਗੀ ਤਾਂ ਉਨ੍ਹਾਂ ਨੇ ਅਚਾਨਕ ਪੱਥਰਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ।' ਪੁਲੀਸ ਨੇ ਭੀੜ ਨੂੰ ਖਿੰਡਾਉਣ ਲਈ ਹਲਕੀ ਤਾਕਤ ਦੀ ਵਰਤੋਂ ਕੀਤੀ।

**ਪੁਲੀਸ ਨੇ ਪੰਜ ਵਿਅਕਤੀਆਂ ਨੂੰ ਕੀਤਾ ਗ੍ਰਿਫ਼ਤਾਰ**

ਏਐੱਸਪੀ ਰੰਜਨ ਨੇ ਕਿਹਾ ਕਿ ਇਸ ਘਟਨਾ ਸਬੰਧੀ ਦੋ ਔਰਤਾਂ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਹਿੰਸਕ ਝੜਪ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੋਰ ਮੁਲਜ਼ਮਾਂ ਨੂੰ ਫੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਤਣਾਅ ਦੇ ਮੱਦੇਨਜ਼ਰ ਪਿੰਡ ਵਿੱਚ ਪੁਲੀਸ ਦੀ ਨਫਰੀ ਵਧਾ ਦਿੱਤੀ ਗਈ ਹੈ। ਸਥਿਤੀ ਹੁਣ ਕਾਬੂ ਹੇਠ ਹੈ।






Sri Guru Ravidass Sabha Bay Area
cordially invites you to
Path Sri Sukhmani Sahib
&
Dr. B.R. Ambedkar Statue Inauguration
Programme
On Saturday 12th April 2025
Path Sri Sukhmani Sahib 10:00 am
followed by kirtan and guru ka langer
Statue Inauguration 1:00 pm
at 31252 Veasy Street, Union City CA 94587
CHANDRASHEKHAR AZAD
(Member Lok Sabha of Nagina, UP India)
Founder:- Bhim Army Bharat Ekta Mission National
President:- Azad Samaj Party (Kanshi Ram)
For More Information:-
Vinod Kumar (Chairmain) Ph:- 510 953 9800
Tarlochan Singh Badhan (President) Ph:- 510 712 1743
Naresh Kumar Gaddu (Gen. Secretary) Ph:- 510 857 4551
Mandeep Rai (Treasury) Ph:- 415 342 9159




"ਦੇਸ਼ ਦੁਆਬਾ ਟੀਵੀ"
'ਤੇ ਹਰ ਰੋਜ਼ ਦੇਖੋ
https://youtube.com/@deshdoa-batv?si=d4El3KT9SnO3qdav
ਦੇਸ਼ ਦੁਨੀਆ ਦੀਆਂ ਖਬਰਾਂ
ਦੇਸ਼ ਦੁਆਬਾ
Established: 2012
Editor-in-Chief:
Prem K. Chumber
Phone: 001-916-947-8920
Email: deshdoaba@yahoo.com

ਦੇਸ਼ ਦੁਆਬਾ

# ਬੈਸਾਖ ਸੁਹਾਵਾ ਤਾ ਲਗੈ...

ਵਿਸਾਖ ਮਹੀਨਾ ਬਿਕਰਮੀ ਸੰਮਤ ਅਤੇ ਨਾਨਕਸ਼ਾਹੀ ਸੰਮਤ ਦਾ ਪਹਿਲਾ ਮਹੀਨਾ ਅਤੇ ਈਸਵੀਂ ਸੰਨ ਦਾ ਚੌਥਾ ਮਹੀਨਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਨੂੰ ਮਹੀਨੇ ਨੂੰ ਇਵੇਂ ਚਿਤਰਿਆ ਹੈ ਨਾਨਕ ਕੀ ਪ੍ਰਭ ਬੇਨਤੀ ਪ੍ਰਭੁ ਮਿਲਿਉ ਪ੍ਰਾਪਤ ਤੋਈ ਹੋਇ, ਬੈਸਾਖ ਸੁਹਾਵਾ ਤਾ ਲਗੈ ਜਾ ਸੰਤ ਭੇਟੇ ਹਰਿ ਸੋਏ।

ਵਿਸਾਖ ਦਾ ਮਹੀਨਾ ਕੁਦਰਤ ਦੀ ਮਿਹਰ ਨਾਲ ਕਿਰਤੀ ਕਿਸਾਨਾਂ ਦੀ ਖ਼ੂਨ ਪਸੀਨੇ ਦੀ ਸਾਂਝੀ ਮਿਹਨਤ ਨੂੰ ਫਲ ਦੇਵਣ, ਪੱਕਣ ਅਤੇ ਘਰ ਲਿਆ ਕੇ ਬਚਦੀ ਮੰਡੀਆਂ ਵਿੱਚ ਵੇਚਣ ਦਾ ਮਹੀਨਾ ਹੁੰਦਾ ਹੈ। ਭਾਰਤੀ ਉੱਪ ਮਹਾਂਦੀਪ ਦੇ ਕਿਰਤੀਆਂ ਕਿਸਾਨਾਂ ਦੇ ਆਰਥਿਕ ਅਤੇ ਸਾਮਾਜਿਕ ਏਕਤਾ ਦੀ ਪ੍ਰੀਖਿਆ ਦੇ ਨਤੀਜੇ ਸੁਣਨ ਦਾ ਮਹੀਨਾ ਹੁੰਦਾ ਹੈ। ਵਿਦਿਆਰਥੀਆਂ ਦੇ ਪੇਪਰ ਦੇ ਨਤੀਜਿਆਂ ਦੀਆਂ ਉਡੀਕਾਂ ਜਾਂ ਕਾਲਜਾਂ, ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦਾ ਮਹੀਨਾ ਹੁੰਦਾ ਹੈ। ਅਪ੍ਰੈਲ ਦਾ ਦੂਸਰਾ ਅਤੇ ਮਈ ਦਾ ਪਹਿਲਾ ਅੱਧ ਮਿਲ ਕੇ ਵਿਸਾਖ ਬਣਦਾ ਹੈ। ਵਿਸਾਖੀ ਮਹੀਨੇ ਦੀ ਆਮਦ ਦੀ ਪਹਿਲੀ ਤਰੀਕ ਦੇ ਤਿਉਹਾਰ ਦਾ ਨਾਂ ਹੈ ਜੋ ਸਿੰਧੂ ਘਾਟੀ ਸੱਭਿਅਤਾ ਤੋਂ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਮਨਾਉਂਦੇ ਆ ਰਹੇ ਹਾਂ। ਚਾਹੇ ਇਸਲਾਮ ਵਿੱਚ ਵਿਸਾਖੀ ਦੇ ਤਿਉਹਾਰ ਦਾ ਕੋਈ ਮਹੱਤਵ ਨਹੀਂ ਹੈ, ਪਰ ਪਾਕਿਸਤਾਨ ਦੇ ਮੁਸਲਮਾਨ ਅਜੇ ਵੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ, ਜੋ ਸਿੰਧੂ ਘਾਟੀ ਸੱਭਿਅਤਾ ਦਾ ਪ੍ਰਭਾਵ ਦਰਸਾਉਂਦਾ ਹੈ। ਵਿਸਾਖੀ ਦੇ ਤਿਉਹਾਰ ਨੂੰ ਅਮਰੀਕਾ ਵਿੱਚ ਅਬਰਾਹਮਲਿੰਕਨ ਰਾਸ਼ਟਰਪਤੀ ਨੇ 1863 ਈ. ਵਿੱਚ ਕੌਮੀ ਤਿਉਹਾਰ ਦੀ ਮਾਨਤਾ ਦਿੱਤੀ।

ਅਮਰੀਕਾ ਵਿੱਚ ਫਸਲ ਦੀ ਵਾਢੀ ਤੋਂ ਬਾਅਦ 1625 ਈ. ਤੋਂ ਇਹ ਤਿਉਹਾਰ ਸ਼ੁਰੂ ਹੋਇਆ ਅਤੇ ਨਵੰਬਰ ਦੇ ਚੌਥੇ ਵੀਰਵਾਰ ਛੁੱਟੀ ਹੁੰਦੀ ਹੈ। ਸਿੰਧੂ ਘਾਟੀ ਸੱਭਿਅਤਾ ਵਾਂਗ ਚੀਨ, ਮਿਸਰ, ਯੂਨਾਨ ਅਤੇ ਰੋਮਨ ਦੀਆਂ ਪੁਰਾਣੀਆਂ ਸੱਭਿਅਤਾਵਾਂ ਵਿੱਚ ਵੀ ਫਸਲਾਂ ਦੀ ਵਾਢੀ ਸਮੇਂ ਇਹ ਤਿਉਹਾਰ ਮਨਾਉਣ ਦੀ ਰੀਤ ਸੀ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਨਾਵਾਂ ਅਧੀਨ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦੱਖਣੀ ਭਾਰਤ ਦੀ ਕੇਰਲ ਪ੍ਰਾਂਤ ਵਿੱਚ 'ਪੂਰਮ' ਤਾਮਿਲਨਾਡੂ ਪ੍ਰਾਂਤ ਵਿੱਚ ਵਿਸਾਖ ਮਹੀਨੇ ਨੂੰ 'ਵਿਸ਼ੂ' ਕਿਹਾ ਜਾਂਦਾ ਹੈ ਅਤੇ ਤਿਉਹਾਰ ਨੂੰ 'ਪੁਥਾਂਡੂ' ਅਤੇ ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵੀ ਵਿਸਾਖੀ ਤਿਉਹਾਰ ਮਨਾਉਂਦੇ ਹਨ। ਭਾਰਤ ਦੇ ਆਸਾਮ ਅਤੇ ਨਾਲ ਲੱਗਦੇ ਸੱਤ ਪੂਰਬੀ ਰਾਜਾਂ ਵਿੱਚ ਵੀ ਰੰਗਲੀ 'ਬਿਹੂ' ਆਦਿ ਦੇ ਨਾਂ ਤੇ ਮਨਾਇਆ ਜਾਂਦਾ ਹੈ। ਹਰਿਦੁਆਰ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਵਿਸਾਖੀ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਆਦਿ ਧਰਮੀ ਵੀ ਹਰ ਸਾਲ ਗੁਰੂ ਰਵਿਦਾਸ ਧਰਮ ਸਥਾਨ, ਖੁਰਾਲਗੜ੍ਹ (ਹੁਸ਼ਿਆਰਪੁਰ) ਵਿਖੇ ਮਨਾਉਂਦੇ ਹਨ। ਇਹ ਤਾਂ ਹੋਈ ਵਿਸਾਖੀ ਦੇ ਆਰਥਿਕ ਅਤੇ ਸਾਮਾਜਿਕ ਪਿਛੋਕੜ ਬਾਰੇ ਸਿੱਖ ਧਰਮ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਵਿਸਾਖੀ ਦਾ ਤਿਉਹਾਰ ਮਨਾਉਂਦਾ ਆ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਮਨਾਉਣ ਤੋਂ ਮਹੰਤਾਂ ਨੇ ਰੋਕਣ, ਉਨ੍ਹਾਂ ਦੇ ਗੁਰੂ ਬਣਨ ਦੀ ਰੁਕਾਵਟ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਵੱਲੋਂ ਅਸਫਲ ਕਰਨਾ, ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਇਕ ਦਲਿਤ ਭਾਈ ਜੈਤਾ ਵੱਲੋਂ ਸੀਸ ਤਲੀ ਤੇ ਧਰ ਕੇ ਦਿੱਲੀ ਤੋਂ ਆਨੰਦਪੁਰ ਪਹੁੰਚਾਉਣਾ ਅਤੇ ਇੱਕ ਹੋਰ ਦਲਿਤ ਭਾਈ ਲੱਖੀਸ਼ਾਹ ਵਣਜਾਰਾ ਲੁਬਾਣਾ ਵੱਲੋਂ ਆਪਣੇ ਘਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਰੱਖ ਕੇ ਘਰ ਨੂੰ ਅਗਨ ਭੇਂਟ ਕਰਕੇ ਅੰਤਿਮ ਸੰਸਕਾਰ ਕਰਨਾ ਵਰਗੇ ਦਲੇਰਾਨਾ ਕਾਰਵਾਈਆਂ ਅਤੇ ਗੁਰੂ ਗਰੰਥ ਸਾਹਿਬ ਵਿੱਚ 'ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ' ਜਿਹੇ ਪਹਿਲੀ ਪਾਤਸਾਹੀ ਧੰਨ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ, ਗੁਰੂ ਹਰਗੋਬਿੰਦ ਰਾਇ ਦੇ ਮੀਰੀ-ਪੀਰੀ ਦੇ ਸਿਧਾਂਤ ਦੇ ਮੰਥਨ ਵਿੱਚੋਂ 30 ਮਾਰਚ 1696 ਈ. ਨੂੰ 33 ਸਾਲਾ ਦੀ ਉਮਰ ਦੌਰਾਨ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਤਿਉਹਾਰ ਤੇ ਮਨੂੰਵਾਦੀ ਸਾਮਾਜਿਕ ਆਰਥਿਕ ਵਿਵਸਥਾ ਅਤੇ ਪੰਂਡਤ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸਲਤਨਤ ਨੂੰ ਸੰਤ ਸਿਪਾਹੀ ਬਣਕੇ ਸ਼ੂਦਰਾਂ ਅਤੇ ਵੈਸ਼ਾਂ ਵਿਚੋਂ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਅਤੇ ਫਿਰ ਸ਼ੂਦਰਾਂ ਅਤੇ ਵੈਸ਼ਾਂ ਵਿੱਚੋਂ ਸਜੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਵਿਚੋਂ ਅੰਮ੍ਰਿਤ ਛੱਕ ਕੇ 'ਖ਼ਾਲਸਾ ਪੰਥ' ਦੀ ਨੀਂਹ ਰੱਖੀ ਜੋ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਉਸ ਸਮੇਂ ਸਥਾਪਿਤ ਜਾਤੀਵਾਦੀ ਅਤੇ ਮਨਮੁਖ ਮਹੰਤਾਂ ਲਈ ਵੀ ਚੈਲਿੰਜ ਸੀ, ਜਿਸ ਨੇ ਭਾਈ ਜੈਤਾ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਅਤੇ ਇਸ਼ਨਾਨ ਦੀ ਇਜਾਜਤ ਨਹੀਂ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਸੀ. ਆਈ. ਡੀ. ਰਿਪੋਰਟ ਵਿੱਚ ਅਹਿਮਦ ਸ਼ਾਹ ਬਟਾਲਵੀ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੇ ਐਲਾਨਿਆ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਰਾਹ ਦੇ ਉੱਤੇ ਚੱਲੋ, ਇੱਕੋ ਧਰਮ ਅਪਣਾਓ, ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਨਣ ਸ਼ਾਸਤਰਾਂ ਵਿੱਚ ਆਇਆ ਹੈ, ਜੜੋਂ ਹੀ ਮੁਕਾ ਦਿਓ ਅਤੇ ਇਕ ਦੂਜੇ ਨਾਲ ਖੁੱਲ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਜਾਂ ਵੱਡਾ ਨਾ ਸਮਝੇ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ, ਸਾਰੇ ਇੱਕੋ ਖੰਡੇ ਬਾਟੇ ਵਿੱਚੋਂ ਅੰਮ੍ਰਿਤ ਛਕੋ ਅਤੇ ਇੱਕ ਦੂਜੇ ਨੂੰ ਪਿਆਰ ਕਰੋ।"

ਇਉਂ ਲਗਦੈ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਡੂੰਘੇ ਅਧਿਐਨ ਬਾਅਦ ਗੀਤਾ ਦੇ ਨੌਵੇਂ ਚੈਪਟਰ ਦੇ 32ਵੀਂ ਸਲੋਕ ਦੇ ਪ੍ਰਤੀਕਰਮ ਅਤੇ ਉਸ ਦੇ ਨਿਸ਼ੇਧ ਲਈ ਖ਼ਾਲਸਾ ਪੰਥ ਨੂੰ ਜੁਝਾਰੂ ਰੂਪ ਵਿੱਚ ਸੰਗਠਿਤ ਕੀਤਾ ਕਿ ਇਸ ਮਨੂੰਵਾਦੀ ਵਿਵਸਥਾ ਨੂੰ ਨਾ ਸੰਤ ਅਤੇ ਨਾ ਸਿਪਾਹੀ ਇਕੱਲੇ-ਇਕੱਲੇ ਖਤਮ ਕਰ ਸਕਦੇ ਹਨ। ਦੋਵਾਂ ਕ੍ਰਿਸ਼ਨ ਅਤੇ ਅਰਜੁਨ ਜਾ ਚਾਣਕਿਆ ਅਤੇ ਚੰਦਰਗੁਪਤ ਮੌਰੀਆ ਦੇ ਸੁਮੇਲਾਂ ਵਾਂਗ ਹੀ ਮਨੂੰਵਾਦੀ ਵਿਵਸਥਾ ਨੂੰ ਵੀ ਮਾਨਵਵਾਦੀ ਖਾਲਸਾ ਸੰਤ ਅਤੇ ਮਾਨਵਵਾਸੀ ਖ਼ਾਲਸਾ ਸਿਪਾਹੀ ਬੋਤਾ ਸਿੰਘ, ਗਰਜਾ ਸਿੰਘ ਵਾਂਗ ਪਿੱਠ ਨਾਲ ਪਿੱਠ ਜੋੜ ਕੇ ਟੱਕਰ ਦੇ ਸਕਦੇ ਹਨ। ਗੀਤਾ ਦੇ ਉਕਤ ਸਲੋਕ ਵਿੱਚ ਕ੍ਰਿਸ਼ਨ ਨੇ ਐਲਾਨਿਆ ਹੈ ਕਿ ਸਾਰੀਆਂ ਜਾਤਾਂ ਵਰਣਾਂ ਧਰਮਾਂ ਦੀਆਂ ਔਰਤਾਂ ਸ਼ੂਦਰ (ਐਸ.ਸੀ., ਪੱਛੜੀਆਂ ਸ਼੍ਰੇਣੀਆਂ, ਜੱਟ ਆਦਿ) ਅਤੇ ਵੈਸ਼ (ਖੱਤਰੀ ਜਿਨ੍ਹਾਂ ਵਿਚੋਂ ਦੱਸ ਗੁਰੂ ਹੋਏ) ਪਾਪ ਯੋਨੀ ਭਾਵ ਜਨਮ ਤੋਂ ਨੀਚ ਹਨ। ਪੰਜ ਪਿਆਰਿਆਂ ਵਿੱਚ ਚਾਰ ਸ਼ੂਦਰ ਅਤੇ ਇਕ ਵੈਸ਼ ਸਨ। ਉਨ੍ਹਾਂ ਕੋਲੋਂ ਅੰਮ੍ਰਿਤ ਛੱਕਣ ਵਾਲੇ ਗੁਰੂ ਗੋਬਿੰਦ ਸਿੰਘ ਵੈਸ਼ ਖੱਤਰੀ ਸਨ ਅਤੇ ਅੰਮ੍ਰਿਤ ਬਨਾਉਣ ਲਈ ਪਤਾਸੇ ਘੋਲਣ ਵਾਲੇ ਮਾਤਾ ਸਾਹਿਬ ਕੌਰ ਔਰਤ ਜਾਤੀ ਦੇ ਪ੍ਰਤੀਨਿਧ ਸਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਘੇ ਸਿੱਖ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵੱਲੋਂ ਖ਼ਾਲਸੇ ਦੀ ਉਤਪਤੀ ਲਿਖੀ ਛਾਪੀ ਪੁਸਤਕ ਵਿੱਚ ਸ੍ਰੀ ਬੈਨਰਜੀ ਲਿਖਦੇ ਹਨ ਕਿ ਸ਼ੂਦਰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਜੁਝਾਰੂਪਣ ਪ੍ਰੇਰਨਾ ਦਿੰਦਾ ਹੈ, ਪਰ ਵੈਸ਼ ਸਿੱਖਾਂ ਨੂੰ ਖਿੱਚਦਾ ਨਹੀਂ। ਇਸੇ ਕਾਰਣ ਵੈਸ਼ ਸਿੱਖਾਂ ਦੀ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਕਦੇ ਵੀ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਸਕੂਲ ਜਾਂ ਕਾਲਜ ਨਹੀਂ ਖੋਲਿਆ ਅਤੇ ਬੀਬੀ ਜਗੀਰ ਕੌਰ ਦੇ ਪ੍ਰਧਾਨਗੀ ਦੇ ਸਮੇਂ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਨੇ ਕਦੇ ਸਿੱਖ ਗੁਰੂਆਂ ਦੀਆਂ ਪਤਨੀਆਂ ਦੇ ਨਾਂ ਤੇ ਕਾਲਜ ਨਹੀਂ ਖੋਲ੍ਹੇ। ਜੱਟ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਖੱਤਰੀ ਨੂੰ 'ਜੱਟ ਸਿੱਖ' ਗਰੁੱਪ ਦੇ ਪੱਤੇ ਨਾਲ ਅਕਾਲੀ ਦਲ ਤੋਂ ਲਾਹ ਕੇ ਸਦਾ ਲਈ ਪ੍ਰਧਾਨਗੀ ਜੱਟ ਸਿੱਖ ਲਈ ਰਾਖਵੀਂ ਕਰਕੇ 'ਖ਼ਾਲਸਾ ਪੰਥ' ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰ ਲਿਆ। ਗੁਰੂ ਗੋਬਿੰਦ ਸਿੰਘ ਨੇ ਬ੍ਰਾਹਮਣਾਂ ਨੂੰ ਚੈਲਿੰਜ ਕਰਦਿਆਂ ਕਿਹਾ ਸੀ, "ਖੱਤਰੀ ਕਾ ਪੂਤ ਹੂੰ, ਬਾਮਣ ਕਾ ਨਾਂਹੀ।" ਅੱਜ ਖ਼ਾਲਸਾ ਪੰਥ ਨੂੰ ਰਾਜਸੀ, ਸਾਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪੱਖੋਂ ਬ੍ਰਾਹਮਣਵਾਦ ਨੂੰ ਇਤਿਹਾਸ ਵਿੱਚ ਆਇਆ ਸੱਭ ਤੋਂ ਵੱਡਾ ਖਤਰਾ ਹੈ। ਬ੍ਰਾਹਮਣਵਾਦ ਨੇ 'ਖ਼ਾਲਸਾ ਪੰਥ' ਦੇ ਮਲਿਕ ਭਾਗੋਆ ਨੂੰ ਗੰਢ ਕੇ 'ਭਾਈ ਲਾਲੋਆ' ਦਾ ਸਰਵਪੱਖੀ ਸ਼ੋਸ਼ਣ ਕਰਨ ਦਾ ਦਸਤੂਰ ਜਾਰੀ ਰੱਖਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਪ੍ਰੋ. ਦਿੱਤ ਰਾਮ ਗਿਆਨੀ ਉਰਫ ਪ੍ਰੋ. ਦਿੱਤ ਸਿੰਘ ਗਿਆਨੀ ਵਰਗਿਆਂ ਕਲਮ ਦੇ ਧਨੀਆਂ ਸੰਤ-ਸਿਪਾਹੀਆਂ ਦੀ ਲੋੜ ਹੈ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖ ਸਮਾਜ ਨੂੰ ਮਹੰਤਵਾਦ ਅਤੇ ਬ੍ਰਾਹਮਣਵਾਦ ਤੋਂ ਬਚਾ ਕੇ 20ਵੀਂ ਸਦੀ ਦੇ ਹਾਣੀ ਬਣਾਇਆ ਸੀ। ਪ੍ਰੋ. ਸਾਹਿਬ ਦਾ ਜਨਮ ਇਸੇ ਮਹੀਨੇ ਦੇ 21 ਅਪ੍ਰੈਲ ਨੂੰ 1850 ਈ. ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਕਲੌੜ ਵਿੱਚ ਹੋਇਆ ਸੀ। ਉਨ੍ਹਾਂ ਨੂੰ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵੇਦਾਂ ਦੀ ਉਤਪਤੀ ਪੁਨਰ ਜਨਮ ਤੇ ਹਰਾਇਆ। ਵੇਦਾਂ ਵਿੱਚ ਅਗਿਆਨਤਾ ਤੋਂ ਸਿਵਾਏ ਕੁਝ ਵੀ ਨਹੀਂ, ਐਲਾਨਣ ਵਾਲੇ ਅਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਅਪ੍ਰੈਲ ਮਹੀਨੇ ਦੀ 14 ਤਰੀਕ ਨੂੰ ਹੋਇਆ ਸੀ। ਵਿਸਾਖੀ ਵਾਲੇ ਦਿਨ 99ਵੇਂ ਵਰ੍ਹੇ ਪਹਿਲੇ 1913 ਈ. ਨੂੰ ਅਮਰੀਕਾ ਦੀ ਧਰਤੀ ਉੱਪਰ ਪੰਜਾਬੀਆਂ ਨੇ ਭਾਰਤ ਨੂੰ ਅੰਗ੍ਰੇਜ਼ ਸਾਮਰਾਜ ਦੇ ਜੂਲੇ ਤੋਂ ਅਜ਼ਾਦ ਕਰਾਉਣ ਲਈ ਹਥਿਆਰਬੰਦ ਸਿਧਾਂਤਕ ਅੰਦੋਲਨ ਗਦਰ ਪਾਰਟੀ ਦੀ ਨੀਂਹ ਰੱਖੀ, ਜਿਸ ਨੇ ਅੰਗਰੇਜ਼ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਸ਼ਹੀਦੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ, ਜਮੀਨਾਂ ਜਾਇਦਾਦਾਂ ਜ਼ਬਤ ਕਰਵਾਉਣ ਵਿੱਚ ਗਦਰ ਪਾਰਟੀ ਵਰਗੀ ਪ੍ਰਵਾਸੀ ਅੰਤਰਰਾਸ਼ਟਰੀ ਸੰਸਥਾ ਨਾ ਹੋਈ ਹੈ ਨਾ ਹੋਣੀ ਹੈ। ਅੰਗਰੇਜ਼ਾਂ ਦੀਆਂ ਵਾਰਿਸ ਸਰਕਾਰਾਂ ਨੇ ਗਦਰ ਪਾਰਟੀ ਨੂੰ ਭੁਲਾ ਦਿੱਤਾ ਹੈ। ਗਦਰੀ ਬਾਬਾ ਅਤੇ ਆਦਿ-ਧਰਮੀਆਂ ਦੇ ਰਹਿਨੁੰਮਾ, ਆਦਿ ਧਰਮ ਦੇ ਬਾਨੀ ਦੀਆਂ ਕੁਰਬਾਨੀਆਂ ਨੂੰ ਸਿੱਟ ਬਸਿੱਟੇ ਕਰਕੇ, ਉਨ੍ਹਾਂ ਦਾ ਉਜਾਗਰ ਕਰਨ ਵਾਲਿਆਂ ਨੂੰ ਐਕਸੀਡੈਂਟਾਂ ਵਿੱਚ ਮਰਵਾਇਆ ਅਤੇ ਯੂ.ਪੀ. ਵਿੱਚ ਐਫ਼ ਆਈ ਆਰ ਦਰਜ ਕਰਕੇ ਮਨੁੱਖਤਾ ਹੀਣੇ ਕੰਮ ਕੀਤੇ ਜਾ ਰਹੇ ਹਨ। ਗਦਰੀ ਬਾਬਾ ਅਤੇ ਆਦਿ-ਧਰਮੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਵੀ 22 ਅਪ੍ਰੈਲ 1980 ਈ. ਨੂੰ ਆਉਂਦੀ ਸੀ। 1919 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਕਾਂਡ ਹੋਇਆ ਜਿਸ ਵਿੱਚ ਸੈਂਕੜੇ ਪੰਜਾਬੀ ਜਨਰਲ ਓਡਵਾਇਰ ਅਤੇ ਡਾਇਰ ਦੇ ਹੁਕਮ ਨਾਲ ਸ਼ਹੀਦ ਹੋਏ, ਜਿਸ ਦਾ ਬਦਲਾ ਸ਼ਹੀਦ ਰਾਮ ਮੁਹੰਮਦ ਸਿੰਘ ਅਜ਼ਾਦ ਉਰਫ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਇੰਗਲੈਂਡ ਵਿਖੇ ਓਡਵਾਇਰ ਨੂੰ ਸ਼ਰੇਆਮ ਗੋਲੀ ਮਾਰ ਕੇ ਭਾਰਤ ਦੀ ਅਜ਼ਾਦੀ ਦੀ ਚਿਣਗ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਘਾਇਆ।

14 ਅਪ੍ਰੈਲ 1984 ਨੂੰ ਪੰਜਾਬੀ ਸਾਹਿਬ ਕਾਂਸ਼ੀ ਰਾਮ ਨੇ ਦਿੱਲੀ ਵਿਖੇ ਬਹੁਜਨ ਸਮਾਜ ਪਾਰਟੀ ਬਣਾਈ ਜਿਸ ਦਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਸੀ। 1996 ਈ. ਦੀ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੇ ਸਟਾਰ ਨਿਊਜ਼ ਟੀ.ਵੀ. ਚੈਨਲ ਨੂੰ ਇਕ ਮੁਲਾਕਾਤ ਵਿੱਚ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਰਕਾਰ ਬਣਾ ਕੇ ਲਾਗੂ ਕਰਨਗੇ। ਪੰਜਾਬ ਦੀ ਮੌਜੂਦਾ ਸਰਕਾਰ ਬੀ.ਐਸ.ਪੀ ਦੀ ਸਿੱਧੀ ਅਸਿੱਧੀ ਦੇਣ ਹੈ। ਦੇਖਣਾ ਹੈ ਇਹ ਪੰਥਕ ਸਰਕਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਕਿਵੇਂ ਕਿੰਨਾ ਅਤੇ ਕਦੋਂ ਲਾਗੂ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਖ਼ਾਲਸਾ ਪੰਥ' ਦਾ ਅਕਸ ਕਿੰਨਾ ਕੁ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਲਿਸ਼ਕਾਉਂਦੀ ਹੈ। ਵਿਸਾਖੀ ਦੇ ਤਿਉਹਾਰ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੇ ਮਾਹੀ ਜਾਂ ਆਪਣੀ ਪਤਨੀ ਦੇ ਦੂਰ ਹੋਣ ਸਮੇਂ ਉੱਠੀ ਹੂਕ ਸਾਂਝੀ ਕਰਨੀ ਚਾਹਾਂਗੇ- ਬੈਸਾਖੀ ਦੇ ਮਹੀਨੇ ਜੀ ਬੈਸਾਖੀ ਆਈ, ਤੂੰ ਪਰਦੇਸੀ ਲਾਲ ਵੇ, ਉਦਾਸੀ ਛਾਈ, ਚੈਨ ਨਾ ਆਵੇ ਮਲ ਜੀ, ਦੇਵੀ ਮਨ, ਬੈਸਾਖ ਬੈਸਾਖੀ ਵੇ ਲਾਲ ਘਰੋ ਰਹੀਂ।

ਅੰਤ ਵਿੱਚ 'ਦੇਸ਼ ਦੁਆਬਾ' ਦੇ ਪਲੇਠੇ ਅੰਕ ਦੀ ਪਲੇਠੀ ਸੰਪਾਦਕੀ ਨੂੰ 14ਵੇਂ ਸਾਲ ਦੇ ਪ੍ਰਵੇਸ਼ ਅੰਕ ਵਿਚ ਆਪ ਸਭ ਦੇ ਹੱਥਾਂ ਵਿਚ ਇਕ ਵਾਰ ਫਿਰ ਤੋਂ ਸੌਂਪਦਿਆਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਜਾਤਾਂ, ਧਰਮਾਂ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਹਿਲੋਂ ਵਾਂਗ ਦੇਸ਼ ਵਿਦੇਸ਼ ਵਿੱਚ ਵਸੇ ਪੰਜਾਬੀਆਂ ਦੀ ਆਵਾਜ਼ ਨੂੰ ਈਮਾਨਦਾਰੀ ਦੂਰ-ਦ੍ਰਿਸ਼ਟੀ ਅਤੇ ਸੰਜਮ ਨਾਲ ਪੇਸ਼ ਕਰਦੇ ਰਹਾਂਗੇ ਅਤੇ ਆਪ ਜੀ ਤੋਂ ਵੀ ਇਹ ਉਮੀਦ ਰੱਖਦੇ ਹਾਂ ਕਿ ਤੁਸੀਂ ਵੀ ਅਜਿਹੀ ਭਾਵਨਾ ਤਹਿਤ ਸਹਿਯੋਗ ਜਾਰੀ ਰੱਖੋਗੇ।

**– ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ 'ਦੇਸ਼ ਦੁਆਬਾ'**

**Postal Address of Desh Doaba : 5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਾਰਤੀ ਮੂਲ ਦੀ ਸ਼ਰੀਨਾ ਕੁਰਾਨੀ ਬੈਂਕ ਵਿਚ ਡਿਪਟੀ ਡਾਇਰੈਕਟਰ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਇਨਫਰਾਸਟਰਕਚਰ ਐਂਡ ਇਕਨਾਮਿਕ ਡਿਵੈਲਪਮੈਂਟ ਬੈਂਕ (ਆਈ ਬੈਂਕ) ਵੱਲੋਂ ਭਾਰਤੀ ਮੂਲ ਦੀ ਸ਼ਰੀਨਾ ਕੁਰਾਨੀ ਨੂੰ ਡਿਪਟੀ ਡਾਇਰੈਕਟਰ ਵੈਨਚਰ ਕੈਪੀਟਲ ਨਿਯੁਕਤ ਕੀਤਾ ਗਿਆ ਹੈ। ਕੁਰਾਨੀ ਨਵੇਂ ਪ੍ਰਾਜੈਕਟਾਂ ਜਾਂ ਸਥਾਪਿਤ ਪ੍ਰਾਜੈਕਟਾਂ ਵਿਚ ਨਿਵੇਸ਼ ਸਬੰਧੀ ਕੋਸ਼ਿਸ਼ਾਂ ਦੀ ਅਗਵਾਈ ਕਰੇਗੀ। ਕੁਰਾਨੀ 2023 ਤੋਂ ਬੈਂਕ ਵਿਚ ਨਿਵੇਸ਼ ਮਾਹਿਰ ਵਜੋਂ ਪ੍ਰਮੁੱਖ ਭੂਮਿਕਾ ਨਿਭਾਉਂਦੀ ਆ ਰਹੀ ਹੈ। ਬੈਂਕ ਵਿਚ ਆਪਣੀ ਨਵੀਂ ਨਿ-ਯੁਕਤੀ ਬਾਰੇ ਉਨਾਂ ਕਿਹਾ ਕਿ ਮੈ ਆਪਣੀ ਨਵੀਂ ਭੂਮਿਕਾ ਤੇ ਉਦਮੀਆਂ ਦੀਆਂ ਨਿਵੇਸ਼ ਲੋੜਾਂ ਦੀ ਪੂਰਤੀ ਲਈ ਕੰਮ ਕਰਨ ਵਾਸਤੇ ਤਿਆਰ ਹਾਂ। ਮੈ ਟਿਕਾਊ ਆਰਥਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਾਸਤੇ ਕੰਮ ਕਰਾਂਗੀ। 2022 ਵਿਚ ਕੁਰਾਨੀ ਨੇ ਰਾਜਨੀਤੀ ਵਿਚ ਵੀ ਕਿਸਮਤ ਅਜਮਾਉਣ ਦਾ ਯਤਨ ਕੀਤਾ ਸੀ ਪਰੰਤੂ ਉਹ ਕੈਲੀਫੋਰਨੀਆ ਦੇ 41 ਵੇਂ ਕਾਂਗਰਸ ਡਿਸਟ੍ਰਿਕਟ ਤੋਂ ਮੁੱਢਲੀ ਚੋਣ ਹਾਰ ਗਈ ਸੀ।



# ਪ੍ਰਧਾਨ ਮੰਤਰੀ ਮੋਦੀ ਵੱਲੋਂ ਲਿਫਟ ਸਪੈਨ ਵਾਲੇ ਪੰਬਨ ਪੁਲ ਦਾ ਉਦਘਾਟਨ

**ਰਾਮੇਸ਼ਵਰਮ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਮਨੌਮੀ ਮੌਕੇ ਪੰਬਨ ਸਮੁੰਦਰੀ ਪੁਲ ਦਾ ਉਦਘਾਟਨ ਕੀਤਾ। ਇਹ ਰੇਲ ਲਿੰਕ ਮੁੱਖ ਭੂਮੀ ਨੂੰ ਰਾਮੇਸ਼ਵਰਮ ਟਾਪੂ ਨਾਲ ਜੋੜੇਗਾ। ਇਹ ਦੇਸ਼ ਦਾ ਪਹਿਲਾ ਵਰਟੀਕਲ ਲਿਫਟ ਮੈਕੇਨਿਜ਼ਮ ਵਾਲਾ ਪੁਲ ਹੈ, ਜਿਸ ਨੂੰ ਕਿਸੇ ਸਮੁੰਦਰੀ ਜਹਾਜ਼ ਨੂੰ ਲਾਂਘਾ ਦੇਣ ਲਈ ਵਰਟੀਕਲ ਲਿਫਟ (ਉੱਪਰ ਚੁੱਕ ਕੇ) ਕਰਕੇ ਖੋਲ੍ਹਿਆ ਜਾ ਸਕਦਾ ਹੈ। ਇਸ ਪੁਲ ਦੇ ਚਾਲੂ ਹੋਣ ਨਾਲ ਦੇਸ਼ ਭਰ ਅਤੇ ਵਿਦੇਸ਼ਾਂ ਤੋਂ ਸਾਲ ਭਰ ਆਉਣ ਵਾਲੇ ਸ਼ਰਧਾਲੂਆਂ ਦਾ ਇਸ ਅਧਿਆਤਮਿਕ ਅਸਥਾਨ ਨਾਲ ਰਾਬਤਾ ਬਿਹਤਰ ਹੋਵੇਗਾ।




ਪ੍ਰਧਾਨ ਮੰਤਰੀ ਨੇ ਪੁਲ ਦੇ ਵਰਟੀਕਲ ਲਿਫਟ ਮੈਕੇਨਿਜ਼ਮ ਨੂੰ ਰਿਮੋਟਲੀ ਚਲਾਇਆ ਅਤੇ ਰਾਮੇਸ਼ਵਰਮ-ਤਾਂਬਰਮ ਐਕਸਪ੍ਰੈਸ ਅਤੇ ਇੱਕ ਕੋਸਟ ਗਾਰਡ ਜਹਾਜ਼ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਨਵਾਂ ਪੰਬਨ ਪੁਲ ਅਤੇ ਇਸ ਦਾ ਵਰਟੀਕਲ ਲਿਫਟ ਸਪੈਨ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਹੈ।

ਸ੍ਰੀ ਮੋਦੀ ਮਗਰੋਂ ਜਨਤਕ ਇਕੱਠ ਨੂੰ ਵੀ ਸੰਬੋਧਨ ਕਰਨਗੇ, ਜਿੱਥੇ ਪੰਬਨ ਪੁਲ ਅਤੇ ਰਾਸ਼ਟਰੀ ਰਾਜਮਾਰਗ ਪ੍ਰੋਜੈਕਟਾਂ ਨੂੰ ਅਧਿਕਾਰਤ ਤੌਰ 'ਤੇ ਦੇਸ਼ ਨੂੰ ਸਮਰਪਿਤ ਕੀਤਾ ਜਾਵੇਗਾ।

# ਬੋਸਟਨ ਵਿਚ ਇਕ ਟਰੱਕ ਬੇਕਾਬੂ ਹੋ ਕੇ ਸੜਕ ਦੇ ਇਕ ਪਾਸੇ ਟਕਰਾਇਆ, 6 ਵਿਅਕਤੀ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੋਸਟਨ ਵਿਚ ਇਕ ਟਰੱਕ ਬੇਕਾਬੂ ਹੋ ਕੇ ਸੜਕ ਦੇ ਇਕ ਪਾਸੇ ਟਕਰਾ ਗਿਆ। ਇਸ ਘਟਨਾ ਵਿਚ 6 ਵਿਅਕਤੀ ਜ਼ਖਮੀ ਹੋਏ ਹਨ। ਪੁਲਿਸ ਕਮਿਸ਼ਨਰ ਨੇ ਕਿਹਾ ਹੈ ਕਿ ਇਹ ਬਹੁਤ ਦੁੱਖਦਾਈ ਘਟਨਾ ਹੈ। ਸੁਫੋਲ ਕਾਊਂਟੀ ਡਿਸਟ੍ਰਿਕਟ ਅਟਾਰਨੀ ਕੈਵਿਨ ਹੇਅਡਨ ਨੇ ਕਿਹਾ ਹੈ ਕਿ ਮੁੱਢਲੀ ਜਾਂਚ ਅਨੁਸਾਰ ਇਹ ਜਾਣਬੁਝਕੇ ਕੀਤਾ ਗਿਆ ਹਾਦਸਾ ਨਹੀਂ ਹੈ ਤੇ ਇਹ ਅਚਾਨਕ ਵਾਪਰੀ ਘਟਨਾ ਹੈ। ਬੋਸਟਨ ਪੁਲਿਸ ਕਮਿਸ਼ਨਰ ਮਾਈਕਲ ਕਾਕਸ ਅਨੁਸਾਰ 4 ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਿਨਾਂ ਵਿਚੋਂ ਡਰਾਈਵਰ ਦੀ ਹਾਲਤ ਗੰਭੀਰ ਹੈ ਜਦ ਕਿ ਬਾਕੀ ਸਾਰੇ ਸਥਿੱਰ ਹਾਲਤ ਵਿਚ ਹਨ। ਦੋ ਮਾਮੂਲੀ ਜ਼ਖਮੀ ਸਨ ਜਿਨਾਂ ਨੇ ਮੌਕੇ ਉਪਰ ਡਾਕਟਰੀ ਸਹਾਇਤਾ ਲੈਣ ਤੋਂ ਨਾਂਹ ਕਰ ਦਿੱਤੀ। ਪੁਲਿਸ ਅਨੁਸਾਰ ਇਹ ਹਾਦਸਾ ਦੁਪਹਿਰ ਬਾਅਦ 12.48 ਵਜੇ ਹੋਇਆ ਤੇ ਮੌਕੇ ਉਪਰ ਪੁੱਜੇ ਬੋਸਟਨ ਫਾਇਰ ਡਿਪਾਰਟਮੈਂਟ ਐਂਡ ਮੈਡੀਕਲ ਸਰਵਿਸਜ ਦੇ ਮੁਲਾਜ਼ਮਾਂ ਨੇ ਰਾਹਤ ਕਾਰਜਾਂ ਵਿਚ ਮੱਦਦ ਕੀਤੀ।



# ਕੈਲੀਫੋਰਨੀਆ ਸੈਨੇਟ ਦੀ ਪਬਲਿਕ ਸੇਫਟੀ SB 509 ਸਰਬਸੰਮਤੀ ਨਾਲ ਪਾਸ, ਕੁਝ ਹਿੰਦੂ ਸੰਸਥਾਵਾਂ ਕਰ ਰਹੀਆਂ ਸਨ ਵਿਰੋਧ, ਪਰ ਵਿਰੋਧੀ ਕਿਧਰੇ ਨਜਰ ਨਾਂ ਆਏ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਵਿਦੇਸ਼ੀ ਤਾਕਤਾਂ ਜਾਂ ਬਾਹਰੋਂ ਰਚੀਆਂ ਜਾਂਦੀਆਂ ਸਾਜਿਸ਼ਾਂ ਦੇ ਖਿਲਾਫ ਕੈਲੀਫੋਰਨੀਆ ਸਿਟੀਜਨ ਦੀ ਸੇਫਟੀ ਲਈ ਤੇ ਉਨਾਂ ਨੂੰ ਟਰੇਨਿੰਗ ਦੇਣ ਲਈ ਕੈਲੀਫੋਰਨੀਆ ਸੂਬੇ ਚ ਇੱਕ ਟਰਾਂਸਨੈਂਸ਼ਨਲ ਰਿਪਰੇਸ਼ਨ ਬਿੱਲ ਲਿਆਂਦਾ ਜਾ ਰਿਹਾ ਹੈ ਜਿਸ ਦਾ ਨਾਂ ਦਿੱਤਾ ਗਿਆ ਹੈ ਐਸ ਬੀ 509, ਅੱਜ ਇਸ ਬਿੱਲ ਦੇ ਪਹਿਲੇ ਪੜਾਅ ਲਈ ਕੈਲੀਫੋਰਨਿਆ ਸਟੇਟ ਸੈਨੇਟ ਦੀ ਪਬਲਿਕ ਸੇਫਟੀ ਕਮੇਟੀ ਚ ਸੁਣਵਾਈ ਹੋਈ ਤੇ ਜਿਸ ਨੂੰ ਸਰਬਸੰਪਤੀ ਨਾਲ ਪਾਸ ਕਰ ਦਿੱਤਾ ਗਿਆ। ਕਿਓਂ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਸਾਰੇ ਕੈਲੀਫੋਰਨੀਆ ਬਸਿੰਦਿਆਂ ਦੀ ਸੇਫਟੀ ਹੋਣੀ ਹੈ ਨਾਂ ਕਿ ਸਿਰਫ ਸਿੱਖਾਂ ਜਾਂ ਸਪੈਨਿਸ਼ ਲੋਕਾਂ ਦੀ ਪਰ ਬਿਨਾਂ ਕਿਸੇ ਸੋਚੇ ਸਮਝੇ ਕੁਝ ਹਿੰਦੂ ਸੰਗਠਨਾਂ ਵਲੋ ਇਸ ਬਿੱਲ ਦੇ ਵਿਰੋਧ ਵਿੱਚ ਲਿਖ ਕੇ ਭੇਜਿਆ ਗਿਆ ਤੇ ਕੁਝ ਮੌਕੇ ਤੇ ਵੀ ਪਹੁੰਚੇ ਪਰ ਬਾਅਦ ਚ ਉਥੋਂ ਭੱਜ ਗਏ। ਇਸ ਬਿੱਲ ਦੇ ਪੱਖ ਵਿੱਚ ਕਰੀਬ ਇੱਕ ਸੌ ਸਿੱਖਾਂ ਨੇ ਸਮੂਲੀਆ ਕੀਤੀ ਤੇ ਆਪਣੀ ਬਿੱਲ ਦੇ ਪੱਖ ਚ ਹਾਜਰੀ ਲੁਆਈ। ਇਸ ਬਿੱਲ ਨੂੰ ਦੋ ਅਸੈਂਬਲੀ ਵੋਮਨ ਐਨਾ ਕੈਬਰੀਲੋ ਤੇ ਸਿੱਖ ਅਸੈਂਬਲੀ ਵੋਮਨ ਜਸਮੀਤ ਕੌਰ ਬੈਂਸ ਨੇ ਕਮੇਟੀ ਅੱਗੇ ਬਿੱਲ ਨੂੰ ਪੇਸ਼ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਿਦਆਂ ਡਾ ਜਸਮੀਤ ਕੌਰ ਬੈਂਸ ਨੇ ਕਿਹਾ ਕਿਹਾ ਇਹ ਕੰਮ ਮੇਰੀ ਇਕੱਲੀ ਦਾ ਨਹੀਂ ਹੈ ਇਸ ਵਿੱਚ ਸਾਰਿਆਂ ਦਾ ਯੋਗਦਾਨ ਹੈ ਤੇ ਸਾਰਿਆਂ ਦੀ ਮੱਦਦ ਨਾਲ ਤੇ ਸਾਰਿਆਂ ਲਈ ਇਸ ਬਿੱਲ ਨੂੰ ਲਿਆਂਦਾ ਗਿਆ ਹੈ।





ਇਸ ਮੌਕੇ ਅਮਰੀਕਨ ਗੁਰਦੁਆਰਾ ਕਮੇਟੀ ਦੇ ਕੋਆਰਡੀਨੇਟਰ ਡਾ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਸੀਂ ਇਸ ਬਿੱਲ ਦੀ ਪੁਰਜੋਰ ਹਮਾਇਤ ਕਰਦੇ ਹਾਂ, ਖਾਸ ਕਰ ਸਿੱਖਾਂ ਲਈ ਇਹ ਖਾਸ ਬਿੱਲ ਹੈ। ਅਮਰੀਕਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸੰਤ ਸਿੰਘ ਹੋਠੀ ਨੇ ਕਿਹਾ ਕਿ ਬਾਹਰਲੀਆਂ ਤਾਕਤਾ ਤੋਂ ਕੈਲੀਫੋਰਨੀਆ ਵਾਸੀਆਂ ਨੂੰ ਬਚਾਉਣ ਲਈ ਇਹ ਬਿੱਲ ਸਾਰਥਿਕ ਸਿੱਧ ਹੋਵੇਗਾ। ਇਸ ਮੌਕੇ ਸਿੱਖ ਆਗੂ ਸ। ਜੌਹਨ ਸਿੰਘ ਗਿੱਲ ਨੇ ਕਿਹਾ ਕਿ ਜਿਨਾਂ ਦੋ ਅਸੈਂਬਲੀ ਬੀਬੀਆਂ ਨੇ ਇਹ ਬਿਲ ਲਿਆਂਦਾ ਹੈ ਉਨਾਂ ਲਈ ਇਸ ਬਿੱਲ ਨੂੰ ਗਵਰਨਰ ਦੇ ਦਸਖਤਾਂ ਤੱਕ ਪੁੱਜਣ ਤੇ ਪਾਸ ਹੋਣ ਤੱਕ ਸ਼ੁਭ ਕਾਮਨਾਵਾਂ। ਇਸ ਮੌਕੇ ਹੋਰ ਸਥਾਨਕ ਸਿੱਖ ਆਗੂ ਤੇ ਕੁਝ ਅਮਰੀਕਨ ਲੋਕ ਵੀ ਸੁਣਵਾਈ ਵੇਲੇ ਪੁੱਜੇ ਹੋਏ ਸਨ। ਹੁਣ ਇਹ ਬਿੱਲ ਸਟੇਟ ਅਸੈਂਬਲੀ ਵਿੱਚ ਜਾਵੇਗਾ ਇੱਥੇ ਵੀ ਪਾਸ ਹੋਣ ਦੀ ਅਮੀਦ ਹੈ ਉਸਤੋਂ ਬਾਅਦ ਗਵਰਨਰ ਦੇ ਦਸਤਕਾਂ ਲਈ ਜਾਵੇਗਾ।


HAPPY BAZAAR

HAPPY BAZAAR

Indian, Pakistani & Fijjian Groceries

WE ARE OPEN

7 DAYS A WEEK

9:00 am to 8:30 pm

RENT DVDS & BUY CLOTHES

ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US

Ph: (209) 478-0285

Fax: (209) 477-3206

EVERY SATURDAY & SUNDAY

SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

# ਵਿਪਸਾਅ ਵੱਲੋਂ ਅਕਤੂਬਰ ਵਿੱਚ ਸਿਲਵਰ ਜੁਬਲੀ ਕਾਨਫ਼ਰੰਸ ਦੀਆਂ ਤਿਆਰੀਆਂ ਸ਼ੁਰੂ

## ਕਹਾਣੀਕਾਰ ਪ੍ਰੇਮ ਪ੍ਰਕਾਸ਼, ਡਾ. ਮਨਜ਼ੂਰ ਇਜਾਜ਼ ਅਤੇ ਗ਼ਜ਼ਲਕਾਰ ਕ੍ਰਿਸ਼ਨ ਭਨੋਟ ਨੂੰ ਸ਼ਰਧਾਂਜਲੀਆਂ

ਹੇਵਰਡ: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਮਾਸਿਕ ਮਿਲਣੀ ਸੈਫਾਇਰ ਬੈਂਕੁਇਟ ਹਾਲ ਹੇਵਰਡ ਵਿਖੇ ਹੋਈ। ਵਿਪਸਾਅ ਦੇ ਹਾਜ਼ਰ ਮੈਂਬਰਾਂ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਬਜ਼ੁਰਗ ਕਹਾਣੀਕਾਰ ਪ੍ਰੇਮ ਪ੍ਰਕਾਸ਼, ਲਹਿੰਦੇ ਪੰਜਾਬ ਦੇ ਪੰਜਾਬੀ ਵਿਦਵਾਨ ਡਾ। ਮਨਜ਼ੂਰ ਇਜਾਜ਼ ਅਤੇ ਕਨੇਡਾ ਤੋਂ ਗ਼ਜ਼ਲਕਾਰ ਕ੍ਰਿਸ਼ਨ ਭਨੋਟ ਜੀ ਦੇ ਅਚਾਨਕ  ਸਦੀਵੀ ਵਿਛੋੜੇ ਦਾ ਦੁੱਖ ਦਾ ਇਜ਼ਹਾਰ ਕੀਤਾ ਅਤੇ ਤਿੰਨਾਂ ਲੇਖਕਾਂ ਵੱਲੋਂ ਬਹੁਤ ਸਾਰੀਆਂ ਪਾਏਦਾਰ ਰਚਨਾਵਾਂ ਪੰਜਾਬੀ ਸਾਹਿਤ ਅਤੇ ਬੋਲੀ ਦੀ ਝੋਲੀ ਵਿੱਚ ਪਾਉਣ ਲਈ ਯਾਦ ਕੀਤਾ।

ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਆਪਣੀ ਪੰਜਾਬ ਅਤੇ ਪਾਕਿਸਤਾਨੀ ਫੇਰੀ ਦੇ ਅਨੁਭਵ ਸਾਂਝੇ ਕਰਦੇ ਹੋਏ ਕਿਹਾ ਕਿ ਪਾਕਿਸਤਾਨੀ ਸਾਹਿਤਕ ਦੋਸਤਾਂ ਵੱਲੋਂ ਮਿਲਿਆ ਪਿਆਰ ਚਿਰ ਤੱਕ ਯਾਦ ਰਹੇਗਾ। ਉਸ ਨੇ ਇਹ ਵੀ ਦੱਸਿਆ ਕਿ ਲਹਿੰਦੇ ਪੰਜਾਬ ਵਿੱਚ ਸਾਡੀ ਪਛਾਣ ਪੱਗ ਨਾ.ਲ ਹੁੰਦੀ ਹੈ ਅਤੇ ਆਮ ਲੋਕ ਬਹੁਤ ਪਿਆਰ ਅਤੇ ਸਤਿਕਾਰ ਦਿੰਦੇ ਹਨ। ਕੁਲਵਿੰਦਰ ਨੇ ਦੱਸਿਆ ਕਿ ਉਸ ਨੇ ਪਾਕਿਸਤਾਨੀ ਸਾਹਿਤਕ ਸਫ਼ਰ ਦੌਰਾਨ ਜਗਜੀਤ, ਜਸਵਿੰਦਰ, ਰਾਜਵੰਤ ਰਾਜ, ਦਸ਼ਮੇਸ਼ ਗਿੱਲ ਫ਼ਿਰੋਜ਼, ਮਨਪ੍ਰੀਤ ਪ੍ਰੀਤ ਅਤੇ ਹਰਦਮ ਮਾਨ ਦੀ ਸੰਗਤ ਦਾ ਲਗਾਤਾਰ ਨਿੱਘ ਮਾਣਿਆਂ। ਉਸ ਨੇ ਮਹਿਸੂਸ ਕੀਤਾ ਕਿ ਪਾਕਿਸਤਾਨ ਦੇ ਸ਼ਾਇਰ ਜੜ੍ਹਾਂ ਨਾ.ਲ ਜੁੜੇ ਹੋਏ ਹਨ। ਸ਼ਾਇਰ ਅਤੇ ਸ਼ਾਇਰੀ ਨੂੰ ਦਾਦ ਦੇਣਾ ਕੋਈ ਉਨ੍ਹਾਂ ਤੋਂ ਸਿੱਖੇ। ਲਾਜ ਨੀਲਮ ਸੈਣੀ ਨੇ ਕਿਹਾ ਕਿ ਉਹ ਪੰਜਾਬ ਦੋ ਹਫ਼ਤੇ ਲਈ ਗਈ ਸੀ। ਸਾਹਿਤ ਆਸ਼ਰਮ ਟਾਂਡਾ, ਸਾਹਿਤਕ ਏਕਮ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਦਸੂਹਾ ਸਾਹਿਤ ਸਭਾ ਵੱਲੋਂ ਕਰਵਾਏ ਗਏ ਸਮਾਗਮ ਸ਼ਲਾਘਾਯੋਗ ਸਨ। ਸੁਖਦੇਵ ਸਾਹਿਲ ਨੇ ਵੀ ਇਹਨੀਂ ਦਿਨੀਂ ਪੰਜਾਬ ਫੇਰੀ ਦੌਰਾਨ ਸੱਜੀਆਂ ਸੰਗੀਤਕ ਮਹਿਫ਼ਲਾਂ ਅਤੇ ਨਵੀਂਆਂ ਰਿਕਾਰਡ ਕੀਤੀਆਂ ਰਚਨਾਵਾਂ ਦਾ ਜ਼ਿਕਰ ਕੀਤਾ।

ਕੁਲਵਿੰਦਰ ਨੇ ਇਹ ਵੀ ਦੱਸਿਆ ਕਿ ਪੰਜਾਬ ਵਿੱਚ ਆਪਣੇ ਭਰਾ ਸਤਨਾਮ ਸਿੰਘ ਦੀ ਯਾਦ ਵਿੱਚ 51,000 ਰੁਪਏ ਦਾ ਇਨਾਮ ਸ਼ੁਰੂ ਕੀਤਾ ਹੈ। ਇਹ ਇਨਾਮ ਹਰ ਸਾਲ ਪੰਜਾਬੀ ਦੇ ਪੁੰਗਰਦੇ ਗ਼ਜ਼ਲ ਸ਼ਾਇਰ ਨੂੰ ਦਿੱਤਾ ਜਾਏਗਾ। ਪਹਿਲਾ ਇਨਾਮ ਸੁਖਦੀਪ ਔਜਲਾ ਦੇ ਗ਼ਜ਼ਲ ਸੰਗ੍ਰਹਿ ‘ਇਕ ਕਮਰੇ ਦਾ ਸ਼ਾਇਰ’ ਨੂੰ ਦੱਤਾ ਗਿਆ। ਉਨ੍ਹਾਂ ਨੇ ਡਾ। ਜਸਵਿੰਦਰ ਸਿੰਘ ਸੈਣੀ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਡਾ। ਆਤਮ ਰੰਧਾਵਾ ਵੱਲੋਂ ਮਿਲੇ ਸਹਿਯੋਗ ਪਿਆਰ ਅਤੇ ਸਤਿਕਾਰ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸੁਖਦੇਵ ਸਾਹਿਲ ਨੇ ਅਕਾਦਮੀ ਦੇ ਮੈਂਬਰਾਂ ਦੇ ਗ਼ਜ਼ਲ ਅਤੇ ਗੀਤਾਂ ਦੀ ਰਿਕਾਰਡਿੰਗ ਦਾ ਕੁਝ ਹਿੱਸਾ ਸੁਣਾਉਂਦੇ ਹੋਏ ਦੱਸਿਆ ਕਿ ਵੀਡੀਓ ਤਿਆਰ ਹੋ ਰਹੀਆਂ ਹਨ ਅਤੇ ਉਹ ਆਪਣੀ ਐਲਬਮ ਕਾਨਫ਼ਰੰਸ ਮੌਕੇ ਰਿਲੀਜ਼ ਕਰੇਗਾ।

ਇਸ ਉਪਰੰਤ ਕੁਲਵਿੰਦਰ ਨੇ ਕਾਨਫ਼ਰੰਸ ਦੀ ਵਿਉਂਤਬੰਦੀ ਸਾਂਝੀ ਕਰਦੇ ਹੋਏ ਹੁਣ ਤੋਂ ਹੀ ਤਿਆਰੀ ਸ਼ੁਰੂ ਕਰਨ ਦਾ ਐ.ਲਾਨ ਕੀਤਾ। ਇਹ ਦੋ ਰੋਜ਼ਾ ਕਾਨਫ਼ਰੰਸ 4-5 ਅਕਤੂਬਰ, 2025 ਨੂੰ ਹੋਵੇਗੀ। ਸਮਾਂ ਤੇ ਸਥਾਨ ਜਲਦੀ ਹੀ ਘੋਸ਼ਿਤ ਕੀਤੇ ਜਾਣਗੇ। ਅਕਾਦਮੀ ਵੱਲੋਂ ਪੰਜਾਬੀ ਕਵਿਤਾ ਦੀ ਕਿਤਾਬ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਕਾਰਜ ਪ੍ਰੋ। ਸੁਰਿੰਦਰ ਸਿੰਘ ਸੀਰਤ ਅਤੇ ਡਾ। ਸੁਖਵਿੰਦਰ ਕੰਬੋਜ ਦਾ ਸੰਪਾਦਕੀ ਮੰਡਲ ਨੇਪਰੇ ਚਾੜ੍ਹੇਗਾ। ਭਾਸ਼ਾ ਨੂੰ ਸਮਰਪਿਤ ਇਸ ਕਾਨਫ਼ਰੰਸ ਵਿੱਚ ਇੱਕ ਸੈਸ਼ਨ ਬੱਚਿਆਂ ਲਈ ਹੋਵੇਗਾ। ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਮਹਿਕ ਖਿਲਾਰਨ ਲਈ ਇੰਡੀਆ ਤੋਂ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਆਤਮ ਰੰਧਾਵਾ, ਜੱਗੀ ਜੌਹਲ, ਪਾਕਿਸਤਾਨ ਤੋਂ ਇਮਰਾਨ ਸ਼ੌਕਤ, ਡਾ. ਨਬੀਲਾ ਰਹਿਮਾਨ, ਬਾਬਾ ਨਜਮੀ, ਸਾਫ਼ੀਆ ਹਯਾਤ, ਸਾਬਰ ਅਲੀ ਸਾਬਰ ਅਤੇ ਅਫ਼ਜ਼ਲ ਸਾਹਿਰ, ਆਸਟ੍ਰੇਲੀਆ ਤੋਂ ਸੁਖਵਿੰਦਰ ਅੰਮ੍ਰਿਤ, ਇੰਗਲੈਂਡ ਤੋਂ ਰਾਜਿੰਦਰ ਜੀਤ ਨੂੰ ਸ਼ਿਰਕਤ ਕਰਨ ਲਈ ਸੱਦੇ ਭੇਜੇ ਜਾ ਰਹੇ ਹਨ। ਇਹਨਾਂ ਤੋਂ ਇਲਾਵਾ ਕਨੇਡਾ ਅਤੇ ਅਮਰੀਕਾ ਦੇ ਬਹੁਤ ਸਾਰੇ ਲੇਖਕਾਂ ਦੀ ਸ਼ਮੂਲੀਅਤ ਵੀ ਕਾਨਫ਼ਰੰਸ ਨੂੰ ਚਾਰ ਚੰਨ ਲਾਵੇਗੀ। ਬੈਠਕ ਦੇ ਅੰਤ ਤੇ ਕਵੀ ਦਰਬਾਰ ਵਿੱਚ  ਜਗਜੀਤ, ਡਾ। ਸੁਖਪਾਲ ਸੰਘੇੜਾ, ਗੁਲਸ਼ਨ ਦਿਆਲ, ਸੁਰਜੀਤ ਸਖੀ, ਤਾਰਾ ਸਾਗਰ, ਸੰਦੀਪ ਕੌਰ, ਮੁਕੇਸ਼ ਸ਼ਰਮਾ, ਲਖਵਿੰਦਰ ਕੌਰ ਲੱਕੀ, ਲਾਜ ਨੀਲਮ ਸੈਣੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਸੁਰਿੰਦਰ ਸਿੰਘ ਧਨੋਆ, ਸੁਖਵਿੰਦਰ ਕੰਬੋਜ ਅਤੇ ਸੁਰਿੰਦਰ ਸੀਰਤ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਪ੍ਰੋ। ਬਲਜਿੰਦਰ ਸਿੰਘ ਨੇ ਪ੍ਰੋਗਰਾਮ ਦਾ ਮੁਲਾਂਕਣ ਕਰਦੇ ਹੋਏ ਕਿਹਾ ਕਿ ਕਾਨਫ਼ਰੰਸ ਦੀ ਵਿਉਂਤਬੰਦੀ ਕਮਾਲ ਹੈ ਤੇ ਇਸ ਵਿਉਂਤਬੰਦੀ ਨੂੰ ਅਮਲੀ ਜਾਮਾ ਪਹਿਨਾਉਣਾ ਅੱਜ ਦੇ ਪ੍ਰੋਗਰਾਮ ਵਿੱਚ ਸ਼ਾਮਲ ਹਰ ਮੈਂਬਰ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਇਸ ਮਿਲਣੀ ਵਿੱਚ ਹੋਰਾਂ ਤੋਂ ਇਲਾਵਾ ਵਿਜੇ ਸਿੰਘ, ਸ। ਕਿਹਰ ਸਿੰਘ ਅਤੇ ਸੋਨੂੰ ਸਾਹਿਲ ਆਦਿ ਸ਼ਾਮਲ ਸਨ।

**ਰਿਪੋਰਟ: ਲਾਜ ਨੀਲਮ ਸੈਣੀ ਫ਼ੋਨ: 510-502-0551**
**ਜਾਰੀ ਕਰਤਾ,**
**ਜਗਜੀਤ ਨੌਸ਼ਹਿਰਵੀ (ਜਰਨਲ ਸਕੱਤਰ)**
**510-676-1565**
**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ**

# ਭਾਰਤ-ਸ੍ਰੀਲੰਕਾ ਵੱਲੋਂ ਅਹਿਮ ਰੱਖਿਆ ਸਮਝੌਤੇ ’ਤੇ ਦਸਤਖ਼ਤ

**ਕੋਲੰਬੋ-** ਭਾਰਤ ਅਤੇ ਸ੍ਰੀਲੰਕਾ ਨੇ ਪਹਿਲੀ ਵਾਰ ਫੌਜੀ ਖੇਤਰ ’ਚ ਡੂੰਘੇ ਸਹਿਯੋਗ ਲਈ ਢਾਂਚਾ ਤਿਆਰ ਕਰਨ ਵਾਸਤੇ ਅੱਜ ਅਹਿਮ ਰੱਖਿਆ ਸਮਝੌਤੇ ਸਣੇ ਸੱਤ ਸਮਝੌਤਿਆ ’ਤੇ ਦਸਤਖ਼ਤ ਕੀਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਦੋਵੇਂ ਮੁਲਕਾਂ ਦੀ ਸੁਰੱਖਿਆ ਇਕ-ਦੂਜੇ ਨਾਲ ਜੁੜੀ ਹੋਈ ਹੈ ਅਤੇ ਇਕ-ਦੂਜੇ ’ਤੇ ਨਿਰਭਰ ਹੈ। ਸ੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ  ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਮੁਲਕ ਦੀ ਧਰਤੀ ਭਾਰਤ ਦੇ ਸੁਰੱਖਿਆ ਹਿੱਤਾਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਨਾਲ ਵਰਤਣ ਦੀ ਇਜਾਜ਼ਤ ਨਹੀਂ ਦੇਣਗੇ।





ਦੋਵੇਂ ਆਗੂਆਂ ਵਿਚਕਾਰ ਵਾਰਤਾ ਮਗਰੋਂ ਭਾਰਤ ਅਤੇ ਸ੍ਰੀਲੰਕਾ ਵਿਚਕਾਰ ਸੱਤ ਸਮਝੌਤਿਆਂ ’ਤੇ ਦਸਤਖ਼ਤ ਕੀਤੇ ਗਏ। ਇਨ੍ਹਾਂ ’ਚੋਂ ਇਕ ਤ੍ਰਿਨਕੋਮਾਲੀ ਨੂੰ ਊਰਜਾ ਕੇਂਦਰ ਅਤੇ ਦੂਜਾ ਊਰਜਾ ਗਰਿੱਡ ਸੰਪਰਕ ਵਜੋਂ ਵਿਕਸਤ ਕਰਨਾ ਸ਼ਾਮਲ ਹੈ। ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨੇ ਦੋਵੇਂ ਮੁਲਕਾਂ ਵਿਚਕਾਰ ਮਛੇਰਿਆਂ ਦਾ ਮਸਲਾ ‘ਮਨੁੱਖਤਾ ਦੇ ਪਹਿਲੂ’ ਨਾਲ ਹੱਲ ਕਰਨ ਦੀ ਵਕਾਲਤ ਕੀਤੀ ਅਤੇ ਆਸ ਜਤਾਈ ਕਿ ਕੋਲੰਬੋ ਤਾਮਿਲ ਲੋਕਾਂ ਦੀਆਂ ਖਾਹਿਸ਼ਾਂ ਪੂਰੀਆਂ ਕਰਕੇ ਸੂਬਾਈ ਪਰਿਸ਼ਦ ਚੋਣਾਂ ਕਰਵਾਏਗਾ। ਇਕ ਹੋਰ ਅਹਿਮ ਕਦਮ ਤਹਿਤ ਭਾਰਤ ਨੇ ਕੋਲੰਬੋ ਲਈ ਆਰਥਿਕ ਸਹਾਇਤਾ ਦੇ ਇਕ ਹਿੱਸੇ ਵਜੋਂ ਕਰਜ਼ਾ ਪੁਨਰਗਠਨ ਸਮਝੌਤਿਆਂ ’ਤੇ ਵੀ ਮੋਹਰ ਲਾਈ ਅਤੇ ਕਰਜ਼ਿਆਂ ’ਤੇ ਵਿਆਜ ਦਰਾਂ ਘੱਟ ਕਰਨ ਦਾ ਫ਼ੈਸਲਾ ਲਿਆ। ਮੋਦੀ ਨੇ ਦੁਹਰਾਇਆ ਕਿ ਸ੍ਰੀਲੰਕਾ ਦੇ ਲੋਕਾਂ ਨਾਲ ਭਾਰਤ ਡਟ ਕੇ ਖੜ੍ਹਾ ਹੈ। ਮੋਦੀ ਨੇ ਐਲਾਨ ਕੀਤਾ ਕਿ ਸ੍ਰੀਲੰਕਾ ਦੇ ਪੂਰਬੀ ਪ੍ਰਾਂਤਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕਰੀਬ 2।4 ਅਰਬ ਲੰਕਨ ਰੁਪਏ ਦਾ ਪੈਕੇਜ ਦਿੱਤਾ ਜਾਵੇਗਾ।

### ਮੋਦੀ ਵੱਲੋਂ ਸ੍ਰੀਲੰਕਾ ਦੇ ਅਨੁਰਾਧਾਪੁਰਾ ’ਚ ਮਹਾਬੋਧੀ ਮੰਦਰ ਦੇ ਦਰਸ਼ਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਸ੍ਰੀਲੰਕਾ ਦੇ ਇਤਿਹਾਸਕ ਸ਼ਹਿਰ ਅਨੁਰਾਧਾਪੁਰਾ ’ਚ ਜੈ ਸ੍ਰੀ ਮਹਾਬੋਧੀ ਮੰਦਰ ਦੇ ਦਰਸ਼ਨ ਕੀਤੇ ਅਤੇ ਭਾਰਤ ਤੋਂ ਸਹਾਇਤਾ ਪ੍ਰਾਪਤ ਦੋ ਰੇਲਵੇ ਪ੍ਰਾਜੈਕਟਾਂ ਦਾ ਆਗ਼ਾਜ਼ ਕੀਤਾ। ਅਧਿਆਤਮਕ ਸ਼ਹਿਰ ਅਨੁਰਾਧਾਪੁਰਾ ਦੇ ਦੌਰੇ ਦੌਰਾਨ ਮੋਦੀ ਨਾਲ ਸ੍ਰੀਲੰਕਾ ਦੇ ਰਾਸ਼ਟਰਪਤੀ ਅਨੂਰਾ ਕੁਮਾਰਾ ਦੀਸਾਨਾਇਕੇ ਵੀ ਮੌਜੂਦ ਸਨ। ਮੰਦਰ ਦੇ ਦਰਸ਼ਨ ਮਗਰੋਂ ਦੋਵੇਂ ਆਗੂਆਂ ਨੇ 9.12 ਕਰੋੜ ਅਮਰੀਕੀ ਡਾਲਰ ਦੀ ਭਾਰਤੀ ਸਹਾਇਤਾ ਨਾਲ ਨਵਿਆਈ ਗਈ 128 ਕਿਲੋਮੀਟਰ ਲੰਬੀ ਮਾਹੋ-  ਮਾਨਥਾਈ ਰੇਲਵੇ ਲਾਈਨ ਦਾ ਉਦਘਾਟਨ ਕੀਤਾ ਜਿਸ ਮਗਰੋਂ ਮਾਹੋ ਤੋਂ ਅਨੁਰਾਧਾਪੁਰਾ ਤੱਕ ਐਡਵਾਂਸਡ ਸਿਗਨਲਿੰਗ ਪ੍ਰਣਾਲੀ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ ਗਈ। ਇਸ ਪ੍ਰਣਾਲੀ ਦਾ ਨਿਰਮਾਣ 1.48 ਕਰੋੜ ਡਾਲਰ ਦੀ ਭਾਰਤੀ ਸਹਾਇਤਾ ਨਾਲ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਸ ਨਾਲ ਦੇਸ਼ ਭਰ ’ਚ ਯਾਤਰੀਆਂ ਅਤੇ ਮਾਲ ਦੀ ਤੇਜ਼ੀ ਨਾਲ ਆਵਾਜਾਈ ਸੰਭਵ ਹੋ ਸਕੇਗੀ। ਭਾਰਤ ਰਵਾਨਾ ਹੋਣ ਤੋਂ ਪਹਿਲਾਂ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸ੍ਰੀਲੰਕਾ ਯਾਤਰਾ ਨੇ ਦੋਵੇਂ ਮੁਲਕਾਂ ਵਿਚਕਾਰ ਡੂੰਘੇ ਸਭਿਆਚਾਰਕ ਅਤੇ ਅਧਿਆਤਮਕ ਸਬੰਧਾਂ ਦੀ ਪੁਸ਼ਟੀ ਕੀਤੀ ਹੈ। ਪ੍ਰਧਾਨ ਮੰਤਰੀ ਨੇ ਪ੍ਰਮੁੱਖ ਭਿਕਸ਼ੂ ਤੋਂ ਆਸ਼ੀਰਵਾਦ ਵੀ ਲਿਆ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134
LUCAS OIL LUCAS INJECTOR CLEANER $28.99
Call: 650-642-0697

3525 Highway 99, West Corning, CA 96021
Across the Street from TA Truck Stop

# ਮੁਲਾਜ਼ਮ ਵਰਗ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਤੁਰੰਤ ਕੀਤਾ ਜਾਵੇ - ਸਤਵੰਤ ਟੂਰਾ



**ਫਗਵਾੜਾ (ਬੀ.ਕੇ. ਰੱਤੂ)–** ਐਸ.ਸੀ.ਬੀ.ਸੀ. ਮੁਲਾਜ਼ਮ ਵਰਗ ਅਤੇ ਸਮਾਜ ਦੀਆਂ ਮੰਗਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ, ਗਿਆਨ ਚੰਦ ਵਾਹਦ, ਵਿਨੋਦ ਕੁਮਾਰ, ਬਲਵਿੰਦਰ ਨਿਧੜਕ ਦੇ ਵਫਦ ਨੇ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਰਾਜ ਕੁਮਾਰ ਚੱਬੇਵਾਲ ਦੀ ਫਗਵਾੜਾ ਫੇਰੀ ਦੌਰਾਨ ਉਨ੍ਹਾਂ ਨਾਲ ਮੀਟਿੰਗ ਕੀਤੀ ਅਤੇ ਵੱਖ ਵੱਖ ਮੰਗਾਂ ਦਾ ਹੱਲ ਕਰਨ ਇੱਕ ਮੰਗ ਪੱਤਰ ਵੀ ਦਿੱਤਾ ਗਿਆ।

ਫੈਡਰੇਸ਼ਨ ਵੱਲੋਂ ਉਠਾਈਆਂ ਗਈਆਂ ਮੁੱਖ ਮੰਗਾਂ ਵਿਚ, ਪੁਰਾਣੀ ਪੈਨਸਨ ਬਹਾਲੀ ਕਰਨ ਲਈ ਸਰਕਾਰ ਵੱਲੋਂ ਜਾਰੀ ਕੀਤਾ ਅਧੂਰਾ ਨੋਟੀਫਿਕੇਸ਼ਨ ਪੂਰੀ ਤਰ੍ਹਾਂ ਲਾਗੂ ਕਰਵਾਉਣਾ, 85ਵੀ ਸੰਵਿਧਾਨਿਕ ਸੋਧ ਲਾਗੂ ਕਰਵਾਉਣਾ ਤੇ ਦਸ ਅਕਤੂਬਰ 2014 ਦਾ ਪਰਸੋਨਲ ਵਿਭਾਗ ਵੱਲੋਂ ਜਾਰੀ ਗੈਰ ਸੰਵਿਧਾਨਕ ਪੱਤਰ ਰੱਦ ਕਰਵਾਉਣਾ, ਮਿਡ ਡੇ ਮੀਲ ਵਰਕਰਾਂ ਦੇ ਮਿਹਨਤਾਨੇ ਨੂੰ ਡੀਸੀ ਰੇਟ ਅਧੀਨ ਲਿਆਉਣਾ, ਦੂਰ ਦੁਰ-ਾਡੇ ਸਟੇਸ਼ਨਾਂ ਤੇ ਨਿਯੁਕਤ ਪਦ ਉਨਤ ਲੈਕਚਰਾਰਾਂ ਨੂੰ ਆਪਣੇ ਜਿਲ੍ਹੇ ਵਿੱਚ ਖਾਲੀ ਪੋਸਟਾਂ ਤੇ ਐਡਜਸਟ ਕਰਨਾ,2024 ਵਿੱਚ ਮਾਸਟਰ ਕਾਡਰ ਤੋਂ ਪਦ ਉਨਤ ਲੈਕਚਰਾਰਾਂ ਨੂੰ ਜਨਰਲ ਬਦਲੀਆਂ ਵਿਚ ਮੌਕਾ ਦੇਣਾ, ਪ੍ਰਿੰਸੀਪਲਾਂ ਦੀਆਂ ਖਾਲੀ ਅਸਾਮੀਆਂ ਨੂੰ ਤਰੱਕੀਆਂ ਰਾਹੀਂ ਭਰਨਾ,ਸਕੂਲ ਆਫ ਐਮੀਨੈਂਸ ਵਿਚ ਬੱਚਿਆਂ ਦੇ ਦਾਖਲੇ ਦੀ ਗਿਣਤੀ ਘਟਾਉਣ ਦੀ ਯੋਜਨਾ ਨੂੰ ਦੁਬਾਰਾ ਵਿਚਾਰਨਾ ਆਦਿ ਮੁੱਖ ਸਨ। ਸ੍ਰੀ ਰਾਜ ਕੁਮਾਰ ਚੱਬੇਵਾਲ ਵਲੋਂ ਸਭ ਮੰਗਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਤੱਕ ਨਿੱਜੀ ਪਹੁੰਚ ਕਰਕੇ ਮੰਗਾਂ ਹੱਲ ਕਰਵਾਉਣ ਦੀ ਗੱਲ ਆਖੀ ਗਈ।

ਪ੍ਰੈਸ ਨੂੰ ਜਾਣਕਾਰੀ ਦੇਣ ਸਮੇਂ ਮਨਪ੍ਰੀਤ, ਕੁਲਵਿੰਦਰ ਸਿੰਘ, ਫੌਜੀ ਸ਼ੇਰਗਿੱਲ, ਮਨਜੀਤ ਗਾਟ, ਲਖਵੀਰ ਚੰਦ, ਸ਼ਮਸ਼ੇਰ ਸਿੰਘ, ਅਸ਼ੋਕ ਕੁਮਾਰ, ਸਤਨਾਮ ਗਿੱਲ ਅਤੇ ਹੋਰ ਕਈ ਸਾਥੀ ਹਾਜ਼ਰ ਸਨ।

# ਜਲੰਧਰ 'ਚ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲਾ

**ਜਲੰਧਰ–** ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਦੇਰ ਰਾਤ ਇਕ - ਡੇਢ ਵਜੇ ਦੇ ਕਰੀਬ ਜ਼ੋਰਦਾਰ ਧਮਾਕਾ ਹੋਇਆ, ਜਿਸ ਨਾਲ ਘਰ 'ਚ ਖੜ੍ਹੀ ਕਾਰ, ਮੋਟਰਸਾਈਕਲ ਅਤੇ ਦਰਵਾਜ਼ਿਆਂ ਦੇ ਸ਼ੀਸ਼ੇ ਟੁੱਟ ਗਏ। ਗ਼ਨੀਮਤ ਰਹੀ ਕਿ ਇਸ ਧਮਾਕੇ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਮਨੋਰੰਜਨ ਕਾਲੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਰਾਤ ਕਰੀਬ 12 ਵਜੇ ਆਪਣੇ ਘਰ ਦੇ ਵਿਹੜੇ 'ਚ ਘੁੰਮ ਰਹੇ ਸਨ। ਜਦੋਂ ਉਹ ਆਪਣੇ ਕਮਰੇ ਵਿਚ ਸੌਣ ਲਈ ਗਏ ਤਾਂ ਕੁਝ ਹੀ ਦੇਰ ਬਾਅਦ ਜ਼ਬਰਦਸਤ ਧਮਾਕਾ ਹੋਇਆ, ਜਿਸ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਮੁਲਾਜ਼ਮ ਸਹਿਮ ਗਏ। ਸ੍ਰੀ ਕਾਲੀਆ ਨੇ ਦੱਸਿਆ ਕਿ ਧਮਾਕਾ ਐਨਾ ਜ਼ਬਰਦਸਤ ਸੀ ਕਿ ਇਸ ਨਾਲ ਵਿਹੜੇ ਵਿਚ ਲੱਗੇ ਪੱਥਰ 'ਚ ਟੋਇਆ ਪੈ ਗਿਆ ਅਤੇ ਮੋਟਰਸਾਈਕਲ ਅਤੇ ਕਾਰ ਦਾ ਵੀ ਭਾਰੀ ਨੁਕਸਾਨ ਹੋਇਆ। ਦਰਵਾਜ਼ਿਆਂ ਤੇ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਘਟਨਾ ਦਾ ਪਤਾ ਲਗਦੇ ਹੀ ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਜਾਂਚ ਚਲ ਰਹੀ ਹੈ ਤੇ ਛੇਤੀ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਲੈ ਕੇ ਹਮਲਾਵਰਾਂ ਦੇ ਵਾਪਸੀ ਰੂਟ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਤਾ ਲਗਾ ਹੈ ਕਿ ਤਿੰਨ ਨੌਜਵਾਨ ਮੋਟਰਸਾਈਕਲ ਤੇ ਈ ਰਿਕਸ਼ਾ 'ਤੇ ਆਏ ਸਨ। ਇਨ੍ਹਾਂ ਵਿਚੋਂ ਇਕ ਨੇ ਕਾਲੀਆ ਦੇ ਘਰ ਅੰਦਰ ਹੈਂਡ ਗ੍ਰਨੇਡ ਸੁੱਟਿਆ ਤੇ ਫ਼ਰਾਰ ਹੋ ਗਏ।

### ਮੁੱਖ ਮੰਤਰੀ ਤੋਂ ਅਸਤੀਫਾ ਮੰਗਿਆ

ਪੰਜਾਬ ਵਿਚ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਵਿਚ ਹੋਏ ਧਮਾਕੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸੂਬਾ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਧਮਾਕੇ ਨੂੰ ਗਰਨੇਡ ਹਮਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਥਾਣਿਆਂ ਅਤੇ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਤੇ ਬੁੱਤਾਂ ਤੇ ਹਮਲੇ ਹੋ ਰਹੇ ਸਨ, ਹੁਣ ਤਾਂ ਹਮਲਾਵਰਾਂ ਨੇ ਭਾਜਪਾ ਆਗੂ ਦੇ ਘਰ ਨੂੰ ਵੀ ਨਿਸ਼ਾਨਾ ਬਣਾਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਵਿਚ ਅਸਫਲ ਰਹਿ ਰਹੇ ਹਨ ਜਿਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

# ਘਟਦੀ ਜਾ ਰਹੀ ਹੈ ਪੰਜਾਬ 'ਚ ਦੁਧਾਰੂ ਪਸ਼ੂਆਂ ਦੀ ਗਿਣਤੀ

**ਚੰਡੀਗੜ੍ਹ–** ਪੰਜਾਬ 'ਚ ਪਸ਼ੂਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਹੈ। ਕਰੀਬ ਤਿੰਨ ਦਹਾਕਿਆਂ 'ਚ ਮੱਝਾਂ ਦੀ ਗਿਣਤੀ 'ਚ ਕਰੀਬ 25 ਲੱਖ ਦੀ ਕਮੀ ਆ ਗਈ ਹੈ। ਪਸ਼ੂ ਪਾਲਣ ਵਿਭਾਗ ਦੀ 21ਵੀਂ ਪਸ਼ੂ-ਧਨ ਗਣਨਾ ਦੇ ਮੁੱਢਲੇ ਤੱਥ ਸਮੁੱਚੇ ਪਸ਼ੂ-ਧਨ 'ਚ 5.78 ਲੱਖ ਦੀ ਗਿਰਾਵਟ ਦਰਜ ਕੀਤੇ ਜਾਣ ਦੀ ਗਵਾਹੀ ਭਰਦੇ ਹਨ। ਪੇਂਡੂ ਅਰਥਚਾਰੇ 'ਚ ਰੋਜ਼ੀ-ਰੋਟੀ ਦੇ ਵਸੀਲੇ ਵਜੋਂ ਪਸ਼ੂ ਪਾਲਣ ਦਾ ਧੰਦਾ ਅਹਿਮ ਭੂਮਿਕਾ ਨਿਭਾਉਂਦਾ ਹੈ। ਮੁੱਢਲੀ ਰਿਪੋਰਟ ਅਨੁਸਾਰ ਪੰਜਾਬ 'ਚ ਕੁੱਲ ਪਸ਼ੂ ਧਨ 68.03 ਲੱਖ ਰਹਿ ਗਿਆ ਹੈ ਜੋ ਸਾਲ 2019 ਵਿੱਚ 73.81 ਲੱਖ ਸੀ।

ਪੰਜਾਬ ਵਿਚ ਇਸ ਵੇਲੇ 34.93 ਲੱਖ ਮੱਝਾਂ ਰਹਿ ਗਈਆਂ ਹਨ ਜਦੋਂ ਕਿ ਸਾਲ 2019 ਵਿੱਚ 40.15 ਲੱਖ ਮੱਝਾਂ ਸਨ। ਮੱਝਾਂ ਦੀ ਹਰ ਸਾਲ ਔਸਤਨ ਇੱਕ ਲੱਖ ਗਿਣਤੀ ਘਟ ਰਹੀ ਹੈ। ਹਾਲਾਂਕਿ ਪੰਜਾਬ ਦੀ ਪਛਾਣ ਦੁੱਧ ਤੇ ਦੇਸੀ ਘਿ  ਨਾਲ ਹੈ। ਮੁੱਢਲੇ ਅੰਕੜੇ ਅਨੁਸਾਰ ਸਾਲ 1992 ਵਿੱਚ ਪੰਜਾਬ 'ਚ 60.08 ਲੱਖ ਮੱਝਾਂ ਸਨ। ਸਾਲ 1997 ਵਿੱਚ ਉਨ੍ਹਾਂ ਦੀ ਗਿਣਤੀ ਥੋੜ੍ਹੀ ਵਧ ਕੇ 61.71 ਹੋ ਗਈ ਸੀ। ਉਸ ਮਗਰੋਂ ਸਾਲ 2003 ਵਿੱਚ ਸੂਬੇ ਵਿੱਚ 59.94 ਲੱਖ ਮੱਝਾਂ ਅਤੇ ਸਾਲ 2007 ਵਿੱਚ 50.01 ਲੱਖ ਮੱਝਾਂ ਰਹਿ ਗਈਆਂ ਸਨ। ਦੂਸਰੀ ਤਰਫ਼ ਬੱਕਰੀਆਂ ਪਾਲਣ ਦਾ ਰੁਝਾਨ ਵਧਿਆ ਹੈ। ਮੌਜੂਦਾ ਸਮੇਂ ਸੂਬੇ ਵਿੱਚ 4.47 ਲੱਖ ਬੱਕਰੀਆਂ ਦਾ ਅੰਕੜਾ ਸਾਹਮਣੇ ਆਇਆ ਹੈ। ਸਾਲ 2019 ਵਿੱਚ 3.47 ਲੱਖ ਬੱਕਰੀਆਂ ਸਨ। ਇਸੇ ਤਰ੍ਹਾਂ ਸੂਬੇ ਵਿੱਚ ਭੇਡਾਂ ਦੀ ਗਿਣਤੀ ਹੁਣ 1.06 ਲੱਖ ਹੋ ਗਈ ਹੈ ਜੋ ਛੇ ਸਾਲ ਪਹਿਲਾਂ 85,560 ਸੀ। ਬਠਿੰਡਾ ਜ਼ਿਲ੍ਹੇ ਦੇ ਪਸ਼ੂ ਵਪਾਰੀ ਪਰਮਜੀਤ ਸਿੰਘ ਮੌੜ ਮੰਡੀ ਨੇ ਕਿਹਾ ਕਿ ਮੱਝਾਂ ਪਾਲਣ ਦੇ ਲਾਗਤ ਖ਼ਰਚੇ ਕਾਫ਼ੀ ਵਧ ਗਏ ਹਨ ਅਤੇ ਹੁਣ ਆਮ ਪਸ਼ੂ ਪਾਲਕਾਂ 'ਚ ਮੱਝਾਂ ਨੂੰ ਪਾਲ ਕੇ ਵੇਚਣ ਦਾ ਰੁਝਾਨ ਘਟਿਆ ਹੈ। ਉਨ੍ਹਾਂ ਕਿਹਾ ਕਿ ਮੱਝਾਂ ਦੇ ਦੁੱਧ ਦਾ ਵਪਾਰਕ ਕੰਮ ਜ਼ਿਆਦਾ ਹੈ। ਦੱਸਣਯੋਗ ਹੈ ਕਿ ਕੇਂਦਰੀ ਪਸ਼ੂ ਪਾਲਣ ਮੰਤਰਾਲੇ ਵੱਲੋਂ ਹਰ ਪੰਜ ਸਾਲ ਬਾਅਦ ਪਸ਼ੂਆਂ ਦੀ ਗਿਣਤੀ ਕਰਵਾਈ ਜਾਂਦੀ ਹੈ। ਪੰਜਾਬ ਵਿੱਚ ਪਸ਼ੂਆਂ ਦੀ ਗਿਣਤੀ ਦਾ ਕੰਮ ਨਵੰਬਰ 2024 ਤੋਂ ਸ਼ੁਰੂ ਹੋਇਆ ਸੀ ਜੋ ਹੁਣ ਅੰਤਿਮ ਪੜਾਅ 'ਤੇ ਹੈ। ਕੇਂਦਰ ਸਰਕਾਰ ਨੇ 15 ਅਪਰੈਲ ਤੱਕ ਇਹ ਗਿਣਤੀ ਮੁਕੰਮਲ ਕਰਨ ਵਾਸਤੇ ਕਿਹਾ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿੱਚ ਕੁੱਤਿਆਂ ਦੀ ਗਿਣਤੀ ਵਧ ਕੇ ਹੁਣ ਕਰੀਬ 3.85 ਲੱਖ ਹੋ ਗਈ ਹੈ ਜਦੋਂ ਕਿ ਸਾਲ 2019 ਵਿੱਚ 3.28 ਲੱਖ ਕੁੱਤੇ ਸਨ। ਘੋੜਿਆਂ ਦਾ ਅੰਕੜਾ ਵੀ ਵਧਿਆ ਹੈ। ਮੁੱਢਲੇ ਤੱਥਾਂ ਮੁਤਾਬਕ ਇਸ ਵੇਲੇ ਸੂਬੇ 'ਚ ਕਰੀਬ 19,963 ਘੋੜੇ ਹਨ। ਛੇ ਸਾਲਾਂ ਵਿੱਚ 5720 ਘੋੜੇ ਵਧੇ ਹਨ।

ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਸਾਬਕਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਨਾਭਾ ਨੇ ਕਿਹਾ ਕਿ ਅਸਲ ਵਿੱਚ ਸੂਬੇ 'ਚ ਬਰੀਡਿੰਗ ਨੀਤੀ ਜ਼ਮੀਨ 'ਤੇ ਕਿਧਰੇ ਨਜ਼ਰ ਨਹੀਂ ਆ ਰਹੀ ਹੈ ਅਤੇ ਪ੍ਰਾਈਵੇਟ ਸਿਖਾਂਦਰੂਆਂ ਦੀ ਬਦੌਲਤ ਪਸ਼ੂ ਧਨ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਅਰੀ ਦਾ ਧੰਦਾ ਹੁਣ ਘਾਟੇ ਵਿੱਚ ਜਾ ਰਿਹਾ ਹੈ। ਦੇਖਿਆ ਜਾਵੇ ਤਾਂ ਪਿਛਲੇ ਸਮੇਂ ਦੌਰਾਨ ਤੂੜੀ ਦਾ ਭਾਅ ਇੱਕ ਹਜ਼ਾਰ ਰੁਪਏ ਕੁਇੰਟਲ ਨੂੰ ਛੂਹ ਗਿਆ ਸੀ।

ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਨੇ ਕਿਹਾ ਕਿ ਸੂਬੇ 'ਚ ਦੁੱਧ ਦੀ ਪੈਦਾਵਾਰ 'ਚ ਕੋਈ ਕਮੀ ਨਹੀਂ ਆਈ ਹੈ ਕਿਉਂਕਿ ਪਸ਼ੂ ਪਾਲਕ ਹੁਣ ਵੱਧ ਦੁੱਧ ਦੇਣ ਵਾਲੀ ਨਸਲ ਦੇ ਪਸ਼ੂ ਪਾਲਣ ਲੱਗੇ ਹਨ। ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪਸ਼ੂ-ਧਨ ਗਣਨਾ ਦੀ ਅੰਤਿਮ ਰਿਪੋਰਟ ਮਗਰੋਂ ਸਥਿਤੀ ਬਿਲਕੁਲ ਸਾਫ਼ ਹੋ ਜਾਵੇਗੀ।

**ਊਠ ਹੋਇਆ ਗ਼ਾਇਬ–** ਮਾਰੂਥਲ ਦੀ ਸਵਾਰੀ ਪੰਜਾਬ 'ਚੋਂ ਗ਼ਾਇਬ ਹੋ ਗਈ ਹੈ ਅਤੇ ਹੁਣ ਮੇਲਿਆਂ 'ਤੇ ਹੀ ਊਠ ਨਜ਼ਰ ਆਉਂਦੇ ਹਨ। ਸੂਬੇ ਵਿੱਚ ਇਸ ਵੇਲੇ ਸਿਰਫ਼ 80 ਊਠ ਬਾਕੀ ਬਚੇ ਹਨ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# “ਜਨ ਸਵਾਸਥਿਆ ਅਭਿਆਨ’’ ਭਾਰਤ ਨੇ ਸਾਰਿਆਂ ਲਈ ਸਿਹਤ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਜਾਗਰੂਕਤਾ ਅਭਿਆਨ ਚਲਾਇਆ ਅਤੇ ਐਸ ਡੀ ਐਮ ਨੰਗਲ ਦੁਆਰਾ ਮੁੱਖ ਮੰਤਰੀ ਪੰਜਾਬ ਅਤੇ ਸਿਹਤ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਦਿੱਤਾ





ਵਿਸ਼ਵ ਸਿਹਤ ਦਿਵਸ 2025 "ਸਿਹਤਮੰਦ ਸ਼ੁਰੂਆਤ, ਉਮੀਦ ਵਾਲਾ ਭਵਿੱਖ’’ ਨੂੰ ਮਨਾਉਣ ਲਈ "ਜਨ ਸਵਾਸਥਿਆ ਅਭਿਆਨ ਭਾਰਤ’’ ਨੇ 20 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 125 ਤੋਂ ਵੱਧ ਜ਼ਿਲ੍ਹਿਆਂ ਤੋਂ ਸਾਰਿਆਂ ਲਈ ਸਿਹਤ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਇੱਕ ਸਮੂਹਿਕ ਆਵਾਜ਼ ਬੁਲੰਦ ਕੀਤੀ।ਇਸ ਲਈਕਨਵੀਨਰ ਅਤੇ ਸਕੱਤਰੇਤ ਟੀਮ ਅਮਿਤਾਵ ਗੁਹਾ, ਚੰਦਰਕਾਂਤ ਯਾਦਵ, ਰਾਹੀ ਰਿਆਜ਼, ਮਹਿਜਬੀਨ ਭੱਟ, ਐਸ.ਆਰ. ਆਜ਼ਾਦ, ਗੌਰੰਗਾ ਮਹਾਪਾਤਰਾ, ਸੰਜੀਵ ਸਿਨਹਾ, ਅਮੁਲਿਆ ਨਿਧੀ ਅਤੇ ਮਾਹਿਰਾਂ ਦਾ ਸਲਾਹਕਾਰ ਸਮੂਹ ਰਿਤੂ ਪ੍ਰਿਆ, ਜਗਦੀਸ਼ ਪਟੇਲ, ਵੀਨਾ ਸ਼ਤਰੂਗਨਾ, ਪ੍ਰਬੀਰ ਚੈਟਰਜੀ, ਪ੍ਰਫੁੱਲ ਸਮੰਤਰਾ, ਰਾਜਕੁਮਾਰ ਸਿਨਹਾ ਆਦਿ ਨੇ ਅਗਵਾਈ ਕੀਤੀ। ਇਸ ਮੌਕੇ ਮੰਗ ਪੱਤਰ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਅਤੇ ਵੱਖ ਵੱਖ ਰਾਜਾਂ ਦੇ ਮੁੱਖ ਮੰਤਰੀਆਂ, ਸਿਹਤ ਮੰਤਰੀਆਂ ਨੂੰ ਭੇਜਿਆ ਗਿਆ। ਇਸ ਸਬੰਧੀ ਜਨ ਸਵਾਸਥਿਆ ਅਭਿਆਨ ਪੰਜਾਬ ਦੇ ਕਨਵੀਨਰ ਕੁਲਦੀਪ ਚੰਦ ਦੀ ਅਗਵਾਈ ਵਿੱਚ ਅਰਪਨ ਸੋਸਾਇਟੀ ਨਾਲ ਮਿਲਕੇ ਨੰਗਲ ਵਿੱਚ ਵੀ ਵਿਸ਼ਵ ਸਿਹਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਅਤੇ ਮੌਜੂਦਾ ਸਿਹਤ ਸਮੱਸਿਆਵਾਂ, ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਚੁਣੌਤੀਆਂ ਤੇ ਚਰਚਾ ਕੀਤੀ ਅਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸੁਝਾਅ ਲਏ ਗਏ।ਇਸ ਮੌਕੇ ਮਧੂ ਮਾਲਾ, ਪੂਨਮ, ਮੰਨਤ, ਅੰਜਲੀ, ਚਿਤਰਾਕਸ਼ੀ, ਨੀਨਾ, ਨੇਹਾ, ਅਨੁਰਾਧਾ, ਜਲਸਾ, ਪੂਨਮ ਕੁਮਾਰੀ, ਪੂਜਾ, ਕੋਮਲ, ਰਸ਼ਮੀ, ਪੂਨਮ, ਮੰਨਤ, ਦੀਪਿਕਾ, ਸ਼ਵੇਤਾ, ਮਮਤਾ, ਨਿਹਾਰਿਕਾ, ਰਜਨੀ, ਮੋਨਿਕਾ, ਅੰਜਲੀ, ਚਿਤਰਾਕਸ਼ੀ, ਰੀਨਾ ਰਾਣੀ, ਰਿੰਕੂ, ਪੂਜਾ, ਕੰਚਨ, ਰੀਨਾ ਕੁਮਾਰੀ, ਸ਼ਵੇਤਾ, ਰੀਨਾ, ਰਮਾ, ਆਦਿ ਹਾਜ਼ਰ ਸਨ।ਇਸ ਮੌਕੇ ਐਸ ਡੀ ਐਮ ਦਫਤਰ ਨੰਗਲ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਨਾਮਇੱਕ ਮੰਗ ਪੱਤਰ ਭੇਜਿਆ ਗਿਆ।

ਕੁਲਦੀਪ ਚੰਦ ਨੇ ਦੱਸਿਆ ਕਿ ਸਰਕਾਰ ਸਿਹਤ ਸੇਵਾਵਾਂ ਨੂੰ ਨਿੱਜੀ ਸੰਸਥਾਵਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਇਸਦਾ ਮੈਡੀਕਲ ਡਾਕਟਰਾਂ ਅਤੇ ਸਿਹਤ ਸੰਭਾਲ ਪ੍ਰਦਾਤਾ ਸਮੂਹ, ਸਮਾਜਿਕ ਸੰਗਠਨਾਂ ਅਤੇ ਨਾਗਰਿਕਾਂ ਦੁਆਰਾ ਵੀ ਵਿਰੋਧ ਕੀਤਾ ਜਾ ਰਿਹਾ ਹੈ। ਸਿਹਤ ਸੰਭਾਲ ਪ੍ਰਣਾਲੀ ਨੂੰ ਲੋਕ-ਮੁਖੀ ਅਤੇ ਮਜ਼ਬੂਤ ਬਣਾਉਣ ਅਤੇ ਸਰਕਾਰੀ ਸਿਹਤ ਪ੍ਰਣਾਲੀ ਨੂੰ ਬਚਾਉਣ ਲਈ ਜਨ ਸਿਹਤ ਅਭਿਆਨ ਭਾਰਤ ਨੇ ਸਿਹਤ ਅਧਿਕਾਰ ਐਕਟ ਦੀ ਮੰਗ ਉਠਾਈ।

ਇਸ ਮੌਕੇ ਮੰਗ ਕੀਤੀ ਕਿਸਿਹਤ ਅਤੇ ਸਿਹਤ ਸੰਭਾਲ ਸੇਵਾਵਾਂ ਵਿੱਚ ਨਿੱਜੀਕਰਨ ਬੰਦ ਕੀਤਾ ਜਾਵੇ, ਜਨਤਕ ਸਹੂਲਤਾਂ ਲਈ ਸਾਰੀਆਂ ਦਵਾਈਆਂ ਮੁਫਤ ਹੋਣੀਆਂ ਚਾਹੀਦੀਆਂ ਹਨ ਅਤੇ ਜੀਵਨ ਰੱਖਿਅਕ ਅਤੇ ਜ਼ਰੂਰੀ ਦਵਾਈਆਂ ਤੇ ਕੋਈ ਟੈਕਸ ਨਹੀਂ ਹੋਣਾ ਚਾਹੀਦਾ ਹੈ, ਸਿਹਤ ਅਧਿਕਾਰ ਕਾਨੂੰਨ ਲਾਗੂ ਕੀਤਾ ਜਾਵੇ, ਜੀਡੀਪੀ ਦੇ ਘੱਟੋ-ਘੱਟ 2.5% ਫੰਡ ਵਧਾਕੇ ਜਨਤਕ ਸਿਹਤ ਖੇਤਰ ਨੂੰ ਮਜ਼ਬੂਤ ਕੀਤਾ ਜਾਵੇ, ਵਿਕੇਂਦਰੀਕ੍ਰਿਤ ਸਿਹਤ ਸੰਭਾਲ ਸ਼ਾਸਨ ਪ੍ਰਣਾਲੀ ਨੂੰ ਯਕੀਨੀ ਬਣਾਇਆ ਜਾਵੇ, ਆਸ਼ਾ ਵਰਕਰਾਂ, ਏਐਨਐਮਜ਼, ਪੀਐਚਐਨ ਆਦਿ ਲਈ ਬਿਹਤਰ ਸੰਖਿਆਵਾਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਦੇ ਨਾਲ ਕਮਿਊਨਿਟੀ ਪੱਧਰ ਦੀਆਂ ਸੇਵਾਵਾਂ ਸਮੇਤ ਜਨਤਕ ਸਿਹਤ ਖੇਤਰ ਨੂੰ ਮਜ਼ਬੂਤ ਅਤੇ ਵਿਸਤਾਰਿਤ ਕੀਤਾ ਜਾਵੇ, ਕਲੀਨਿਕਲ ਸਥਾਪਨਾ ਐਕਟ ਨੂੰ ਵਿਆਪਕ ਤੌਰ ਤੇ ਲਾਗੂ ਕੀਤਾ ਜਾਵੇ, ਨਿੱਜੀ ਸਿਹਤ ਖੇਤਰ ਵਿੱਚ ਮਿਆਰੀ ਇਲਾਜ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕੀਤਾ ਜਾਵੇ, ਸਿਹਤ ਦੇ ਮੁੱਖ ਨਿਰਧਾਰਕਾਂ ਵਜੋਂ ਖੁਰਾਕ ਸੁਰੱਖਿਆ, ਸੁਰੱਖਿਅਤ ਪੀਣ ਵਾਲਾ ਪਾਣੀ, ਰੁਜ਼ਗਾਰ, ਸੁਰੱਖਿਅਤ ਵਾਤਾਵਰਣ, ਔਰਤਾਂ ਦੀ ਸੁਰੱਖਿਆ, ਸੁਰੱਖਿਅਤ ਕੰਮ ਕਰਨ ਵਾਲਾ ਵਾਤਾਵਰਣ ਆਦਿ ਨੂੰ ਯਕੀਨੀ ਬਣਾਇਆ ਜਾਵੇ, ਸਿਹਤ ਕਾਮਿਆਂ ਲਈ ਸਾਰੇ ਖੇਤਰਾਂ ਵਿੱਚ ਕਿੱਤਾਮੁਖੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਸ ਲਈ ਕਾਨੂੰਨਾਂ, ਨਿਯਮਾਂ ਅਤੇ ਨੀਤੀਆਂ ਨੂੰ ਲਾਗੂ ਕੀਤਾ ਜਾਵੇ, ਨੀਤੀਆਂ ਵਿੱਚ ਸਿਹਤ ਨੂੰ ਸ਼ਾਮਲ ਕਰਨਾ ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਵਿੱਚ ਡਿਜੀਟਲ ਰਿਕਾਰਡ ਦੀ ਘਾਟ ਸਮੇਤ ਵਿਤਕਰੇ ਨੂੰ ਬੰਦ ਕੀਤਾ ਜਾਵੇ ਆਦਿ ਸ਼ਾਮਲ ਹਨ।

****

# ਸਿੱਖਿਆ ਕਰਾਂਤੀ ਦੇ ਨਾਮ 'ਤੇ ਕੁਫ਼ਰ ਤੋਲ ਰਹੀ ਹੈ ਆਪ ਸਰਕਾਰ: ਅਰਵਿੰਦ ਖੰਨਾ

ਚੰਡੀਗੜ੍ਹ- ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ ਦੀ ਸਰਕਾਰ ਸਿੱਖਿਆ ਕਰਾਂਤੀ ਦੇ ਨਾਮ ਹੇਠ ਕੁਫ਼ਰ ਤੋਲ ਰਹੀ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਸਰਕਾਰ ਆਪਣੀਆਂ ਖਾਮੀਆਂ ਨੂੰ ਛੁਪਾਉਣ ਦੀ ਖਾਤਰ ਆਪਣੇ ਅਧੀਨ ਅਧਿਆਪਕਾਂ ਸਮੇਤ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਮਜ਼ਬੂਰ ਕਰ ਰਹੀ ਹੈ ਕਿ ਉਹ ਮੰਤਰੀਆਂ ਦੀਆਂ ਗਤੀਵਿਧੀਆਂ ਨੂੰ ਆਪਣੇ ਸੋਸ਼ਲ ਮੀਡਿਆ ਅਕਾਊਂਟ ਰਾਹੀਂ ਲੋਕਾਂ ਨਾਲ ਸ਼ੇਅਰ ਕਰਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਮੁਰੰਮਤ ਕੀਤੀਆਂ ਕੰਧਾਂ ਜਾਂ ਪਖਾਨਿਆਂ ਦੇ ਉਦਘਾਟਨ ਕੀਤੇ ਜਾ ਰਹੇ ਹਨ। ਉਨ੍ਹਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਨੂੰ ਸਵਾਲ



ਕਰਦਿਆਂ ਕਿਹਾ ਕਿ ਜੇਕਰ ਉਹ ਸੱਚ ਵਿੱਚ ਹੀ ਲੋਕ ਭਲਾਈ ਦੀਆਂ ਗਤੀਵਿਧੀਆਂ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਆਪਣੇ ਅਧੀਨ ਕਰਮਚਾਰੀਆਂ ਨੂੰ ਆਪਣੀ ਗਤੀਵਿਧੀ ਸੋਸ਼ਲ ਮੀਡਿਆ 'ਤੇ ਸ਼ੇਅਰ ਕਰਨ ਲਈ ਕਿਉਂ ਮਜ਼ਬੂਰ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦਾ ਖਜ਼ਾਨਾ ਆਪਣੇ ਆਕਾ ਅਰਵਿੰਦ ਕੇਜ਼ਰੀਵਾਲ ਦੇ ਹਿੱਤਾਂ ਦੀ ਪੂਰਤੀ ਲਈ ਉਜਾੜ ਦਿੱਤਾ ਹੈ ਜਿਸ ਦਾ ਬਦਲਾ ਪੰਜਾਬ ਦੇ ਲੋਕ 2027 ਦੌਰਾਨ ਲੈ ਲੈਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਿੱਲੀ ਦੇ ਫੇਲ੍ਹ ਹੋਏ ਆਗੂ ਅਰਵਿੰਦ ਕੇਜ਼ਰੀਵਾਲ ਨੂੰ ਪੰਜਾਬ ਦਾ ਹੀਰੋ ਬਣਾਉਣ ਦੇ ਯਤਨਾਂ ਵਿੱਚ ਹੈ। ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਸਹਿਣ ਨਹੀਂ ਕਰ ਸਕਦੇ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਪੂਰਾ ਕਰਨ ਵਿਚ ਸਹਿਯੋਗ ਦੇ ਰਹੀ ਹੈ ਸੀ.ਐਮ ਦੀ ਯੋਗਸ਼ਾਲਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 5 ਅਕਤੂਬਰ 2023 ਤੋਂ ਸ਼ਹੀਦ ਭਗਤ ਸਿੰਘ ਨਗਰ ਵਿਚ ਮੁਫ਼ਤ ਯੋਗ ਕਲਾਸਾਂ ਸੀ।ਐਮ ਦੀ ਯੋਗਸ਼ਾਲਾ ਦੇ ਅਧੀਨ ਚੱਲ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਇਹ ਕਲਾਸਾਂ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਨੂੰ ਇਕ ਸੁਪਰਵਾਈਜ਼ਰ ਤੇ ਯੋਗ ਟ੍ਰੇਨਰਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਲੋਕਾਂ ਦੀ ਮੰਗ ਅਨੁਸਾਰ ਚਲਾਇਆ ਜਾ ਰਿਹਾ ਹੈ ਅਤੇ ਲੋਕਾਂ ਦੀ ਜੀਵਨ ਸ਼ੈਲੀ ਵਿਚ ਸੁਧਾਰ ਕਰਦੇ ਹੋਏ ਯੋਗ ਦੇ ਫਾਇਦਿਆਂ ਬਾਰੇ ਵੀ ਉਨ੍ਹਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਵਿਚ ਸ਼ੁਰੂ ਕੀਤੀਆਂ ਯੋਗਾ ਕਲਾਸਾਂ ਵਿਚ ਸ਼ਾਮਿਲ ਹੋਣ ਤੋਂ ਬਾਅਦ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਰਾਹਤ ਮਿਲ ਰਹੀ ਹੈ, ਜਿਸ ਵਿਚ ਯੋਗਾਤਮਕ ਸੂਖਮ ਅਭਿਆਸ, ਆਸਣ, ਪ੍ਰਾਣਾਯਾਮ ਅਤੇ ਧਿਆਨ ਸਿਖਾਇਆ ਜਾਂਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੀ.ਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਮੈਡਮ ਕਿਰਨ ਬਾਲਾ ਨੇ ਦੱਸਿਆ ਕਿ ਹਰੇਕ ਉਮਰ ਦੇ ਲੋਕ ਇਨ੍ਹਾਂ ਕਲਾਸਾਂ ਵਿਚ ਸ਼ਾਮਲ ਹੋ ਰਹੇ ਹਨ ਅਤੇ ਉਹ ਜੋੜਾਂ ਦੇ ਦਰਦ, ਸ਼ੂਗਰ, ਥਾਇਰਾਇਡ, ਬਲੱਡ ਪ੍ਰੈਸ਼ਰ ਆਦਿ ਕਈ ਬਿਮਾਰੀਆ ਤੋਂ ਰਾਹਤ ਪਾ ਰਹੇ ਹਨ। ਲੋਕਾਂ ਦੁਆਰਾ ਨਿਯਮਿਤ ਤੌਰ 'ਤੇ ਯੋਗ ਕਰਨ ਨਾਲ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਵਿਚ ਬਹੁਤ ਫਾਇਦਾ ਮਿਲ ਰਿਹਾ ਹੈ ਤੇ ਉਹ ਪਹਿਲਾਂ ਨਾਲੋਂ ਜ਼ਿਆਦਾ ਤੰਦਰੁਸਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਇਸ ਅਹਿਮ ਉਪਰਾਲੇ ਲਈ ਪੰਜਾਬ ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

# ਡਰੇਨਾਂ ਦੀ ਸਫਾਈ ਨੂੰ ਲੈ ਕੇ ਡਾ ਨਛੱਤਰ ਪਾਲ ਨੇ ਮੰਤਰੀ ਵਰਿੰਦਰ ਗੋਇਲ ਨਾਲ ਕੀਤੀ ਮੁਲਾਕਾਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦਿਨੀ ਡਾਕਟਰ ਨਛੱਤਰ ਪਾਲ ਨੇ ਆਪਣੇ ਹਲਕੇ ਦੇ ਵਿੱਚ ਪੈਂਦੀਆਂ ਬਰਸਾਤੀ ਡਰੇਨਾਂ ਨੂੰ ਲੈ ਕੇ ਸਬੰਧਤ ਮੰਤਰੀ ਵਰਿੰਦਰ ਗੋਇਲ ਨਾਲ ਮੁਲਾਕਾਤ ਕੀਤੀ ਡਾਕਟਰ ਨਛੱਤਰ ਪਾਲ ਵੱਲੋਂ ਮੰਤਰੀ ਸਾਹਿਬਾਨ ਨੂੰ ਨਵਾਂਸ਼ਹਿਰ ਹਲਕੇ ਵਿੱਚ ਪੈਂਦੇ ਪਿੰਡਾਂ ਬਾਰੇ ਗੱਲਬਾਤ ਕਰਦਿਆਂ ਆਖਿਆ ਕਿ ਨਵਾਂ ਸ਼ਹਿਰ ਦੇ ਪਿੰਡਾਂ ਵਿੱਚੋਂ ਦੀ ਲੰਘਦੀਆਂ ਬਰਸਾਤੀ ਡਰੇਨਾਂ ਦਾ ਪਿਛਲੇ ਲੰਮੇ ਸਮੇਂ ਤੋਂ ਸਫਾਈ ਦਾ ਕੰਮ ਨਾ ਹੋਣ ਕਰਕੇ ਇਹਨਾਂ ਪਿੰਡਾਂ ਵਿੱਚ ਬਰਸਾਤਾਂ ਦੇ ਦਿਨਾਂ ਵਿੱਚ ਬਰਸਾਤ ਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਇਹਨਾਂ ਪਿੰਡਾਂ ਵਿੱਚ ਹੜ ਵਰਗਾ ਮਾਹੌਲ ਬਣ ਜਾਂਦਾ ਹੈ।

ਜਿਨਾਂ ਵਿੱਚੋਂ ਜਾਡਲਾ, ਦੌਲਤਪੁਰ, ਰਾਮਰਾਏਪੁਰ, ਸਜਾਵਲਪੁਰ, ਨਾਈ ਮਜ਼ਾਰਾ, ਗੋਹਲੜੋਂ, ਗੋਰਖਪੁਰ, ਲੰਗੜੋਆ, ਜੇਠੂ ਮਜਾਰਾ, ਚੂਹੜਪੁਰ, ਕੁਲਾਮ, ਦੁਰਗਾਪੁਰ, ਮਹਿੰਦੀਪੁਰ, ਗੁਜਰਪੁਰ, ਭੀਣ, ਪੱਲੀ ਉੱਚੀ, ਪੱਲੀ ਝਿੱਕੀ, ਨੋਰਾ, ਭੋਰਾ, ਚੱਕਲੀਸੁਜਾਤ, ਨੰਗਲ ਛਾਂਗਾ, ਬਹਿਲੂਰ ਕਲਾਂ, ਦਿਲਾਵਰਪੁਰ, ਨੀਲੋਵਾਲ,



ਸੁਲਤਾਨਪੁਰ, ਸਲੇਮਪੁਰ, ਰਾਹੋ, ਕਾਹਲੋਂ, ਭਾਰਟਾ ਕਲਾਂ, ਗੜ੍ਹੀ ਭਾਰਟੀ, ਵਜੀਦਪੁਰ, ਜੁਲਾਹ ਮਜਾਰਾ, ਫਾਂਬੜਾ, ਬੁਰਜ ਆਦਿ ਡਰੇਨਾਂ ਦੀ ਸਫਾਈ ਨਾ ਹੋਣ ਕਰਕੇ ਬਰਸਾਤ ਦੇ ਦਿਨਾਂ ਵਿੱਚ ਇਹਨਾਂ ਪਿੰਡਾਂ ਵਿੱਚ ਹੜ ਵਰਗਾ ਮਾਹੌਲ ਬਣ ਜਾਂਦਾ ਹੈ।

ਜਿਸ ਕਰਕੇ ਜਿਥੇ ਆਵਾਜਾਈ ਠੱਪ ਹੁੰਦੀ ਹੈ, ਇਸਦੇ ਨਾਲ ਹੀ ਮਾਲੀ ਨੁਕਸਾਨ ਵੀ ਬਹੁਤ ਜਿਆਦਾ ਹੁੰਦਾ ਹੈ। ਜੇਕਰ ਸਮਾਂ ਰਹਿੰਦਿਆਂ ਇਹਨਾਂ ਡਰੇਨਾਂ ਦੀ ਸਫਾਈ ਹੋ ਜਾਵੇ ਤਾਂ ਬਰਸਾਤ ਦੇ ਪਾਣੀ ਦਾ ਨਿਕਾਸ ਚੰਗੀ ਤਰ੍ਹਾਂ ਹੋਵੇਗਾ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਇਹਨਾਂ ਪਿੰਡਾਂ ਵਿੱਚ ਬਰਸਾਤ ਦਾ ਪਾਣੀ ਜਮ੍ਹਾਂ ਨਹੀਂ ਹੋਵੇਗਾ। ਇਸ ਤਰ੍ਹਾਂ ਬਰਸਾਤ ਦੇ ਪਾਣੀ ਨਾਲ ਹੋਣ ਵਾਲੇ ਨੁਕਸਾਨ ਨੂੰ ਬਚਾਇਆ ਜਾ ਸਕਦਾ ਹੈ, ਤਾਂ ਵਰਿੰਦਰ ਗੋਇਲ ਮੰਤਰੀ ਨੇ ਕਿਹਾ ਕਿ ਮੈਂ ਜਲਦੀ ਤੋਂ ਜਲਦੀ ਇਹਨਾਂ ਡਰੇਨਾਂ ਦੀ ਸਫਾਈ ਦਾ ਕੰਮ ਸ਼ੁਰੂ ਕਰਵਾ ਦੇਵਾਂਗਾ।

# ਸਾਇੰਸ ਟੀਚਰਜ਼ ਐਸੋਸੀਏਸ਼ਨ ਨੇ ਸਾਇੰਸ ਅਧਿਆਪਕਾ ਜੀਵਨ ਨੂੰ ਸੇਵਾਮੁਕਤੀ 'ਤੇ ਕੀਤਾ ਸਨਮਾਨਿਤ

**ਫਗਵਾੜਾ (ਬੀ. ਕੇ. ਰੱਤੂ)** ਸਿੱਖਿਆ ਵਿਭਾਗ ਪੰਜਾਬ 'ਚ 27 ਸਾਲ ਦੀ ਬੇਦਾਗ਼ ਅਤੇ ਸਮਰਪਿਤ ਸੇਵਾ ਨਿਭਾਉਣ ਉਪਰੰਤ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਫਗਵਾੜਾ ਤੋਂ ਬਤੌਰ ਸਾਇੰਸ ਅਧਿਆਪਕ ਸੇਵਾਮੁਕਤ ਹੋਣ ਤੇ ਮੈਡਮ ਜੀਵਨ ਨੂੰ ਸਾਇੰਸ ਟੀਚਰਜ਼ ਐਸੋਸੀਏਸ਼ਨ ਫਗਵਾੜਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਐਸੋਸੀਏਸ਼ਨ ਦੀ ਸੂਬਾਈ ਇਕਾਈ ਦੇ ਪ੍ਰਧਾਨ ਹਰਿੰਦਰ ਕੌਰ ਸੇਠੀ ਅਤੇ ਬਲਾਕ ਪ੍ਰਧਾਨ ਰਾਜੀਵ ਸੋਨੀ ਨੇ ਮੈਡਮ ਜੀਵਨ ਵੱਲੋਂ ਸਿੱਖਿਆ ਵਿਭਾਗ ਵਿੱਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਲੈਕਚਰਾਰ ਹਰਜਿੰਦਰ ਗੋਗਨਾ ਨੇ ਮੈਡਮ ਜੀਵਨ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨ ਵਰਗੇ ਔਖੇ ਵਿਸ਼ੇ ਨੂੰ ਦਿਲਚਸਪ ਮਾਹੌਲ ਵਿੱਚ ਪੜ੍ਹਾਉਣ ਅਤੇ ਵਿਗਿਆਨਕ ਗਤੀਵਿਧੀਆਂ ਅਤੇ ਖਾਸ ਕਰਕੇ ਵਿਗਿਆਨ ਮੇਲਿਆਂ ਵਿੱਚ ਬੱਚਿਆਂ ਨੂੰ ਜੇਤੂ ਕਤਾਰ ਵਿੱਚ ਖੜ੍ਹਾ ਕਰਨ ਲਈ ਉਹਨਾਂ ਦੀ ਅਣਥਕ ਮਿਹਨਤ ਦਾ ਜ਼ਿਕਰ ਕੀਤਾ। ਬਲਾਕ ਪ੍ਰਧਾਨ ਰਾਜੀਵ ਸੋਨੀ ਅਤੇ ਜ਼ਿਲ੍ਹਾ ਸਰਪ੍ਰਸਤ ਨਰੇਸ਼ ਕੋਹਲੀ ਨੇ ਮੈਡਮ ਜੀਵਨ ਨੂੰ ਸੰਗਠਨ ਦੀ ਰੀੜ੍ਹ ਦੱਸਿਆ। ਇਸ ਦੌਰਾਨ ਰਾਸ਼ਟਰੀ ਪੁਰਸਕਾਰ ਜੇਤੂ ਮਾਸਟਰ ਗੁਰਮੀਤ ਸਿੰਘ ਨੇ ਕਿਹਾ ਕਿ ਮੈਡਮ ਜੀਵਨ ਨੇ ਵਿਗਿਆਨ ਮੁਕਾਬਲਿਆਂ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ ਦੇ ਪੁਰਸਕਾਰ ਜਿੱਤ ਕੇ ਨਾ ਸਿਰਫ਼ ਪਰਿਵਾਰ ਦਾ ਮਾਣ ਵਧਾਇਆ ਹੈ ਬਲਕਿ ਸਕੂਲ ਦਾ ਨਾਮ ਵੀ ਰੌਸ਼ਨ ਕੀਤਾ ਹੈ। ਮੈਡਮ ਜੀਵਨ ਨੇ ਇਸ ਸਨਮਾਨ ਲਈ ਐਸੋਸੀਏਸ਼ਨ ਦੇ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੇ ਹਮੇਸ਼ਾ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਪੜ੍ਹਾਇਆ ਅਤੇ ਲੋੜਵੰਦ ਵਿਦਿਆਰਥੀਆਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨ ਦੀ ਕੋਸ਼ਿਸ਼ ਕਰਨਾ ਵੀ ਉਨ੍ਹਾਂ ਦੀ ਤਰਜੀਹ ਸੀ। ਕੀਮਤੀ ਲਾਲ ਆਨੰਦ ਨੇ ਆਨੰਦ ਪਰਿਵਾਰ ਵੱਲੋਂ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਲੈਕਚਰਾਰ ਵੰਦਨਾ, ਲੈਕਚਰਾਰ ਅਨੁਕੰਪਾ, ਵੈਭਵ ਆਨੰਦ, ਕੀਰਤੀ ਰਾਣੀ, ਪ੍ਰਦੀਪ ਆਨੰਦ, ਜੋਤੀ, ਰਵਿੰਦਰ ਆਨੰਦ, ਰਸ਼ਮੀ ਆਨੰਦ, ਸੰਤੋਸ਼ ਸੋਨੀ, ਚੰਦਨ ਸੋਨੀ, ਪੂਜਾ, ਸੁਬੀਰ, ਨਰੂਲਾ ਅਤੇ ਰਾਖੀ ਆਦਿ ਹਾਜ਼ਰ ਸਨ।




RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਦਵਾਰਾ ਸਿੰਘ ਸਭਾ ਵਿਖੇ ਵਿਸਾਖੀ ਮੌਕੇ ਕਰਵਾਈਆਂ ਗਈਆਂ ਵਿਰਾਸਤੀ ਖੇਡਾਂ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ) –** ਵਿਸਾਖੀ ਅਤੇ ਪਹਿਲੇ ਪਾਤਸਾਹ ਗੁਰੂ ਨਾਨਕ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਇਸ ਮੌਕੇ ਤੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਰਾਸਤੀ ਖੇਡਾਂ ਦੀ ਰੌਣਕ ਨੇ ਸਮੂਹ ਸੰਗਤ ਦਾ ਮਨ ਮੋਹ ਲਿਆ।

ਸਵੇਰੇ ਤੋਂ ਹੀ ਗੁਰਦੁਆਰੇ ਵਿਚ ਭਾਵਨਾਤਮਕ ਦੀਵਾਨ ਸਜਾਏ ਗਏ, ਜਿੱਥੇ ਕੀਰਤਨ, ਕਥਾ ਅਤੇ ਅਰਦਾਸ ਰਾਹੀਂ ਸੰਗਤ ਨੇ ਵਿਸਾਖੀ ਦੀ ਮਹਿਮਾ ਨੂੰ ਯਾਦ ਕੀਤਾ। ਸਮਾਗਮ ਦੌਰਾਨ ਤਰਾਂ-ਤਰਾਂ ਦੇ ਲੰਗਰ ਵੀ ਲਗਾਏ ਗਏ, ਜਿਨ੍ਹਾਂ ਦਾ ਸੰਗਤ ਨੇ ਭਰਪੂਰ ਆਨੰਦ ਮਾਣਿਆ।

ਵਿਰਾਸਤੀ ਖੇਡਾਂ- ਜਿਵੇਂ ਕਿ ਚਾਟੀ ਦੌੜ, ਗਿੱਟਿਆਂ ਦੀ ਖੇਡ ਤੇ ਬੋਰਿਆਂ ਦੀ ਦੌੜ ਆਦਿ ਖੇਡਾਂ ਵਿਚ ਛੋਟੇ ਬੱਚਿਆਂ ਤੋਂ ਲੈਕੇ ਔਰਤਾਂ ਅਤੇ ਮਰਦਾਂ ਤੱਕ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਸਮਾਗਮਾਂ ਦੌਰਾਨ ਪੀ.ਸੀ.ਏ. ਫਰਿਜ਼ਨੋ ਦੇ ਮੈਬਰਾਂ ਦਾ ਵੀ ਭਰਪੂਰ ਸਹਿਯੋਗ ਰਿਹਾ।

ਇਸ ਮੌਕੇ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਡਾ. ਗੁਰੀ, ਹਾਕਮ ਸਿੰਘ ਢਿੱਲੋ, ਜੰਗੀਰ ਸਿੰਘ ਗਿੱਲ, ਸਤਨਾਮ ਸਿੰਘ ਸਰਪੰਚ, ਦਵਿੰਦਰ ਸਿੰਘ ਬੁੱਟਰ, ਕੁਲਵਿੰਦਰ ਸਿੰਘ ਬੁੱਟਰ, ਹਰਚੰਦ ਸਿੰਘ ਦਿਓਲ ਆਦਿ ਨੇ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ ਗਿਆ।

ਸਮੂਹ ਸਮਾਗਮ ਨੇ ਨਾ ਸਿਰਫ ਮਨੋਰੰਜਨ ਕੀਤਾ, ਬਲਕਿ ਸਿੱਖ ਵਿਰਾਸਤ ਨਾਲ ਵੀ ਸੰਗਤ ਨੂੰ ਜੋੜਿਆ। ਗੁਰੂਘਰ ਵਿਖੇ ਰਿਕਾਰਡ ਤੋੜ ਇਕੱਠ ਕਾਰਨ ਪਾਰਕਿੰਗ ਲਈ ਗੱਡੀਆਂ ਸੜਕ ਤੇ ਬਾਹਰ ਪਾਰਕ ਕਰਨੀਆਂ ਪਈਆਂ। ਇਸ ਮੌਕੇ ਲੱਗੇ ਖ਼ਰੀਦੋ ਫ਼ਰੋਖ਼ਤ ਦੇ ਸਟਾਲਾਂ ਤੋ ਸੰਗਤਾਂ ਨੇ ਖ਼ੂਬ ਖਰੀਦਦਾਰੀ ਕੀਤੀ। ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

# ਅਮਰੀਕਾ ਨਾਲ ਖੇਤੀ ਮਸਲੇ ’ਤੇ ਸਖ਼ਤ ਰੁਖ਼ ਅਪਣਾਏਗਾ ਭਾਰਤ

**ਨਵੀਂ ਦਿੱਲੀ–** ਭਾਰਤ ਸਰਕਾਰ ਆਗਾਮੀ ਭਾਰਤ-ਅਮਰੀਕਾ ਵਪਾਰ ਵਾਰਤਾ ਵਿਚ ਖੇਤੀ ਖੇਤਰ ਨੂੰ ਬਚਾਉਣ ਲਈ ‘ਸਖ਼ਤ ਰੁਖ਼’ ਅਪਣਾਉਣ ਜਾ ਰਹੀ ਹੈ, ਜਦੋਂਕਿ ਆਟੋ ਤੇ ਗੈਰ-ਜੈਨੇਰਿਕ ਫਾਰਮਾ ਜਿਹੇ ਗ਼ੈਰ-ਖੇਤੀ ਖੇਤਰਾਂ ਵਿਚ ਟੈਕਸ ਵਿਚ ਕਟੌਤੀ ’ਤੇ ਸਹਿਮਤੀ ਬਣਨਾ ਦੀ ਸੰਭਾਵਨਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਉੱਚ ਪੱਧਰੀ ਗੱਲਬਾਤ ਦੀ ਅਗਵਾਈ ਵਣਜ ਸਕੱਤਰ ਰਾਜੇਸ਼ ਅਗਰਵਾਲ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਤੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਿਨੈ ਕਵਾਤੜਾ ਕਰਨਗੇ। ਇਹ ਤਿੰਨੋਂ ਅਧਿਕਾਰੀ ਆਪਣੇ ਅਮਰੀਕੀ ਹਮਰੁਤਬਾਵਾਂ ਨਾਲ ਗੱਲਬਾਤ ਕਰਨਗੇ, ਜਿਸ ਨਾਲ ਅਮਰੀਕਾ ਵੱਲੋਂ ਭਾਰਤ ’ਤੇ ਲਗਾਏ ਗਏ 26% ਟੈਕਸ ਤੇ ਸੰਭਾਵੀ ਦੁਵੱਲੇ ਵਪਾਰ ਸਮਝੌਤੇ ਜਿਹੇ ਮੁੱਦਿਆਂ ’ਤੇ ਚਰਚਾ ਹੋਵੇਗੀ।

ਸੂਤਰਾਂ ਮੁਤਾਬਕ ਭਾਰਤ ਦਾ ਟੀਚਾ ਇਕ ਅਜਿਹਾ ਸਮਝੌਤਾ ਕਰਨਾ ਹੈ, ਜੋ ਦੋਵਾਂ ਮੁਲਕਾਂ ਲਈ ਫਾਇਦੇਮੰਦ ਹੋਵੇ। ਇਸ ਤਹਿਤ ਅਮਰੀਕਾ ਦੇ ਪ੍ਰਮੁੱਖ ਫ਼ਿਕਰਾਂ ਨੂੰ ਮੁਖਾਤਿਬ ਹੁੰਦਿਆਂ ਭਾਰਤ ਆਪਣੀ ਘਰੇਲੂ ਤਰਜੀਹਾਂ ਨਾਲ ਕੋਈ ਸਮਝੌਤਾ ਨਹੀਂ ਕਰੇਗਾ। ਭਾਰਤ ਅਮਰੀਕਾ ਤੋਂ ਤੇਲ, ਗੈਸ, ਮਸ਼ੀਨਰੀ ਤੇ ਮੈਡੀਕਲ ਉਪਕਰਨਾਂ ਦੀ ਖਰੀਦ ਵਧਾਉਣ ਲਈ ਵੀ ਤਿਆਰ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਐਲਾਨੇ ਟੈਕਸ ਮਗਰੋਂ ਭਾਰਤ ਅਜਿਹਾ ਇਕੱਲਾ ਮੁਲਕ ਸੀ, ਜਿੱਥੇ ਅਮਰੀਕੀ ਵਾਰਤਾਕਾਰ ਗੱਲਬਾਤ ਲਈ ਪੁੱਜੇ ਸੀ। ਭਾਰਤ ਨੂੰ ਵਿਸ਼ਵਾਸ ਹੈ ਕਿ ਹੋਰਨਾਂ ਰਵਾਇਤੀ ਵਿਰੋਧੀ ਮੁਲਕਾਂ ਦੇ ਮੁਕਾਬਲੇ ਉਸ ’ਤੇ ਘੱਟ ਅਸਰ ਪਿਆ, ਜਿਸ ਨਾਲ ਉਸ ਦੇ ਬਰਾਮਦਕਾਰਾਂ ਨੂੰ ਤੁਲਨਾਤਮਕ ਲਾਭ ਮਿਲਿਆ।

ਕਾਬਿਲੇਗੌਰ ਹੈ ਕਿ ਭਾਰਤ ਲਈ ਖੇਤੀ ਸੰਵੇਦਨਸ਼ੀਲ ਖੇਤਰ ਹੈ, ਜਿਸ ਉਤੇ 70 ਕਰੋੜ ਤੋਂ ਵੱਧ ਲੋਕ ਨਿਰਭਰ ਕਰਦੇ ਹਨ। ਸਰਕਾਰ ਖੇਤੀ ਦਰਾਮਦਾਂ ਨੂੰ ਕੰਟਰੋਲ ਕਰਨ ਲਈ 0 ਤੋਂ 150 ਫੀਸਦ ਤੱਕ ਟੈਕਸ ਲਾਉਂਦੀ ਹੈ, ਤਾਂ ਕਿ ਪੇਂਡੂ ਆਬਾਦੀ ਦੀ ਰੋਜ਼ੀ-ਰੋਟੀ ਸੁਰੱਖਿਅਤ ਰਹੇ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ, ‘‘ਅਸੀਂ ਕਿਸਾਨਾਂ ਦੀ ਸੁਰੱਖਿਆ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕਰਾਂਗੇ, ਪਰ ਆਟੋ ਜਿਹੇ ਕੁਝ ਖੇਤਰਾਂ ਵਿਚ ਟੈਕਸਾਂ ਵਿਚ ਕਟੌਤੀ ਦੀ ਗੁੰਜਾਇਸ਼ ਜ਼ਰੂਰ ਹੈ।’’ ਇਕ ਹੋਰ ਅਧਿਕਾਰੀ ਨੇ ਟਿੱਪਣੀ ਕੀਤੀ, ‘‘ਭਾਰਤ ਜੇ ਆਟੋ ਬਾਜ਼ਾਰ ਨੂੰ ਖੋਲ੍ਹ ਵੀ ਦਿੰਦਾ ਹੈ ਤਾਂ ਭਾਰਤੀ ਗਾਹਕ ਅਮਰੀਕੀ ਕਾਰਾਂ ਨਹੀਂ ਖਰੀਦਣਗੇ ਕਿਉਂਕਿ ਉਹ ਮਾਰੂਤੀ ਜਾਂ ਕੋਰਿਆਈ-ਜਪਾਨੀ ਸਸਤੀ ਕਾਰਾਂ ਦੇ ਮੁਕਾਬਲੇ ਬਹੁਤ ਮਹਿੰਗੀਆਂ ਹਨ।’’ ਹਾਲ ਹੀ ਵਿਚ ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲਟਕਨਿਕ ਨੇ ਸਵਾਲ ਕੀਤਾ ਸੀ ਕਿ ਭਾਰਤ ਅਮਰੀਕੀ ਮੱਕੀ ਦੀ ਖਰੀਦ ਕਿਉਂ ਨਹੀਂ ਕਰਦਾ।

# ਬਲਦੇਵ ਸਿੰਘ ਖੁਰਾਣਾ ਦੀ ਪੁਸਤਕ 'ਸਾਂਝੇ ਮੋਤੀ 'ਦਾ ਹੋਇਆ ਲੋਕ ਅਰਪਣ




**ਰਾਜਪੁਰਾ–** ਲੋਕ ਸਾਹਿਤ ਸੰਗਮ (ਰਜਿ) ਰਾਜਪੁਰਾ ਦਾ ਸਾਹਿਤਕ ਸਮਾਗਮ ਰੋਟਰੀ ਭਵਨ ਵਿਖੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਦੇਖਰੇਖ ਵਿਚ ਹੋਇਆ ਜਿਸ ਵਿਚ ਬਲਦੇਵ ਸਿੰਘ ਖੁਰਾਣਾ ਦੀ ਪੁਸਤਕ 'ਸਾਂਝੇ ਮੋਤੀ ' ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿਚ ਪ੍ਰਸਿੱਧ ਸ਼ਾਇਰ ਤੇ ਉੱਘੇ ਸਾਹਿਤਕਾਰ ਡਾ. ਸੁਰਿੰਦਰ ਗਿੱਲ ਨੇ ਪ੍ਰਧਾਨਗੀ ਕੀਤੀ। ਡਾ ਅਮਰਜੀਤ ਕੌਂਕੇ ਤੇ ਅਵਤਾਰ ਜੀਤ ਅਟਵਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਐਡਵੋਕਟ ਗੁਰਦਰਸ਼ਨ ਸਿੰਘ ਗੁਸੀਲ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਸਨ। ਸਮਾਗਮ ਦਾ ਆਗਾਜ਼ ਦਲਜੀਤ ਸਿੰਘ ਸ਼ਾਂਤ ਨੇ ਗ਼ਜ਼ਲ ਨਾਲ ਕੀਤਾ। ਤਾਰਾ ਸਿੰਘ ਮਠਿਆੜਾ ਨੇ ਧਾਰਮਿਕ ਗੀਤ ਤੇ ਕਰਮ ਸਿੰਘ ਹਕੀਰ ਨੇ ਕੈਨੇਡਾ ਬਾਰੇ ਗੀਤ ਸੁਣਾਇਆ। ਪ੍ਰੋਫ਼ਸਰ ਭੁਪਿੰਦਰ ਸ਼ਾਹੀ, ਬਾਬੂ ਰਾਮ, ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਅਤੇ ਹਰਪਾਲ ਸਿੰਘ ਪਾਲ ਨੇ ਕਵਿਤਾ ਸੁਣਾਕੇ ਰੰਗ ਬੰਨਿਆ। ਨੌਜਵਾਨ ਗ਼ਜ਼ਲਗੋ ਅਵਤਾਰ ਪੁਆਰ ਨੇ 'ਸੱਦਿਆ ਤੇ ਆਂ ਜਾਂਦੇ ਆ, ਆਪਣਾ ਫਰਜ਼ ਨਿਭਾ ਜਾਂਦੇ ਹਾਂ' ਗ਼ਜ਼ਲ ਸੁਣਾਈ।ਕੁਲਵੰਤ ਸਿੰਘ ਜੱਸਲ ਨੇ ਬਾਲ ਗੀਤ ਸੁਣਾਇਆ ਇੰਸਪੈਕਟਰ ਰਵਿੰਦਰ ਕ੍ਰਿਸ਼ਨ, ਹਰਪਾਲ ਸਿੰਘ ਪਾਲ, ਕਰਨੈਲ ਸਿੰਘ ਪਰਵਾਨਾ, ਸੁਨੀਤਾ ਦੇਸਰਾਜ ਅਤੇ ਲਵਲੀ ਸਲੂਜਾ ਪੰਨੂ ਨੇ ਆਪਣੀ ਰਚਨਾਵਾਂ ਸੁਣਾਈਆਂ। ਹਰੀ ਸਿੰਘ ਚਮਕ, ਰਣਦੀਪ ਕੌਰ ਨੇ ਮਿੰਨੀ ਕਹਾਣੀ ਤੇ ਇੰਦਰਜੀਤ ਸਿੰਘ ਲਾਂਬਾ ਦਾ ਗੀਤ ਕਾਬਲੇ ਗੋਰ ਸੀ। ਬੁਲੰਦ ਆਵਾਜ਼ ਨਾਲ ਸੁਰਿੰਦਰ ਕੌਰ ਬਾੜਾ 'ਮਾਝੇ ਦੀ ਜੱਟੀ 'ਗੀਤ ਸੁਣਾਕੇ ਰੰਗ ਬੰਨਿਆ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ ਰੋਡਵੇਜ ਤੇ ਵਿਅੰਗਾਤਮਕ ਗੀਤ ਸੁਣਾਕੇ ਸ਼ਰੋਤਿਆਂ ਦੇ ਢਿੱਡੀ ਪੀੜਾਂ ਪਾ ਦਿੱਤੀਆਂ। ਖੁਸ਼ਵਿੰਦਰ ਕੌਰ ਖੁਰਾਣਾ ਨੇ ਕਵਿਤਾ ਗੁਰਦਰਸ਼ਨ ਸਿੰਘ ਗੁਸੀਲ ਨੇ ਗ਼ਜ਼ਲ ਸੁਣਾਈ। ਅਵਤਾਰ ਜੀਤ ਅਟਵਾਲ ਨੇ ਗੀਤ ਸੁਣਾਕੇ ਸਭ ਨੂੰ ਮੰਤਰ ਮੁਗਧ ਕੀਤਾ। ਡਾ. ਅਮਰਜੀਤ ਕੌਂਕੇ ਨੇ ਕਿਤਾਬ ਬਾਰੇ ਕਿਹਾ ਕਿ ਬਲਦੇਵ ਸਿੰਘ ਖੁਰਾਣਾ ਦੀ ਇਹ ਪੁਸਤਕ ਨਵੀਂ ਚੇਤਨਾ ਪੈਦਾ ਕਰਕੇ ਨੈਤਿਕਤਾ ਨੂੰ ਅਪਨਾਉਣ ਲਈ ਪ੍ਰੇਰਦੀ ਹੈ ਅਤੇ ਉਨ੍ਹਾਂ ਨੇ ਆਪਣੀ ਚਰਚਿੱਤ ਕਵਿਤਾ ਪੰਜਾਬ ਦਾ ਭਵਿੱਖ ਕਵਿਤਾ ਸੁਣਾਕੇ ਹਲੂਣਿਆ। ਡਾ. ਸੁਰਿੰਦਰ ਗਿੱਲ ਨੇ ਕਿਹਾ ਕਿ ਸਾਹਿਤਕਾਰ ਦੀ ਸੰਵੇਦਨਾ ਹੀ ਰਚਨਾ ਨੂੰ ਜਨਮ ਦਿੰਦੀ ਹੈ। ਉਨ੍ਹਾਂ ਕਿਤਾਬ ਦੀ ਵਧਾਈ ਦੇਣ ਦੇ ਨਾਲ ਨਾਲ ਆਪਨਾ ਚਰਚਿੱਤ ਗੀਤ 'ਛੱਟਾ ਚਾਨਣਾ ਦਾ ਦਈ ਜਾਣਾ' ਸੁਣਾਕੇ ਮਨ ਮੋਹ ਲਿਆ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਜਿੱਥੇ ਆਪਣੀ ਕਵਿਤਾ'ਕਾਰੀ ' ਸੁਣਾਈ ਉਥੇ ਪ੍ਰੋਗਰਾਮ ਦੀ ਕਾਰਵਾਈ ਬਾਖ਼ੂਬੀ ਨਿਭਾਈ। ਇਸ ਪ੍ਰੋਗਰਾਮ ਵਿਚ ਰਤਨ ਸ਼ਰਮਾ, ਸੋਮ ਨਾਥ, ਸੁਰੇਸ਼ ਕੱਕੜ, ਅਮਰੀਕ ਸਿੰਘ, ਜਗਦੀਸ਼ ਚੋਹਾਨ, ਰਮੇਸ਼ ਗੁਪਤਾ, ਬਲਕਾਰ ਸਿੰਘ ਸੈਣੀ, ਇੰਦਰਜੀਤ ਸਿੰਘ, ਸੁਖਵਿੰਦਰ ਕੌਰ ਖੁਰਾਣਾ, ਪੱਤਰਕਾਰ ਗੁਰਵਿੰਦਰ ਦੀਪ, ਐਸ ਪੀ ਨੰਦਰਾਯੋਗ, ਹਰਨੀਤ ਕੌਰ, ਸਤੀਸ਼ ਵਰਮਾਂ, ਰਣਜੀਤ ਸਿੰਘ, ਜਸਪ੍ਰੀਤ ਸਿੰਘ ਖੁਰਾਣਾ ਅਤੇ ਦਮਨਜੀਤ ਸਿੰਘ ਵੀ ਸ਼ਾਮਿਲ ਸਨ।

# ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਡਾ. ਹਰਜਿੰਦਰ ਸਿੰਘ ਅਟਵਾਲ ਦੇ ਅਕਾਲ ਚਲਾਣੇ ‘ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਪੰਜਾਬੀ ਦੇ ਹਰਮਨ ਪਿਆਰੇ ਅਧਿਆਪਕ, ਕਵੀ, ਆਲੋਚਕ ਤੇ ਸਮਾਜਸੇਵੀ ਡਾ. ਹਰਜਿੰਦਰ ਸਿੰਘ ਅਟਵਾਲ ਦੀ ਬੇਵਕਤੀ ਮੌਤੇ ‘ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਫ਼ਾਊਂਡੇਸ਼ਨ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਜਨਰਲ ਸਕੱਤਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਅੰਮ੍ਰਿਤ ਲਾਲ ਮੰਨਣ , ਡਾ. ਬ੍ਰਿਜਪਾਲ ਸਿੰਘ, ਡਾ. ਇਕਬਾਲ ਕੌਰ ਸੌਂਦ, ਇਕਬਾਲ ਸਿੰਘ ਬਮਰਾਅ ਤੇ ਸਮੂਹ ਮੈਂਬਰਾਨ ਵਲੋਂ ਜਾਰੀ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕਦੇ ਵੀ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ ਗੁਰੂ ਨਾਨਕ







ਦੇਵ ਯੂਨੀਵਰਸਿਟੀ ਦੇ ਜਲੰਧਰ ਵਾਲੇ ਰਿਜਨਲ ਸੈਂਟਰ ਵਿਚ ਬਤੌਰ ਪੰਜਾਬੀ ਲੈਕਚਰਾਰ ਸੇਵਾ ਕੀਤੀ। ਉਨ੍ਹਾਂ ਨੇ ਨਵਾਂ ਜਮਾਨਾਂ ਵਿਚ ਵੀ ਬਤੌਰ ਸਾਹਿਤਕ ਸੰਪਾਦਕ ਕੰਮ ਕੀਤਾ। ਉਹ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਵਿਚ ਕਈ ਆਹੁਦਿਆਂ ‘ਤੇ ਰਹੇ। ਉਹ ਕੇਂਦਰੀ ਸਾਹਿਤ ਸਭਾ ਦੀਆਂ 2023 ਵਿਚ ਹੋਈਆਂ ਚੋਣਾਂ ਵਿਚ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। ਉਹ ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ ਦੇ ਸਕੱਤਰ ਸਨ। ਉਨ੍ਹਾਂ ਨੇ ਬਹਤ ਸਾਰੀਆਂ ਪੁਸਤਕਾਂ ਪੰਜਾਬੀ ਸਾਇਤ ਦੀ ਝੋਲੀ ਪਾਈਆਂ। ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਕਲਾਵਾਂ ਦਾ ਸਾਗਰ ਹੈ ਇਲਾਕਾ ਮਾਹਿਲਪੁਰ- ਪ੍ਰੋ. ਅਜੀਤ ਲੰਗੇਰੀ

**ਮਾਹਿਲਪੁਰ (ਮਾਨ)** ਇਲਾਕਾ ਮਾਹਿਲਪੁਰ ਦਾ ਹਰ ਪਿੰਡ ਅਤੇ ਇੱਥੋਂ ਦੀ ਪ੍ਰਸਿੱਧ ਸੰਸਥਾ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਕਲਾਵਾਂ ਦਾ ਸਾਗਰ ਹੈ। ਇਹ






ਵਿਚਾਰ ਪ੍ਰੋਫੈਸਰ ਸਿਮਰ ਮਾਣਕ ਦੇ ਚਿੱਤਰਾਂ ਦੀ ਨੁਮਾਇਸ਼ ਮੌਕੇ ਪ੍ਰਿੰਸੀਪਲ ਹਰਭਜਨ ਸਿੰਘ ਵਿਚਾਰ ਮੰਚ ਤੇ ਸੰਯੋਜਕ ਪ੍ਰੋ। ਅਜੀਤ ਲੰਗੇਰੀ ਨੇ ਖਾਲਸਾ ਕਾਲਜ ਮਾਹਿਲਪੁਰ ਵਿੱਚ ਆਖੇ। ਉਹਨਾਂ ਅੱਗੇ ਕਿਹਾ ਕਿ ਇਸ ਸੰਸਥਾ ਨੇ ਹਰ ਖੇਤਰ ਵਿੱਚ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਵਾਲੇ ਇਨਸਾਨ ਪੈਦਾ ਕੀਤੇ ਹਨ। ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਯਾਦ ਵਿੱਚ ਚਿੱਤਰਾਂ ਦੀ ਨੁਮਾਇਸ਼ ਦਾ ਪ੍ਰਬੰਧ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਜੇ ਬੀ ਸੇਖੋਂ ਅਤੇ ਸਿੱਖ ਵਿੱਦਿਅਕ ਕੌਂਸਲ ਦੇ ਸਹਿਯੋਗ ਨਾਲ ਕੀਤਾ ਗਿਆ। ਕਲਾ ਸਮਾਗਮ ਦੇ ਸੂਤਰਧਾਰ ਵਜੋਂ ਭੂਮਿਕਾ ਨਿਭਾਉਂਦਿਆਂ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਵਾਇਆ।

ਨੁਮਾਇਸ਼ ਦਾ ਉਦਘਾਟਨ ਕਰਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਮਾਹਿਲਪੁਰ ਦੇ ਸੰਧੂਰੀ ਅੰਬਾਂ ਅਤੇ ਸਿਰਜਣਾ ਦੀ ਕਲਾਤਮਿਕ ਮਹਿਕ ਹਰ ਕਿਸੇ ਨੂੰ ਆਕਰਸ਼ਿਤ ਕਰਦੀ ਹੈ। ਕੋਮਲ ਕਲਾਵਾਂ ਦੇ ਵਿਕਾਸ ਨਾਲ ਹੀ ਮਨੁੱਖੀ ਮਨ ਅੰਦਰ ਇਨਸਾਨੀ ਕਦਰਾਂ ਕੀਮਤਾਂ ਉਪਜਦੀਆਂ ਹਨ।ਇਸ ਮੌਕੇ ਸਭ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਕਾਲਜ ਵਿੱਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਰਹਿੰਦਾ ਹੈ। ਉਹਨਾਂ ਅੱਗੇ ਕਿਹਾ ਕਿ ਸਮੇਂ ਦੀ ਲੋੜ ਹੈ ਆਪਣੀ ਨਵੀਂ ਪਨੀਰੀ ਨੂੰ ਅਮੀਰ ਵਿਰਾਸਤੀ ਕਦਰਾਂ ਕੀਮਤਾਂ ਨਾਲ ਜੋੜਿਆ ਜਾਵੇ। ਉਚੇਚੇ ਤੌਰ ਤੇ ਹਾਜ਼ਰ ਹੋਈ ਕਵਿਤਰੀ ਸੁਖਵਿੰਦਰ ਅੰਮ੍ਰਿਤ ਅਤੇ ਗਾਇਕ ਬਲਰਾਜ ਨੇ ਆਪਣੀਆਂ ਕਲਾਤਮਿਕ ਵੰਨਗੀਆਂ ਨਾਲ ਖ਼ੂਬ ਰੰਗ ਬੰਨਿਆ। ਪ੍ਰੋ. ਸਿਮਰ ਮਾਣਕ ਨਾਲ ਉਹਨਾਂ ਦੇ ਜੀਵਨ ਸਾਥੀ ਲੇਖਕ ਪ੍ਰੋ. ਗੁਰਮਨ ਸਿੰਘ ਨੇ ਚਿੱਤਰਾਂ ਦੀ ਪਿੱਠ ਭੂਮੀ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਦਰਸ਼ਕਾਂ ਨੇ ਇਹਨਾਂ ਚਿੱਤਰਾਂ ਨੂੰ ਦੇਖ ਕੇ ਆਪਣੇ ਕਲਾਤਮਿਕ ਪੱਧਰ ਨੂੰ ਉਚੇਰਾ ਕੀਤਾ। ਨਮਾਇਸ਼ ਦੇ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਪ੍ਰੋ. ਦਲਵਿੰਦਰ ਅਜੀਤ, ਪ੍ਰੋ. ਤਜਿੰਦਰ ਸਿੰਘ, ਤਲਵਿੰਦਰ ਹੀਰ, ਬੱਬੂ ਮਾਹਿਲਪੁਰੀ, ਸਰਪੰਚ ਬਲਵਿੰਦਰ ਸਿੰਘ, ਬਲਜਿੰਦਰ ਮਾਨ, ਪਰਮਜੀਤ ਕਾਤਿਬ, ਰਘੁਵੀਰ ਸਿੰਘ ਕਲੋਆ ਅਤੇ ਸੁਖਮਨ ਸਿੰਘ ਆਦਿ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ। ਨੁਮਾਇਸ਼ ਦਾ ਆਨੰਦ ਮਾਨਣ ਵਾਲੇ ਪਤਵੰਤਿਆਂ ਵਿੱਚ ਪ੍ਰਿੰ. ਸੁਰਜੀਤ ਸਿੰਘ, ਸੁਰਿੰਦਰ ਪਾਲ ਝੱਲ, ਰੋਸ਼ਨਜੀਤ ਸਿੰਘ ਪਨਾਮ, ਅੰਮ੍ਰਿਤਪਾਲ ਸਿੰਘ ਸੰਧੂ, ਵਿਜੇ ਬੰਬੇਲੀ, ਗੁਰਮਿੰਦਰ ਕੈਂਡੋਵਾਲ, ਹਰਵੀਰ ਮਾਨ, ਬਾਬੂ ਅਮਰਜੀਤ ਸਿੰਘ, ਚੈਂਚਲ ਸਿੰਘ ਬੈਂਸ, ਬੰਤ ਸਿੰਘ ਬੈਂਸ ,ਬਲਦੇਵ ਸਿੰਘ ਬੰਗਾ, ਸੁਖਦੇਵ ਨਡਾਲੋਂ, ਪ੍ਰੋ. ਵਿਕਰਮ ਚੰਦੇਲ, ਬਲਜੀਤ ਸਿੰਘ ਬੈਂਸ, ਪ੍ਰਿੰ. ਸੁਖਚੈਨ ਸਿੰਘ ਸਮੇਤ ਵਿਦਿਆਰਥੀ, ਅਧਿਆਪਕ ਅਤੇ ਕਲਾ ਪ੍ਰੇਮੀ ਸ਼ਾਮਿਲ ਸਨ।

# ਬਾਬਾ ਸਾਹਿਬ ਅੰਬੇਡਕਰ ਦੇ ਬੁੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਸਵੀਰ ਸਿੰਘ ਗੜ੍ਹੀ ਨੇ ਡੀ.ਜੀ.ਪੀ. ਨੂੰ ਲਿਖਿਆ ਡੀ.ਓ. ਪੱਤਰ

**ਚੰਡੀਗੜ੍ਹ–** ਪੰਜਾਬ ਰਾਜ ਵਿੱਚ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਬੁੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਣ ਲਈ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਨੇ ਸੂਬੇ ਦੇ ਪੁਲਿਸ ਮੁਖੀ ਨੂੰ ਡੀ.ਉ ਲੈਟਰ ਲਿਖਿਆ ਹੈ।



ਸ. ਗੜ੍ਹੀ ਨੇ ਲਿਖਿਆ ਕਿ ਫਿਲੌਰ ਤਹਿਸੀਲ ਦੇ ਪਿੰਡ ਨੰਗਲ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਉੱਤੇ ਦੇਸ਼ ਵਿਰੋਧੀ ਨਾਰੇ ਲਿਖੇ ਗਏ ਸਨ। ਜਿਸ ਦੀ ਜਿੰਮੇਵਾਰੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਵੀਡੀਓ ਜਾਰੀ ਕਰਕੇ ਲਈ ਗਈ ਹੈ।

ਇਸ ਦੇ ਮੱਦੇਨਜ਼ਰ ਗੁਰਪਤਵੰਤ ਪੰਨੂੰ ਖ਼ਿਲਾਫ਼ ਐਸ.ਸੀ/ਐਸ।ਟੀ ਐਕਟ 1989 ਅਧੀਨ ਅਤੇ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕੀਤਾ ਜਾਵੇ ਅਤੇ ਗੁਰਪਤਵੰਤ ਪੰਨੂੰ ਖਿਲਾਫ ਰੈਡ ਕਾਰਨਰ ਨੋਟਿਸ ਜਾਰੀ ਕਰਵਾਉਂਦਿਆ ਭਾਰਤੀ ਕੇਂਦਰੀ ਏਜੰਸੀਆ ਰਾਹੀਂ ਉਸ ਨੂੰ ਭਾਰਤ ਲਿਆਂਦਾ ਜਾਵੇ ਅਤੇ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਦਿਆਂ ਬਣਦੀ ਮਿਸਾਲੀ ਸਜਾ ਦਿਵਾਈ ਜਾਵੇ।

ਇਸ ਦੇ ਨਾਲ ਹੀ ਉਨ੍ਹਾਂ ਸੂਬੇ ਵਿੱਚ ਵੱਖ ਵੱਖ ਥਾਵਾਂ ਤੇ ਸਥਿਤ ਬਾਬਾ ਸਾਹਿਬ ਡਾ. ਬੀ ਆਰ ਅੰਬੇਦਕਰ ਜੀ ਦੇ ਬੁੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਦਿਆ ਸੀ.ਸੀ.ਟੀ।ਵੀ ਕੈਮਰੇ ਲਗਾਏ ਜਾਣ ਲਈ ਵੀ ਲਿਖਿਆ ਤਾਂ ਜੋ ਭਵਿੱਖ ਵਿੱਚ ਕੋਈ ਵੀ ਗੈਰ-ਸਮਾਜੀ ਅਨਸਰ ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਨਾ ਦੇ ਸਕਣ।

ਉਨ੍ਹਾਂ ਲਿਖਿਆ ਕਿ ਪੰਜਾਬ ਵਿੱਚ ਜੇਕਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਤਾਂ ਪੰਜਾਬ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁਚਣ ਦਾ ਖ਼ਤਰਾ ਹੈ। ਜਿਸ ਨਾਲ ਪੰਜਾਬ ਨੂੰ ਆਰਥਿਕ ਪੱਖੋਂ ਤੇ ਸਮਾਜਿਕ ਨੁਕਸਾਨ ਹੋ ਸਕਦਾ ਹੈ।

# ਬਿਨਾਂ ਮਨਜ਼ੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ ’ਤੇ ਰੋਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਰਿੱਟ ਪਟੀਸ਼ਨ (ਸਿਵਲ ਨੰ। 36 ਆਫ਼ 2009) ਵਿਚ ਮਿਤੀ 11-02-2010 ਰਾਹੀਂ ਪਾਸ ਕੀਤੇ ਹੁਕਮ ਦੀ ਰੋਸ਼ਨੀ ’ਚ ਜਲ ਸ੍ਰੋਤ ਮੰਤਰਾਲਾ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿਚ ਬੋਰਵੈੱਲਾਂ/ਟਿਊਬਵੈੱਲਾਂ ਦੀ ਖੁਦਾਈ/ਮੁਰੰਮਤ ਦੇ ਮੱਦੇਨਜ਼ਰ ਸ਼ਹਿਰੀ ਅਤੇ ਪੇਂਡੂ ਖੇਤਰਾਂ ’ਚ ਕੱਚੀਆਂ ਖੂਹੀਆਂ ਅਤੇ ਟਿਊਬਵੈੱਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਨ੍ਹਾਂ ਬੋਰਵੈਲਾਂ ’ਚ ਡਿੱਗਣ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਬਿਨਾਂ ਮਨਜ਼ੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ ’ਤੇ ਰੋਕ ਲਗਾਉਂਦਿਆਂ, ਇਸ ਲਈ ਸਮਰੱਥ ਅਧਿਕਾਰੀ ਪਾਸੋਂ ਬਾ-ਸ਼ਰਤ ਪ੍ਰਵਾਨਗੀ ਲਾਜ਼ਮੀ ਕਰ ਦਿੱਤੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਤਹਿਤ ਜਾਰੀ ਹੁਕਮ ਅਨੁਸਾਰ ਜ਼ਮੀਨ ਮਾਲਕ ਵਾਸਤੇ ਬੋਰਵੈੱਲ ਪੁੱਟਣ ਤੋਂ ਪਹਿਲਾਂ ਸਬੰਧਤ ਜ਼ਿਲ੍ਹਾ ਕੁਲੈਕਟਰ, ਸਬੰਧਤ ਗ੍ਰਾਂਮ ਪੰਚਾਇਤ, ਨਗਰ ਕੌਂਸਲ, ਜਨ ਸਿਹਤ ਵਿਭਾਗ, ਭੂਮੀ ਰੱਖਿਆ ਵਿਭਾਗ (ਗਰਾਊਂਡ ਵਾਟਰ) ਨੂੰ 15 ਦਿਨ ਪਹਿਲਾਂ ਸੂਚਿਤ ਕਰਨਾ ਜ਼ਰੂਰੀ ਹੋਵੇਗਾ।



ਇਸ ਦੇ ਨਾਲ ਹੀ ਬੋਰਵੈੱਲ ਕਰਨ ਵਾਲੀ ਡਰਿਲਿੰਗ ਏਜੰਸੀ ਦੇ ਨਾਂ ਅਤੇ ਰਜਿਸਟ੍ਰੇਸ਼ਨ ਨੰਬਰ ਅਤੇ ਜ਼ਮੀਨ ਮਾਲਕ ਦੇ ਪੂਰੇ ਨਾਮ ਤੇ ਪਤੇ ਵਾਲਾ ਸਾਈਨ ਬੋਰਡ, ਸਬੰਧਤ ਬੋਰ ਕਰਨ ਵਾਲੀ ਥਾਂ ਨੇੜੇ ਹੋਣਾ ਲਾਜ਼ਮੀ ਹੈ। ਬੋਰਵੈੱਲ ਦੇ ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ-ਬੋਲਟ ਲਗਾ ਕੇ ਬੰਦ ਕਰਨਾ ਲਾਜ਼ਮੀ ਹੋਵੇਗਾ। ਬੋਰਵੈੱਲ ਦੇ ਆਲੇ-ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫ਼ਾਰਮ ਜੋ ਜ਼ਮੀਨੀ ਪੱਧਰ ਤੋਂ 0.30 ਮੀਟਰ ਨੀਵਾਂ ਅਤੇ 0.30 ਮੀਟਰ ਉੱਚਾ ਹੋਵੇ, ਦੀ ਉਸਾਰੀ ਲਾਜ਼ਮੀ ਹੋਵੇਗੀ।

ਇਸ ਤੋਂ ਇਲਾਵਾ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਉਪਰੰਤ ਜੇਕਰ ਖਾਲੀ ਥਾਂ ਕੋਈ ਹੋਵੇ ਤਾਂ ਉਸ ਨੂੰ ਮਿੱਟੀ ਨਾਲ ਭਰਿਆ ਜਾਵੇ ਅਤੇ ਕੰਮ ਪੂਰਾ ਹੋਣ ਉਪਰੰਤ ਜ਼ਮੀਨੀ ਪੱਧਰ ਨੂੰ ਪਹਿਲਾਂ ਜਿਹਾ ਕੀਤਾ ਜਾਵੇ। ਖੂਹ ਜਾਂ ਬੋਰਵੈਲ ਨੂੰ ਕਿਸੇ ਵੀ ਹਾਲਤ ’ਚ ਖਾਲੀ ਨਾ ਛੱਡਿਆ ਜਾਵੇ। ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਲਵੇਗਾ ਅਤੇ ਉਨ੍ਹਾਂ ਦੀ ਦੇਖ-ਰੇਖ ਤੋਂ ਬਿਨਾਂ ਕੰਮ ਨਹੀਂ ਕਰਵਾਏਗਾ।

ਪੇਂਡੂ ਇਲਾਕੇ ’ਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ ’ਚ ਜਨ ਸਿਹਤ ਵਿਭਾਗ, ਭੂਮੀ ਰੱਖਿਆ (ਗਰਾਊਂਡ ਵਾਟਰ), ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਇੰਜੀਨੀਅਰਾਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰ ਦੀ ਇਸ ਸਬੰਧੀ ਬਾਕਾਇਦਾ ਰਿਪੋਰਟ ਵੀ ਤਿਆਰ ਕਰਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਹਰ ਮਹੀਨੇ ਭੇਜੀ ਜਾਵੇਗੀ। ਇਹ ਮਨਾਹੀ ਦੇ ਹੁਕਮ 31 ਮਈ, 2025 ਤੱਕ ਲਾਗੂ ਰਹਿਣਗੇ।

# 11 ਤੋਂ 14 ਜੂਨ ਤੱਕ ਹਮਿਲਟਨ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਲਈ ਭਾਰਤੀ ਕਿਸਾਨ ਵੀ ਰਜਿਸਟਰ ਹੋਣ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਇਕ ਵੱਡੇ ਕਿਸਾਨ ਮੇਲੇ ਦੇ ਰੂਪ ਵਿਚ ਜਾਣਿਆ ਜਾਂਦਾ ‘ਫੀਲਡੇਜ਼’ ਇਸ ਸਾਲ 11 ਤੋਂ 14 ਜੂਨ ਤੱਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ‘ਮਿਸਟ੍ਰੀ ਕ੍ਰੀਕ ਹਮਿਲਟਨ’ ਵਿਖੇ ਮਨਾਇਆ ਜਾ ਰਿਹਾ ਹੈ। ਅਕਸਰ ਪ੍ਰਧਾਨ ਮੰਤਰੀ ਇਸ ਮੇਲੇ ਦਾ ਉਦਘਾਟਨ ਕਰਦੇ ਹਨ। ਫੀਲਡੇਜ਼ ਦੱਖਣੀ ਹੇਮਿਸਫਿਰ ਦਾ ਸਭ ਤੋਂ ਵੱਡਾ ਖੇਤੀਬਾੜੀ ਪ੍ਰੋਗਰਾਮ ਹੈ ਅਤੇ ਅਤਿ-ਆਧੁਨਿਕ ਤਕਨਾਲੋਜੀ ਅਤੇ ਨਵੀਨਤਾ ਲਈ ਇੱਕ ਉੱਤਮ ਲਾਂਚ ਪਲੇਟਫਾਰਮ ਹੈ। ਪਿਛਲੇ ਸਾਲ 1100 ਵੱਖ-ਵੱਖ ਅਦਾਰਿਆਂ ਨੇ ਇਥੇ ਆਪਣੇ ਕੰਮਾਂ ਦੀ ਅਤੇ ਸਾਜ਼ੋ-ਸਾਮਾਨ ਦੀ ਨੁਮਾਇਸ਼ ਲਗਾਈ ਸੀ। ਇਸ ਪੱਤਰਕਾਰ ਵੱਲੋਂ ਸੰਪਰਕ ਕਰਨ ਉਤੇ ਪਤਾ ਲੱਗਿਆ ਕਿ ਇਸ ਮੇਲੇ ਦੇ ਵਿਚ ਭਾਰਤ ਤੋਂ ਕਿਸਾਨ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਅਧਿਕਾਰੀ ਜੇਕਰ ਆਉਣਾ ਚਾਹੁਣ ਤਾਂ ਉਹ ਬਹੁਤ ਖੁਸ਼ ਹੋਣਗੇ। ਕਿਸਾਨ ਆਨ ਲਾਈਨ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ ਅਤੇ ਵੀਜ਼ੇ ਵਾਸਤੇ ਸੁਪੋਰਟ ਲੈਟਰ (ਵੀਜ਼ਾ ਸਹਿਯੋਗ ਲਈ ਚਿੱਠੀ) ਦੀ ਮੰਗ ਕਰ ਸਕਦੇ ਹਨ। ਇਹ ਸਾਰਾ ਕੁਝ ਵੈਬਸਾਈਟ ਉਤੇ ਇੰਟਰਨੈਸ਼ਨਲ ਪੇਜ਼ ਉਤੇ ਦੱਸਿਆ ਗਿਆ ਹੈ। ‘ਨਿਊਜ਼ੀਲੈਂਡ ਇੰਟਰਨੈਸ਼ਨਲ ਬਿਜ਼ਨਸ ਸੈਂਟਰ’ ਦੇ ਨਾਲ ਫੀਲਡੇਜ਼ ਰਲ ਕੇ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਫੀਲਡੇਜ਼ ਵੀ। ਆਈ। ਪੀ। ਬਿਜ਼ਨਸ ਪਲੱਸ ਟਿਕਟਾਂ ਵੀ ਉਪਲਬਧ ਕਰਵਾਈਆਂ ਗਈਆਂ ਹਨ। ਜੇਕਰ ਕੋਈ ਨੁਮਾਇਸ਼ ਦੇ ਵਿਚ ਭਾਗ ਲੈਣਾ ਚਾਹੁੰਦਾ ਹੈ ਤਾਂ ਵੀ ਹੋ ਸਕਦਾ ਹੈ। ਆਪਣਾ ਅਕਾਊਂਟ ਪੋਰਟਲ ਦੇ ਉਤੇ ਬਣਾਉਣਾ ਹੋਵੇਗਾ। ਕੰਪਨੀ ਨਾਂਅ ਉਤੇ ਵੀ ਅਕਾਊਂਟ ਬਣਾਇਆ ਜਾ ਸਕਦਾ ਹੈ। ਸੋ ਕਿਸਾਨੀ ਬਾਰੇ ਅਤੇ ਖੇਤੀਬਾੜੀ ਮਸ਼ੀਨਰੀ ਬਾਰੇ ਹੋਰ ਜਾਣਣ ਦੇ ਲਈ ਭਾਰਤ ਅਤੇ ਹੋਰ ਵਿਦੇਸ਼ਾਂ ਤੋਂ ਇਥੇ ਆਉਣ ਲਈ ਰਜਿਸਟਰ ਕੀਤਾ ਜਾ ਸਕਦਾ ਹੈ।




# ਬਲਬੀਰ ਸਿੰਘ ਨੇ ਸਰਕਾਰੀ ਹਾਈ ਸਕੂਲ ਟੂਟੋਮਜਾਰਾ ਦੇ ਮੁੱਖ ਅਧਿਆਪਕ ਵਜੋਂ ਜ਼ਿੰਮੇਵਾਰੀ ਸੰਭਾਲੀ

**ਮਾਹਿਲਪੁਰ (ਮਾਨ)–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਪੁਰ ਝੰਜੋਵਾਲ ਦੇ ਉੱਘੇ ਐਸ ਐਸ ਮਾਸਟਰ, ਰਿਸੋਰਸ ਪਰਸਨ, ਸਮਾਜ ਸੇਵਕ, ਜ਼ਿਲ੍ਹਾ ਕੋਆਰਡੀਨੇਟਰ ਬਲਬੀਰ ਸਿੰਘ ਨੇ ਬਤੌਰ ਹੈਡਮਾਸਟਰ ਸਰਕਾਰੀ ਹਾਈ ਸਕੂਲ ਟੂੱਟੋਮਜਾਰਾ ਵਿੱਚ ਅਹੁਦਾ ਸੰਭਾਲਿਆ। ਇਸ ਮੌਕੇ ਉਹਨਾਂ ਕਿਹਾ ਕਿ ਸਕੂਲ ਵਿੱਚ ਐਨਰੋਲਮੈਂਟ ਵਾਧੇ ਅਤੇ ਮਿਆਰੀ ਸਿੱਖਿਆ ਲਈ ਵਿੱਦਿਅਕ ਅਤੇ ਸਹਿ ਵਿਦਿਅਕ ਕ੍ਰਿਆਵਾਂ ਦਾ ਯੋਜਨ ਕੀਤਾ ਜਾਵੇਗਾ। ਇਸ ਮੌਕੇ ਨਛੱਤਰ ਸਿੰਘ ਸਰਪੰਚ, ਦਲਬੀਰ ਸਿੰਘ, ਹੈਡਮਾਸਟਰ ਸੰਦੀਪ ਬਡੇਸਰੋਂ ਅਤੇ ਸਟਾਫ਼ ਮੈਂਬਰ ਪੂਨਮ ਬੇਦੀ, ਵਰਿੰਦਰ ਕੌਰ, ਰੇਨੂੰ ਬਾਲਾ, ਅਮਰੀਕ ਸਿੰਘ, ਵਨੀਤਾ ਜੱਸਲ, ਪਰਵੀਨ ਕੌਰ, ਮਨਦੀਪ ਕੌਰ, ਕੁਲਵਿੰਦਰ ਕੌਰ, ਕੁਲਦੀਪ ਸਿੰਘ ਅਤੇ ਮਨਜਿੰਦਰ ਕੁਮਾਰ ਆਦਿ ਹਾਜ਼ਰ ਸਨ। ਬਲਬੀਰ ਸਿੰਘ ਹੈਡਮਾਸਟਰ ਨੇ ਇਸ ਸਕੂਲ ਵਿੱਚ ਮਿਤੀ 20 ਅਕਤੂਬਰ 1992 ਤੋਂ 08 ਅਪ੍ਰੈਲ 1993 ਤੱਕ ਐਡਹਾਕ ਤੌਰ ਤੇ ਐਸ ਐਸ ਮਾਸਟਰ, ਮਿਤੀ 01 ਜੁਲਾਈ 1993 ਤੋਂ ਮਿਤੀ 11 ਅਪ੍ਰੈਲ 1997 ਤੱਕ ਬਤੌਰ ਜੇ।ਬੀ।ਟੀ ਕੰਮ ਕੀਤਾ। ਫਿਰ ਆਪ ਜੀ ਨੇ ਸਰਕ-ਾਰੀ ਹਾਈ ਸਕੂਲ ਪਠਲਾਵਾ ਮੋਰਾਂਵਾਲੀ, ਪੋਸੀ, ਰਾਮਪੁਰ ਝੰਜੋਵਾਲ ਵਿਖੇ ਬਤੌਰ ਐਸ ਐਸ ਮਾਸਟਰ ਸੇਵਾ ਨਿਭਾਈ। ਆਪ ਨੇ ਨੈਸ਼ਨਲ, ਰਾਜ ਅਤੇ ਜਿਲ੍ਹਾ ਪੱਧਰੀ ਟੀਚਰ ਟ੍ਰੇਨਿੰਗਜ ਵਿੱਚ ਭਾਗ ਲਿਆ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਤੌਰ ਰਿਸੋਰਸ ਪਰਸਨ ਕੰਮ ਕੀਤਾ। ਸਰਕਾਰੀ ਇੰਨ ਸਰਵਿਸ ਟਰੇਨਿੰਗ ਸੈਂਟਰ ਹੁਸ਼ਿਆਰਪੁਰ ਵਿਖੇ ਬਤੌਰ ਮਾਸਟਰ ਰਿਸੋਰਸ ਪਰਸਨ ਅਤੇ ਬਲਾਕ ਰਿਸੋਰਸ ਕੋਆਰਡੀਨੇਟਰ ਬਲਾਕ ਮਾਹਿਲਪੁਰ-1 ਵਿੱਚ ਵੀ ਕੰਮ ਕੀਤਾ। ਇਹ ਸੈਂਟਰ ਫਾਰ ਕਲਚਰਲ ਰਿਸੋਰਸਜ ਐਂਡ ਟਰੇਨਿੰਗ ਨਵੀਂ ਦਿੱਲੀ (ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲਾ) ਦੇ ਸੀ।ਸੀ।ਆਰ।ਟੀ ਨਵੀਂ ਦਿੱਲੀ ਦੇ ਟਰੇਂਡ ਅਧਿਆਪਕ ਵੀ ਹਨ।



ਇਹਨਾਂ ਦੇ ਯਤਨਾਂ ਸਦਕਾ 150 ਵਿਦਿਆਰਥੀਆਂ ਦਾ ਰਾਮਪੁਰ ਝੰਜੋਵਾਲ ਵਿਖੇ ਸ਼ਿਵਾਲਿਕ ਕਲਚਰਲ ਕਲੱਬ ਸਥਾਪਤ ਕੀਤਾ ਗਿਆ। ਇਹ ਪੂਰੇ ਪੰਜਾਬ ਵਿੱਚ ਦੋ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਹੀ ਕਲੱਬ ਹੈ। ਆਪ ਵੱਲੋਂ ਟੂਟੋਮਜਾਰਾ ਵਿੱਚ ਵੀ ਸੀ.ਸੀ.ਆਰ.ਟੀ ਕਲਚਰਲ ਕਲੱਬ ਦੀ ਸਥਾਪਨਾ ਕਰਨ ਲਈ ਯਤਨ ਕੀਤੇ ਜਾਣਗੇ।

# ਡੀਬੀਯੂ ਅਤੇ ਐੱਚਆਈ ਵਿਚਕਾਰ ਸਮਝੌਤਾ; (ਐਮਓਯੂ) 'ਤੇ ਕੀਤੇ ਹਸਤਾਖਰ



**ਮੰਡੀ ਗੋਬਿੰਦਗੜ੍ਹ–** ਅਕਾਦਮਿਕ ਅਤੇ ਪ੍ਰਾਹੁਣਚਾਰੀ ਉਦਯੋਗ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਹਾਲੀਡੇ ਇਨ ਜ਼ੀਰਕਪੁਰ ਨੇ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਨਾਲ ਅਧਿਕਾਰਤ ਤੌਰ 'ਤੇ ਇੱਕ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ ਹਨ। ਇਸ ਸਹਿਯੋਗ ਦਾ ਉਦੇਸ਼ ਵਿਦਿਆਰਥੀਆਂ ਲਈ ਨਵੇਂ ਮੌਕੇ ਪੈਦਾ ਕਰਨਾ, ਅਸਲ-ਸੰਸਾਰ ਉਦਯੋਗ ਅਨੁਭਵ ਪ੍ਰਦਾਨ ਕਰਨਾ, ਅਤੇ ਪ੍ਰਾਹੁਣਚਾਰੀ ਖੇਤਰ ਵਿੱਚ ਪੇਸ਼ੇਵਰ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

ਇਹ ਸਮਝੌਤਾ ਇੰਟਰਨਸ਼ਿਪ, ਸਿਖਲਾਈ ਪ੍ਰੋਗਰਾਮ ਅਤੇ ਸਾਂਝੀਆਂ ਖੋਜ ਗਤੀਵਿਧੀਆਂ ਸਮੇਤ ਵੱਖ-ਵੱਖ ਪਹਿਲਕਦਮੀਆਂ ਲਈ ਰਾਹ ਪੱਧਰਾ ਕਰੇਗਾ, ਜੋ ਕਿ ਪ੍ਰਾਹੁਣਚਾਰੀ ਉਦਯੋਗ ਵਿੱਚ ਸਿਧਾਂਤਕ ਗਿਆਨ ਅਤੇ ਵਿਹਾਰਕ ਉਪਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਨ 'ਤੇ ਕੇਂਦ੍ਰਿਤ ਹਨ। ਇਹ ਸਹਿਯੋਗ ਵਿਦਿਆਰਥੀਆਂ ਨੂੰ ਉਦਯੋਗ ਦੇ ਆਗੂਆਂ ਨਾਲ ਜੁੜਨ ਅਤੇ ਪ੍ਰਾਹੁਣਚਾਰੀ ਖੇਤਰ ਵਿੱਚ ਨਵੀਨਤਮ ਰੁਝਾਨਾਂ, ਚੁਣੌਤੀਆਂ ਅਤੇ ਨਵੀਨਤਾਵਾਂ ਬਾਰੇ ਸਮਝ ਪ੍ਰਾਪਤ ਕਰਨ ਲਈ ਇੱਕ ਪਲੇਟਫਾਰਮ ਵੀ ਪ੍ਰਦਾਨ ਕਰੇਗਾ। ਡਾ। ਰੁਪਿੰਦਰ ਕੌਰ ਅਤੇ ਸ਼੍ਰੀ ਰਿੰਕੂ ਸਿੰਘ, ਫੈਕਲਟੀ, ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਡੀ ਬੀ ਯੂ ਨੇਕਿਹਾ, “ਹੋਲੀਡੇ ਇਨ ਜ਼ੀਰਕਪੁਰ ਨਾਲ ਇਹ ਭਾਈਵਾਲੀ ਸਾਡੇ ਵਿਦਿਆਰਥੀਆਂ ਨੂੰ ਪ੍ਰਾਹੁਣਚਾਰੀ ਉਦਯੋਗ ਦੇ ਅਸਲ-ਸੰਸਾਰ ਦੇ ਕੰਮਕਾਜ ਬਾਰੇ ਅਨਮੋਲ ਜਾਣਕਾਰੀ ਪ੍ਰਦਾਨ ਕਰੇਗੀ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟ ਕਰਦਿਆਂ ਕਿਹਾ, “ਇਹ ਭਾਈਵਾਲੀ ਸਾਡੀ ਯੂਨੀਵਰਸਿਟੀ ਲਈ ਇੱਕ ਦਿਲਚਸਪ ਨਵੇਂ ਅਧਿਆਏ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਸਹਿਯੋਗ ਰਾਹੀਂ, ਸਾਡਾ ਉਦੇਸ਼ ਆਪਣੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਵਿਸ਼ਵ ਪੱਧਰੀ ਪਰਾਹੁਣਚਾਰੀ ਸੇਵਾਵਾਂ ਅਤੇ ਅਨੁਭਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਇਹ ਸਮਝੌਤਾ ਕਈ ਮੌਕਿਆਂ ਦੇ ਦਰਵਾਜ਼ੇ ਖੋਲ੍ਹੇਗਾ ਜੋ ਅਕਾਦਮਿਕ ਅਤੇ ਪੇਸ਼ੇਵਰ ਵਿਕਾਸ ਦੋਵਾਂ ਨੂੰ ਲਾਭ ਪਹੁੰਚਾਉਣਗੇ।

# ਪੰਜਾਬ ਸਿੱਖਿਆ ਕ੍ਰਾਂਤੀ ਪੰਜਾਬ ਸਰਕਾਰ ਨੇ ਬਜਟ ਦਾ 12 ਫੀਸਦੀ ਹਿੱਸਾ ਸਿੱਖਿਆ ਖੇਤਰ ਲਈ ਰੱਖਿਆ- ਚੱਬੇਵਾਲ

**ਫਗਵਾੜਾ–** ਪੰਜਾਬ ਸਰਕਾਰ ਵਲੋਂ “ਪੰਜਾਬ ਸਿੱਖਿਆ ਕ੍ਰਾਂਤੀ“ ਤਹਿਤ ਸਕੂਲਾਂ ਦੀ ਕਾਇਆ ਕਲਪ ਦੇ ਨਾਲ-ਨਾਲ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਦੀ ਸਿੱਖਿਆ ਦੇਣ ਲਈ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ 12 ਫੀਸਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ ਜੋ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ ਰਾਜ ਕੁਮਾਰ ਚੱਬੇਵਾਲ ਨੇ ਅੱਜ ਫਗਵਾੜਾ ਵਿਖੇ ਸਕੂਲ ਆਫ ਐਮੀਨੈਂਸ ਫਗਵਾੜਾ ਵਿਖੇ 43 ਲੱਖ ਰੁਪੈ ਨਾਲ ਸਕੂਲ ਦਾ ਮੁਕੰਮਲ ਨਵੀਨੀਕਰਨ ਤੇ 8 ਲੱਖ ਰੁਪੈ ਨਾਲ ਨਵੀਂ ਚਾਰਦੀਵਾਰੀ ਦਾ ਉਦਘਾਟਨ ਕਰਨ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਨੂੰ ਪਹਿਲ ਦਿੱਤੀ ਗਈ ਹੈ , ਜਿਸ ਨਾਲ ਸਰਕਾਰੀ ਸਕੂਲਾਂ ਅੰਦਰ ਸਿੱਖਿਆ ਦਾ ਪੱਧਰ ਉੱਚਾ ਹੋਇਆ ਹੈ। ਸਰਕਾਰੀ ਸਕੂਲ (ਲੜਕੀਆਂ) ਫਗਵਾੜਾ ਵਿਖੇ ਵੀ 2 ਲੱਖ ਰੁਪੈ ਨਾਲ ਚਾਰਦੀਵਾਰੀ ਹੋਵੇਗੀ।




ਉਨ੍ਹਾਂ ਕਿਹਾ ਕਿ 425 ਪ੍ਰਾਇਮਰੀ ਸਕੂਲਾਂ ਨੂੰ ਸਕੂਲ ਆਫ਼ ਹੈਪੀਨੈਸ ਵਿੱਚ ਬਦਲਿਆ ਜਾ ਰਿਹਾ ਹੈ ਤਾਂ ਜੋ ਹਵਾਦਾਰ ਕਲਾਸਰੂਮਾਂ, ਖੇਡ ਦੇ ਖੇਤਰਾਂ ਅਤੇ ਗਤੀਵਿਧੀ ਕਾਰਨਰਾਂ ਦੇ ਨਾਲ ਚੰਗਾ ਵਾਤਾਵਰਣ ਸਿਰਜਿਆ ਜਾ ਸਕੇ। ਇਸ ਤੋਂ ਇਲਾਵਾ ਪੰਜਾਬ ਯੰਗ ਐਂਟਰਪ੍ਰੀਨਿ ਰ ਪ੍ਰੋਗਰਾਮ ਵਰਗੀਆਂ ਪਹਿਲਕਦਮੀਆਂ ਵਿਦਿਆਰਥੀਆਂ ਵਿੱਚ ਨਵੀਨਤਾ ਅਤੇ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨਗੀਆਂ।

ਸ੍ਰੀ ਚੱਬੇਵਾਲ ਨੇ ਇਹ ਵੀ ਕਿਹਾ ਕਿ ਬਿਜਲੀ ਦੀਆਂ ਲਾਗਤਾਂ ਨੂੰ ਘਟਾਉਣ ਅਤੇ ਸਾਫ਼ ਊਰਜਾ ਨੂੰ ਉਤਸ਼ਾਹਿਤ ਕਰਨ ਲਈ, 4,098 ਸਰਕਾਰੀ ਸਕੂਲਾਂ ਵਿੱਚ ਪਹਿਲਾਂ ਹੀ ਸੋਲਰ ਪੈਨਲ ਲਗਾਏ ਜਾ ਚੁੱਕੇ ਹਨ ਅਤੇ ਹੋਰ ਵਿਸਥਾਰ ਕਰਨ ਦੀ ਯੋਜਨਾ ਹੈ। ਬੁਨਿਆਦੀ ਢਾਂਚੇ ਦੇ ਨਵੀਨੀਕਰਨ, ਨਾਲ ਜਿਸ ਵਿੱਚ ਚਾਰਦੀਵਾਰੀ ਅਤੇ ਰੱਖ-ਰਖਾਅ ਗ੍ਰਾਂਟਾਂ ਸ਼ਾਮਲ ਹਨ, ਖਾਸ ਕਰ ਕੇ ਵਿਦਿਆਰਥਣਾਂ ਲਈ ਸੁਰੱਖਿਅਤ ਅਤੇ ਚੰਗੀ ਸਾਂਭ-ਸੰਭਾਲ ਵਾਲੇ ਸਕੂਲ ਯਕੀਨੀ ਬਣਾਏ ਜਾਣਗੇ। ਸੰਸਦ ਮੈਂਬਰ ਨੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲੇ ਦਿਵਾਉਣ ਕਿਉਂ ਜੋ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਕੂਲਾਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਲਈ ਤਿਆਰ ਕੀਤਾ ਗਿਆ ਹੈ। ਇਸ ਮੌਕੇ ਸਾਬਕਾ ਮੰਤਰੀ ਤੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ , ਮੇਅਰ ਰਾਮਪਾਲ ਉੱਪਲ , ਵਧੀਕ ਡਿਪਟੀ ਕਮਿਸ਼ਨਰ ਡਾ ਅਕਸ਼ਿਤਾ ਗੁਪਤਾ , ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ , ਐਸ ਡੀ ਐਮ ਜਸ਼ਨਜੀਤ ਸਿੰਘ ਤੇ ਹੋਰ ਹਾਜ਼ਰ ਸਨ ।

## ਪਠਾਨਕੋਟ ਖਬਰਨਾਮਾ - ਰਾਜਿੰਦਰ ਸਿੰਘ ਰਾਜਨ

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਖੁੱਲਾ ਦਰਬਾਰ ਲਗਾ ਕੇ ਸੁਣੀਆਂ ਲੋਕਾਂ ਦੀਆਂ ਸਿਕਾਇਤਾਂ

ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਕਟਾਰੂਚੱਕ ਵਿਖੇ ਸਥਿਤ ਦਫਤਰ ਵਿਖੇ ਪਹੁੰਚੇ ਲੋਕਾਂ



ਦੀਆਂ ਸਿਕਾਇਤਾਂ ਸੁਣੀਆਂ ਗਈਆਂ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਮੈਂਬਰ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੂਰੇ ਪੰਜਾਬ ਅੰਦਰ ਲੋਕਹਿੱਤ ਲਈ ਵਿਕਾਸ ਕਾਰਜ ਕਰ ਰਹੀ ਹੈ ਅਤੇ ਇਸ ਤੋਂ ਇਲਾਵਾ ਕੈਬਨਿਟ ਦੇ ਸਾਰੇ ਮੰਤਰੀ ਸਾਹਿਬਾਨ ਅਪਣੇ ਖੇਤਰਾਂ ਅੰਦਰ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਅਤੇ ਉਨ੍ਹਾਂ ਦਾ ਮੋਕੇ ਤੇ ਹੱਲ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹਰੇਕ ਸਨੀਵਾਰ ਅਤੇ ਐਤਵਾਰ ਦੇ ਦਿਨ ਦਫਤਰ ਕਟਾਰੂਚੱਕ ਵਿਖੇ ਲੋਕਾਂ ਦੀਆਂ ਸਿਕਾਇਤਾਂ ਸੁਣੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਸਿਕਾਇਤਾਂ ਦਾ ਮੋਕੇ ਤੇ ਹੱਲ ਹੋ ਸਕਦਾ ਹੈ ਕੀਤਾ ਜਾਂਦਾ ਹੈ ਜੋ ਸਿਕਾਇਤਾਂ ਸਰਕਾਰੀ ਦਫਤਰਾਂ ਨਾਲ ਸਬੰਧਤ ਹੁੰਦੀਆਂ ਹਨ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਰਧਾਰਤ ਸਮੇਂ ਅੰਦਰ ਸਿਕਾਇਤ ਦਾ ਨਿਪਟਾਰਾ ਕੀਤਾ ਜਾਵੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕ ਹਿੱਤ ਵਿੱਚ ਕੰਮ ਕਰ ਰਹੀ ਹੈ ਅਤੇ ਲੋਕਾਂ ਦੀਆਂ ਸਿਕਾਇਤਾਂ ਚਾਹੇ ਕਿਸੇ ਤਰ੍ਹਾਂ ਦੀਆਂ ਵੀ ਹੋਣ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਂਦੀਆਂ ਹਨ।

# ਰੋਬਿਨ ਸਿੰਘ ਕਟਾਰੂਚੱਕ ਨੇ ਕੀਤਾ ਇੰਨਟਰੀਅਰ ਐਕਸਟ੍ਰੀਅਰ ਸਟੋਰ ਦਾ ਉਦਘਾਟਨ

ਯੂਨੀਅਨ ਬੈਂਕ ਸਰਨਾ ਨਜਦੀਕ ਇੰਨਟਰੀਅਰ ਐਕਸਟ੍ਰੀਅਰ ਸਟੋਰ ਦਾ ਉਦਘਾਟਣ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੋਕੇ ਤੇ ਸ੍ਰੀ ਰੋਬਿਨ ਸਿੰਘ ਕਟਾਰੂਚੱਕ ਸਪੁੱਤਰ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੋਰ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸਾਹਿਲ ਸੈਣੀ, ਬਲਜਿੰਦਰ ਕੌਰ ਬਲਾਕ ਪ੍ਰਧਾਨ ਆਦਿ ਹਾਜਰ ਸਨ। ਇਸ ਮੋਕੇ ਤੇ ਇੰਨਟਰੀਅਰ ਐਕਸਟ੍ਰੀਅਰ ਸਟੋਰ ਸਰਨਾ ਦੇ ਮਾਲਿਕ ਸ੍ਰੀ ਰਾਜ ਕੁਮਾਰ ਅਤੇ ਪਿੰਕਾਂ ਜੀ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਮੁੱਖ ਮਹਿਮਾਨ ਰੋਬਿਨ ਸਿੰਘ ਕਟਾਰੂਚੱਕ ਦਾ ਸਵਾਗਤ ਕੀਤਾ ਗਿਆ। ਇਸ ਮਗਰੋਂ ਮੁੱਖ ਮਹਿਮਾਨ ਜੀ ਨੇ ਰੀਬਿਨ ਕੱਟ ਕੇ ਇੰਨਟਰੀਅਰ ਐਕਸਟ੍ਰੀਅਰ ਸਟੋਰ ਸਰਨਾ ਦਾ ਉਦਘਾਟਣ ਕੀਤਾ। ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਰੋਬਿਨ ਸਿੰਘ ਕਟਾਰੂਚੱਕ ਨੇ ਕਿਹਾ ਕਿ ਬਹੁਤ ਖੁਸੀ ਦੀ ਗੱਲ ਹੈ ਕਿ ਸਰਨਾ ਵਿਖੇ ਯੂਨੀਅਨ ਬੈਂਕ ਸਰਨਾ ਨਜਦੀਕ ਇੰਨਟਰੀਅਰ ਐਕਸਟ੍ਰੀਅਰ ਸਟੋਰ ਸਰਨਾ ਖੋਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਖੇਤਰ ਦੇ ਲੋਕਾਂ ਨੂੰ



ਇੰਨਟਰੀਅਰ ਐਕਸਟ੍ਰੀਅਰ ਆਦਿ ਸਮਾਨ ਦੀ ਖਰੀਦੋ ਫਰੋਖਤ ਕਰਨ ਦੇ ਲਈ ਪਠਾਨਕੋਟ ਜਾਂ ਕਿਸੇ ਹੋਰ ਸਹਿਰ ਅੰਦਰ ਨਹੀਂ ਜਾਣਾ ਪਵੇਗਾ।

# ਪਿੰਡ ਉਦੀਪੁਰ ਐਮਾਂ ਦੀ ਸਰਪੰਚ ਸ੍ਰੀਮਤੀ ਕੌਸੱਲਿਆ ਦੇਵੀ ਪੰਚਾਇਤ ਮੈਂਬਰਾਂ ਸਹਿਤ ਆਮ ਆਦਮੀ ਪਾਰਟੀ ਵਿੱਚ ਸਾਮਲ

ਅੱਜ ਬਹੁਤ ਖੁਸੀ ਦੀ ਗੱਲ ਹੈ ਕਿ ਇੱਕ ਹੋਰ ਪੰਚਾਇਤ ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਸਾਮਲ ਹੋਈ ਹੈ, ਆਮ



ਆਦਮੀ ਪਾਰਟੀ ਵਿੱਚ ਹਰੇਕ ਵਿਅਕਤੀ ਦਾ ਸਵਾਗਤ ਹੈ ਅਤੇ ਪਾਰਟੀ ਵਿੱਚ ਸਾਮਲ ਹੋਣ ਵਾਲੇ ਹਰੇਕ ਵਿਅਕਤੀ ਨੂੰ, ਪੰਚਾਇਤ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਕਟਾਰੂਚੱਕ ਵਿਖੇ ਇੱਕ ਜਨਸਮੂਹ ਨੂੰ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।

ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਅੱਜ ਪਿੰਡ ਉਦੀਪੁਰ ਐਮਾਂ ਦੀ ਪੰਚਾਇਤ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਈ ਹੈ ਜਿਸ ਵਿੱਚ ਪਿੰਡ ਦੀ ਸਰਪੰਚ ਕੌਛੱਲਿਆ ਦੇਵੀ ਅਤੇ ਪੰਚਾਇਤ ਮੈਂਬਰ ਸਾਬਕਾ ਸਰਪੰਚ ਗਨੇਸ ਸਹਿਤ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ।

ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਵਿੱਚ ਪੂਰੇ ਪੰਜਾਬ ਅੰਦਰ ਵਿਕਾਸ ਕਾਰਜ ਬਿਨ੍ਹਾਂ ਕਿਸੇ ਭੇਦਭਾਵ ਦੇ ਕੀਤੇ ਜਾ ਰਹੇ ਹਨ ਪਾਰਟੀ ਦੀ ਲੋਕਪ੍ਰਿਯਤਾ ਨੂੰ ਦੇਖਦੇ ਹੋਏ ਪੰਚਾਇਤਾਂ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਰਹੀਆਂ ਹਨ । ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸਾਮਲ ਹੋਣ ਵਾਲੇ ਹਰੇਕ ਕਾਰਜਕਰਤਾ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ।

# ਸ੍ਰੀਮਤੀ ਉਰਮਿਲਾ ਦੇਵੀ ਨੇ ਤਾਰਾਗੜ੍ਹ ਵਿਖੇ ਰੂਰਲ ਸਕਿੱਲ ਸੈਂਟਰ ਦਾ ਕੀਤਾ ਸੁਭਾਅਰੰਭ

ਅੱਜ ਪੰਜਾਬ ਸਰਕਾਰ ਵੱਲੋਂ ਪੰਜਾਬ ਹੁਨਰ ਵਿਕਾਸ ਮਿਸਨ ਤਹਿਤ ਪੰਜਾਬ ਹੁਨਰ ਵਿਕਾਸ ਯੋਜਨਾ ਅਧੀਨ ਤਾਰਾਗੜ੍ਹ ਵਿਖੇ ਰੂਰਲ ਸਕਿੱਲ ਸੈਂਟਰ ਦਾ ਸੁਭਾਅਰੰਭ ਕੀਤਾ ਗਿਆ। ਇਸ ਮੋਕੇ



ਤੇ ਸ੍ਰੀਮਤੀ ਉਰਮਿਲਾ ਦੇਵੀ ਧਰਮ ਪਤਨੀ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ ਪਠਾਨਕੋਟ, ਸੰਦੀਪ ਸਿੰਘ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਜੰਗ ਬਹਾਦੁਰ, ਸਰਪੰਚ ਰੋਜੀ ਸੈਣੀ, ਰੀਤੂ ਸੈਣੀ ਮੈਂਬਰ ਪੰਚਾਇਤ,ਠਾਕੁਰ ਬਲਬਾਨ ਸਿੰਘ, ਸਤੀਸ ਸੈਣੀ, ਰਾਜੇਸ ਘੁੱਦਾ, ਪ੍ਰਦੀਪ ਬੈਂਸ ਜਿਲ੍ਹਾ ਇੰਚਾਰਜ ਸਕਿੱਲ ਡਿਵੈਲਪਮੈਂਟ ਪਠਾਨਕੋਟ, ਸਾਮ ਅਵਸਥੀ ਸੈਂਟਰ ਸੰਚਾਲਕ, ਵਿਜੈ ਕੁਮਾਰ, ਨੇਹਾ ਮਹਾਜਨ, ਆਂਚਲ,ਨੀਤੂ ਅਤੇ ਹੋਰ ਹਾਜਰ ਸਨ। ਇਸ ਮੋਕੇ ਤੇ ਸੈਂਟਰ ਸੰਚਾਚਲ ਸ੍ਰੀ ਸਾਮ ਅਵਸਥੀ ਟ੍ਰੇਨਿੰਗ ਸੈਂਟਰ ਦੇ ਟ੍ਰੇਨਿੰਗ ਪਾਟਨਰ ਸ੍ਰੀ ਸਾਂਈ ਐਜੂਕੇਸਨ ਸੋਸਾਇਟੀ ਦੇ ਹੋਰ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਜੀ ਵੱਲੋਂ ਬੁੱਕੇ ਭੇਂਟ ਕਰਕੇ ਸਵਾਗਤ ਕੀਤਾ ਗਿਆ। ਇਸ ਮਗਰੋਂ




ਸਮਾਰੋਹ ਦੇ ਮੁੱਖ ਮਹਿਮਾਨ ਸ੍ਰੀਮਤੀ ਓਰਮਿਲਾ ਦੇਵੀ ਧਰਮ ਪਤਨੀ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਰੀਬਿਨ ਕੱਟ ਕੇ ਸੈਂਟਰ ਦਾ ਉਦਘਾਟਨ ਕੀਤਾ। ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀਮਤੀ ਉਰਮਿਲਾ ਦੇਵੀ ਨੇ ਕਿਹਾ ਕਿ ਤਾਰਾਗੜ੍ਹ ਵਿਖੇ ਅੱਜ ਜੋ ਮੈਕਅੱਪ ਆਰਟਿਸਟ ਦਾ ਕੋਰਸ ਸੁਰੂ ਕਰਵਾਇਆ ਗਿਆ ਹੈ। ਇਹ ਲੜਕੀਆਂ ਦੇ ਲਈ ਲਾਹੇਵੰਦ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਹ ਕੋਰਸ ਫ੍ਰੀ ਕਰਵਾਇਆ ਜਾ ਰਿਹਾ ਹੈ ਜੋ ਲੜਕੀਆਂ ਨੂੰ ਆਤਮ ਨਿਰਭਰ ਬਣਾਵੇਗਾ ਅਤੇ ਲੜਕੀਆਂ ਇਸ ਕੋਰਸ ਨੂੰ ਕਰ ਕੇ ਅਪਣਾ ਸਵੈਂ ਦਾ ਰੁਜਗਾਰ ਸੁਰੂ ਕਰ ਸਕਦੀਆਂ ਹਨ।

# ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਕੀਤਾ ਜਾਵੇਗਾ ਸੂਬੇ ਦਾ ਦੌਰਾ

**ਫਗਵਾੜਾ (ਬੀ. ਕੇ. ਰੱਤੂ)** ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਸੂਬੇ ਦਾ ਦੌਰਾ ਕੀਤਾ ਜਾਵੇਗਾ। ਇਹ ਜਾਣਕਾਰੀ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਦੇ ਬੁਲਾਰੇ ਨੇ ਅੱਜ ਇਥੇ ਇਕ ਪ੍ਰੈਸ ਨੋਟ ਰਾਹੀਂ ਦਿੱਤੀ। ਬੁਲਾਰੇ ਨੇ ਦੱਸਿਆ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਦਾ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਦੌਰਾ ਕੀਤਾ ਜਾਵੇਗਾ।



ਬੁਲਾਰੇ ਨੇ ਦੱਸਿਆ ਕਿ 6 ਅਪ੍ਰੈਲ 2025 ਨੂੰ ਬੀ.ਆਰ ਅੰਬੇਡਕਰ ਸਟੱਡੀ ਸਰਕਲ ਸੈਂਟਰ ਪਿੰਡ ਸਲੇਮਪੁਰ, ਨੇੜੇ ਸਿੱਧਵਾਂ ਬੇਟ ਜਿਲ੍ਹਾਂ ਲੁਧਿਆਣਾ, 13 ਅਪ੍ਰੈਲ 2025 ਨੂੰ ਬਹੁਜਨ ਕਰਮਚਾਰੀ ਅਤੇ ਸੇਵਾ ਮੁਕਤ ਕਰਮਚਾਰੀ ਸੰਘ ਵਲੋਂ ਅਜ਼ਮੇਰ ਪੈਲੇਸ, ਮਲੋਟ ਰੋਡ, ਮੁਕਤਸਰ ਸਾਹਿਬ ਵਿਖੇ, 14 ਅਪ੍ਰੈਲ 2025 ਨੂੰ ਨਵਾਂਸ਼ਹਿਰ, 19 ਅਪ੍ਰੈਲ 2025 ਨੂੰ ਐਸ.ਸੀ./ਬੀ.ਸੀ. ਕਰਮਚਾਰੀ ਫੈਡਰੇਸ਼ਨ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਵਲੋਂ ਥਰਮਲ ਪਲਾਂਟ ਨੂਹੋ ਕਾਲੋਨੀ, ਰੋਪੜ ਵਿਖੇ ਅਤੇ 20 ਅਪ੍ਰੈਲ 2025 ਨੂੰ ਸੰਗਰੂਰ ਦੇ ਪਾਰੂਲ ਪੈਲੇਸ ਵਿਖੇ ਬੀ.ਆਰ. ਅੰਬੇਡਕਰ ਵੈੱਲਫੇਅਰ ਅਤੇ ਚੈਰੀਟੇਬਲ ਮੰਚ ਅਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। 13 ਅਪ੍ਰੈਲ 2025 ਨੂੰ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਾਮ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਕੇ ਜਾਗਰੂਕਤਾ ਅਭਿਆਨ ਜਾਰੀ ਰੱਖਣਗੇ।

ਇਨ੍ਹਾਂ ਸਮਾਗਮਾਂ ਵਿੱਚ ਲੋਕਾਂ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣੂ ਕਰਵਾਉਣ ਤੋਂ ਇਲਾਵਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਕੰਮਕਾਜ, ਭਾਰਤੀ ਸੰਵਿਧਾਨ ਅਤੇ ਦੇਸ਼ ਦੇ ਕਨੂੰਨ ਵਿਚ ਗਰੀਬਾਂ, ਮਜਲੂਮਾਂ, ਅਨੁਸੂਚਿਤ ਜਾਤੀਆਂ ਤੇ ਪਿਛੜੀਆਂ ਸ਼੍ਰੇਣੀਆਂ ਦੇ ਹੱਕਾਂ, ਅਧਿਕਾਰਾਂ, ਸਮਾਜਿਕ ਸੁਰੱਖਿਆ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ।

# ਜ਼ਿਲ੍ਹਾ ਸੰਗਰੂਰ ਦੇ 8 ਵਿਦਿਆਰਥੀ ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ

**ਸੰਗਰੂਰ, (ਦਲਜੀਤ ਕੌਰ)** ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਦੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਇਸ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ । ਜ਼ਿਲ੍ਹੇ ਦੇ 8 ਬੱਚਿਆਂ ਨੇ ਮੈਰਿਟ ਵਿੱਚ ਸਥਾਨ ਹਾਸਿਲ ਕੀਤਾ ਹੈ ਅਤੇ ਜ਼ਿਲ੍ਹਾ ਸੰਗਰੂਰ ਦਾ ਨਤੀਜਾ ਵੀ 95.80 ਫ਼ੀਸਦੀ ਰਿਹਾ। ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਭੇਟ ਕੀਤੀ ਹੈ।




ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਮੈਡਮ ਤਰਵਿੰਦਰ ਕੌਰ ਨੇ ਦੱਸਿਆ ਕਿ ਇਸ ਵਾਰ ਅੱਠਵੀਂ ਬੋਰਡ ਦੀ ਪ੍ਰੀਖਿਆ ਵਿੱਚ ਜ਼ਿਲ੍ਹਾ ਸੰਗਰੂਰ ਦੇ ਕੁਲ 11378 ਬੱਚੇ ਬੈਠੇ ਸਨ ਜਿਨ੍ਹਾਂ ਵਿੱਚੋਂ ਕੁੱਲ 10900 ਬੱਚਿਆਂ ਨੇ ਪ੍ਰੀਖਿਆ ਪਾਸ ਕੀਤੀ ਹੈ ਇਸ ਤਰ੍ਹਾਂ ਜ਼ਿਲ੍ਹੇ ਦੀ ਪਾਸ ਪ੍ਰਤਿਸ਼ਤਤਾ 95.80 ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬੱਚਿਆਂ ਦੇ ਅਧਿਆਪਕਾਂ ਅਤੇ ਮਾਪਿਆਂ ਦੀ ਮਿਹਨਤ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿੱਚ ਪੜ੍ਹਾਉਣ ਲਈ ਉਪਲੱਬਧ ਕਰਵਾਈਆਂ ਗਈਆਂ ਆਧੁਨਿਕ ਤਕਨੀਕਾਂ ਸਦਕਾ ਸੰਭਵ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਖੁਸ਼ਪ੍ਰੀਤ ਕੌਰ ਸ.ਹ.ਸ ਢੰਡਿਆਲ ਨੇ 600 ਵਿਚੋਂ 598, ਸੁਨਿਧੀ ਸ. ਕੰਨਿਆ ਸ.ਸ.ਸ ਸੁਨਾਮ ਨੇ 592, ਯੁਵਰਾਜ ਸਿੰਘ ਸ।ਮਿ।ਸ ਰੱਤੋਕੇ ਨੇ 591, ਮਨਿੰਦਰ ਕੌਰ ਸ.ਹ.ਸ ਨੰਗਲਾਂ ਨੇ 590, ਏਕਮਜੋਤ ਕੌਰ ਸ.ਹ.ਸ ਢੰਡਿਆਲ ਨੇ 589, ਕਿਰਪਾ ਕੌਰ ਸਕੂਲ ਆਫ ਐਮੀਨੈਂਸ ਘਨੌਰੀ ਕਲਾਂ ਨੇ 589, ਨਿਸ਼ੂ ਮਾਡਲ ਸ.ਸ.ਸ. ਮੰਡਵੀ ਨੇ 589, ਗੁਰਜੀਤ ਕੌਰ ਸ.ਸ.ਸ.ਸ ਉਪਲੀ ਚੱਠੇ ਨੇ 588 ਨੰਬਰ ਪ੍ਰਾਪਤ ਕਰਕੇ ਮੈਰਿਟ ਵਿੱਚ ਥਾਂ ਬਣਾਈ ਹੈ। ਉਨ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਮਨਜੀਤ ਕੌਰ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਸਿਰਫ ਬੋਰਡ ਦੀ ਪ੍ਰੀਖਿਆ ਵਿੱਚ ਹੀ ਨਹੀਂ ਸਗੋਂ ਨੈਸ਼ਨਲ ਮੀਨਸ-ਕਮ-ਮੈਰਿਟ ਸਕਾਲਰਸ਼ਿਪ ਵਿੱਚ ਵੀ ਵੱਡੀ ਮੱਲ ਮਾਰੀ ਹੈ। ਜ਼ਿਲ੍ਹਾ ਸੰਗਰੂਰ ਦੇ 106 ਵਿਦਿਆਰਥੀਆਂ ਨੇ ਵਜ਼ੀਫਾ ਪ੍ਰੀਖਿਆ ਪਾਸ ਕੀਤੀ ਹੈ।

ਪ੍ਰਵੀਨ ਕੁਮਾਰ ਜ਼ਿਲ੍ਹਾ ਕੋਆਰਡੀਨੇਟਰ ਨੇ ਦੱਸਿਆ ਕਿ ਕੇਂਦਰ ਵੱਲੋਂ ਚਲਾਈ ਜਾ ਰਹੀ ਇਸ ਵਜ਼ੀਫਾ ਮੁਹਿੰਮ ਦਾ ਉਦੇਸ਼ ਬੱਚਿਆਂ ਨੂੰ ਉਚੇਰੀ ਪੜ੍ਹਾਈ ਲਈ ਉਤਸ਼ਾਹਿਤ ਕਰਨਾ ਹੈ ਇਸ ਤਹਿਤ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਨੌਵੀਂ ਅਤੇ ਦਸਵੀਂ ਵਿੱਚ 12-12 ਹਜਾਰ ਰੁਪਏ ਵਜ਼ੀਫਾ ਮਿਲਦਾ ਹੈ।

# ਮਜ਼ਦੂਰ ਵਰਗ ਦੀਆਂ ਜ਼ਰੂਰਤਾਂ ਨੂੰ ਤਰਜੀਹੀ ਅਧਾਰ 'ਤੇ ਪੂਰਾ ਕਰਨ ਲਈ ਵਚਨਬੱਧ ਹਾਂ: ਹਰਪਾਲ ਸਿੰਘ ਚੀਮਾ

**ਦਿੜ੍ਹਬਾ/ਸੰਗਰੂਰ, (ਦਲਜੀਤ ਕੌਰ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹਰੇਕ ਵਰਗ ਦੀਆਂ ਜਰੂਰਤਾਂ ਨੂੰ ਪ੍ਰਮੁਖਤਾ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਇਸੇ ਲੜੀ ਤਹਿਤ ਦਿੜ੍ਹਬਾ ਵਿਖੇ ਪੱਲੇਦਾਰ ਮਜ਼ਦੂਰਾਂ ਦੀਆਂ ਸੁਵਿਧਾਵਾਂ ਵਿੱਚ ਵਾਧਾ ਕਰਨ ਲਈ ਪਿਛਲੇ ਇੱਕ ਸਾਲ ਦੇ ਅੰਦਰ ਅੰਦਰ 27.50 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਹ ਪ੍ਰਗਟਾਵਾ ਪੰਜਾਬ ਦੇ



ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਆਜ਼ਾਦ ਪੱਲੇਦਾਰ ਯੂਨੀਅਨ ਦਿੜ੍ਹਬਾ ਵੱਲੋਂ ਕਣਕ ਦੇ ਸੀਜਨ ਦੀ ਸ਼ੁਰੂਆਤ ਮੌਕੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਰਖਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਜ਼ਦੂਰ ਵਰਗ ਸਖਤ ਮਿਹਨਤ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ ਅਤੇ ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਮਜ਼ਦੂਰ ਭਰਾਵਾਂ ਦੀਆਂ ਸੁੱਖ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਉਦਮ ਕੀਤੇ ਜਾਣ।

ਕੈਬਿਨਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ 7.50 ਲੱਖ ਰੁਪਏ ਦੀ ਲਾਗਤ ਨਾਲ ਸ਼ੈਡ ਬਣਵਾਇਆ ਗਿਆ ਹੈ ਜਦ ਕਿ 20 ਲੱਖ ਰੁਪਏ ਨਾਲ ਕਮਰੇ ਅਤੇ ਵਰਾਂਡੇ ਦੀ ਉਸਾਰੀ ਦੇ ਕਾਰਜ ਤੇਜੀ ਨਾਲ ਚੱਲ ਰਹੇ ਹਨ ਜੋ ਕਿ ਆਉਣ ਵਾਲੇ ਕੁਝ ਸਮੇਂ ਵਿੱਚ ਮੁਕੰਮਲ ਹੋ ਜਾਣਗੇ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਪ੍ਰਸ਼ਾਸਨਿਕ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਹਨ ਅਤੇ ਜਿਵੇਂ ਹੀ ਮੰਡੀਆਂ ਵਿੱਚ ਕਣਕ ਦੀ ਆਮਦ ਹੋਵੇਗੀ ਤਾਂ ਨਾਲੋਂ ਨਾਲ ਸਰਕਾਰੀ ਏਜੰਸੀਆਂ ਵੱਲੋਂ ਖਰੀਦ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਉਹ ਰੋਜ਼ਾਨਾ ਦੇ ਆਧਾਰ ਤੇ ਦਿੜਬਾ ਹਲਕੇ ਅਧੀਨ ਆਉਂਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਟਰਾਂਸਪੋਰਟਰਾਂ ਸਮੇਤ ਹਰ ਵਰਗ ਦੀਆਂ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਰਹਿਣਗੇ।

ਇਸ ਮੌਕੇ ਆਜ਼ਾਦ ਪੱਲੇਦਾਰ ਯੂਨੀਅਨ ਦਿੜਬਾ ਦੇ ਅਹੁਦੇਦਾਰਾਂ ਨੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ ਵੀ ਮੌਜੂਦ ਸਨ।

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਡੈਲੀਗੇਟ ਇਜਲਾਸ 'ਚ 15 ਮੈਂਬਰੀ ਸੂਬਾਈ ਕਾਰਜਕਾਰਨੀ ਦੀ ਹੋਈ ਚੋਣ



**ਬਰਨਾਲਾ (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ ਪੰਜਾਬ ਦੇ ਦੋ ਰੋਜ਼ਾ ਸੂਬਾਈ ਡੈਲੀਗੇਟ ਇਜਲਾਸ ਦੇ ਦੂਜੇ ਦਿਨ ਅਗਲੇ ਦੋ ਸਾਲਾਂ ਲਈ 15 ਮੈਂਬਰੀ ਨਵੀਂ ਸੂਬਾਈ ਕਾਰਜਕਾਰਨੀ ਟੀਮ ਦੀ ਚੋਣ ਕੀਤੀ ਗਈ ਜਿਸ ਵਿੱਚ ਜਥੇਬੰਦਕ ਵਿਭਾਗ ਲਈ ਮਾਸਟਰ ਰਾਜਿੰਦਰ ਭਦੌੜ, ਵਿਤ ਵਿਭਾਗ ਰਾਜੇਸ਼ ਅਕਲੀਆ, ਸਭਿਆਚਾਰਕ ਵਿਭਾਗ ਜੋਗਿੰਦਰ ਕੁੱਲੇਵਾਲ, ਮੀਡੀਆ ਵਿਭਾਗ ਸੁਮੀਤ ਅੰਮ੍ਰਿਤਸਰ, ਮੁੱਖ ਸੰਪਾਦਕ ਤਰਕਸ਼ੀਲ ਮੈਗਜ਼ੀਨ (ਪੰਜਾਬੀ) ਰਾਜਪਾਲ ਬਠਿੰਡਾ, ਮੁੱਖ ਸੰਪਾਦਕ ਤਰਕਸ਼ੀਲ ਮੈਗਜ਼ੀਨ (ਹਿੰਦੀ) ਕੁਲਜੀਤ ਡੰਗਰਖੇੜਾ, ਸਾਹਿਤ ਵਿਭਾਗ ਰਾਮ ਸਵਰਨ ਲੱਖੇਵਾਲੀ, ਪ੍ਰਿੰਟਿੰਗ ਵਿਭਾਗ ਸੁਖਵਿੰਦਰ ਬਾਗਪੁਰ, ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਜਸਵੰਤ ਮੋਹਾਲੀ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਜੁਝਾਰ ਲੌਂਗੋਵਾਲ, ਕਾਨੂੰਨ ਵਿਭਾਗ ਜਸਵਿੰਦਰ ਫਗਵਾੜਾ, ਵਿਦਿਆਰਥੀ ਚੇਤਨਾ ਵਿਭਾਗ ਗੁਰਪ੍ਰੀਤ ਸ਼ਹਿਣਾ, ਸਾਹਿਤ ਵੈਨ ਵਿਭਾਗ ਮੋਹਨ ਬਡਲਾ, ਸੋਸ਼ਲ ਮੀਡੀਆ ਵਿਭਾਗ ਸੁਰਜੀਤ ਟਿੱਬਾ ਅਤੇ ਦਫਤਰ ਸਕੱਤਰ ਲਈ ਹੇਮ ਰਾਜ ਸਟੈਨੋਂ ਚੁਣੇ ਗਏ।

ਇਸ ਤੋਂ ਪਹਿਲੇ ਸੈਸ਼ਨ ਵਿੱਚ ਸੂਬਾ ਕਾਰਜਕਾਰਨੀ ਵੱਲੋਂ ਪਿਛਲੇ ਸੈਸ਼ਨ ਦੀ ਦੋ ਸਾਲਾ ਰੀਵੀਊ ਰਿਪੋਰਟ ਅਤੇ ਅਗਲੇ ਦੋ ਸਾਲ ਲਈ ਕਾਰਜ ਵਿਉਂਤਬੰਦੀ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਉੱਤੇ ਵੱਖ ਵੱਖ ਜੋਨਾਂ ਅਤੇ ਇਕਾਈਆਂ ਨਾਲ ਸੰਬੰਧਿਤ ਡੈਲੀਗੇਟਾਂ ਬਲਬੀਰ ਲੌਂਗੋਵਾਲ, ਮਾਸਟਰ ਪਰਮਵੇਦ ਸੰਗਰੂਰ, ਸਤ ਪਾਲ ਸਲੋਹ, ਜਸਵੰਤ ਜੀਰਖ, ਗੁਰਮੀਤ ਖਰੜ, ਰਾਮ ਕੁਮਾਰ ਪਟਿਆਲਾ, ਅਜੀਤ ਪ੍ਰਦੇਸੀ, ਸੰਦੀਪ ਧਾਰੀਵਾਲ ਭੋਜਾਂ, ਕੁਲਵੰਤ ਕੌਰ, ਭੂਰਾ ਸਿੰਘ ਮਹਿਮਾਸਰਜਾ, ਜੁਝਾਰ ਲੌਂਗੋਵਾਲ, ਦੀਪ ਦਿਲਬਰ, ਰਾਮ ਸਿੰਘ ਨਿਰਮਾਣ, ਗਗਨ ਰਾਮਪੁਰਾ, ਮਾਸਟਰ ਜਗਦੀਸ਼ ਰਾਏਪੁਰ ਡਿੱਬਾ, ਮੁਖਤਿਆਰ ਗੋਪਾਲਪੁਰ, ਜਸਪਾਲ ਬਾਸਰਕੇ, ਕੁਲਵਿੰਦਰ ਨਗਾਰੀ ਆਦਿ ਨੇ ਉਸਾਰੂ ਵਿਚਾਰ ਵਟਾਂਦਰਾ ਕਰਦਿਆਂ ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਚ ਸਮੂਹ ਇਕਾਈਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ, ਤਰਕਸ਼ੀਲ ਟੀ। ਵੀ।, ਕਾਨੂੰਨ ਵਿਭਾਗ ਤੇ ਸ਼ੋਸ਼ਲ ਮੀਡੀਆ ਵਿਭਾਗ ਨੂੰ ਹੋਰ ਸਰਗਰਮ ਕਰਨ ਅਤੇ ਤਰਕਸ਼ੀਲ ਸਾਹਿਤ ਵੈਨ ਦੇ ਸਾਲਾਨਾ ਪ੍ਰੋਗਰਾਮ ਤੋਂ ਇਲਾਵਾ ਇਕਾਈ ਪੱਧਰ ਤੇ ਮੀਟਿੰਗਾਂ, ਪਰਿਵਾਰਕ ਮਿਲਣੀਆਂ, ਪਾਠਕ ਮਿਲਣੀਆਂ, ਚੇਤਨਾ ਸੈਮੀਨਾਰਾਂ ਅਤੇ ਸਿਖਲਾਈ ਵਰਕਸ਼ਾਪਾਂ ਦੀ ਲਗਾਤਾਰਤਾ ਬਣਾਈ ਰੱਖਣ ਅਤੇ ਵਧ ਤੋਂ ਵਧ ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਸ਼ਾਮਿਲ ਕਰਕੇ ਸੁਸਾਇਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਆਦਿ ਖੇਤਰਾਂ ਵਿਚ ਹੋਰ ਵਧ ਸਰਗਰਮ ਹੋਣ ਦੀ ਲੋੜ ਉਤੇ ਜੋਰ ਦਿੱਤਾ ਗਿਆ।

ਇਸ ਮੌਕੇ ਪੰਜਾਬ ਸਮੇਤ ਦੇਸ਼ ਵਿਚ ਦਿਨੋਂ ਦਿਨ ਵਧ ਰਹੇ ਅੰਧ ਵਿਸ਼ਵਾਸਾਂ, ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ, ਜਮਹੂਰੀ ਹੱਕਾਂ ਦੀ ਉਲੰਘਣਾ, ਸਿੱਖਿਆ ਦੇ ਵਧ ਰਹੇ ਭਗਵੇਂਕਰਨ, ਵਪਾਰੀਕਰਨ ਅਤੇ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਦੇ ਹਮਲਿਆਂ ਦੇ ਖਿਲਾਫ਼ ਤਰਕਸ਼ੀਲ ਸੁਸਾਇਟੀ ਵੱਲੋਂ ਸਮਾਜ ਵਿਚ ਵਿਗਿਆਨਕ ਅਤੇ ਜਮਾਤੀ ਚੇਤਨਾ ਦੀ ਲਹਿਰ ਨੂੰ ਹੋਰ ਤੇਜੀ ਨਾਲ ਵਿਕਸਤ ਕਰਨ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਜੱਥੇਬੰਦਕ ਯਤਨ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ।

# ਜ਼ਿਲ੍ਹੇ ਵਿਚ ਮਨਜ਼ੂਰੀ ਲਏ ਬਿਨਾਂ ਯਾਦਗਾਰੀ ਗੇਟਾਂ ਦੀ ਉਸਾਰੀ 'ਤੇ ਰੋਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ



ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿਚ ਕੋਈ ਵੀ ਵਿਅਕਤੀ/ਸੰਸਥਾ ਸਰਕਾਰੀ/ਪੰਚਾਇਤੀ ਜਗ੍ਹਾ 'ਤੇ ਕੋਈ ਗੇਟ ਨਹੀਂ ਉਸਾਰੇਗਾ। ਜੇਕਰ ਅਜਿਹਾ ਕੋਈ ਯਾਦਗਾਰੀ ਗੇਟ ਉਸਾਰਨਾ ਹੋਵੇ ਤਾਂ ਪਹਿਲਾਂ ਸਬੰਧਤ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਮਨਜ਼ੂਰੀ ਦਫ਼ਤਰ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਲਈ ਜਾਵੇ। ਜਾਰੀ ਹੁਕਮਾਂ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਪਿੰਡਾਂ ਵਿਚ ਲੋਕ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਯਾਦ ਵਿਚ ਯਾਦਗਾਰੀ ਗੇਟ ਸਰਕਾਰੀ/ਪੰਚਾਇਤ ਦੀ ਜਗ੍ਹਾ 'ਤੇ ਬਿਨਾਂ ਕਿਸੇ ਦੀ ਮਨਜ਼ੂਰੀ ਲਏ ਅਤੇ ਬਿਨਾਂ ਕਿਸੇ ਸਮਰੱਥ ਵਿਭਾਗ ਤੋਂ ਪਾਸ ਕਰਵਾਏ ਆਪਣੀ ਮਨਮ-ਰਜ਼ੀ ਨਾਲ ਬਣਾ ਲੈਂਦੇ ਹਨ। ਇਸ ਤਰ੍ਹਾਂ ਨਾਲ ਜਿਥੇ ਸਰਕਾਰੀ ਜਗ੍ਹਾ 'ਤੇ ਨਾਜਾਇਜ਼ ਕਬਜ਼ਾ ਕਰ ਲਿਆ ਜਾਂਦਾ ਹੈ, ਉਥੇ ਇਸ ਤਰਾਂ ਬਣਾਏ ਗਏ ਗੇਟਾਂ ਦੇ ਡਿਗਣ ਦਾ ਖ਼ਤਰਾ ਵੀ ਹਰ ਵੇਲੇ ਬਣਿਆ ਰਹਿੰਦਾ ਹੈ, ਜਿਸ ਨਾਲ ਜਾਨੀ/ਮਾਲੀ ਨੁਕਸਾਨ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ। ਇਸ ਲਈ ਜ਼ਿਲ੍ਹੇ ਵਿਚ ਇਸ ਤਰਾਂ ਦੇ ਗੇਟ ਉਸਾਰਨ 'ਤੇ ਪਾਬੰਦੀ ਲਗਾਈ ਜਾਣੀ ਜ਼ਰੂਰੀ ਹੈ। ਇਹ ਹੁਕਮ 31 ਮਾਈ, 2025 ਤੱਕ ਲਾਗੂ ਰਹਿਣਗੇ।

# ਪੰਜਾਬ ਰੋਡਵੇਜ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਨੇ ਬੱਸ ਸਟੈਂਡ ਤੇ ਮੀਟਿੰਗ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਰੋਡਵੇਜ਼ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਬੱਸ ਸਟੈਂਡ ਵਿਖੇ ਸ. ਕੁਲਦੀਪ ਸਿੰਘ ਅਜੜਾਮ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।



ਮੀਟਿੰਗ ਸ਼ੁਰੂ ਹੋਣ ਤੇ ਇਸ ਜਥੇਬੰਦੀ ਵਿੱਚ ਨਵੇਂ ਆਏ ਮੈਂਬਰ ਸ਼੍ਰੀ ਰਾਮ ਪ੍ਰਕਾਸ਼ ਇੰਸਪੈਕਟਰ ਪੰਜਾਬ ਰੋਡਵੇਜ਼ ਨਵਾਂ ਸ਼ਹਿਰ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 70 ਸਾਲ ਦੀ ਉਮਰ ਪਾਰ ਕਰ ਚੁੱਕੇ ਮੈਂਬਰ ਸਰਵਸ਼੍ਰੀ ਕੁਲਦੀਪ ਸਿੰਘ ਅਜੜਾਮ ਐਨ. ਆਰ.ਆਈ, ਸੋਹਣ ਲਾਲ ਡਰਾਈਵਰ ਸਰਪੰਚ ਬੱਸੀ ਬੱਲੋ, ਰਤਨ ਸਿੰਘ ਸਾਬਕਾ ਇੰਸਪੈਕਟਰ, ਹਰਦੀਸ਼ ਸਿੰਘ ਸਾਬਕਾ ਇੰਸਪੈਕਟਰ ਨਵਾਂ ਸ਼ਹਿਰ ਅਤੇ ਪ੍ਰੇਮ ਸਿੰਘ ਡਵਿੱਡਾ ਸਾਬਕਾ ਟੀਜੀ-1 ਨੂੰ ਲੋਈ ਅਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ। ਇਸ ਤੋਂ ਬਾਅਦ ਇਸ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਅਜੜਾਮ, ਮੀਤ ਪ੍ਰਧਾਨ ਹਰਜਿੰਦਰ ਸਿੰਘ ਗਿੱਲ, ਅਵਤਾਰ ਸਿੰਘ ਝਿੰਗੜ ਚੇਅਰਮੈਨ, ਗੁਰਬਖਸ਼ ਸਿੰਘ ਮਨਕੋਟੀਆ ਸਟੇਜ ਸਕੱਤਰ ਗਿਆਨ ਸਿੰਘ ਜਨਰਲ ਸਕੱਤਰ ,ਗੁਰਬਖਸ਼ ਸਿੰਘ ਸੁਪਰਡੈਂਟ ਦਫ਼ਤਰੀ ਸਕੱਤਰ ਅਤੇ ਕਸ਼ਮੀਰ ਸਿੰਘ ਹਰਗੜ੍ਹ ਮੀਤ ਪ੍ਰਧਾਨ ਨੇ ਸਾਂਝੇ ਤੌਰ ਤੇ ਬੋਲਦਿਆਂ ਮੌਜੂਦਾ ਸਰਕਾਰ ਨੂੰ ਕੋਸਦਿਆਂ ਇੱਕ ਨਿਕੰਮੀ ਸਰਕਾਰ ਦੱਸਿਆ, ਇਸ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ, ਰਿਟਾਇਰਡ ਕਰਮਚਾਰੀਆਂ ਨੂੰ ਜੋ ਸਬਜ਼ਬਾਗ ਦਿਖਾਏ ਉਹ ਇਸ ਸਰਕਾਰ ਨੇ ਚਕਨਾਚੂਰ ਕਰ ਦਿੱਤੇ। ਇਸ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦੇ ਸਾਰ ਹੀ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ, ਹਰ ਸਾਲ ਨਵੀਆਂ ਬੱਸਾਂ ਪਾਈਆਂ ਜਾਣਗੀਆਂ (ਜਦ ਕਿ ਹੁਣ ਬੱਸਾਂ ਟਾਇਰਾਂ ਦੇ ਦੁੱਖੋਂ ਖੜੀਆਂ ਹਨ)। ਇਹਨਾਂ ਬੁਲਾਰਿਆਂ ਨੇ ਰੋਡਵੇਜ਼ ਦੇ ਮੁਲਾਜ਼ਮਾਂ ਦੀਆਂ ਮੰਗਾਂ ਦੇ ਸਮਰਥਨ ਵਿੱਚ ਮਿਤੀ 7, 8 ਅਤੇ 9 ਅਪ੍ਰੈਲ ਦੀ ਹੜਤਾਲ ਦਾ ਐਲਾਨ ਕੀਤਾ ਅਤੇ ਬਾਕੀ ਜਥੇਬੰਦੀਆਂ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ, ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਛੇਵੇਂ ਪੇ-ਕਮਿਸ਼ਨ ਦੀ ਰਿਪੋਰਟ ਨੂੰ ਇੰਨ ਬਿਨ ਲਾਗੂ ਕੀਤਾ ਜਾਵੇ, 2159 ਦੇ ਹਿਸਾਬ ਨਾਲ ਰਿਟਾਇਰਡ ਮੁਲਾਜ਼ਮਾਂ ਦੀ ਤਨਖਾਹ ਫਿਕਸ ਕੀਤੀ ਜਾਵੇ, ਬਣਦਾ ਏਰੀਅਰ ਇੱਕ ਕਿਸ਼ਤ ਵਿੱਚ ਦਿੱਤਾ ਜਾਵੇ, ਬਜਟ ਰੱਖਕੇ ਨਵੀਆਂ ਬੱਸਾਂ ਪਾਈਆਂ ਜਾਣ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਇਹਨਾਂ ਬੁਲਾਰਿਆਂ ਨੇ ਇਹ ਵੀ ਫੈਸਲਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਚੋਣ ਹਲਕੇ ਤੋਂ ਇੱਕ ਰਿਟਾਇਰਡ ਕਰਮਚਾਰੀ ਨੂੰ ਟਿਕਟ ਦੇ ਕੇ ਚੋਣ ਵਿੱਚ ਖੜ੍ਹਾ ਕੀਤਾ ਜਾਵੇਗਾ, ਕੰਮ ਸੇ ਕੰਮ ਉਸ ਉਮੀਦਵਾਰ ਨੂੰ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਦਾ ਤਾਂ ਪਤਾ ਹੋਵੇਗਾ। ਅੱਜ ਦੀ ਮੀਟਿੰਗ ਵਿੱਚ ਸਰਵਸ਼੍ਰੀ ਸੁਰਿੰਦਰ ਸਿੰਘ ਬਰਿਆਣਾ ਐਨ ਆਰ ਆਈ , ਕੁਲਭੂਸ਼ਨ ਪ੍ਰਕਾਸ਼ ਸਿੰਘ ਸੈਣੀ ਐਨ ਆਰ ਆਈ ਸੀਨੀਅਰ ਮੀਤ ਪ੍ਰਧਾਨ, ਗਿਆਨ ਸਿੰਘ ਜਨਰਲ ਸਕੱਤਰ , ਮੱਖਣ ਸਿੰਘ ਐਨ ਆਰ ਆਈ, ਕਮਲਜੀਤ ਮਿਨਹਾਸ ਕੈਸ਼ੀਅਰ, ਹਰਜਿੰਦਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਕਰਨੈਲ ਸਿੰਘ ਅਜੜਾਮ, ਜਗਜੀਤ ਸਿੰਘ ਡੀਸੀ, ਮੁਖਤਿਆਰ ਸਿੰਘ,ਹਰਨਾਮ ਦਾਸ,ਬਲਬੀਰ ਸਿੰਘ, ਜੋਗ ਰਾਜ, ਗੁਰੂਦੱਤ, ਜਰਨੈਲ ਸਿੰਘ, ਪਾਖਰ ਦਾਸ,ਖੁਸ਼ਵੰਤ ਸਿੰਘ, ਮਨਮੋਹਣ ਸਿੰਘ ਵਾਲੀਆ, ਜੋਧ ਸਿੰਘ, ਪ੍ਰੇਮ ਸਿੰਘ ਰਣਜੀਤ ਸਿੰਘ ਭੂੰਡੀ, ਗੋਪਾਲ ਕ੍ਰਿਸ਼ਨ, ਜਗਦੀਸ਼ ਸਿੰਘ ਇੰਸਪੈਕਟਰ, ਭਗਵਾਨ ਦਾਸ, ਅਮਰੀਕ ਸਿੰਘ, ਮਹਿੰਦਰ ਕੁਮਾਰ, ਬਾਲ ਕਿਸ਼ਨ, ਕਰਤਾਰ ਸਿੰਘ ਇੰਸਪੈਕਟਰ, ਗੁਰਦੇਵ ਸਿੰਘ, ਹਰਮੇਸ਼ ਲਾਲ, ਸੋਹਨ ਲਾਲ, ਸ਼ਿਵ ਲਾਲ, ਹਰਦਿਆਲ ਸਿੰਘ ਬਾੜੀਆਂ, ਸੁਰਜੀਤ ਸਿੰਘ ਸੈਣੀ, ਮੰਗਲ ਸਿੰਘ ਐਨ ਆਰ ਆਈ, ਕਸ਼ਮੀਰ ਸਿੰਘ ਹਰਗੜ੍ਹੀ ਅਤੇ ਗੁਰਬਖਸ਼ ਸਿੰਘ ਮਨਕੋਟੀਆ ਸਟੇਜ ਸਕੱਤਰ ਵੀ ਹਾਜ਼ਰ ਸਨ। ਪ੍ਰਧਾਨ ਕੁਲਦੀਪ ਸਿੰਘ ਅਜੜਾਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਲੀ ਮੀਟਿੰਗ ਮਿਤੀ 5 ਮਈ, 2025 ਦਿਨ ਸੋਮਵਾਰ ਨੂੰ ਬੱਸ ਸਟੈਂਡ ਵਿਖੇ ਹੋਵੇਗੀ।

# ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬੰਗਾ ਦਾ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਪਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬੰਗਾ ਦਾ ਸਲਾਨਾ ਇਨਾਮ ਵੰਡ ਸਮਾਗਮ ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਕਰਾਇਆ ਗਿਆ। ਇਸ ਸਮੇਂ ਮੁੱਖ ਮਹਿਮਾਨ ਵਜੋਂ ਡਾ. ਸੋਹਣ ਸਿੰਘ ਪਰਮਾਰ (ਕੈਨੇਡਾ) ਨੇ ਸ਼ਿਰਕਤ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਬਿੰਦਾ (ਆਸਟਰੇਲੀਆ), ਮੈਡਮ ਹਰਵਿੰਦਰ ਕੌਰ (ਆਸਟਰੇਲੀਆ) ਗੁਰਮੀਤ ਸਿੰਘ (ਆਸਟਰੇਲੀਆ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦਾ ਆਗਾਜ਼ ਬਾਰਵੀਂ ਕਲਾਸ ਦੀ ਵਿਦਿਆਰਥਣ ਕਿਰਤ ਪ੍ਰੀਤ ਨੇ ਧਾਰਮਿਕ ਸ਼ਬਦ ਗਾਇਨ ਕਰਕੇ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸਕੂਲ ਇਨਚਾਰਜ ਜਤਿੰਦਰ ਮੋਹਨ ਜੀ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਫੁੱਲਾਂ ਦੇ ਗੁਲਦਸਤੇ ਭੇਂਟ ਕਰਦਿਆਂ ਕੀਤਾ। ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਨੇ ਦੱਸਿਆ ਕਿ ਡਾਕਟਰ ਸੋਹਣ ਸਿੰਘ ਪਰਮਾਰ ਦੇਸ਼ ਵਿਦੇਸ਼ ਵਿੱਚ ਰਹਿੰਦਿਆਂ ਅਧਿਆਪਨ ਖੇਤਰ ਚ ਸੇਵਾਵਾਂ ਦਿੰਦੇ ਰਹੇ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਲਈ ਸਮਰਪਿਤ ਰਹੇ। ਸਕੂਲ ਇਨਚਾਰਜ ਜਤਿੰਦਰ ਮੋਹਨ ਜੀ ਨੇ ਮੁੱਖ ਮਹਿਮਾਨ,




ਬੱਚਿਆਂ ਤੇ ਮਾਤਾ ਪਿਤਾ ਜੀ ਨੂੰ ਜੀ ਆਇਆ ਆਖਿਆ ਤੇ ਸਕੂਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਲਾਨਾ ਰਿਪੋਰਟ ਪੜ੍ਹੀ ਜਤਿੰਦਰ ਮੋਹਨ ਜੀ ਨੇ ਬੱਚਿਆਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਤੇ ਵਿਦਿਆਰਥੀਆਂ ਨੂੰ ਆਪਣਾ ਮਕਸਦ ਪੂਰਾ ਕਰਨ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਡਾ. ਸੋਹਣ ਸਿੰਘ ਪਰਮਾਰ ਨੇ ਕਾਲਜ ਦੀ ਸ਼ਲਾਘਾ ਕਰਦਿਆਂ ਆਪਣੇ ਜੀਵਨ ਦੀਆਂ ਘਟਨਾਵਾਂ ਰਾਹੀਂ ਬੱਚਿਆਂ ਨੂੰ ਮਨ ਲਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਆ। ਮੈਡਮ ਹਰਵਿੰਦਰ ਕੌਰ ਨੇ ਸ਼ਬਦਾਂ ਦੀ ਸਾਂਝ ਪਾਉਂਦਿਆਂ ਆਖਿਆ ਕਿ ਅਜਿਹੇ ਸਮਾਰੋਹ ਦਾ ਮੰਤਵ ਵਿਦਿਆਰਥੀਆਂ ਅੰਦਰ ਛੁਪੇ ਹੁਨਰ ਨੂੰ ਮੰਚ ਤੇ ਪੇਸ਼ ਕਰਕੇ ਉਹਨਾਂ ਦੇ ਹੌਸਲੇ ਨੂੰ ਵਧਾਵਾ ਦੇਣਾ ਹੁੰਦਾ ਹੈ। ਆਏ ਹੋਏ ਮਹਿਮਾਨਾਂ ਨੇ ਵਿਦਿਆਰਥੀਆਂ ਦਾ ਸਨਮਾਨ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਗੀਤ, ਸੰਗੀਤ, ਭਾਸ਼ਣ ਤੇ ਕਵਿਤਾ ਰਾਹੀਂ ਸਰੋਤੇ ਕੀਲੀ ਰੱਖੇ। ਵੱਖ-ਵੱਖ ਖੇਤਰਾਂ ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਮੋਮੈਂਟੋ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ ਭੇਂਟ ਕੀਤੇ ਗਏ। ਇਸ ਮੌਕੇ ਜਰਨੈਲ ਸਿੰਘ ਪੱਲੀ ਝਿੱਕੀ (ਸਕੱਤਰ )ਲੋਕਲ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਪ੍ਰੋ. ਆਵਿਦ ਵਕਾਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਰੂਬੀ ਵੱਲੋਂ ਬਾਖੂਬੀ ਨਿਭਾਈ ਗਈ। ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਅਮਿੱਟ ਪੈੜਾ ਛੱਡਦਾ ਸਫਲਤਾ ਪੂਰਵਕ ਸੰਪੰਨ ਹੋਇਆ।

# ਆਸ਼ੀ ਈਸਪੁਰੀ ਦੀ ਗਿਆਰਵੀਂ ਪੁਸਤਕ ਮੇਰਾ ਰੁਬਾਈਨਾਮਾ ਹੋਈ ਲੋਕ ਅਰਪਣ

**ਜਲੰਧਰ–** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾਲ਼ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ।ਸੰਧੂ ਵਰਿਆਣਵੀ,ਜਗਦੀਸ਼ ਰਾਣਾ,ਆਸ਼ੀ ਈਸਪੁਰੀ, ਸਵਿੰਦਰ ਸੰਧੂ,ਗੁਰਦੀਪ ਸਿੰਘ ਸੈਣੀ ਅਤੇ ਲੈਕ. ਬਲਬੀਰ ਕੌਰ ਰਾਏਕੋਟੀ ਵਿਰਾਜਮਾਨ ਹੋਏ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਪ੍ਰਲੋਕ ਸਿਧਾਰ ਗਏ ਲੇਖਕਾਂ ਪ੍ਰੋ. ਹਰਜਿੰਦਰ ਸਿੰਘ ਅਟਵਾਲ ਅਤੇ ਪ੍ਰੇਮ ਪ੍ਰਕਾਸ਼ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਲੈਕ।ਬਲਬੀਰ ਕੌਰ ਰਾਏਕੋਟੀ ਨੇ ਪੁਸਤਕ ਬਾਰੇ ਵਿਸਥਾਰ ਵਿੱਚ ਪਰਚਾ ਪੜ੍ਹਦਿਆਂ ਕਿਹਾ ਕਿ ਸਾਹਿਤ ਦੀ ਵਿਧਾ ਰੁਬਾਈ ਤੇ ਕਿਤਾਬ ਪ੍ਰਕਾਸ਼ਿਤ ਕਰ ਕੇ ਵਧੀਆ ਉਪਰਾਲਾ ਕੀਤਾ ਹੈ। ਪ੍ਰੋ. ਸੰਧੂ ਵਰਿਆਣਵੀ, ਗੁਰਦੀਪ ਸਿੰਘ ਸੈਣੀ ਅਤੇ ਸਵਿੰਦਰ ਸੰਧੂ ਨੇ ਆਸ਼ੀ ਨੂੰ ਵਧਾਈਆਂ ਦਿੰਦਿਆਂ ਹੋਇਆਂ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ ।ਜਗਦੀਸ਼ ਰਾਣਾ ਨੇ ਕਿਹਾ ਕਿ ਆਸ਼ੀ ਬਹੁਵਿਧਾਵੀ ਸ਼ਾਇਰ ਹੈ ਤੇ ਹੰਸ ਰਾਜ ਹੰਸ, ਸਾਬਰ ਕੋਟੀ ਤੇ ਹੋਰ ਪ੍ਰਸਿੱਧ ਗਾਇਕਾਂ ਨੇ ਆਸ਼ੀ ਦੇ ਲਿਖੇ ਗੀਤ ਗਾਏ ਹਨ।ਪ੍ਰਸਿੱਧ ਗੀਤਕਾਰ ਹਰਵਿੰਦਰ ਸਿੰਘ ਵੀਰ ਨੇ ਵੀ ਆਸ਼ੀ ਨੂੰ ਵਧਾਈਆਂ ਦਿੱਤੀਆਂ।ਆਸ਼ੀ ਈਸਪੁਰੀ ਨੇ ਲੋਕ ਅਰਪਣ ਹੋਈ ਪੁਸਤਕ ਚੋਂ ਆਪਣੀਆਂ ਤਿੰਨ ਰਚਨਾਵਾਂ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ।ਇਸ ਮੌਕੇ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਆਸ਼ੀ ਈਸਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਮਾਧਵੀ ਅੱਗਰਵਾਲ, ਸਵਿੰਦਰ ਸੰਧੂ,ਜਗਦੀਸ਼ ਰਾਣਾ, ਕੁਲਵਿੰਦਰ ਗਾਖਲ, ਵਿਜੈ ਵਾਜਿਦ, ਤਰਸੇਮ ਜਲੰਧਰੀ, ਸਾਹਿਬਾ ਜੀਟਨ ਕੌਰ, ਮਨਜੀਤ ਕੌਰ ਮੀਸ਼ਾ, ਰੀਤੂ ਕਲਸੀ, ਸੁਖਦੇਵ ਭੱਟੀ, ਮਨੋਜ ਫਗਵਾੜਵੀ, ਸੁਖਦੇਵ ਸਿੰਘ ਗੰਢਵਾਂ, ਹਰਜਿੰਦਰ ਜਿੰਦੀ, ਅਮਰ ਸਿੰਘ ਅਮਰ, ਮਿੱਤਰ ਮਨਜੀਤ, ਕੀਮਤੀ ਕੈਸਰ, ਲਾਲੀ ਕਰਤਾਰਪੁਰੀ, ਦਲਜੀਤ ਮਹਿਮੀ, ਰੋਹਿਤ ਸਿੱਧੂ ਅਲਗ, ਸੁਰਜੀਤ ਸਾਜਨ, ਸੋਹਣ ਸਹਿਜਲ, ਵਿਜੈ ਫ਼ਿਰਾਕ, ਉਰਮਿਲਜਿਤ ਸਿੰਘ, ਸੀਰਤ ਸਿਖਿਆਰਥੀ, ਅਵਤਾਰ ਸਿੰਘ ਬੈਂਸ, ਅਸ਼ੋਕ ਟਾਂਡੀ, ਦਰਸ਼ਨ ਸਿੰਘ ਨੰਦਰਾ, ਮੋਹਨ ਸਿੰਘ ਮੋਤੀ, ਦਿਲਬਹਾਰ ਸ਼ੌਕਤ, ਸੋਢੀ ਸੱਤੋਵਾਲ਼ੀ ਅਤੇ ਮੁਖਤਿਆਰ ਸਿੰਘ ਸ਼ਿਵਾਂਨ, ਨਗੀਨਾ ਸਿੰਘ ਬਲੱਗਣ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਜਿੱਥੇ ਗੁਰਨਾਮ ਬਾਵਾ ਅਤੇ ਜਗਦੀਸ਼ ਡਾਲੀਆ ਨੇ ਆਪਣੇ ਵਿਚਾਰ ਸਾਂਝੇ ਕੀਤੇ ਓਥੇ ਹੀ ਕਰਨਲ ਜਗਬੀਰ ਸਿੰਘ ਸੰਧੂ, ਰਛਪਾਲ ਬੱਧਣ, ਬਹਾਦਰ ਸਿੰਘ ਚੱਢਾ, ਪੰਥਕ ਕਥਾਵਾਚਕ ਕੁਲਵਿੰਦਰ ਸਿੰਘ ਘੁੰਮਣ, ਗੁਰਚਰਨ ਸਿੰਘ ਚੀਮਾ, ਗੀਤਾ ਵਰਮਾ ਅਤੇ ਆਸ਼ੀ ਈਸਪੁਰੀ ਦੀ ਜੀਵਨ ਸਾਥਣ ਸ਼੍ਰੀਮਤੀ ਬਲਬੀਰ ਕੌਰ ਅਤੇ ਬੇਟੀਆਂ ਸੁਖਦੀਪ ਕੌਰ ਅਤੇ ਲਵਦੀਪ ਕੌਰ (ਸਰਪੰਚ ਪਿੰਡ ਕੁਤਬੇਵਾਲ) ਅਤੇ ਜਵਾਈ ਪ੍ਰੋ. ਕ੍ਰਾਂਤੀ ਕੁਮਾਰ ਗਿੱਦੜਾ ਵਿਸ਼ੇਸ਼ ਤੌਰ ਤੇ ਉਪਸਥਿਤ ਰਹੇ। ਆਸ਼ੀ ਈਸਪੁਰੀ ਵਲੋਂ ਪ੍ਰਧਾਨਗੀ ਮੰਡਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਜਰਖੜ ਖੇਡਾਂ- ਸ਼ੁਰੂਆਤ 10 ਮਈ ਤੋਂ, ਫਾਈਨਲ ਮੁਕਾਬਲਾ ਹੋਵੇਗਾ 2 ਜੂਨ ਨੂੰ, ਕੁੱਲ 20 ਟੀਮਾਂ ਲੈਣਗੀਆਂ ਹਿੱਸਾ

**ਲੁਧਿਆਣਾ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਜਰਖੜ ਖੇਡਾਂ ਦੇ ਕੜੀ ਦਾ ਹਿੱਸਾ 15ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 10 ਮਈ ਤੋਂ 2 ਜੂਨ ਤੱਕ ਜਰਖੜ ਸਟੇਡੀਅਮ ਵਿਖੇ ਹੋਵੇਗਾ।

ਇਸ ਫੈਸਟੀਵਲ ਦੇ ਹਾਕੀ ਮੁਕਾਬਲੇ ਹਫਤਾਵਰੀ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਖੇਡੇ ਜਾਣਗੇ । 10 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਹੋਵੇਗਾ। ਇਸ ਲੀਗ ਦੇ ਸਾਰੇ ਮੈਚ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਹੋਣਗੇ।

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁਖ ਪ੍ਰਬੰਧਕ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਸੀਨੀਅਰ ਵਰਗ ਦੇ ਵਿੱਚ 8 ਟੀਮਾਂ ਜਦਕਿ ਜੂਨੀਅਰ ਵਰਗ (1-1-2011 ਤੋਂ ਬਾਅਦ ਦੇ ਜਨਮੇ ਖਿਡਾਰੀ) ਦੀਆਂ 12 ਟੀਮਾਂ ਹਿੱਸਾ ਲੈਣਗੀਆਂ । ਟੂਰਨਾਮੈਂਟ ਲੀਗ ਕਮ ਨਾਕ ਆਉਟ ਦੇ ਅਧਾਰ ਤੇ ਖੇਡਿਆ ਜਾਵੇਗਾ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40




ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 20 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਤ ਕੀਤਾ ਜਾਵੇਗਾ । ਇਸ ਤੋਂ ਇਲਾਵਾ ਕੁਆਰਟਰ ਫਾਈਨਲ ਵਿੱਚ ਪੁੱਜਣ




ਵਾਲੀਆਂ ਟੀਮਾਂ ਨੂੰ 6-6 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ । ਸੀਨੀਅਰ ਟੀਮਾਂ ਦੀ ਐਂਟਰੀ ਫੀਸ ਪ੍ਰਤੀ ਟੀਮ 3000 ਹੋਵੇਗੀ।

ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰੰਨਿੰਗ ਟਰਾਫੀ ਅਤੇ 21000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 15 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 10 ਹਜ਼ਾਰ,ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 8 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਟੂਰਨਾਂਮੈਂਟ ਦਾ ਮੁੱਖ ਮਕਸਦ ਸੀਨੀਅਰ ਖਿਡਾਰੀਆਂ ਨੂੰ ਹਾਕੀ ਨਾਲ ਜੋੜ ਕੇ ਰੱਖਣਾ ਜਦਕਿ ਜੂਨੀਅਰ ਬੱਚੇ ਨੂੰ ਹਾਕੀ ਪ੍ਰਤੀ ਪ੍ਰੇਰਿਤ ਕਰਨਾ ਹੈ। ਇਹ ਲੀਗ ਇਕ ਮਹੀਨੇ ਦੇ ਕਰੀਬ ਚੱਲੇਗੀ। ਇਸ ਮੌਕੇ ਰਾਜਨੀਤਿਕ ਅਤੇ ਖੇਡ ਜਗਤ ਦੀਆਂ ਉੱਘੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਵੱਖ ਵੱਖ ਮੈਚਾਂ ਦੌਰਾਨ ਸਿਰਕਤ ਕਰਨਗੀਆਂ। ਟੂਰਨਾਂਮੈਂਟ ਦੇ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਲਾਜਵਾਬ ਹੋਣਗੇ। ਟੀਮਾਂ ਦੀ ਐਂਟਰੀ 25 ਅਪ੍ਰੈਲ ਤੱਕ ਹੋਵੇਗੀ।

# ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸਕੂਲਾਂ 'ਚ 30 ਲੱਖ ਰੁਪਏ ਦੇ ਕੰਮਾਂ ਦਾ ਉਦਘਾਟਨ ਕੀਤਾ

**ਹੁਸ਼ਿਆਰਪੁਰ–** ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਸਿੱਖਿਆ ਕ੍ਰਾਂਤੀ' ਤਹਿਤ ਹਲਕਾ ਚੱਬੇਵਾਲ ਵਿਖੇ ਤਿੰਨ ਸਕੂਲਾਂ ਵਿਚ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉ-ਦਘਾਟਨ ਕਰਦਿਆਂ ਕਿਹਾ ਕਿ ਰਾਜ ਸਰਕਾਰ ਸਿੱਖਿਆ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਪੂਰੀ ਤਰ੍ਹਾਂ ਸੁਹਿਰਦ ਅਤੇ ਵਚਨਬੱਧ ਹੈ।



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾੜੀਆਂ ਕਲਾਂ ਵਿਖੇ 18.72 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਬਾੜੀਆਂ ਕਲਾਂ ਵਿਖੇ 9.1 ਲੱਖ ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭੂੰਨੋ ਵਿਖੇ 2.5 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਅਤੇ ਵਿਦਿਆਰਥੀਆਂ ਨੂੰ ਸਾਈਕਲ ਵੰਡਣ ਮੌਕੇ ਲੋਕ ਸਭਾ ਮੈਂਬਰ ਡਾ। ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਰਾਜ ਵਿਚ ਸਿੱਖਿਆ ਦੇ ਖੇਤਰ ਨੂੰ ਬਣਦੀ ਤਰਜ਼ੀਹ ਪਹਿਲੀ ਵਾਰ ਦਿੱਤੀ ਗਈ ਹੈ ਜਿਸ ਦਾ ਸਿਹਰਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਨਾ ਸਿਰਫ਼ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤੀ ਮਿਲ ਰਹੀ ਹੈ ਸਗੋਂ ਸਿੱਖਿਆ ਦੇ ਪੱਧਰ ਵਿਚ ਵੱਡੇ ਸੁਧਾਰਾਂ ਦੇ ਨਾਲ-ਨਾਲ ਅਧਿਆਪਕਾਂ ਨੂੰ ਵਿਦੇਸ਼ੀ ਸੰਸਥਾਵਾਂ ਵਿਚ ਟਰੇਨਿੰਗ ਪ੍ਰਦਾਨ ਕਰਵਾਈ ਜਾ ਰਹੀ ਹੈ ਜਿਸ ਦੇ ਨਤੀਜੇ ਵਜੋਂ ਪੰਜਾਬ ਸਿੱਖਿਆ ਦੇ ਨਕਸ਼ੇ 'ਤੇ ਸ਼ਾਨਦਾਰ ਢੰਗ ਨਾਲ ਉਭਰ ਰਿਹਾ ਹੈ। ਪੰਜਾਬ ਸਰਕਾਰ ਵਲੋਂ ਸੂਬੇ ਦੇ ਕੁੱਲ ਬਜਟ ਦਾ 12 ਫੀਸਦੀ ਸਿੱਖਿਆ ਦੇ ਖੇਤਰ ਲਈ ਰਾਂਖਵਾਂ ਰੱਖਣ ਦੀ ਗੱਲ ਕਰਦਿਆਂ ਡਾ। ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਨੂੰ ਹਰ ਪੱਖੋਂ ਮਜ਼ਬੂਤ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ ਅਤੇ ਇਸ ਮਕਸਦ ਲਈ ਰੱਖੇ 17975 ਕਰੋੜ ਰੁਪਏ ਨਾਲ ਇਸ ਖੇਤਰ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਯਤਨਾਂ ਸਦਕਾ ਅਧਿਆਪਨ ਦੇ ਖੇਤਰ ਵਿਚ ਲੋੜੀਂਦੀ ਤਬਦੀਲੀ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਮੌਜੂਦਾ ਯੁੱਗ 'ਚ ਮੁਕਾਬਲੇਬਾਜ਼ੀ ਦੇ ਮੱਦੇਨਜ਼ਰ ਮਿਆਰੀ ਸਿੱਖਿਆ ਹਾਸਲ ਹੋ ਰਹੀ ਹੈ ਜਿਸ ਨਾਲ ਉਹ ਦੇਸ਼-ਵਿਦੇਸ਼ ਵਿਚ ਚੁਨੌਤੀਆਂ ਦਾ ਸਹਿਜੇ ਸਾਹਮਣਾ ਕਰ ਸਕਣਗੇ। ਉਨ੍ਹਾਂ ਕਿਹਾ ਕਿ ਹਲਕਾ ਚੱਬੇਵਾਲ ਵਿਚ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਵੱਡੇ ਸੁਧਾਰ ਕੀਤੇ ਗਏ ਹਨ ਅਤੇ ਭਵਿੱਖ ਵਿਚ ਵੀ ਇਹ ਸੁਧਾਰ ਜਾਰੀ ਰਹਿਣਗੇ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਵਿਦਿਆਰਥੀ, ਮਾਪੇ ਅਤੇ ਹੋਰ ਸ਼ਖਸੀਅਤਾਂ ਮੌਜੂਦ ਸਨ।

# ਡਾ. ਹਰਸ਼ ਸਦਾਵਰਤੀ ਦੇਸ਼ ਭਗਤ ਯੂਨੀਵਰਸਿਟੀ ਦੇ ਨਵੇਂ ਵਾਈਸ ਚਾਂਸਲਰ ਵਜੋਂ ਨਿਯੁਕਤ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਨੇ ਅਧਿਕਾਰਤ ਤੌਰ 'ਤੇ ਡਾ। ਹਰਸ਼ ਸਦਾਵਰਤੀ ਨੂੰ ਆਪਣੇ ਨਵੇਂ ਵਾਈਸ ਚਾਂਸਲਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਖੋਜ, ਨਵੀਨਤਾ ਅਤੇ ਸੰਸਥਾਗਤ ਵਿਕਾਸ ਵਿੱਚ ਇੱਕ ਮਜ਼ਬੂਤ ਪਿਛੋਕੜ ਵਾਲੇ ਇੱਕ ਪ੍ਰਸਿੱਧ ਅਕਾਦਮਿਕ ਨੇਤਾ, ਡਾ. ਸਦਾਵਰਤੀ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਸਮਾਜਿਕ ਪ੍ਰਭਾਵ ਨੂੰ ਉੱਚਾ ਚੁੱਕਣ ਦੇ ਦ੍ਰਿਸ਼ਟੀਕੋਣ ਨਾਲ ਇਸ ਭੂਮਿਕਾ ਵਿੱਚ ਅਹਿਮ ਹਨ।



ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਕਿਹਾ ਕਿ ਅਸੀਂ ਦੇਸ਼ ਭਗਤ ਯੂਨੀਵਰਸਿਟੀ ਵਿੱਚ ਡਾ. ਹਰਸ਼ ਸਦਾਵਰਤੀ ਦਾ ਬਤੌਰ ਵਾਈਸ ਚਾਂਸਲਰ ਸਵਾਗਤ ਕਰਨ ਲਈ ਉਤਸ਼ਾਹਿਤ ਹਾਂ। ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਉੱਚ ਸਿੱਖਿਆ ਲੀਡਰਸ਼ਿਪ ਵਿੱਚ ਆਪਣੇ ਵਿਆਪਕ ਤਜ਼ੁਰਬੇ ਅਤੇ ਅਕਾਦਮਿਕ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੇ ਟਰੈਕ ਰਿਕਾਰਡ ਦੇ ਨਾਲ, ਡਾ. ਸਦਾਵਰਤੀ ਯੂਨੀਵਰਸਿਟੀ ਨੂੰ ਵਿਕਾਸ ਅਤੇ ਪਰਿਵਰਤਨ ਦੇ ਅਗਲੇ ਪੜਾਅ ਵਿੱਚ ਅਗਵਾਈ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਡਾ: ਹਰਸ਼ ਸਦਾਵਰਤੀ ਨੇ ਕਿਹਾ, "ਮੈਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਨਿਯੁਕਤ ਹੋਣ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਯੂਨੀਵਰਸਿਟੀ ਦੇ ਪ੍ਰਬੰਧਨ ਅਤੇ ਪੂਰੀ ਡੀਬੀਯੂ ਟੀਮ ਦਾ ਉਨ੍ਹਾਂ ਦੇ ਵਿਸ਼ਵਾਸ ਅਤੇ ਅਟੁੱਟ ਸਮਰਥਨ ਲਈ ਦਿਲੋਂ ਧੰਨਵਾਦ। ਅਜਿਹੀ ਸ਼ਾਨਦਾਰ ਸੰਸਥਾ ਦੀ ਅਗਵਾਈ ਕਰਨਾ ਇੱਕ ਸਨਮਾਨ ਦੀ ਗੱਲ ਹੈ, ਅਤੇ ਮੈਂ ਇਸ ਅਹੁਦੇ ਨਾਲ ਆਉਣ ਵਾਲੀਆਂ ਜ਼ਿੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਜਾਣੂ ਹਾਂ।"ਉਨ੍ਹਾਂ ਅੱਗੇ ਕਿਹਾ ਕਿ ਮੈਂ ਆਸ਼ਾਵਾਦੀ ਹਾਂ ਅਤੇ ਸਾਡੀ ਯੂਨੀਵਰਸਿਟੀ ਨੂੰ ਵਿਕਾਸ, ਨਵੀਨਤਾ ਅਤੇ ਉੱਤਮਤਾ ਵੱਲ ਸੇਧਿਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਮੈਂ ਨਵੀਆਂ ਉਚਾਈਆਂ ਪ੍ਰਾਪਤ ਕਰਨ ਅਤੇ ਸਾਡੇ ਸਾਂਝੇ ਦ੍ਰਿਸ਼ਟੀਕੋਣ ਨੂੰ ਹਕੀਕਤ ਬਣਾਉਣ ਲਈ ਸਾਡੇ ਡੀਬੀਯੂ ਪਰਿਵਾਰ ਦੇ ਹਰੇਕ ਮੈਂਬਰ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ। ਦੇਸ਼ ਭਗਤ ਯੂਨੀਵਰਸਿਟੀ ਡਾ. ਸਦਾਵਰਤੀ ਦੇ ਮਾਰਗਦਰਸ਼ਨ ਹੇਠ ਇੱਕ ਗਤੀਸ਼ੀਲ ਅਤੇ ਪ੍ਰਗਤੀਸ਼ੀਲ ਭਵਿੱਖ ਦੀ ਉਮੀਦ ਕਰਦੀ ਹੈ।

# ਬਸਪਾ ਵੱਲੋਂ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ

## ਮਾਮਲਾ ਨੰਗਲ 'ਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੂੰ ਅਧਾਰ ਬਣਾ ਕੇ ਉਨ੍ਹਾਂ ਨੂੰ ਅਪਮਾਨਿਤ ਕਰਨ ਦਾ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਫਿਲੌਰ ਵਿੱਚ ਲੱਗੇ ਬੁੱਤ 'ਤੇ



ਖਾਲਿਸਤਾਨ ਦੇ ਨਾਅਰੇ ਲਿਖ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਬਾਰੇ ਭੱਦੀ ਸ਼ਬਦਾਵਲੀ ਵਰਤਣ ਵਾਲੇ ਪੰਨੂ ਅਤੇ ਉਸਦੇ ਸਾਥੀਆਂ ਉੱਤੇ ਸਖਤ ਕਾਰਵਾਈ ਲਈ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਜੋਨ ਇੰਚਾਰਜ ਪ੍ਰਵੀਨ ਬੰਗਾ ਦੀ ਅਗਵਾਈ ਹੇਠ ਮੰਗ ਪੱਤਰ ਦਿੱਤਾ। ਜਿਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੀ ਬੰਗਾ ਨੇ ਦੱਸਿਆ ਕਿ ਇਸ ਮੰਗ ਪੱਤਰ ਰਾਹੀਂ ਪੰਨੂ ਦੇ ਖਿਲਾਫ ਐਨਐਸਏ ਲਗਾਉਣ ਤੇ ਭਾਰਤ ਸਰਕਾਰ ਪੂਨੂੰ ਨੂੰ ਗ੍ਰਿਫ਼ਤਾਰ ਕਰਕੇ ਅਮਰੀਕਾ ਤੋਂ ਭਾਰਤ ਵਿੱਚ ਲਿਆਉਣ ਦੀ ਮੰਗ ਕੀਤੀ ਗਈ ਹੈ। ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਪੰਜਾਬ ਅਤੇ ਦੇਸ਼ ਵਿੱਚ ਫੈਲੇ ਉਨ੍ਹਾਂ ਦੇ ਨੈਟਵਰਕ ਦੇ ਖਿਲਾਫ਼ ਵੀ ਕਾਰਵਾਈ ਕਰਕੇ ਉਨ੍ਹਾਂ ਦੇ ਸਾਰੇ ਗੈਂਗ ਨੂੰ ਜੇਲ੍ਹਾਂ ਵਿੱਚ ਡੱਕੇ। ਸ਼੍ਰੀ ਬੰਗਾ ਨੇ ਕਿਹਾ ਕਿ ਪੰਜਾਬ ਦੇ ਵਿੱਚ ਜਿੱਥੇ ਜਿੱਥੇ ਵੀ ਡਾਕਟਰ ਅੰਬੇਡਕਰ ਜੀ ਦੇ ਬੁੱਤ ਲੱਗੇ ਹਨ ਉਹਨਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਨੂੰ ਪੂਨੂੰ ਵੱਲੋਂ ਸੋਸ਼ਲ ਮੀਡੀਆ ਤੇ ਦਿੱਤੀਆਂ ਧਮਕੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਰੱਖਿਆ ਵਧਾਈ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਨੂ ਸਮੇਤ ਸਾਰੇ ਦੋਸ਼ੀਆਂ 'ਤੇ ਸਖਤ ਤੋਂ ਸਖਤ ਕਾਰਵਾਈ ਲਈ ਨੰਗਲ (ਫਿਲੌਰ) ਵਿਖੇ ਜਿੱਥੇ ਬਾਬਾ ਸਾਹਿਬ ਦੇ ਬੁੱਤ ਨੂੰ ਅਧਾਰ ਬਣਾ ਕੇ ਬਾਬਾ ਸਾਹਿਬ ਨੂੰ ਅਪਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਉੱਥੇ ਬਸਪਾ ਵੱਲੋਂ ਜੋ ਪੱਕਾ ਮੋਰਚਾ ਲੱਗਾ ਹੈ ਉਸ ਵਿੱਚ ਹਰ ਰੋਜ ਜਿਆਦਾ ਤੋਂ ਜਿਆਦਾ ਹਾਜਰੀ ਯਕੀਨੀ ਬਣਾਈ ਜਾਏ।

ਇਸ ਮੌਕੇ ਸੂਬਾ ਆਗੂ ਬਲਵਿੰਦਰ ਬਿੱਟਾ, ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ, ਦਵਿੰਦਰ ਸਿੰਘ ਰਾਮਗੜੀਆ, ਨਿਰਮਲ ਸਿੰਘ ਸਾਇਆ, ਇੰਦਰੇਸ਼ ਤੋਮਰ, ਸੋਨੂ ਅੰਬੇਡਕਰ, ਬਿੱਟੂ ਸ਼ੇਰਪੁਰੀ, ਬੰਸੀ ਲਾਲ ਪ੍ਰੇਮੀ, ਅਮਰੀਕ ਸਿੰਘ ਘੁਲਾਲ, ਅਮਰੀਕ ਸਿੰਘ ਰੇਲਵੇ, ਸੁਖਦੇਵ ਚੱਡਾ, ਸੁਖਦੇਵ ਭਟੋਏ, ਸਤਨਾਮ ਸਿੰਘ ਬਿੰਦ, ਘਈ ਆਦਿ ਹਾਜਰ ਸਨ।

# ਪਹਿਲੀ ਮਈ ਨੂੰ ਮਜਦੂਰ ਦਿਹਾੜਾ ਕਾਨਫਰੰਸ ਕਰਨ ਦਾ ਐਲਾਨ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)–** ਅੱਜ ਹੱਲੋਮਾਜਰਾ (ਚੰਡੀਗੜ੍ਹ) ਵਿਖੇ ਕਾਰਖਾਨਾ ਮਜਦੂਰ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੀ ਸਾਂਝੀ ਮੀਟਿੰਗ ਕਰਕੇ ਪਹਿਲੀ ਮਈ ਨੂੰ ਚੰਡੀਗੜ੍ਹ ਵਿੱਚ ਕੌਮਾਂਤਰੀ ਮਜਦੂਰ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ। ਮਈ ਦਿਹਾੜੇ ਦਾ ਇਨਕਲਾਬੀ ਸੁਨੇਹਾ ਅਤੇ ਮਈ ਦਿਨ ਕਾਨਫਰੰਸ ਦਾ ਸੱਦਾ ਵਿਆਪਕ ਮਜਦੂਰ ਕਿਰਤੀ ਅਬਾਦੀ ਤੱਕ ਪਹੁੰਚਾਉਣ ਲਈ ਜਥੇਬੰਦੀਆ ਵੱਲੋਂ ਤਿੰਨ ਹਫਤੇ ਸੰਘਣੀ ਪ੍ਰਚਾਰ ਮੁਹਿੰਮ ਚਲਾਈ ਜਾਵੇਗੀ। ਹਜਾਰਾਂ ਦੀ ਗਿਣਤੀ ਵਿੱਚ ਪਰਚਾ ਪੋਸਟਰ ਛਾਪਿਆ ਜਾਵੇਗਾ। ਮੀਟਿੰਗਾਂ, ਨੁੱਕੜ ਸਭਾਵਾਂ ਕੀਤੀਆਂ ਜਾਣਗੀਆਂ। ਪਹਿਲੀ ਮਈ ਨੂੰ ਸਾਰੇ ਸੰਸਾਰ ਵਿੱਚ ਕੌਮਾਂਤਰੀ ਮਜਦੂਰ ਦਿਹਾੜੇ ਮੌਕੇ ਇਕੱਠੇ ਹੋ ਕੇ ਮਜਦੂਰ ਸ਼ਿਕਾਗੋ ਦੇ ਮਜਦੂਰ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਮਜਦੂਰ ਜਮਾਤ ਦੀ ਸਰਮਾਏਦਾਰ ਜਮਾਤ ਹੱਥੋਂ ਗੁਲਾਮੀ ਤੋਂ ਮੁਕਤੀ ਦਾ ਸੰਘਰਸ਼ ਅੱਗੇ ਵਧਾਉਣ ਦੇ ਸੰਕਲਪ ਲੈਣਗੇ। ਕੌਮਾਂਤਰੀ ਮਜਦੂਰ ਦਿਹਾੜੇ ਦੀ ਇਹ ਸਿੱਖਿਆ ਹੈ ਕਿ ਮਜਦੂਰ ਜਮਾਤ ਦੀ ਮੁਕਤੀ ਖੁਦ ਮਜਦੂਰ ਜਮਾਤ ਹੱਥੋਂ ਹੋਣੀ ਹੈ। ਇਸ ਦਿਨ ਦੀ ਇਨਕਲਾਬੀ ਵਿਰਾਸਤ ਮਜਦੂਰਾਂ ਨੂੰ ਦੇਸ਼, ਕੌਮ, ਜਾਤ, ਧਰਮ, ਨਸਲ ਆਦਿ ਵੰਡੀਆਂ ਨੂੰ ਨਕਾਰ ਕੇ ਜਮਾਤੀ ਤੌਰ ਉੱਤੇ ਇਕਮੁੱਠ ਹੋ ਕੇ ਲੋਟੂ, ਮਨੁੱਖ ਦੋਖੀ ਮੌਜੂਦਾ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦੇ ਖਾਤਮੇ ਲਈ ਸੰਘਰਸ ਤੇਜ ਕਰਨ ਦੀ ਪ੍ਰੇਰਣਾ ਦਿੰਦੀ ਹੈ। ਮਜਦੂਰ ਆਗੂਆਂ ਨੇ ਕਿਹਾ ਕਿ ਮੌਜੂਦਾ ਸੰਸਾਰ ਹਾਲਤਾਂ ਵਿੱਚ ਜਦ ਸਰਮਾਏਦਾਰਾ-ਸਾਮਰਾਜੀ ਲੁੱਟ ਪਹਿਲਾਂ ਦੇ ਕਿਸੇ ਵੀ ਸਮੇਂ ਤੋਂ ਕਿਤੇ ਵਧੇਰੇ ਤਿੱਖੀ ਹੋ ਚੁੱਕੀ ਹੈ ਉਸ ਸਮੇਂ ਕੌਮਾਂਤਰੀ ਮਜਦੂਰ ਦਿਹਾੜੇ ਦਾ ਮਹੱਤਵ ਬਹੁਤ ਵੱਧ ਜਾਂਦਾ ਹੈ। ਜੱਥੇਬੰਦੀਆਂ ਨੇ ਕੌਮਾਂਤਰੀ ਮਜਦੂਰ ਦਿਹਾੜਾ ਮਨਾਉਣ ਨੂੰ ਰਸਮ-ਅਦਾਇਗੀ ਦੀਆਂ ਕਾਰਵਾਈਆਂ ਤੱਕ ਸੀਮਤ ਕਰ ਦੇਣ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਦੇ ਹੋਏ, ਇਸਦੀ ਮਹਾਨ ਵਿਰਾਸਤ ਤੇ ਸਿੱਖਿਆਵਾਂ ਤੋਂ ਮਜਦੂਰਾਂ ਨੂੰ ਜਾਣੂ ਕਰਾਉਂਦੇ ਹੋਏ ਪੂਰੇ ਇਨਕਲਾਬੀ ਜੋਸ਼-ਖਰੋਸ਼ ਨਾਲ ਮਜਦੂਰਾਂ ਦੇ ਸਭ ਤੋਂ ਵੱਡੇ ਤਿਓਹਾਰ ਨੂੰ ਮਨਾਉਣ ਦਾ ਸੱਦਾ ਦਿੱਤਾ ਹੈ।



# ਡਾ. ਅੰਬੇਦਕਰ ਦੀ ਨਿਰਾਦਰੀ ਦੀਆਂ ਘਟਨਾਵਾਂ ਦੀ ਪੰਚ ਪ੍ਰਧਾਨੀ ਪੰਥਕ ਜਥੇ ਵੱਲੋਂ ਕਰੜੀ ਨਿਖੇਧੀ

## ਨਿਮਾਣੇ ਵਰਗ ਨੂੰ ਉੱਚਾ ਚੁੱਕਣ ਲਈ ਸਿੱਖ ਸੰਘਰਸ਼ ਦੇ ਅਦਾਰਸ਼ਾਂ ਤੇ ਡਾ. ਅੰਬੇਦਕਰ ਦੇ ਕਾਰਜਾਂ ਵਿਚ ਵੱਡੀ ਸਾਂਝ ਹੈ ਐਸ.ਸੀ. ਭਾਈਚਾਰੇ ਤੇ ਸਿੱਖਾਂ ਵਿਚ ਪਾੜਾ ਪਾਉਣਾ ਦੀ ਦਿੱਲੀ ਦਰਬਾਰ ਦੀ ਨੀਤੀ ਸੁਚੇਤ ਹੋਣ ਦੀ ਲੋੜ

ਪੰਥ ਸੇਵਕ ਸਖਸ਼ੀਅਤਾਂ ਦੇ ਪੰਚ ਪ੍ਰਧਾਨੀ ਪੰਥਕ ਜਥੇ ਵੱਲੋਂ ਇਕ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਗਿਆ ਹੈ ਕਿ ਨਿਤਾਣੇ ਵਰਗਾਂ ਦੀ ਭਲਾਈ ਲਈ ਤੇ ਉਹਨਾ ਨੂੰ ਸਮਾਜ ਵਿਚ ਬਰਾਬਰ ਦਾ ਰੁਤਬਾ ਦਿਵਾਉਣ ਲਈ ਉਮਰ ਭਰ ਯਤਨਸ਼ੀਲ ਰਹੇ ਡਾ. ਭੀਮ ਰਾਓ ਅੰਬੇਦਕਰ ਦਾ ਨਿਰਾਦਰ ਕਰਨ ਦੀਆਂ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਨਿੰਦਣਯੋਗ ਹਨ। ਮੌਜੂਦਾ ਸਮੇਂ ਵਿਚ ਵਾਪਰ ਰਹੀਆਂ ਇਹ ਘਟਨਾਵਾਂ ਐਸ. ਸੀ. ਭਾਈਚਾਰੇ ਅਤੇ ਸਿੱਖਾਂ ਦਰਮਿਆਨ ਪਾੜਾ ਪਾਉਣ ਦੀ ਨੀਤੀ ਤੋਂ ਪ੍ਰੇਰਿਤ ਲੱਗਦੀਆਂ ਹਨ।

ਪੰਚ ਪ੍ਰਧਾਨੀ ਪੰਥਕ ਜਥੇ ਨੇ ਕਿਹਾ ਹੈ ਕਿ ਦਿੱਲੀ ਦਰਬਾਰ ਦੀ ਸੱਤਾਧਾਰੀ ਬਿਪਰਵਾਦੀ ਧਿਰ ਪੰਜਾਬ ਵਿਚ ਸਿੱਖਾਂ ਅਤੇ ਦਲਿਤਾਂ ਨੂੰ ਪਾੜ ਕੇ ਆਪਣੇ ਮੁਫਾਦ ਪੂਰੇ ਕਰਨ ਅਤੇ ਦਲਿਤਾਂ ਤੇ ਸਿੱਖਾਂ ਨੂੰ ਕਮਜ਼ੋਰ ਕਰਕੇ ਉਹਨਾ ਨੂੰ ਨਪੀੜਨ ਲਈ ਲੰਮੇ ਸਮੇਂ ਤੋਂ ਯਤਨਸ਼ੀਲ ਹੈ ਅਤੇ ਡਾ। ਭੀਮ ਰਾਓ ਅੰਬੇਦਕਰ ਦੇ ਨਿ-ਰਾਦਰ ਦੀਆਂ ਘਟਨਾਵਾਂ ਦਿੱਲੀ ਦਰਬਾਰ ਦੇ ਮੁਫਾਦ ਪੂਰਾ ਕਰਨ ਦਾ ਮੰਦਭਾਗਾ ਸਬੱਬ ਬਣ ਰਹੀਆਂ ਹਨ। ਭਾਰਤੀ ਸੰਵਿਧਾਨ ਵਿਚਲੀ ਕਿਸੇ ਧਾਰਾ, ਸਮੇਤ ਧਾਰਾ 25 ਦੀ ਮੱਦ 2-ਬੀ ਦੀ ਦੂਜੀ ਵਿਆਖਿਆ ਦੇ, ਵਾਸਤੇ ਡਾ। ਅੰਬੇਦਕਰ ਨੂੰ ਸਿੱਖਾਂ ਦਾ ਦੋਸ਼ੀ ਗਰਦਾਨਣਾ ਸਰਾਸਰ ਗਲਤ ਕਾਰਵਾਈ ਹੈ। ਇਹ ਮੱਦ ਦੇ ਹਵਾਲੇ ਨਾਲ ਦਲਿਤਾਂ ਅਤੇ ਸਿੱਖਾਂ ਦਰਮਿਆਨ ਪਾੜਾ ਪਾਉਣ ਦਾ ਯਤਨ ਕਰਨਾ ਕੋਝੀ ਕਾਰਵਾਈ ਹੈ।

ਇਸ ਬਿਆਨ ਵਿਚ ਅੱਗੇ ਕਿਹਾ ਹੈ ਕਿ ਡਾ. ਅੰਬੇਦਕਰ ਦਾ ਪੂਰਾ ਜੀਵਨ ਨਿਮਾਣੇ-ਨਿਤਾਣੇ ਵਰਗਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਨੂੰ ਸਮਰਪਿਤ ਰਿਹਾ। ਆਪਣੇ ਜੀਵਨ ਕਾਲ ਦੌਰਾਨ ਉਹਨਾ ਨਿਮਾਣੇ ਵਰਗਾਂ ਨੂੰ ਉੱਚਾ ਚੁੱਕਣ ਲਈ ਬੌਧਿਕ ਅਤੇ ਅਮਲੀ ਪੱਧਰ ਉੱਤੇ ਅਕਥ ਸੰਘਰਸ਼ ਕੀਤਾ। ਡਾ। ਅੰਬੇਦਕਰ ਦੇ ਸਿੱਖਾਂ ਨਾਲ ਚੰਗੇ ਤਾਲੁਕਾਤ ਰਹੇ ਅਤੇ ਉਹਨਾ ਸਿੱਖ ਬਣਨ ਦੀ ਇੱਛਾ ਵੀ ਪਰਗਟ ਕੀਤੀ ਪਰ ਭਾਵੇਂ ਕਿ ਵਕਤ ਦੇ ਹਾਲਾਤ ਕਾਰਨ ਉਹ ਸਿੱਖ ਨਾ ਬਣ ਸਕੇ ਪਰ ਹਿੰਦੂ ਧਰਮ ਨੂੰ ਛੱਡ ਕੇ ਬੋਧੀ ਬਣ ਗਏ ਸਨ।




ਅੱਜ ਜਾਰੀ ਕੀਤੇ ਇਸ ਬਿਆਨ ਵਿਚ ਦਰਜ਼ ਹੈ ਕਿ ਗੁਰੂ ਸਾਹਿਬਾਨ ਨੇ ਖਾਲਸੇ ਨੂੰ 'ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭੱਖਿਆ' ਦਾ ਬਿਰਦ ਬਖਸ਼ਿਆ ਹੈ। ਗੁਰੂ ਕੇ ਸਿੱਖ ਸਦਾ ਨਿਮਾਣੇ ਵਰਗਾਂ ਦੀ ਬਿਹਤਰੀ ਲਈ ਤਤਪਰ ਰਹਿੰਦੇ ਹਨ। ਖਾਲਿਸਤਾਨ ਦਾ ਸੰਘਰਸ਼ ਗੁਰਮਤਿ ਦੇ ਆਸ਼ੇ ਅਨੁਸਾਰ ਵਿਤਕਰੇ ਜਾਂ ਉਚ-ਨੀਚ ਤੋਂ ਰਹਿਤ, ਬਰਾਬਰੀ ਤੇ ਸਰਬ ਸਾਂਝੀਵਾਲਤਾ ਵਾਲਾ ਬੇਗਮਪੁਰਾ ਦੀ ਨਿਆਈਂ ਸਮਾਜ ਸਿਰਜਣ ਅਤੇ ਸਰਬੱਤ ਦੇ ਭਲੇ ਵਾਲਾ ਹਲੇਮੀ ਰਾਜ ਸਿਜਣ ਵਾਸਤੇ ਹੈ ਨਾ ਕਿ ਕਿਸੇ ਇਕ ਖਾਸ ਵਰਗ ਜਾਂ ਸਿਰਫ ਸਿੱਖਾਂ ਲਈ।

ਪੰਚ ਪ੍ਰਧਾਨੀ ਪੰਥਕ ਜਥੇ ਨੇ ਡਾ। ਅੰਬੇਦਕਰ ਦੇ ਨਿਰਾਦਰ ਨੂੰ ਖਾਲਿਸਤਾਨ ਦੇ ਸੰਘਰਸ਼ ਦਾ ਜੋੜਨਾ ਘਿਨਾਉਣੀ ਕਾਰਵਾਈ ਹੈ।

ਇਸ ਸਮੇਂ ਖਾਲਿਸਤਾਨ ਦੇ ਪਵਿੱਤਰ ਸ਼ੰਘਰਸ਼ ਦੇ ਨਾਮ ਉੱਪਰ ਨਿਮਾਣੇ ਵਰਗਾਂ ਤੇ ਸਿੱਖਾਂ ਵਿਚ ਦਰਾੜ ਪਾਉਣ ਦਾ ਯਤਨ ਕਰਨਾ ਜਾਂ ਭਾੜੇ ਉੱਤੇ ਸੰਘਰਸ਼ ਦੇ ਮਿਆਰ ਤੋਂ ਹੀਣੀਆਂ ਕਾਰਵਾਈਆਂ ਕਰਵਾਉਣ ਵਾਲੇ ਹਿੱਸਿਆਂ ਪ੍ਰਤੀ ਸਿੱਖਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਉਹਨਾ ਕਿਹਾ ਕਿ ਖਾਲਿਸਤਾਨ ਦੇ ਸੰਘਰਸ਼ ਦਾ ਅਧਾਰ ਦੀ ਸੇਵਾ, ਸਿਮਰਨ, ਉੱਚੇ ਕਿਰਦਾਰਾਂ ਤੇ ਸ਼ਹਾਦਤਾਂ ਉੱਤੇ ਨਿਰਭਰ ਹੈ ਅਤੇ ਪੈਸੇ ਲਈ ਜਾਂ ਪੈਸੇ ਦੇ ਜੋਰ ਉੱਤੇ ਕਰਵਾਈਆਂ ਜਾਣ ਵਾਲੀਆਂ ਕਾਰਵਾਈਆਂ ਦਾ ਖਾਲਿਸਤਾਨ ਦੇ ਸੰਘਰਸ਼ ਨਾਲ ਸਰੋਕਾਰ ਨਹੀਂ ਹੈ।

ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰਮਤਿ ਆਸ਼ੇ ਦੇ ਮੱਦੇਨਜ਼ਰ ਸਿੱਖਾਂ ਦਾ ਅਸੂਲਨ ਤੇ ਪ੍ਰਮੁੱਖ ਵਿਰੋਧ ਵਿਤਕਰੇ ਅਤੇ ਊਚ-ਨੀਚ ਵਾਲੀ ਬਿਪਰਨ ਕੀ ਰੀਤ, ਸਰੋਤਾਂ ਦੀ ਬੇਕਿਕਰ ਲੁੱਟ ਕਰਨ ਵਾਲੇ ਕਰੋਨੀ-ਕੈਪਿਟਲਇਜ਼ਮ, ਵੰਨਸੁਵੰਨਤਾ ਮੇਟ ਕੇ ਇਕੋ-ਇਕਹਿਰੀ ਪਛਾਣ ਘੜਨ ਵਾਲੀ ਨੇਸ਼ਨ-ਸਟੇਟ ਬਿਲਡਿੰਗ ਦੀ ਵਿਚਾਰਧਾਰਾ ਅਤੇ ਸੱਤਾ ਤੇ ਤਾਕਤ ਦੇ ਕੇਂਦਰੀਕਰਨ ਵਾਲੀਆਂ ਸਿਆਸੀ ਧਾਰਾਵਾਂ ਨਾਲ ਹੈ। ਇਹਨਾ ਤੋਂ ਪੀੜਤ ਹਿੱਸੇ ਸਾਡੇ ਸੰਭਾਵੀ ਸਹਿਯੋਗੀ ਹਨ ਭਾਵੇਂ ਕਿ ਉਹਨਾ ਨਾਲ ਕੁਝ ਗੱਲਾਂ ਉੱਪਰ ਮਤਭੇਦ ਵੀ ਹੋ ਸਕਦੇ ਹਨ। ਸਿੱਖਾਂ ਨੂੰ ਉਕਤ ਅਲਾਮਤਾਂ ਵਿਰੁਧ ਸੰਘਰਸ਼ ਕਰਨ ਵਾਲੇ ਹਿੱਸਿਆਂ ਨਾਲ ਟਕਰਾਅ ਦੀ ਸਥਿਤੀ ਸਿਰਜਣ ਤੋਂ ਹਰ ਸੰਭਵ ਪੱਧਰ ਤੱਕ ਬਚਣਾ ਚਾਹੀਦਾ ਹੈ। ਸਗੋਂ ਇਹਨਾ ਨਾਲ ਆਪਸੀ ਸਾਂਝ ਦੀਆਂ ਸੰਭਾਵਨਾਵਾਂ ਨੂੰ ਅਮਲੀ ਜਾਮਾ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਵੱਲੋਂ:**
**ਪੰਚ ਪ੍ਰਧਾਨੀ ਪੰਥਕ ਜਥਾ**
**੨੬ ਚੇਤ ੫੫੭ ਨਾਨਕਸ਼ਾਹੀ**
**8 ਅਪਰੈਲ 2025 ਈ.**






11 ਅਪ੍ਰੈਲ ਜਨਮ ਦਿਵਸ ਤੇ ਵਿਸ਼ੇਸ਼

# ਬ੍ਰਾਹਮਣਵਾਦੀ ਸਮਾਜਕ ਵਿਵਸਥਾ ਵਿਰੁੱਧ ਸੰਸਕ੍ਰਿਤਕ ਵਿਦਰੋਹ ਦੇ ਪਿਤਾਮਾ- ਮਹਾਤਮਾ ਜੋਤੀ ਬਾ ਫੂਲੇ ਜੀ


ਲਾਲ ਸਿੰਘ ਸੁਲਹਾਣੀ
91-98721-55120

ਕਿਸੇ ਮਹਾਂਪੁਰਖ ਦੀ ਜੀਵਨੀ ਦਾ ਮੁਲਾਂਕਣ ਕਰਨ ਲੱਗਿਆਂ ਉਸ ਸਮੇਂ ਦੀਆਂ ਪ੍ਰਸਥਿਤੀਆਂ ਤੇ ਝਾਤ ਮਾਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਉਸ ਸਮੇਂ ਦੇ ਹਾਲਤਾਂ ਨੂੰ ਸਮਝਿਆ ਜਾ ਸਕੇ।ਜਿਸ ਸਮੇਂ ਉਸ ਮਹਾਂਪੁਰਖ ਨੇ ਸੰਘਰਸ਼ ਕੀਤਾ। ਮਹਾਤਮਾ ਜੋਤੀ ਬਾ ਫੂਲੇ ਦਾ ਜਨਮ 1827 'ਚ ਅੰਗਰੇਜ਼ਾਂ ਦੇ ਰਾਜ ਸਮੇਂ ਪੂਨਾ ਵਿਖੇ ਮਾਲੀ (ਜਿਹਨਾਂ ਨੂੰ ਸੈਣੀ, ਕਾਸ਼ੀ, ਕੁਸ਼ਵਾਹਾ, ਸ਼ਾਕਯ ਨਾਮ ਨਾਲ ਜਾਣਿਆਂ ਜਾਂਦਾ ਹੈ) ਪਰਵਾਰ ਚ ਹੋਇਆ ਜਦੋਂ ਪੇਸਵਾਵਾਂ ਦਾ ਸ਼ਾਸਨ ਖ਼ਤਮ ਹੋਇਆਂ ਅਜੇ ਦਸ ਵਰ੍ਹੇ ਹੀ ਗੁਜ਼ਰੇ ਸਨ। ਪੇਸ਼ਵਾਵਾਂ ਦੇ ਬ੍ਰਾਹਮਣਵਾਦੀ ਵਿਚਾਰਧਾਰਾ ਤੇ ਆਧਾਰਤ ਸ਼ਾਸਨ ਦੌਰਾਨ ਜ਼ੁਲਮ ਜ਼ਿਆਦਤੀ, ਅਨਿਆਂ ਤੇ ਗੈਰ ਬਰਾਬਰਤਾ ਸਿਖ਼ਰ ਤੇ ਸੀ। ਅਛੂਤਾਂ ਦੇ ਨਾਲ ਨਾਲ ਦੂਜੇ ਸ਼ੂਦਰਾਂ ਤੇ ਔਰਤਾਂ ਦੀ ਦਸ਼ਾ ਵੀ ਉਸ ਸਮੇਂ ਅਤਿਅੰਤ ਤਰਸਯੋਗ ਸੀ। ਪੇਸ਼ਵਾਵਾਂ ਦੇ ਸ਼ਾਸਨ ਦੌਰਾਨ ਅਛੂਤ ਗਰਦਾਨੀਆਂ ਗਈਆਂ ਮਹਾਰ, ਮਾਂਗ, ਚੁਮਾਰ ਆਦਿ ਜਾਤੀਆਂ ਨੂੰ ਆਪਣੇ ਗਲ਼ ਵਿਚ ਹਾਂਡੀ ਲਟਕਾਉਣੀ ਪੈਂਦੀ ਸੀ ਤਾਂ ਕਿ ਉਹ ਸੜਕ (ਰਸਤੇ) ਤੇ ਚਲਦੇ ਵਕਤ ਉਸ ਹਾਂਡੀ ਵਿਚ ਹੀ ਥੁੱਕਣ। ਉਹਨਾਂ ਨੂੰ ਆਪਣੇ ਲੱਕ ਨਾਲ ਝਾੜੂ ਬੰਨ੍ਹ ਕੇ ਚੱਲਣਾ ਪੈਂਦਾ ਸੀ ਤਾਂ ਕਿ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਨਾਲੋ ਨਾਲ ਮਿਟਦੇ ਜਾਣ। ਉਹਨਾਂ ਨੂੰ ਆਪਣੀਆਂ ਝੌਂਪੜੀਆਂ ਵਿਚੋਂ ਸਿਖਰ ਦੁਪਹਿਰੇ ਉਸ ਵੇਲੇ ਹੀ ਨਿਕਲਣ ਦੀ ਇਜਾਜ਼ਤ ਸੀ ਜਦੋਂ ਸੂਰਜ ਉਹਨਾਂ ਦੇ ਸਿਰ ਤੇ ਹੋਵੇ ਤੇ ਉਹਨਾਂ ਦਾ ਪਰਛਾਵਾਂ ਛੋਟਾ ਹੋਵੇ। ਜੇ ਕਿਤੇ ਸਵੇਰੇ ਜਾਂ ਸ਼ਾਮ ਵੇਲੇ ਉਹਨਾਂ ਨੂੰ ਆਪਣੀਆਂ ਝੌਂਪੜੀਆਂ ਚੋਂ ਨਿਕਲਣ ਦੀ ਨੌਬਤ ਆ ਜਾਵੇ ਤਾਂ ਉਹਨਾਂ ਨੂੰ ਲੋਹੇ ਦਾ ਪੀਪਾ ਖੜਕਾ ਕੇ ਆਵਾਜ਼ ਦੇਣੀ ਪੈਂਦੀ ਸੀ ਤਾਂਕਿ ਬ੍ਰਾਹਮਣਾਂ ਨੂੰ ਅਗਾਊਂ ਪਤਾ ਲੱਗ ਜਾਵੇ ਕਿ ਅਛੂਤ ਆ ਰਿਹਾ ਹੈ ਤੇ ਉਹ (ਬ੍ਰਾਹਮਣ) ਆਪਣੇ ਘਰਾਂ 'ਚ ਛੁਪ ਸਕਣ।

ਮਹਾਤਮਾ ਜੋਤੀ ਬਾ ਫੂਲੇ ਦੇ ਜੀਵਨ ਵਿਚ ਇਕ ਅਜਿਹੀ ਘਟਨਾ ਘਟੀ ਜਿਸਨੇ ਉਸਨੂੰ ਇਸ ਘੋਰ ਅੰਧਕਾਰਮਈ ਤੇ ਅਣਮਨੁੱਖੀ ਵਰਤਾਰੇ ਵਿਰੁੱਧ ਵਿਦਰੋਹ ਕਰਨ ਲਈ ਮਜ਼ਬੂਰ ਕਰ ਦਿੱਤਾ। ਅੰਗਰੇਜ਼ਾਂ ਦੇ ਸਭਿਆ ਤੇ ਮਾਨਵੀ ਰਾਜ ਦੌਰਾਨ 1848 ਈਸਵੀ 'ਚ ਦਸਵੀਂ ਜਮਾਤ ਵਿਚ ਪੜ੍ਹਦਿਆਂ ਉਹਨਾਂ ਨੂੰ ਆਪਣੇ ਬ੍ਰਾਹਮਣ ਸਹਿਪਾਠੀ ਦੀ ਬਰਾਤ ਵਿਚੋਂ ਗਾਲ਼ਾਂ ਕੱਢਕੇ ਅਤੇ ਧੱਕੇ ਦੇਕੇ ਕੇਵਲ ਇਸ ਲਈ ਬਾਹਰ ਕੱਢ ਦਿੱਤਾ ਕਿ ਉਹ ਸ਼ੂਦਰ ਹੈ। ਜਦਕਿ ਉਸਦੇ ਬਾਪ ਗੋਬਿੰਦ ਰਾਉ ਫੂਲੇ ਕੋਲ ਚੋਖੀ ਜ਼ਮੀਨ ਸੀ ਤੇ ਜੋਤੀ ਬਾ ਫੂਲੇ ਸੋਹਣਾ ਤੇ ਮੂੰਹ ਮੱਥੇ ਲਗਦਾ ਸੁਣੱਖਾ ਨੌਜਵਾਨ ਸੀ। ਇਸ ਘੋਰ ਅਪਮਾਨ ਤੇ ਅਸਹਿ ਤ੍ਰਿਸਕਾਰ ਨੇ ਫੂਲੇ ਨੂੰ ਧੁਰ ਅੰਦਰੋਂ ਹਲੂਣ ਕੇ ਰੱਖ ਦਿੱਤਾ। ਉਸਨੇ ਇਸ ਅਣਮਨੁੱਖੀ ਵਰਤਾਰੇ ਤੇ ਜਾਤੀਵਾਦੀ ਵਿਵਸਥਾ ਬਾਰੇ ਚਿੰਤਨ ਸ਼ੁਰੂ ਕਰ ਦਿੱਤਾ ਜਿਸ ਨੇ ਆਦਮੀ ਆਦਮੀ ਵਿਚ ਐਨਾ ਵੱਡਾ ਪਾੜਾ ਪਾ ਦਿਤਾ ਹੈ। ਉਹਨਾਂ ਨੇ ਬ੍ਰਾਹਮਣਵਾਦੀ ਸੰਸਕ੍ਰਿਤੀ ਤੇ ਇਸ ਵਿਵਸਥਾ ਦੇ ਆਧਾਰ ਤੇ ਇਥੋਂ ਦੇ ਕਰੋੜਾਂ ਗਿਰਾਏ ਗਏ ਮਨੁੱਖਾਂ ਬਾਰੇ ਗਹਿਰ ਗੰਭੀਰ ਵਿਚਾਰ ਕੀਤਾ। ਫੂਲੇ ਨੇ ਪਹਿਲਾਂ ਇਸ ਗੈਰ ਮਨੁੱਖੀ ਵਿਵਸਥਾ ਦਾ 'ਧਿਕਾਰ' ਕੀਤਾ ਤੇ ਫਿਰ ਇਸ ਦੇ ਸੁਧਾਰ ਲਈ ਜੁੱਟ ਗਏ। ਮਹਾਤਮਾ ਫੂਲੇ ਦਾ ਜੀਵਨ "ਧਿਕਾਰ ਤੇ ਸੁਧਾਰ" ਦੀ ਕਹਾਣੀ ਵਜੋਂ ਪੜ੍ਹਿਆ ਜਾ ਸਕਦਾ ਹੈ। ਉਹਨਾਂ ਨੇ ਅੰਗਰੇਜ਼ਾਂ ਦੀ ਸਰਕਾਰ ਦੌਰਾਨ ਬ੍ਰਾਹਮਣਾਂ ਦੇ ਜੂਲ਼ੇ ਹੇਠ ਸੱਭ ਤੋਂ ਘਟੀਆ ਗੁਲਾਮੀ ਦਾ ਖੁਲਾਸਾ ਆਪਣੀ ਮਰਾਠੀ ਭਾਸ਼ਾ 'ਚ ਲਿਖੀ ਕਿਤਾਬ " ਗੁਲਾਮਗੀਰੀ" 'ਚ ਕੀਤਾ ਹੈ। ਹੁਣ ਇਸ ਕਿਤਾਬ ਦਾ ਅਨੁਵਾਦ ਹਿੰਦੀ ਤੇ ਪੰਜਾਬੀ ਤੇ ਹੋਰ ਭਾਸ਼ਾਵਾਂ 'ਚ ਵੀ ਉਪਲਬਧ ਹੈ। ਜੋ ਉਹਨਾਂ ਵਲੋਂ ਕੀਤੇ ਗਏ ਸਮਾਜਕ ਅੰਦੋਲਨ ਤੇ ਸੰਸਕ੍ਰਿਤਕ ਵਿਦਰੋਹ ਦੀ ਜਾਣਕਾਰੀ ਦਾ ਭਰਪੂਰ ਸੋਮਾ ਹੈ।

ਮਹਾਤਮਾ ਫੂਲੇ ਨੇ ਖੁਦ ਅਤੇ ਆਪਣੇ ਸਮਾਜ ਨਾਲ ਕੀਤੇ ਜਾ ਰਹੇ ਅਮਾਨਵੀ ਵਿਵਹਾਰ ਤੇ ਸੜ੍ਹਾਂਦ ਮਾਰਦੀ ਗ਼ਲੀ ਸੜੀ ਬ੍ਰਾਹਮਣਵਾਦੀ ਵਿਵਸਥਾ ਦੇ ਚਾਲਕ ਸ਼ੇਠ ਜੀ ਤੇ ਭੱਟ ਜੀ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਉਹਨਾਂ ਨੇ ਆਪ ਧੁਰਾ ਬਣ ਕੇ "ਸ਼ੂਦਰਾਂ ਅਤੇ ਅਤਿ ਸ਼ੂਦਰਾਂ" ਨੂੰ ਇਸ ਦਮਨਕਾਰੀ ਸੰਸਕ੍ਰਿਤੀ ਵਿਰੁੱਧ ਲੜਨ ਲਈ ਤਿਆਰ ਕਰਨਾ ਸ਼ੁਰੂ ਕਰ ਦਿਤਾ। ਉਹਨਾਂ ਦੇਖਿਆ ਕਿ ਸਿਖਿਆ ਦੀ ਅਣਹੋਂਦ ਤੇ ਅਗਿਆਨਤਾ ਸਦਕਾ ਸਮਾਜ ਦਾ ਸ਼ੋਸ਼ਨ ਕੀਤਾ ਜਾ ਰਿਹਾ ਹੈ। ਉਹਨਾਂ ਨੇ ਸ਼ੂਦਰਾਂ ਤੇ ਅਛੂਤਾਂ ਦੇ ਨਾਲ ਨਾਲ ਔਰਤਾਂ ਨੂੰ ਸਿਖਿਅਤ ਕਰਨਾ ਸ਼ੁਰੂ ਕਰ ਦਿੱਤਾ। 1848 ਤੋਂ 1890 ਈਸਵੀ ਤਕ 42 ਵਰ੍ਹੇ ਤੋਂ ਵਧ ਸਮਾਂ ਉਹਨਾਂ ਨੇ ਜਾਤੀ ਵਾਦੀ ਵਿਵਸਥਾ ਵਿਰੁੱਧ ਸੰਘਰਸ਼ ਕੀਤਾ। ਉਹਨਾਂ ਨੇ ਬਰਾਬਰੀ ਵਾਲੀ ਸਮਾਜ ਵਿਵਸਥਾ ਸਥਾਪਤ ਕਰਨ ਲਈ ਅਨੇਕਾਂ ਢੰਗ ਤਰੀਕੇ ਅਪਨਾਏ ਅਤੇ ਬ੍ਰਾਹਮਣਾਂ ਦੀ ਢੌਂਗਵਾਦੀ ਵਿਵਸਥਾ ਨੂੰ ਵੰਗਾਰਿਆ।

ਬ੍ਰਾਹਮਣਾਂ ਵੱਲੋਂ ਸਮਾਜ ਵਿਚ ਗੁਮਰਾਹਕੁਨ ਪ੍ਰਚਾਰ ਕੀਤਾ ਗਿਆ ਕਿ ਜੋ ਲੜਕੀ ਜਾਂ ਔਰਤ ਪੜ੍ਹੇਗੀ ਉਸਦਾ ਪਤੀ



ਮਰ ਜਾਵੇਗਾ ਉਹ ਵਿਧਵਾ ਹੋ ਜਾਵੇਗੀ ਕਿਉਂਕਿ ਅਜਿਹਾ ਕਰਨਾ ਸ਼ਾਸਤਰਾਂ ਦੀ ਘੋਰ ਉਲੰਘਣਾ ਹੈ। ਫੂਲੇ ਨੇ ਇਸ ਭਰਮ ਵਿਚੋਂ ਲੋਕਾਂ ਨੂੰ ਕੱਢਣ ਲਈ ਸਭ ਤੋਂ ਪਹਿਲਾਂ ਆਪਣੀ ਪਤਨੀ ਨੂੰ ਪੜ੍ਹਾਇਆ ਤੇ ਫਿਰ ਭਾਰੀ ਵਿਰੋਧ ਦੇ ਬਾਵਜੂਦ ਉਸਨੇ ਦੂਜੀਆਂ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਸ ਤਰਾਂ ਮਹਾਤਮਾ ਫੂਲੇ ਦੀ ਪਤਨੀ ਦਾਦੀ ਮਾਂ "ਸਾਵਿਤਰੀ ਬਾਈ ਫੂਲੇ" ਭਾਰਤ ਦੀ ਪਹਿਲੀ ਅਧਿਆਪਕਾ ਬਣੀ। ਜਦੋਂ ਮਹਿਲਾ ਵਿਸ਼ਵ ਵਿਦਿਆਲੇ ਦੇ ਸੰਸਥਾਪਕ ਮਹਾਂਰਿਸ਼ੀ ਕਾਰਵੇ ਦਾ ਅਜੇ ਜਨਮ ਵੀ ਨਹੀਂ ਹੋਇਆ ਸੀ।

ਮਹਾਤਮਾ ਫੂਲੇ ਐਸੇ ਇਨਸਾਨ ਜਿਹਨਾਂ ਨੇ ਸਾਡੇ ਸਮਾਜ ਵਿਚ ਸਭ ਤੋਂ ਪਹਿਲਾਂ ਸਿਖਿਆ ਪ੍ਰਾਪਤ ਕੀਤੀ ਅਤੇ ਪੜ੍ਹਾਈ ਲਿਖਾਈ ਦੇ ਬਾਵਜੂਦ ਉਹਨਾਂ ਦੇ ਬਾਪ ਨੇ ਪੜ੍ਹਨ ਅਤੇ ਸ਼ੂਦਰਾਂ, ਅਛੂਤਾਂ ਤੇ ਔਰਤਾਂ ਨੂੰ ਪੜ੍ਹਾਉਣ ਦੇ ਜ਼ੁਰਮ ਦੀ ਸਜ਼ਾ ਵਜੋਂ ਬ੍ਰਾਹਮਣਾਂ ਦੇ ਬਹਿਕਾਵੇ ਵਿਚ ਆਕੇ ਉਹਨਾਂ ਨੂੰ ਘਰੋਂ ਕੱਢ ਦਿੱਤਾ ਤੇ ਉਹਨਾਂ ਦੇ ਮਾਲੀ ਸਮਾਜ ਵਲੋਂ ਉਹਨਾਂ ਦੇ ਪਰਵਾਰ ਦਾ ਸਮਾਜਿਕ ਬਾਈਕਾਟ ਕਰ ਦਿਤਾ ਗਿਆ ਅਤੇ ਜਦੋਂ ਤਕ ਉਹ ਜਿੰਦਾ ਰਹੇ 1890 ਤਕ ਇਹ ਬਾਈਕਾਟ ਚੱਲਦਾ ਰਿਹਾ ਅਤੇ ਉਸ ਤੋਂ ਬਾਅਦ ਵੀ ਉਹਨਾਂ ਦੇ ਖਾਨਦਾਨ ਦਾ ਜੋ ਸੌ ਸਾਲ ਤੋਂ ਵਧ ਸਮੇਂ ਤਕ ਜਾਰੀ ਰਿਹਾ। ਉਹਨਾਂ ਦਾ ਕਸੂਰ ਬੱਸ ਪੜ੍ਹਨ ਲਿਖਣ ਦਾ ਸੀ। ਉਹਨਾਂ ਦੇ ਸਮਾਜ ਨੂੰ ਬਹਿਕਾਇਆ ਤੇ ਗੁੰਮਰਾਹ ਕੀਤਾ ਗਿਆ ਕਿ ਸ਼ਾਸਤਰਾਂ ਅਨੁਸਾਰ ਆਪ ਲੋਕਾਂ ਲਈ ਪੜ੍ਹਨਾ ਲਿਖਣਾ ਮਨ੍ਹਾਂ ਹੈ, ਜੇ ਅੰਗਰੇਜਾਂ ਦਾ ਰਾਜ ਨਾ ਹੁੰਦਾ ਤਾਂ ਇਸ ਦੀ ਸਜ਼ਾ ਆਪ ਲੋਕਾਂ ਸ਼ੂਦਰ ਅਤਿ ਸ਼ੂਦਰ ਸਮਾਜ ਦੇ ਪੜ੍ਹਨ ਲਿਖਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਇਥੇ ਹੀ ਮਿਲਦੀ ਉਸਦੀ ਜ਼ਬਾਨ ਕੱਟ ਲਈ ਜਾਂਦੀ, ਕੰਨਾਂ ਵਿਚ ਸਿੱਕਾ ਢਾਲ ਦਿਤਾ ਜਾਂਦਾ ਲੇਕਿਨ ਅੰਗਰੇਜਾਂ ਦੇ ਰਾਜ ਸਦਕਾ ਅਜਿਹਾ ਨਹੀਂ ਕਰ ਸਕਦੇ। ਪੂਨਾ ਦੇ ਪੰਡਤਾਂ ਤੇ ਉਚੀ ਜਾਤੀ ਦੇ ਲੋਕਾਂ ਨੇ ਆਖਿਆ ਕਿ ਅੱਜ ਦੇ ਅਸੀਂ ਅਜਿਹਾ ਨਹੀਂ ਕਰ ਸਕਦੇ ਤਾਂ ਇਸ ਦੀ ਸਜ਼ਾ ਤੁਹਾਨੂੰ ਭਗਵਾਨ ਜ਼ਰੂਰ ਦੇਵੇਗਾ। ਫੂਲੇ ਨੂੰ ਹੀ ਨਹੀਂ, ਫੂਲੇ ਦੀ ਸਾਰੀ ਬਰਾਦਰੀ ਨੂੰ ਇਸ ਦੀ ਸਜ਼ਾ ਦੇਵੇਗਾ। ਭਗਵਾਨ ਨਹੀਂ ਚਾਹੁੰਦਾ ਕਿ ਸ਼ੂਦਰ ਅਤਿ ਸ਼ੂਦਰ ਸਮਾਜ ਪੜ੍ਹੇ ਲਿਖੇ। ਭਗਵਾਨ ਨਹੀਂ ਚਾਹੁੰਦਾ ਆਪ ਲੋਕ ਅਗਿਆਨ ਦੂਰ ਕਰਕੇ ਸੂਝਬੂਝ ਵਾਲੇ ਬਣੋ ਇਸ ਲਈ ਭਗਵਾਨ ਤੁਹਾਨੂੰ ਸਜ਼ਾ ਜ਼ਰੂਰ ਦੇਵੇਗਾ। ਇਸ ਤਰ੍ਹਾਂ ਮਾਲੀ ਬਰਾਦਰੀ ਨੂੰ ਗੁੰਮਰਾਹ ਕੀਤਾ ਗਿਆ। ਮਾਲੀ ਬਰਾਦਰੀ ਨੇ ਸੋਚਿਆ ਕਿ ਫੂਲੇ ਨੂੰ ਤਾਂ ਸਜ਼ਾ ਮਿਲਣੀ ਹੀ ਹੈ ਸਾਨੂੰ ਇਸ ਤੋਂ ਬਚਣਾ ਚਾਹੀਦਾ ਹੈ ਪੂਨੇ ਦੇ ਪੰਡਤਾਂ ਨੇ ਉਹਨਾਂ ਨੂੰ ਗੁੰਮਰਾਹ ਕਰਦਿਆਂ ਇਸ ਦਾ ਇਲਾਜ ਦੱਸਿਆ ਕਿ ਸਮੁੱਚੀ ਮਾਲੀ ਬਰਾਦਰੀ ਫੂਲੇ ਦੇ ਖ਼ਾਨਦਾਨ ਦਾ ਬਾਈਕਾਟ ਕਰੋ ਇਹਨਾਂ ਤੋਂ ਦੂਰ ਰਹੋ, ਦੂਰ ਰਹੋਗੇ ਤਾਂ ਬਚੇ ਰਹੋਗੇ, ਨੇੜੇ ਜਾਉਗੇ ਪੜ੍ਹਨ ਲਿਖਣ ਵਰਗੀ ਹਰਕਤ ਕਰੋਗੇ ਤਾਂ ਮਾਰੇ ਜਾਉਗੇ, ਸਜ਼ਾ ਮਿਲੇਗੀ। ਇਸ ਤਰ੍ਹਾਂ ਸਮਾਜ ਨੂੰ ਗੁੰਮਰਾਹ ਕੀਤਾ ਗਿਆ। ਉਹਨਾਂ ਦੇ ਪੋਤਰੇ ਅਨੰਤ ਰਾਉ ਫੂਲੇ ਦੇ ਕਥਨ ਮੁਤਾਬਿਕ ਇਹ ਸਮਾਜਕ ਬਾਈਕਾਟ 1962 'ਚ ਖ਼ਤਮ ਕੀਤਾ ਗਿਆ। ਸਮਾਜ ਨੂੰ ਜਾਗਰੂਕ ਕਰਨ ਵਾਲੇ ਫੂਲੇ ਇਕੱਲੇ ਸਨ ਜਦੋਂ ਕਿ ਸਮਾਜ ਨੂੰ ਗੁੰਮਰਾਹ ਕਰਨ ਲਈ ਪੂਰਾ ਬ੍ਰਾਹਮਣਵਾਦੀ ਸਮਾਜ ਜੁਟਿਆ ਹੋਇਆ ਸੀ। ਉਹ ਭਗਵਾਨ ਦੇ ਨਾਮ ਤੇ ਆਪਣਾ ਚੱਕਰ ਚਲਾਉਂਦੇ ਰਹੇ। ਹਰ ਤਰ੍ਹਾਂ ਦੇ ਵਿਰੋਧ ਦੇ ਬਾਵਜੂਦ ਫੂਲੇ ਆਪਣੀ ਪਤਨੀ ਬੀਬੀ ਸਵਿਤਰੀ ਬਾਈ ਫੂਲੇ ਨਾਲ ਮਿਲਕੇ ਸਮਾਜ ਨੂੰ ਜਾਗਰੂਕ ਕਰਦੇ ਰਹੇ। ਫਿਰ ਕੁੱਝ ਹੋਰ ਲੋਕ ਵੀ ਫੂਲੇ ਨਾਲ ਮਿਲਕੇ ਇਹ ਕੰਮ ਕਰਨ ਲੱਗ ਪਏ ਇਉਂ ਪੜ੍ਹਾਈ ਲਿਖਾਈ ਤੇ ਗਿਆਨ ਦੀ ਗੱਲ ਅੱਗੇ ਵਧੀ। ਮਹਾਤਮਾ ਜੋਤੀ ਬਾ ਫੂਲੇ ਲੋਕਾਂ ਨੂੰ ਆਪਣੇ ਹਿਸਾਬ ਨਾਲ ਸਾਵਧਾਨ ਕਰਦੇ ਸਨ। ਉਸ ਸਮੇਂ ਮਹੌਲ ਬਹੁਤ ਖ਼ਰਾਬ ਸੀ।

ਮਹਾਤਮਾ ਜੋਤੀਬਾ ਫੂਲੇ ਸਮਾਜ ਸੁਧਾਰਕ, ਅਧਿਆਪਕ ਤੇ ਦਾਰਸ਼ਨਿਕ ਤੋਂ ਇਲਾਵਾ ਇਕ ਉਦਯੋਗਪਤੀ ਵੀ ਸਨ। ਉਹ ਬੜੇ ਵੱਡੇ ਠੇਕੇਦਾਰ ਸਨ। ਉਹਨਾਂ ਨੇ ਆਪਣੇ ਬਲਬੂਤੇ ਅਤੇ ਆਪਣੇ ਹੁਨਰ ਨਾਲ ਉਸ ਵੇਲੇ ਭਾਰਤ ਦੀ ਸਭ ਤੋਂ ਵਡੀ ਕੰਸਟ੍ਰਕਸ਼ਨ ਕੰਪਨੀ ਦੀ ਸਥਾਪਨਾ ਕੀਤੀ। ਉਹਨਾਂ ਦੀ ਕੰਪਨੀ ਦੀ ਨਾਂ ਸੀ ਪੂਨੇ ਕਮਰਸ਼ੀਅਲ ਕੰਸਟ੍ਰਕਸ਼ਨ ਕੰਪਨੀ (PCCC)। 1869 ਵਿਚ ਇਸ ਕੰਪਨੀ ਦੀ ਸਲਾਨਾ ਟਰਨ ਓਵਰ 21000 ਕਰੋੜ ਰੁਪਏ ਸੀ। ਜਦਕਿ ਟਾਟਾ ਕੰਪਨੀ ਦਾ ਉਸ ਵਕਤ ਟਰਨ ਓਵਰ 20000 ਕਰੋੜ ਰੁਪਏ ਸੀ।ਪੂਨਾ ਵਿਚ ਸਭ ਤੋਂ ਜ਼ਿਆਦਾ ਜ਼ਮੀਨ ਵੀ ਉਹਨਾਂ ਕੋਲ ਸੀ। ਅੱਜ ਵੀ ਉਹਨਾਂ ਦੇ ਖ਼ਾਨਦਾਨ ਕੋਲ ਸਭ ਤੋਂ ਜ਼ਿਆਦਾ ਜ਼ਮੀਨ ਹੈ। ਅੰਗਰੇਜਾਂ ਦੇ ਜ਼ਮਾਨੇ ਵਿਚ ਵੱਡੇ ਠੇਕੇਦਾਰ ਹੋਣ ਸਦਕਾ ਉਹਨਾਂ ਪਾਸ ਅਧਿਕ ਧਨ (ਪੈਸਾ) ਸੀ, ਇਸ ਲਈ ਉਹ ਆਪਣੇ ਪੈਸੇ ਦਾ ਇਸਤੇਮਾਲ ਕਰਕੇ ਮੂਵਮੇਂਟ ਚਲਾਉਂਦੇ ਰਹੇ। ਉਹਨਾਂ ਨੇ ਆਪਣੇ ਪੈਸੇ ਦਾ ਸਦਉਪਯੋਗ ਕਰਕੇ ਸ਼ੂਦਰ ਅਤਿ ਸ਼ੂਦਰ ਸਮਾਜ ਨੂੰ ਵੱਡੇ ਪੱਧਰ ਤੇ ਗਿਆਨ ਦੇਣ ਦਾ ਕੰਮ ਕੀਤਾ।

1868 ਈਸਵੀ ਵਿਚ ਉਹਨਾਂ ਨੇ ਆਪਣੇ ਘਰ ਲਾਗੇ ਅਛੂਤਾਂ ਦੇ ਇਸ਼ਨਾਨ ਕਰਨ ਲਈ ਤਲਾਬ ਖੁਦਵਾਇਆ ਉਹਨਾਂ ਨੇ ਦਲਿਤ ਸ਼ੋਸ਼ਿਤ ਜਾਤੀਆਂ ਲਈ ਬਹੁਜਨ ਨਾਮ ਦਿਤਾ। 20 ਸਤੰਬਰ 1873 ਨੂੰ ਮਹਾਤਮਾ ਫੂਲੇ ਨੇ ਚਤੁਰਵਰਣ ਤੇ ਬ੍ਰਾਹਮਣਵਾਦੀ ਸਤਾ ਵਿਰੁੱਧ ਵਿਦਰੋਹ ਕਰਦਿਆਂ "ਸਤਿਆ ਸੋਧਕ ਸਮਾਜ" ਦੀ ਸਥਾਪਨਾ ਕਰ ਦਿਤੀ। ਇਸ ਸੰਗਠਨ ਦਾ ਮੁੱਖ ਉਦੇਸ਼ ਸ਼ੂਦਰਾਂ ਤੇ ਅਤਿ ਸ਼ੂਦਰਾਂ ਨੂੰ ਬ੍ਰਾਹਮਣਾਂ ਦੇ ਸ਼ੋਸ਼ਣ ਤੋਂ ਮੁਕਤੀ ਦਿਵਾਉਣਾ ਸੀ। ਉਹਨਾਂ ਨੇ ਮੂਰਤੀ ਪੂਜਾ ਦਾ ਖੰਡਣ, ਧਾਰਮਕ ਪਾਖੰਡਾਂ ਦਾ ਵਿਰੋਧ, ਫਜ਼ੂਲ ਧਾਰਮਕ ਸਮਾਗਮਾਂ ਤੇ ਪਾਬੰਦੀਆਂ ਅਤੇ ਬ੍ਰਾਹਮਣਾਂ ਦੀ ਵਿਚੋਲਗੀਰੀ ਦਾ ਪਰਦਾਫਾਸ਼ ਕੀਤਾ। ਉਹਨਾਂ ਨੇ ਪੰਡਤਾਂ ਤੋਂ ਬਿਨਾਂ ਵਿਆਹ ਸ਼ਾਦੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਮਹਾਤਮਾ ਫੂਲੇ ਦੇ ਸ਼ੋਸ਼ਣਵਾਦੀ ਸੰਸਕ੍ਰਿਤੀ ਵਿਰੁੱਧ ਚੁਤਰਫਾ ਵਿਦਰੋਹ ਸਦਕਾ ਉਹਨਾਂ ਨੂੰ "ਭਾਰਤ ਦੀ ਸਮਾਜਕ ਕ੍ਰਾਂਤੀ ਦੇ ਪਿਤਾਮਾ" ਵਜੋਂ ਜਾਣਿਆਂ ਜਾਂਦਾ ਹੈ। ਉਹਨਾਂ ਵਲੋਂ ਸਮਾਜ ਸੁਧਾਰ ਲਈ ਕੀਤੇ ਮਹਾਨ ਕਾਰਜਾਂ ਲਈ "ਮਹਾਤਮਾ" ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਅਮਰੀਕਾ ਦੀ ਮਾਨਵੀ ਸੋਚ ਵਾਲੀ ਵਿਦਵਾਨ ਔਰਤ ਸ਼੍ਰੀਮਤੀ ਗੈਲ ਓਮਵੇਟ (Mrs. GAIL OMVEDT) ਵਲੋਂ ਉਹਨਾਂ ਦੇ ਸੰਘਰਸ਼ਮਈ ਜੀਵਨ ਤੇ ਸ਼ੋਧ ਗ੍ਰੰਥ (thesis) " ਬਸਤੀਵਾਦੀ ਸਮਾਜ ਵਿਚ ਸੰਸਕ੍ਰਿਤਕ ਵਿਦਰੋਹ: ਭਾਰਤ ਵਿਚ ਗੈਰ ਬ੍ਰਾਹਮਣ ਲਹਿਰ 1873 ਤੋਂ 1930" ("Cultural revolt in colonial society: the non brahman movement in Western India 1873 to1930" ਲਿਖਕੇ ਪੀ ਐਚ ਡੀ ਕੀਤੀ ਗਈ। ਜਿਸ ਸਦਕਾ ਮਹਾਤਮਾ ਫੂਲੇ ਦੁਆਰਾ ਸਮਾਜ ਸੁਧਾਰ ਹਿਤ ਕੀਤੇ ਗਏ ਕਾਰਜ ਲੋਕਾਂ ਵਿਚ ਉਜਾਗਰ ਹੋ ਸਕੇ। ਇਸ ਤੋਂ ਇਲਾਵਾ ਇਕ ਜਰਮਨ ਔਰਤ ਤੇ ਦੂਜੀ ਬ੍ਰਿਟਿਸ਼ ਔਰਤ ਨੇ ਪੂਨਾ 'ਚ ਰਹਿਕੇ ਉਹਨਾਂ ਦੇ ਸਮਾਜ ਸੁਧਾਰ ਲਈ ਕੀਤੇ ਗਏ ਕੰਮਾਂ ਤੇ ਪੀ. ਐਚ. ਡੀ. ਕੀਤੀ ਹੈ।ਜਦੋਂ ਕਿ ਭਾਰਤੀ ਵਿਦਵਾਨਾਂ ਨੇ ਮਹਾਤਮਾ ਫੂਲੇ ਦੁਆਰਾ ਕੀਤੇ ਗਏ ਕੰਮਾਂ ਨੂੰ ਅਖੋਂ ਪਰੋਖੇ ਕੀਤਾ ਹੈ। ਉਹਨਾਂ ਦੁਆਰਾ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਲਈ ਕੀਤੇ ਗਏ ਸਾਰਥਕ ਯਤਨ ਆਉਣ ਵਾਲੀਆਂ ਪੀੜ੍ਹੀਆਂ ਦਾ ਰਾਹ ਰੁਸ਼ਨਾਉਂਦੇ ਰਹਿਣਗੇ।

# ਤੇਲੰਗਾਨਾ ਤੋਂ ਆਸ਼ੂਮਾਨ ਪ੍ਰਮੋਦ ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਪਹੁੰਚੇ

**ਜਲੰਧਰ–** ਤੇਲੰਗਾਨਾ ਤੋਂ ਆਸ਼ੂਮਾਨ ਪ੍ਰਮੋਦ ਆਪਣੀ ਧਰਮ ਪਤਨੀ ਵਾਹਨ, ਤੇਲੰਗਾਨਾ ਕਾਂਗਰਸ ਪਾਰਟੀ ਦੇ ਸਾਬਕਾ ਸਮਾਜ



ਭਲਾਈ ਮੰਤਰੀ, ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਪਹੁੰਚੇ। ਜਿੱਥੇ ਉਨਾਂ ਦਾ ਸੀਨੀਅਰ ਬੋਧੀ ਆਗੂ ਹੁਸਨ ਲਾਲ ਬੌਧ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੀਮਤੀ ਵਾਹਨ ਸਾਬਕਾ ਸਮਾਜ ਭਲਾਈ ਮੰਤਰੀ ਤੇਲੰਗਾਨਾ ਨੇ ਕਿਹਾ ਕਿ ਤਥਾਗਤ ਬੁੱਧ ਨੇ ਔਰਤਾਂ ਨੂੰ ਆਪਣੇ ਭਿਖਸ਼ੂ ਸੰਘ ਵਿੱਚ ਸ਼ਾਮਿਲ ਕਰਕੇ ਬਰਾਬਰਤਾ ਪ੍ਰਦਾਨ ਕੀਤੀ। ਭਾਰਤ ਬੁੱਧ ਭੂਮੀ ਦਾ ਦੇਸ਼ ਹੈ। ਬੋਧ ਗਯਾ ਜਿੱਥੇ ਤਥਾਗਤ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ। ਉੱਥੇ ਬੁੱਧ ਗਯਾ ਮੁਕਤੀ ਅੰਦੋਲਨ ਤਹਿਤ 30 ਦਿਨਾਂ ਤੋਂ ਭੁੱਖ ਹੜਤਾਲ ਚੱਲ ਰਹੀ ਹੈ। ਜਿਸ ਵਿੱਚ ਬੋਧੀ ਭਿਖਸ਼ੂ ਅਤੇ ਉਪਾਸਕ ਵੱਖ-ਵੱਖ ਸਟੇਟਾਂ ਤੋਂ ਵੱਡੀ ਗਿਣਤੀ ਵਿੱਚ ਧਰਨੇ ਵਿੱਚ ਸ਼ਾਮਿਲ ਹਨ। ਬੁੱਧਿਸਟਾਂ ਦੀ ਮੰਗ ਹੈ ਕਿ ਬੁੱਧ ਗਯਾ ਮੰਦਰ ਐਕਟ 1949 ਰੱਦ ਕੀਤਾ ਜਾਵੇ ਅਤੇ ਮਹਾਂਬੁੱਧ ਮਹਾਂਵਿਹਾਰ ਦਾ ਨਿਰੋਲ ਕੰਟਰੋਲ ਬੋਧੀਆਂ ਨੂੰ ਸੌਂਪਿਆ ਜਾਵੇ। ਟਰੱਸਟ ਵਲੋਂ ਸ਼੍ਰੀਮਤੀ ਵਾਹਨ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਹੁਸਨ ਲਾਲ ਬੌਧ ਜੀ ਨੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ। ਯਾਦ ਰਹੇ ਇਹ ਤੇਲੰਗਾਨਾ ਵਿੱਚ ਸਾਬਕਾ ਡੀਜੀਪੀ ਸ੍ਰੀ ਪ੍ਰਵੀਨ (ਸਾਬਕਾ ਬਸਪਾ ਨੇਤਾ) ਦੇ ਸਹਿਯੋਗੀ ਹਨ। ਜੋ ਉਥੇ ਦੇ ਸਕੂਲਾਂ- ਕਾਲਜਾਂ ਵਿੱਚ ਐਜੂਕੇਸ਼ਨ ਨੂੰ ਬੜਾਵਾ ਦੇ ਰਹੇ ਹਨ।

# ਰੋਸ਼ਨ ਗਰਾਊਂਡ ਤੋਂ ਪ੍ਰੈਸੀਡੈਂਸੀ ਹੋਟਲ ਤੱਕ ਦੇ ਮਾਰਗ ਦਾ ਨਾਮ 'ਸ੍ਰੀ ਗੁਰੂ ਰਾਮਦਾਸ ਜੀ ਮਾਰਗ' ਰੱਖਿਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਡਲ ਟਾਊਨ ਦੇ ਰੋਸ਼ਨ ਗਰਾਊਂਡ ਤੋਂ ਲੈ ਕੇ ਪ੍ਰੈਸੀਡੈਂਸੀ ਹੋਟਲ ਤੱਕ ਦੇ ਮਾਰਗ ਦਾ ਸੁੰਦਰੀਕਰਨ ਕਰਕੇ ਆਧੁਨਿਕ ਪ੍ਰੋਜੈਕਟ ਨੂੰ ਅੰਜਾਮ ਦਿੱਤਾ ਗਿਆ ਹੈ। ਇਹ ਮਾਰਗ ਹੁਣ ਨਾ ਸਿਰਫ਼ ਆਵਾਜਾਈ ਦੀ ਨਜ਼ਰ ਤੋਂ ਸੁਵਿਧਾਜਨਕ ਬਣੇਗਾ, ਸਗੋਂ ਆਪਣੀ ਆਕਰਸ਼ਕ ਸਜਾਵਟ ਨਾਲ ਲੋਕਾਂ ਲਈ ਇੱਕ ਵਿਸ਼ੇਸ਼ ਖਿੱਚ ਦਾ ਕੇਂਦਰ ਵੀ ਰਹੇਗਾ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੱਤੀ ਕਿ ਇਸ ਮਾਰਗ ਦਾ ਨਾਮ ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ’ਤੇ ਸਮਰਪਿਤ ਕਰਕੇ 'ਸ੍ਰੀ ਗੁਰੂ ਰਾਮਦਾਸ ਜੀ ਮਾਰਗ' ਰੱਖਿਆ ਗਿਆ ਹੈ, ਜਿਸ ਨਾਲ ਇਸ ਪ੍ਰੋਜੈਕਟ ਨੂੰ ਅਧਿਆਤਮਿਕ ਅਤੇ ਸੱਭਿਆਚਾਰਕ ਪਛਾਣ ਮਿਲੀ ਹੈ। ਉਨ੍ਹਾਂ ਦੱਸਿਆ ਕਿ ਲੁਧਿਆਣਾ ਬੈਵਰੇਜ ਲਿਮਟਿਡ ਦੇ ਸਹਿਯੋਗ ਨਾਲ ਇਸ ਸੜਕ ਦਾ ਨਵੀਨੀਕਰਨ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਤਕਨੀਕ ਨਾਲ ਬਣੀਆਂ ਫੈਂਸੀ ਲਾਈਟਾਂ ਲਗਾਈਆਂ ਗਈਆਂ ਹਨ। ਇਹ ਲਾਈਟਾਂ ਨਾਲ ਮਾਰਗ ਰਾਤ ਸਮੇਂ ਵੀ ਪੂਰੀ ਤਰ੍ਹਾਂ ਜਗਮਗਾਉਂਦਾ ਨਜ਼ਰ ਆਵੇਗਾ, ਜਿਸ ਨਾਲ ਸਥਾਨਕ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਬਿਹਤਰ ਅਨੁਭਵ ਮਿਲੇਗਾ। ਵਿਧਾਇਕ ਜਿੰਪਾ ਨੇ ਇਹ ਵੀ ਕਿਹਾ ਕਿ ਇਸ ਮਾਰਗ ਦੇ ਸੁੰਦਰੀਕਰਨ ਵਿੱਚ ਕੋਈ ਵੀ ਕਮੀ ਨਹੀਂ ਛੱਡੀ ਜਾਵੇਗੀ। ਸਰਕਾਰ ਅਤੇ ਨਗਰ ਨਿਗਮ



ਵੱਲੋਂ ਲਗਾਤਾਰ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਸ਼ਹਿਰ ਦੀਆਂ ਸੜਕਾਂ ਨੂੰ ਬਿਹਤਰ ਬਣਾਇਆ ਜਾਵੇ, ਤਾਂ ਜੋ ਆਮ ਲੋਕਾਂ ਨੂੰ ਸੁਖਾਲਾ ਅਤੇ ਸੁੰਦਰ ਮਾਹੌਲ ਮਿਲ ਸਕੇ। ਇਸ ਮੌਕੇ ’ਤੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਤਵੰਤ ਸਿੰਘ ਸਿਆਣ, ਬਹਾਦਰ ਸਿੰਘ ਸੁਨੇਤ, ਪ੍ਰਦੀਪ ਸੈਣੀ, ਕੁਲਵਿੰਦਰ ਕੌਰ, ਅਵਤਾਰ ਸਿੰਘ ਕਪੂਰ, ਅਵਤਾਰ ਸਿੰਘ ਜੌਹਲ ਸਮੇਤ ਕਈ ਪਤਵੰਤੇ ਵਿਅਕਤੀ ਹਾਜ਼ਰ ਸਨ।

## ਜਨਮ ਦਿਨ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਜੁਝਾਰ ਸਿੰਘ ਜੀ

ਦਸਮੇਸ਼ ਪਿਤਾ ਜੀ ਦੇ ਦੂਜੇ ਪੁੱਤਰ ਸਨ। ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1747 (14 ਮਾਰਚ 1691 ਈ।) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਆਪ ਦਾ ਦਾ ਪਾਲਣ-ਪੋਸ਼ਣ ਵੀ ਬਾਬਾ ਅਜੀਤ ਸਿੰਘ ਜੀ ਵਾਂਗ ਹੀ ਹੋਇਆ। ਆਪ ਜੀ ਨੇ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਅਤੇ ਰਣਨੀਤੀ ਗ੍ਰਹਿਣ ਕੀਤੀ। ਅੱਠ ਸਾਲ ਦੀ ਉਮਰ ਵਿੱਚ ਅੰਮ੍ਰਿਤ ਪਾਨ ਕੀਤਾ। ਆਪ ਜੀ ਵੀ ਗੁਰੂ ਪਿਤਾ ਅਤੇ ਵੱਡੇ ਭਰਾਤਾ ਬਾਬਾ ਅਜੀਤ ਸਿੰਘ ਤੇ ਹੋਰ ਮਰਜੀਵੜੇ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚੇ। ਬਾਬਾ ਜੁਝਾਰ ਸਿੰਘ ਜੀ ਨੇ ਗੜ੍ਹੀ ਦੀ ਅਟਾਰੀ ਤੇ ਬੈਠ ਕੇ ਸਿੰਘਾਂ ਸੂਰਮਿਆਂ ਅਤੇ ਬਾਬਾ ਅਜੀਤ ਸਿੰਘ ਜੀ ਦਾ ਜੰਗ ਵੇਖਿਆ। ਜਦੋਂ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ ਤਾਂ ਬਾਬਾ ਜੁਝਾਰ ਸਿੰਘ ਜੀ ਦਾ ਖੂਨ ਖੌਲਿਆ ਤੇ ਜੰਗ ਕਰਨ ਦੀ ਲਾਲਸਾ ਪ੍ਰਬਲ ਹੋ ਉੱਠੀ। ਗੁਰੂ ਪਿਤਾ ਜੀ ਤੋਂ ਆਗਿਆ ਮੰਗੀ ।ਇਸ ਘਟਨਾ ਨੂੰ ਅੱਲਾ ਯਾਰ ਖਾਂ ਇਉਂ ਬਿਆਨ ਕਰਦੇ ਹਨ:-

ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।
ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ।
ਰੁਖਸਤ ਹਮੇਂ ਦਿਲਵਾਉ ਪਿਤਾ ਜਾਏਗੇ ਮਰਨੇ।

ਪਿਤਾ ਦੇ ਸਾਹਮਣੇ ਵੱਡਾ ਬੇਟਾ ਸ਼ਹੀਦ ਹੋ ਗਿਆ। ਛੋਟੇ ਪੁੱਤਰ ਨੇ ਵੇਖ ਕੇ ਪਿਤਾ ਗੁਰੂ ਤੋਂ ਆਗਿਆ ਮੰਗੀ ਕਿ ਮੈਨੂੰ ਵੀ ਰਣ ਤੱਤੇ ਵਿੱਚ ਕੁੱਦਣ ਦਿਓ। ਬਾਬਾ ਜੁਝਾਰ ਸਿੰਘ ਜੀ ਦੀ ਬੇਨਤੀ ਸੁਣ ਕੇ ਪਿਤਾ ਗੁਰੂ ਜੀ ਨੇ ਫਰਮਾਇਆ, ਬੇਟਾ ਤੁਸੀਂ ਪੰਥ ਦੀ ਬੇੜੀ ਦੇ ਮਲਾਹ ਹੋ, ਸੀਸ ਭੇਟ ਕਰੋ ਤਾਂ ਜੋ ਧਰਮ ਦਾ ਬੇੜਾ ਪਾਰ ਲੱਗੇ। ਜਾਓ ਤੁਹਾਨੂੰ ਵੱਡੇ ਭਾਈ ਬਾਬਾ ਅਜੀਤ ਸਿੰਘ ਜੀ ਉਡੀਕ ਰਹੇ ਹਨ। ਮੇਰੀ ਚਾਹਨਾ ਹੈ ਕਿ ਮੈਂ ਤੈਨੂੰ ਜੰਗ ਵਿੱਚ ਬਰਛੀ ਚਲਾਉਂਦੇ ਤੇ ਬਰਛੀ ਦਾ ਵਾਰ ਸਹਿੰਦੇ ਹੋਏ ਵੇਖਾਂ।




ਪਿਤਾ ਗੁਰੂ ਜੀ ਨੇ ਆਗਿਆ ਦਿੱਤੀ ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਤੋਰੇ। ਕਵਿ ਸੈਨਾ ਪਤਿ ਲਿਖਦੇ ਹਨ:-

ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ ਕਰ ਮਹਿ ਗਹੀ ਕਮਾਨ।

ਬਾਬਾ ਜੁਝਾਰ ਸਿੰਘ ਜੀ ਨੂੰ ਰਣ ਵਿੱਚ ਜੂਝਣ ਦਾ ਕਿੰਨਾ ਚਾਓ ਸੀ :-

ਐਸੇ ਰੌਰੇ ਜਬ ਊਹਾ ਭਇਓ। ਸਾਹਿਬ ਜੁਝਾਰ ਸਿੰਘ ਮਨ ਮਹਿ ਠਯੋ।
ਅਬ ਜੀਵਨ ਕੋ ਕੁਛ ਧ੍ਰਮ ਨਹੀਂ। ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਬਾਬਾ ਅਜੀਤ ਸਿੰਘ ਜੀ ਤੋਂ ਬਾਅਦ ਜਦੋਂ ਬਾਬਾ ਜੁਝਾਰ ਸਿੰਘ ਰਣ ਤੱਤੇ ਵਿੱਚ ਗਰਜੇ ਤਾਂ ਵੈਰੀ ਦਲਾਂ ਵਿੱਚ ਸਹਿਮ ਛਾ ਗਿਆ। ਦੁਸ਼ਮਣ ਅੱਗੇ ਅੱਗੇ ਭੱਜਣ ਲੱਗੇ ,ਡਰ ਦੇ ਮਾਰੇ ਕੋਈ ਨੇੜੇ ਨਹੀਂ ਢੁੱਕਦਾ ਸੀ। ਜੰਗ ਵਿੱਚ ਲੋਥਾਂ ਦੇ ਢੇਰ ਲੱਗ ਗਏ। ਸਾਹਿਜ਼ਾਦੇ ਦੇ ਨੇਜ਼ੇ ਨੇ ਐਸੇ ਕਮਾਲ ਦਿਖਾਏ ਕਿ ਮੁਗਲ ਫੌਜਾਂ ਹੈਰਾਨ ਰਹਿ ਗਈਆਂ ਕਿ ਇਤਨੀ ਛੋਟੀ ਉਮਰ ਵਿੱਚ ਨੇਜ਼ਾ ਬਾਜ਼ੀ ਦੀ ਇਤਨੀ ਮੁਹਾਰਤ ਅਤੇ ਨਿਰਭੈਤਾ। ਯੋਗੀ ਅੱਲਾ ਯਾਰ ਖਾਂ ਜੀ ਇਸ ਤਰ੍ਹਾਂ ਲਿਖਦੇ ਹਨ :-

ਦਸ ਬੀਸ ਕੋ ਜਖਮੀ ਕੀਆ ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।
ਖੰਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।
ਗੁਲ ਮਚ ਗਿਆ ਇਕ ਤਿਫਲ ਨੇ ਚਾਲੀਸ ਕੋ ਮਾਰਾ।
ਬਚ ਬਚ ਕੇ ਲੜੋ ਕਲਗੀਓ ਵਾਲੇ ਕੇ ਪਿਸਰ ਸੇ।
ਯਿਹ ਨੀਮਚਾਂ ਲਾਏ ਹੈਂ ਗੁਰੂ ਜੀ ਕੀ ਕਮਰ ਸੇ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਘਮਸਾਨ ਮਚਾ ਦਿੱਤਾ। ਇੱਕੋ ਹਮਲੇ ਵਿੱਚ 21 ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਂਖਸ਼ਾਂ ਵਰਗੇ ਦੈਂਤ ਪਠਾਣਾਂ ਨੂੰ ਪਰੋ ਦਿੱਤਾ। ਸਾਰੇ ਰੌਲਾ ਮਚ ਗਿਆ ਕਿ ਕਲਗੀਧਰ ਦੇ ਬੀਰ ਸਪੂਤ ਤੋਂ ਬਚ ਕੇ ਲੜੋ ।ਇਹਨਾਂ ਕੋਲ ਪਿਤਾ ਗੁਰੂ ਜੀ ਦਾ ਬਖਸ਼ਿਆ ਖੰਡਾ ਹੈ।

ਪਰ ਪੰਜ ਭੁੱਖੇ ਸਿੰਘ ਲੱਖਾਂ ਦਾ ਮੁਕਾਬਲਾ ਕਿੰਨੀ ਕੁ ਦੇਰ ਕਰ ਸਕਦੇ ਸਨ। ਸਾਹਿਬਜ਼ਾਦੇ ਨੂੰ ਲੜਦਿਆਂ ਲੜਦਿਆਂ ਸ਼ਾਮ ਪੈ ਗਈ। ਉਸ ਸਮੇਂ ਇੱਕ ਤੀਰ ਆ ਕੇ ਬਾਬਾ ਜੁਝਾਰ ਸਿੰਘ ਦੇ ਦਿਲ ਵਿੱਚ ਲੱਗਾ। ਮਾਨੋ ਇਹ ਤੀਰ ਕਲੇਜੇ ਵਿੱਚ ਨਹੀਂ ਸਗੋਂ ਫੁੱਲ ਵਿੱਚ ਕੰਡਾ ਵੱਜਾ ਹੈ। ਸਾਰੇ ਪਾਸੇ ਹਨੇਰਾ ਛਾ ਗਿਆ। ਹਾ-ਹਾ ਕਾਰ ਮਚ ਗਈ। ਦਸਮੇਸ਼ ਪਿਤਾ ਦਾ ਲਾਡਲਾ ਸਪੂਤ ਭੁਆਟਣੀ ਖਾ ਕੇ ਜ਼ਮੀਨ 'ਤੇ ਡਿੱਗ ਗਿਆ।

ਇਸ ਤਰ੍ਹਾਂ ਨਾਲ ਸਾਹਿਬ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾ ਅਜੀਤ ਸਿੰਘ ਦੇ ਨਾਲ ਰਲ ਕੇ ਬਾਬਾ ਗੁਰੂ ਤੇਗ ਬਹਾਦਰ ਜੀ ਦੀ ਗੋਦ ਵਿੱਚ ਜਾ ਬੈਠੇ। ਸੂਰਜ ਵੀ ਅਸਤ ਹੋ ਗਿਆ ਮਾਨੋ ਮੁਗਲਾਂ ਦੇ ਰਾਜ ਦਾ ਸੂਰਜ ਹੀ ਡੁੱਬ ਗਿਆ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦਗਾਰ ਚਮਕੌਰ ਸਾਹਿਬ



ਵਿੱਚ ਗੁਰਦੁਆਰਾ ਕਤਲ ਗੜ੍ਹ ਸਾਹਿਬ ਅਤੇ ਗੜ੍ਹੀ ਸਾਹਿਬ ਸ਼ੁਸ਼ੋਭਿਤ ਹੈ, ਯੋਗੀ ਅੱਲਾ ਯਾਰ ਖਾਂ ਕਹਿੰਦੇ ਹਨ :-

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।
ਚਮਕ ਹੈ ਮਿਹਰ ਕੀ ਚਮਕੌਰ! ਥੇਰੇ ਜ਼ਰਰੋ ਮੇਂ।
ਯਹੀਂ ਸੇ ਬਨ ਕੇ ਸਤਾਰੇ ਗਏ ਸ਼ਮਾਂ ਕੇ ਲੀਏ।
ਗੁਰੂ ਗੋਬਿੰਦ ਕੇ ਲ਼ਖ਼ਤਿ ਜਿਗਰ ਅਜੀਤੋ ਜੁਝਾਰ।
ਫਲਕ ਪਿ ਇਕ ਯਹਾਂ ਦੋ ਚਾਂਦ ਹੈ ਜਿਯਾ ਕੇ ਲੀਏ।

ਯੋਗੀ ਜੀ ਕਿੰਨਾ ਸੁੰਦਰ ਬਿਆਨ ਕਰਦੇ ਹਨ ਕਿ ਹਿੰਦੁਸਤਾਨ ਵਿੱਚ ਯਾਤਰਾ ਕਰਨ ਲਈ ਕੇਵਲ ਇੱਕੋ ਇੱਕ ਤੀਰਥ ਹੈ, ਚਮਕੌਰ ਸਾਹਿਬ। ਜਿੱਥੇ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਧਰਮ ਤੋਂ ਕੁਰਬਾਨ ਕੀਤੇ। ਚਮਕੌਰ ਸਾਹਿਬ ਦੇ ਕਿਣਕੇ ਕਿਣਕੇ ਵਿੱਚ ਕੁਰਬਾਨੀ ਰੂਪੀ ਸੂਰਜ ਦੀ ਚਮਕ ਹੈ। ਇਥੋਂ ਹੀ ਸ਼ਹੀਦੀ ਪਰਵਾਨੇ ਉੱਠੇ ਤੇ ਆਕਾਸ਼ 'ਤੇ ਪਹੁੰਚ ਗਏ ਭਾਵ ਅਮਰ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੂਤ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਮਾਨੋਂ ਦੋ ਚੰਦ ਇਸ ਅਸਥਾਨ ਨੂੰ ਰੋਸ਼ਨ ਕਰ ਰਹੇ ਹਨ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਸ਼ਹੀਦ ਬੀਬੀ ਸ਼ਰਨ ਕੌਰ ਚਮਕੌਰ ਸਾਹਿਬ ਦੇ ਲਾਗਲੇ ਪਿੰਡ ਰਾਏ ਪੁਰ ਦੀ ਰਹਿਣ ਵਾਲੀ ਸੀ। ਇਸ ਬੀਬੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੂਹਾਨੀਅਤ ਤਰੀਕੇ ਦਰਸ਼ਨ ਦੇ ਕੇ ਆਤਮਿਕ ਬਲ ਬਖਸ਼ਿਆ। ਬੀਬੀ ਨੇ ਸ਼ਹੀਦ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਕਰਨ ਦੀ ਹਿੰਮਤ ਕੀਤੀ। ਲੱਭ ਲੱਭ ਕੇ ਕੁਝ ਸ਼ਹੀਦਾਂ ਦੀਆਂ ਦੇਹਾਂ ਇਕੱਠੀਆਂ ਕਰਕੇ ਅੰਗੀਠਾ ਤਿਆਰ ਕਰ ਅੱਗ ਲਾ ਦਿੱਤੀ। ਅੱਗ ਦੇ ਭਾਂਬੜ ਮਚ ਗਏ। ਮੁਗਲ ਸਿਪਾਹੀ ਜੋ ਆਪਣੇ ਮੁਰਦਿਆਂ ਨੂੰ ਦਫਨਾਉਂਦੇ ਥੱਕੇ ਹਾਰੇ ਬੇਸੁਰਤ ਸੁੱਤੇ ਹੋਏ ਸੀ ਅੱਭੜਵਾਹੇ ਉੱਠੇ ਅੱਗ ਦੀਆਂ ਲਾਟਾਂ ਦੇਖ ਕੇ ਭੈ ਭੀਤ ਹੋ ਗਏ। ਕੁਝ ਚਿਰ ਪਿੱਛੋਂ ਹੌਂਸਲਾ ਕਰਕੇ ਅੱਗ ਦੇ ਕੋਲ ਪਹੁੰਚੇ ਬੀਬੀ ਨੂੰ ਦੇਖ ਕੇ ਹੈਰਾਨ ਹੋ ਗਏ। ਬੀਬੀ ਨੂੰ ਪੁੱਛਿਆ ਤੂੰ ਕੌਣ ਹੈ? ਬੀਬੀ ਨੇ ਗਰਜ ਕੇ ਉਤਰ ਦਿੱਤਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਧੀ ਹਾਂ ਤੇ ਸ਼ਹੀਦਾਂ ਦਾ ਸਸਕਾਰ ਕਰ ਰਹੀ ਹਾਂ। ਸਿਪਾਹੀਆਂ ਨੇ ਫੜਨਾ ਚਾਹਿਆ ਪਰ ਬੀਬੀ ਨੇ ਤਲਵਾਰ ਧੂਹ ਕੇ ਕਈਆਂ ਨੂੰ ਮਾਰ ਮੁਕਾਇਆ ਤੇ ਆਪ ਫੱਟੜ ਹੋ ਕੇ ਡਿੱਗ ਪਈ। ਜ਼ਾਬਰ ਸਿਪਾਹੀਆਂ ਨੇ ਗੰਭੀਰ ਜ਼ਖਮੀ ਬੀਬੀ ਸ਼ਰਨ ਕੌਰ ਨੂੰ ਅੱਗ ਵਿੱਚ ਸੁੱਟ ਦਿੱਤਾ। ਇਉਂ ਬੀਬੀ ਸ਼ਰਨ ਕੌਰ ਨੇ ਸ਼ਹੀਦਾਂ ਦਾ ਸਸਕਾਰ ਕਰਦਿਆਂ 9 ਪੋਹ ਦੀ ਰਾਤ ਸ਼ਹੀਦੀ ਪਾਈ।

ਉਨ੍ਹਾਂ ਦਿਨਾਂ ਵਿੱਚ ਹੀ ਭਾਈ ਰਾਮਾ ਤੇ ਤਿਲੋਕਾ ਜੀ ਮਹਿਰਾਜ ਨਿਵਾਸੀ ਬਾਬਾ ਫੂਲ ਜੀ ਤੇ ਸਪੁੱਤਰ ਸਰਹੰਦ ਮਾਮਲਾ ਤਾਰਨ ਆਏ ਹੋਏ ਸਨ। ਉਹਨਾਂ ਨੂੰ ਚਮਕੌਰ ਸਾਹਿਬ ਦੇ ਸ਼ਹੀਦੀ ਸਾਕੇ ਦਾ ਪਤਾ ਲੱਗਾ। ਦੋਹਾਂ ਭਰਾਵਾਂ ਨੇ ਬੜਾ ਦੁੱਖ ਮਹਿਸੂਸ ਕੀਤਾ ਤੇ ਸਲਾਹ ਕੀਤੀ ਆਪਾਂ ਜਾਨ ਵਾਰ ਕੇ ਵੀ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਅਤੇ ਪਿਆਰੇ ਸ਼ਹੀਦ ਸਿੰਘਾਂ ਦਾ ਸਸਕਾਰ ਜਰੂਰ ਕਰਾਂਗੇ। ਦੂਰੋਂ ਨੇੜਿਓ ਬਾਕੀ ਸਿੰਘਾਂ ਤੇ ਸਾਹਿਬਜ਼ਾਦਿਆਂ ਦੇ ਸਰੀਰ ਇਕੱਠੇ ਕਰਕੇ ਅੱਗ ਦੀ ਭੇਟ ਕਰ ਦਿੱਤੇ। ਇਸ ਤਰ੍ਹਾਂ ਸਤਿਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਦੋਵੇਂ ਭਰਾ 10 ਪੋਹ ਦੀ ਰਾਤ ਨੂੰ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਿੱਚ ਸਫ਼ਲ ਹੋ ਗਏ।

ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇਉਂ ਅੰਕਿਤ ਕਰਦੇ ਹਨ ਕਿ ਸਾਹਿਬਜ਼ਾਦਿਆਂ ਦੇ ਸਰੀਰ ਦੁਸ਼ਮਣਾਂ ਨੂੰ ਨਜ਼ਰ ਹੀ ਨਹੀਂ ਆਏ। ਗੁਰੂ ਕ੍ਰਿਪਾ ਦੁਆਰਾ ਭਾਈ ਤਿਲੋਕਾ ਤੇ ਭਾਈ ਰਾਮਾ ਜੀ ਨੂੰ ਦਰਸ਼ਨ ਹੋ ਗਏ :-

ਦ੍ਰਿਸ਼ਟਿ ਪਰੇ ਨਹਿ ਦੋਹਨੁ ਭਾਈ।
ਜੇ ਪਾਵਤਿ ਸਿਰ ਵੱਢ ਲੇ ਜਾਈ।
ਆਪਣੇ ਜਾਨਿ ਦਾਸ ਇਨ ਤਾਈ।
ਦੋਨੋ ਲੋਥੈਂ ਦਈ ਦਿਖਾਈ।

ਵਿਸਥਾਰ ਲਈ ਵੇਖੋ:ਗੁਰਬਾਣੀ ਇਸੁ ਮਹਿ ਚਾਨਣੁ, ਪਰਚਾਰ ਤੇ ਪ੍ਰਸਾਰ ਸੰਸਥਾ, ਐਸ ਏ ਐਸ ਨਗਰ ਮੁਹਾਲੀ ਦੁਆਰਾ ਪ੍ਰਕਸ਼ਿਤ ਪੁਸਤਕ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦੇ

# ਪਿੰਡ ਦੇ ਹਰ ਸਮਾਗਮ ਵਿੱਚ ਸਟੇਜ ਸਕੱਤਰ ਦਾ ਫਰਜ਼ ਨਿਭਾਉਣ ਵਾਲਾ ਸ੍ਰ. ਰਣਜੀਤ ਸਿੰਘ ਢੀਂਡਸਾ (ਸਰਪੰਚ)



ਮੇਜਰ ਸਿੰਘ ਨਾਭਾ
91-94635-53962

ਸ਼ਬਦਾਂ ਨੂੰ ਸਮੇਂ ਦੇ ਨਿਜਾਕਤ ਅਨੁਸਾਰ ਪਰੋਅ ਕੇ ਆਪਣੀ ਤਕਰੀਰ ਨੂੰ ਲੋਕਾ ਦੇ ਮਨਾਂ ਨੂੰ ਟੁੰਬਣ ਵਾਲੇ ਸਮਾਜ ਵਿੱਚ ਵਿਰਲੇ ਲੋਕ ਆਪਣੀ ਵਿਸ਼ੇਸ਼ ਥਾਂ ਬਣਾ ਲੈਂਦੇ ਹਨ । ਇਹੋ ਜਿਹੀ ਹੀ ਢੀਂਡਸਾ ਪਰਿਵਾਰ ਦੀ ਸ਼ਖਸ਼ੀਅਤ ਹੈ ਸ੍ਰ. ਰਣਜੀਤ ਸਿੰਘ ਢੀਂਡਸਾ, ਜਿਨ੍ਹਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਵ: ਸ੍ਰ. ਉਜਾਗਰ ਸਿੰਘ ਢੀਂਡਸਾ ਦੇ ਘਰ ਮਾਤਾ ਸਰਦਾਰਨੀ ਸੰਤ ਕੌਰ ਦੀ ਕੁੱਖੋਂ 10 ਮਈ 1964 ਨੂੰ ਹੋਇਆ। ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਵਾਲੇ ਹੋਣ ਕਰਕੇ ਘਰ ਵਿੱਚਲੇ ਧਾਰਮਿਕ ਮਾਹੌਲ ਦੀ ਰੰਗਤ ਰਣਜੀਤ ਸਿੰਘ ਨੂੰ ਛੋਟੇ ਹੁੰਦਿਆਂ ਹੀ ਚੜ੍ਹ ਗਈ ਸੀ। ਉਸ ਨੇ ਦਸਵੀਂ ਤੱਕ ਦੀ ਵਿੱਦਿਆ ਪਿੰਡ ਦੇ ਸਰਕਾਰੀ ਹਾਈ ਸਕੂਲ ਤੋਂ ਸੰਨ 1980 ਤੱਕ ਪ੍ਰਾਪਤ ਕੀਤੀ।

ਪੰਜਾਬ ਅੰਦਰ ਨੌਜਵਾਨਾਂ ਦੇ ਉਸ ਸਮੇਂ ਬੇਰੁਜ਼ਗਾਰੀ ਕਾਰਨ ਕੁਰਾਹੇ ਪੈਣ ਦੀ ਪਿਰਤ ਚਲ ਰਹੀ ਸੀ। ਪਿੰਡ ਵਿੱਚ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪਿੰਡ ਦੇ ਸੂਝਵਾਨ ਨੌਜਵਾਨਾਂ ਵਲੋਂ ਢੀਂਡਸਾ ਯੂਥ ਕਲੱਬ ਦਾ ਗਠਨ ਕੀਤਾ ਗਿਆ ਅਤੇ ਹਰੇਕ ਸਾਲ ਟੂਰਨਾਮੈਂਟ ਕਰਵਾਏ ਜਾਣ ਲੱਗੇ। ਛੋਟੀ ਉਮਰੇ ਹੀ ਰਣਜੀਤ ਸਿੰਘ ਇਨ੍ਹਾਂ ਟੂਰਨਾਮੈਂਟ ਦੀ ਸਟੇਜ਼ ਸਕੱਤਰ ਦੀ ਭੂਮਿਕਾ ਬੜੇ ਸਲੀਕੇ ਨਾਲ ਨਿਭਾਉਣ ਲੱਗ ਗਿਆ ਕਿਉਂ ਕਿ ਉਹ ਇਸ ਕਲੱਬ ਨਾਲ ਅਗਾਂਊਵਧੂ ਸੋਚ ਕਰਕੇ ਜੁੜ ਗਿਆ ਸੀ। ਹੁਣ ਤਾਂ ਉਸ ਨੂੰ ਪਿੰਡ ਦੇ ਹਰੇਕ ਸਮਾਗਮ ਦੀ ਕਾਰਵਾਈ ਚਲਾਉਣ ਅਤੇ ਸੰਗਤ ਦਾ ਧੰਨਵਾਦ ਕਰਨ ਲਈ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਉਸ ਨੂੰ ਸਬਦਾਂ ਨੂੰ ਸਮੇਂ ਅਨੁਸਾਰ ਢਾਲ ਕੇ ਸਮੇਂ ਦੇ ਹਾਣੀ ਬਣਾਉਣ ਦਾ ਵਲ ਆਉਂਦਾ ਹੈ। ਗੁਰਬਾਣੀ ਨਾਲ ਛੋਟੇ ਹੁੰਦੇ ਹੀ ਉਹ ਜੁੜ ਗਿਆ ਸੀ ਇਸੇ ਕਰਕੇ ਉਸ ਨੂੰ ਗੁਰਬਾਣੀ ਕੰਠ ਹੋ ਗਈ ਹੈ, ਭਾਸ਼ਣ ਦਿੰਦੇ ਸਮੇਂ ਉਹ ਗੁਰਬਾਣੀ ਦੀਆਂ ਤੁੱਕਾਂ ਦਾ ਹਵਾਲਾ ਵੀ ਅਕਸਰ ਦਿੰਦਾ ਹੈ। ਉਨ੍ਹਾ ਦਾ ਵਿਆਹ 1988 ਵਿੱਚ ਪਿੰਡ ਭੋੜੇ ਦੇ ਸਵ: ਸ੍ਰ. ਕਰਨੈਲ ਸਿੰਘ ਦੀ ਬੇਟੀ ਪਰਮਜੀਤ ਕੌਰ ਨਾਲ ਹੋਇਆ ।



ਗੁਰਸਿੱਖੀ ਨਾਲ ਜੁੜੇ ਹੋਣ ਕਾਰਨ ਉਸ ਨੂੰ 1990 ਵਿੱਚ ਗੁਰਦੁਆਰਾ ਸਾਹਿਬ ਭਾਈ ਮੂਲ ਚੰਦ ਜੀ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਮਿਲ ਗਈ। ਇਸ ਸਮੇਂ ਦੌਰਾਨ ਉਸ ਨੇ ਗੁਰਦੁਆਰਾ ਸਾਹਿਬ ਦੀ ਜਮੀਨ ਉੱਪਰ ਨਜਾਇਜ਼ ਕਬਜ਼ਿਆਂ ਨੂੰ ਛੁੱਡਵਾ ਕੇ ਦੀਵਾਰ ਕੱਢਵਾ ਕੇ ਦੁਕਾਨਾਂ ਦੀ ਉਸਾਰੀ ਕਰਵਾਈ ਜੋ ਕਮੇਟੀ ਲਈ ਆਮਦਨ ਦਾ ਸਾਧਨ ਬਣ ਗਈਆਂ। ਪਿੰਡ ਦੇ ਸਰਪੰਚ ਸ੍ਰ. ਜਰਨੈਲ ਸਿੰਘ ਢੀਂਡਸਾ ਦੀ ਅਚਾਨਕ ਸ਼ੰਖੇਪ ਬਿਮਾਰੀ ਉਪਰੰਤ ਮੌਤ ਹੋਣ ਕਾਰਨ 21 ਦਸੰਬਰ 1994 ਨੂੰ ਜ਼ਿਮਨੀ ਚੋਣ ਵਿੱਚ ਸ੍ਰ. ਰਣਜੀਤ ਸਿੰਘ ਢੀਂਡਸਾ ਚੋਣ ਜਿੱਤ ਕੇ ਪਿੰਡ ਦੇ ਸਰਪੰਚ ਬਣ ਗਏ। ਉਹ ਇਸ ਚੋਣ ਦੀ ਟਰਮ ਜੋ ਕਿ 1997 ਤੱਕ ਸੀ ਦੇ ਸਰਪੰਚ ਰਹੇ। ਇਸ ਥੋੜੇ ਸਮੇਂ ਦੌਰਾਨ ਉਨ੍ਹਾਂ ਨੇ ਪਿੰਡ ਦੀਆਂ ਧਰਮਸ਼ਾਲਾਵਾਂ ਦੀਆਂ ਪੁਰਾਣੀਆਂ ਛੱਤਾਂ ਬਦਲਵਾ ਕੇ ਲੈਂਟਰ ਪੁਵਾਏ। ਗਲੀਆਂ, ਨਾਲੀਆਂ ਦੇ ਕੰਮ ਕੀਤੇ। ਸਰਕਾਰੀ ਗ੍ਰਾਂਟ ਨਾਲ ਸਕੂਲ ਦੇ ਦੋ ਕਮਰੇ ਬਣਵਾਏ । ਸਕੂਲ ਦੇ ਨਾਲ ਲੱਗਦੀ ਜਗ੍ਹਾ ਨੂੰ ਖਰੀਦ ਕੇ ਸਕੂ਼ਲ ਵਿੱਚ ਰਲ-ਾਇਆ। ਫੋਕਲ ਪੁਆਇੰਟ ਬਸਤੀ ਵਿਖੇ ਧਰਮਸਾਲਾ ਅਤੇ ਗਲੀਆਂ ਨਾਲੀਆਂ ਬਣਵਾਈਆਂ। ਅਗਲੀ ਟਰਮ ਵਿੱਚ ਪਿੰਡ ਦੀ ਸਰਪੰਚੀ ਔਰਤ ਲਈ ਰਿਜ਼ਰਵ ਹੋ ਗਈ। ਇਨ੍ਹਾਂ ਹਾਲਾਤਾਂ 'ਚ ਉਨ੍ਹਾਂ ਦੇ ਦੋਸਤ ਸ੍ਰ. ਰਣਜੀਤ ਸਿੰਘ ਕਾਲਾ ਦੀ ਮਾਤਾ ਸਰਪੰਚ ਦੇ ਉਮੀਦਵਾਰ ਬਣਾਏ ਗਏ, ਉਨ੍ਹਾਂ ਦੇ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਮੈਂਬਰ ਵਜੋਂ ਉਮੀਦਵਾਰ ਬਣਨਾ ਪਿਆ ਅਤੇ ਉਹ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤੇ। ਇਸ ਪੰਚਾਇਤ ਵਿੱਚ ਉਨ੍ਹਾਂ ਨੇ ਸਕੂਲ ਵਿੱਚ ਨਾਬਾਰਡ ਬਿਲਡਿੰਗ ਬਣਵਾਉਣ ਲਈ ਅਹਿਮ ਭੂਮਿਕਾ ਨਿਭਾਈ। ਪਿੰਡ ਤੋਂ ਸਿਵਗੜ੍ਹ ਨੂੰ ਸੜਕ ਅਤੇ ਫਿਰਨੀ ਦੀ ਸੜਕ ਅਥੇ ਸਕੂਲ ਤੱਕ ਸੜਕ ਵੀ ਇਸ ਪੰਚਾਇਤ ਨੇ ਬਣਵਾਈ। ਗਲੀਆਂ, ਨਾਲੀਆਂ ਦਾ ਰਹਿੰਦਾ ਕੰਮ ਵੀ ਹੋਇਆ। ਉਨ੍ਹਾਂ ਪਿੰਡ ਦੇ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਉਣ ਵਿੱਚ ਉਸ ਸਮੇਂ ਦੇ ਗੁਰਦੁਆਰਾ ਕਮੇਟੀ ਦੇ ਖਜਾਨਚੀ ਸ੍ਰ. ਹਰਬੰਸ ਸਿੰਘ (ਬਿਜਲੀ ਬੋਰਡ) ਨਾਲ ਪੂਰਨ ਸਹਿਯੋਗ ਦੇ ਕੇ ਅਹਿਮ ਭੂਮਿਕਾ ਨਿਭਾਈ। ਇਲਾਕੇ ਦੇ ਪਿੰਡਾਂ ਵਿੱਚੋਂ ਪਿੰਡ ਵਿੱਚ ਪਹਿਲਾ ਪੰਚਾਇਤੀ ਫੋਨ ਲੱਗਣ ਕਾਰਨ ਪਿੰਡ ਵਾਸੀਆਂ ਨੂੰ ਫੋਨ ਦੀ ਸਹੂਲਤ ਮਿਲੀ। ਇਸ ਤੋਂ ਬਾਅਦ ਪਿੰਡ ਵਿੱਚ ਉਨ੍ਹਾਂ ਵੱਧ ਤੋਂ ਵੱਧ ਟੈਲੀਫੋਨ ਕੁਨੇਕਸ਼ਨ ਅਪਲਾਈ ਕਰਵਾਕੇ ਟੈਲੀਫੋਨ ਐਕਸਚੈਂਜ਼ ਲਿਆਉਣ ਵਿੱਚ ਅਹਿਮ ਰੋਲ ਅਦਾ ਕੀਤਾ। ਇਲਾਕੇ ਵਿੱਚ ਉਨ੍ਹਾਂ ਦੀਆਂ ਵਿਲੱਖਣ ਗਤੀ ਵਿਧੀਆਂ ਕਰਕੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ ਆਦਿ ਪ੍ਰੋਗਰਾਮਾਂ / ਸਮਾਗਮਾਂ ਲਈ ਅਕਸਰ ਸੱਦਾ ਪੱਤਰ ਆਉਂਦੇ ਰਹਿੰਦੇ ਹਨ। ਉਹ ਲੋੜਵੰਦਾਂ ਦੇ ਕੰਮ ਕਰਾਉਣੁ ਲਈ ਨਾਲ ਵੀ ਜਾਂਦੇ ਰਹਿੰਦੇ ਹਨ। ਸਮਾਜ ਸੇਵੀ ਸਵ: ਬਾਬਾ ਬਿਸ਼ਨ ਸਿੰਘ (ਵਾਤਾਵਰਣ ਪ੍ਰੇਮੀ) ਦੀ ਸੰਗਤ ਦਾ ਉਨ੍ਹਾਂ ਉੱਪਰ ਡੂੰਘਾ ਅਸ਼ਰ ਪੈਣ ਕਾਰਨ ਰਣਜੀਤ ਸਿੰਘ ਦੀ ਸੋਚ ਵੀ ਸਮਾਜ ਲਈ ਕੁਝ ਨਾ ਕੁਝ ਕਰਨ ਲਈ ਤੱਤਪਰ ਰਹਿੰਦੀ ਹੈ ।ਉਹ ਪਿੰਡ ਵਿੱਚ ਪਰਿਵਾਰਿਕ ਸਾਂਝ ਰੱਖਦੇ ਹੋਏ ਹਰੇਕ ਦੇ ਦੁੱਖ-ਸੁੱਖ ਵਿੱਚ ਸਰੀਕ ਹੁੰਦੇ ਹਨ। ਕਿਸਾਨੀ ਨਾਲ ਸਬੰਧਤ ਹੋਣ ਕਰਕੇ ਉਹ ਕਿਸਾਨੀ ਸੰਘਰਸ਼ ਵਿੱਚ ਵੀ ਪੂਰਾ ਸਹਿਯੋਗ ਦਿੰਦੇ ਰਹਿੰਦੇ ਹਨ।

ਉਹ ਧਾਰਮਿਕ ਸਮਾਗਮਾਂ ਵਿੱਚ ਅਕਸਰ ਹਾਜ਼ਰੀ ਭਰਨ ਦੇ ਨਾਲ ਸਹਿਯੋਗ ਵੀ ਦਿੰਦੇ ਰਹਿੰਦੇ ਹਨ। ਉਨ੍ਹਾਂ ਦਾ ਸੁਭਾਅ ਮਿਲਣਸਾਰ, ਦੁੱਖ-ਸੁੱਖ ਦੇ ਸਾਂਝੀਵਾਲ, ਨਿਮਰਤਾ ਵਾਲਾ ਹੈ। ਪਿੰਡ ਦੇ ਸਕੂ਼ਲ ਦੀ ਮਨੇਜਮੈਂਟ ਕਮੇਟੀ ਦੇ ਪ੍ਰਧਾਨ, ਪੀ.ਟੀ.ਏ. ਦੇ ਪ੍ਰਧਾਨ ਹੁੰਦੇ ਹਮੇਸ਼ਾ ਸਕੂਲ ਦੀ ਬਿਹਤਰੀ ਲਈ ਕੰਮ ਕਰਦੇ ਰਹੇ। ਉਹ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਵਲੋਂ ਬਣਾਈ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜ਼ਿ:)' ਦੇ ਪ੍ਰੈਸ ਸਕੱਤਰ ਵਜੋਂ ਕੰਮ ਕਰ ਰਹੇ ਹਨ ਅਤੇ ਪੂਰਾ ਸਹਿਯੋਗ ਦੇ ਰਹੇ ਹਨ । ਸ੍ਰ. ਰਣਜੀਤ ਸਿੰਘ ਢੀਂਡਸਾ ਦਾ ਬੇਟਾ ਸੁਖਵਿੰਦਰ ਸਿੰਘ ਢੀਂਡਸਾ ਪ੍ਰਾਈਵੇਟ ਜਾਬ ਕਰ ਰਿਹਾ ਹੈ। ਬੇਟੇ ਦੀ ਪਤਨੀ ਮਨਜੀਤ ਕੌਰ ਨਿੱਘੇ ਸੁਭਾਅ ਦੀ ਹੈ ਜੋ ਆਪਣੀਆਂ ਪੜ੍ਹ ਰਹੀਆਂ ਦੋ ਬੇਟੀਆਂ ਹਰਸਿਮਰਤ ਕੌਰ ਅਤੇ ਗੁਰਸੀਰਤ ਕੌਰ ਦਾ ਵਧੀਆ ਪਾਲਣ ਪੋਸ਼ਣ ਕਰ ਰਹੀ ਹੈ। ਸ੍ਰ. ਰਣਜੀਤ ਸਿੰਘ ਢੀਂਡਸਾ ਦੀ ਬੇਟੀ ਮਨਿੰਦਰ ਕੌਰ ਆਪਣੇ ਪਤੀ ਜਸਵੀਰ ਸਿੰਘ ਅਤੇ ਬੇਟੇ ਮਨਕੀਰਤ ਸਿੰਘ ਨਾਲ ਕਨੇਡਾ ਵਿਖੇ ਰਹਿ ਰਹੀ ਹੈ। ਉਹ ਆਪਣੇ ਮਾਤਾ ਜੀ ਅਤੇ ਪਰਿਵਾਰ ਸਮੇਤ ਆਪਣੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਰਹਿ ਕੇ ਖੇਤੀਬਾੜੀ ਦਾ ਕੰਮ ਕਰ ਰਹੇ ਹਨ।

ਵਾਹਿਗੁਰੂ ਜੀ ਉਨ੍ਹਾਂ ਨੂੰ ਹੋਰ ਵਧੇਰੇ ਧਾਰਮਿਕ, ਸਮਾਜ ਭਲਾਈ ਕੰਮਾਂ ਨੂੰ ਕਰਨ ਲਈ ਤੰਦਰੁਸਤੀ, ਸੁਮੱਤ ਅਤੇ ਚੜ੍ਹਦੀਕਲਾ ਬਖਸ਼ਣ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਬਾਰੇ ਮਹੱਤਵਪੂਰਨ ਜਾਣਕਾਰੀ





ਲਾਲ ਸਿੰਘ ਸੁਲਹਾਣੀ
91-98721-55120

1. ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਅਸੀਂ ਭਾਰਤ ਰਤਨ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ, ਵਿਸ਼ਵ ਪੱਧਰ ਦੇ ਰਾਜ ਨੇਤਾ, ਅਰਥ ਸਾਸ਼ਤਰੀ ਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਦੇ ਤੌਰ ਤੇ ਜਾਣਦੇ ਹਾਂ। ਉਹਨਾਂ ਦਾ ਜਨਮ ਇਕ ਅਛੂਤ ਪ੍ਰਵਾਰ ਵਿਚ 14 ਅਪ੍ਰੈਲ 1891 ਨੂੰ ਮਹੂ ਛਾਉਣੀ ਵਿੱਚ ਹੋਇਆ। ਉਨ੍ਹਾਂ ਨੇ ਬਚਪਨ ਵਿੱਚ ਨਾਰਕੀ ਜੀਵਨ ਹੰਢਾਇਆ। ਉਹਨਾਂ ਦਾ ਪ੍ਰੀਨਿਰਵਾਣ 6 ਦਸੰਬਰ 1956 ਨੂੰ ਦਿੱਲੀ ਵਿਖੇ ਹੋਇਆ। ਵਿਸ਼ਵ ਭਰ ਵਿਚ ਉਹ ਬਾਬਾ ਸਾਹਿਬ ਵਜੋਂ ਜਾਣੇ ਜਾਂਦੇ ਹਨ।
2. ਜੀਵਨਕਾਲ ਦੌਰਾਨ ਉਨ੍ਹਾਂ ਦਾ ਬੁੱਤ 1950 ਵਿਚ ਬਣਾਇਆ ਗਿਆ ਜੋ ਕੋਹਲਾਪੁਰ ਵਿਚ ਸਥਾਪਤ ਕੀਤਾ ਗਿਆ।
3. ਵਿਸ਼ਵ ਵਿੱਚ ਸੱਭ ਤੋਂ ਵੱਧ ਬੁੱਤ ਬਾਬਾ ਸਾਹਿਬ ਦੇ ਸਥਾਪਤ ਕੀਤੇ ਗਏ ਹਨ।
4. ਆਕਸਫੋਰਡ ਯੂਨੀਵਰਸਿਟੀ ਆਫ ਲੰਡਨ ਦੁਆਰਾ ਪਿਛਲੇ 10000 ਸਾਲਾਂ ਵਿੱਚ ਹੋਏ ਵਿਸ਼ਵ ਦੇ 100 ਮਾਨਵਵਾਦੀ ਮਹਾਂਪੁਰਖਾਂ ਦੀ ਸੂਚੀ ਵਿੱਚ ਬਾਬਾ ਸਾਹਿਬ ਦਾ ਨਾਮ ਚੌਥੇ ਸਥਾਨ ਤੇ ਦਰਜ ਹੈ।
5. ਮੁਦਰੀਕਰਣ ਵਿਸ਼ੇ ਉੱਤੇ ਬਾਬਾ ਸਾਹਿਬ ਨੇ ਮਹੱਤਵ ਪੂਰਨ ਪੁਸਤਕ "Problem of Rupee" ਵਿਚ ਦੱਸਿਆ ਹੈ ਕਿ ਕਿਸੇ ਵੀ ਦੇਸ਼ ਵਿੱਚ ਕਾਲੇ ਧਨ ਅਤੇ ਜਾਹਲੀ ਕਰੰਸੀ ਤੇ ਕਾਬੂ ਪਾਉਣ ਲਈ ਹਰ ਦਸ ਸਾਲ ਬਾਅਦ ਮੁੜ-ਮੁਦਰੀਕਰਣ ਕੀਤਾ ਜਾਣਾ ਚਾਹੀਦਾ ਹੈ। ਮੋਦੀ ਸਰਕਾਰ ਨੇ ਇਸੇ ਆਧਾਰ 'ਤੇ ਨੋਟ ਬੰਦੀ ਕੀਤੀ ਹੈ।
6. ਬਾਬਾ ਸਾਹਿਬ ਇਕ ਉੱਤਮ ਚਿੱਤਰਕਾਰ ਵੀ ਸਨ। ਉਹਨਾਂ ਨੇ ਪਹਿਲੀ ਵਾਰ ਮਹਾਤਮਾ ਬੁੱਧ ਦੀ ਖੁੱਲ੍ਹੀਆਂ ਅੱਖਾਂ ਵਾਲੀ ਮੂਰਤੀ ਦਾ ਨਿਰਮਾਣ ਕੀਤਾ। ਜੋ ਅੱਜ ਸੱਭ ਤੋਂ ਜ਼ਿਆਦਾ ਪ੍ਰਚਲਤ ਹੈ।
7. ਬਾਬਾ ਸਾਹਿਬ ਦੁਆਰਾ ਲਿਖੀ ਪੁਸਤਕ "Waiting For Visa" ਕੋਲੰਬੀਆ ਯੂਨੀਵਰਸਿਟੀ ਵਿੱਚ ਟੈਕਸਟ ਬੁੱਕ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ।
8. ਬਾਬਾ ਸਾਹਿਬ ਪਿੱਛੜੇ ਸਮਾਜ ਦੇ ਪਹਿਲੇ ਵਕੀਲ ਸਨ।
9. ਕੋਲੰਬੀਆ ਯੂਨੀਵਰਸਿਟੀ ਵੱਲੋਂ 2004 ਵਿਚ ਵਿਸ਼ਵ ਦੇ 100 ਬੁੱਧੀਮਾਨ ਵਿਅਕਤੀਆਂ ਦੀ ਸੂਚੀ ਵਿੱਚ ਬਾਬਾ ਸਾਹਿਬ ਦਾ ਨਾਂ ਪਹਿਲੇ ਨੰਬਰ ਤੇ ਦਰਜ ਕੀਤਾ ਗਿਆ ਹੈ।
10. ਬਾਬਾ ਸਾਹਿਬ 64 ਵਿਸ਼ਿਆਂ ਦੇ ਮਾਸਟਰ ਸਨ। ਉਹ ਮਰਾਠੀ, ਪਾਲੀ , ਹਿੰਦੀ, ਫਰੈਂਚ, ਇੰਗਲਿਸ਼, ਗੁਜਰਾਤੀ, ਪਰਸ਼ੀਅਨ, ਜਰਮਨ ਤੇ ਸੰਸਕ੍ਰਿਤ ਸਮੇਤ 9 ਭਾਸ਼ਾਵਾਂ ਦੇ ਗਿਆਤਾ ਸਨ।
11. ਉਹਨਾਂ ਨੇ 21 ਸਾਲ ਵਿਸ਼ਵ ਦੇ ਸਮੂਹ ਧਰਮਾਂ ਦਾ ਤੁਲਨਾਤਮਕ ਅਧਿਐਨ ਕੀਤਾ।
12. ਉਹਨਾਂ ਨੇ ਆਕਸਫੋਰਡ ਯੂਨੀਵਰਸਿਟੀ ਵਿੱਚ 8 ਸਾਲਾਂ ਵਿਚ ਪੂਰੀ ਹੋਣ ਵਾਲੀ ਪੜ੍ਹਾਈ ਕੇਵਲ 2 ਸਾਲ 3 ਮਹੀਨੇ 'ਚ ਪੂਰੀ ਕਰ ਲਈ। ਉਹ ਦਿਨ ਵਿੱਚ 21 ਘੰਟੇ ਪੜ੍ਹਦੇ ਸਨ।
13. ਉਹਨਾਂ ਨੇ 8 ਲੱਖ 50 ਹਜ਼ਾਰ ਸਮਰੱਥਕਾਂ ਸਹਿਤ ਬੁੱਧ ਧਰਮ ਅਪਨਾਇਆ ਜੋ ਵਿਸ਼ਵ ਰਿਕਾਰਡ ਹੈ।
14. ਲੰਡਨ ਸਕੂਲ ਆਫ ਇਕਨਾਮਿਕਸ ਵਿਚ ਉਹਨਾਂ ਨੂੰ ਡਾਕਟਰ ਆਫ ਸਾਇੰਸ ਕਰਨ ਵਾਲੇ ਵਿਸ਼ਵ ਦੇ ਪਹਿਲੇ ਤੇ ਇਕਲੌਤੇ ਵਿਦਿਆਰਥੀ ਹੋਣ ਦਾ ਮਾਣ ਹਾਸਲ ਹੈ। ਉਹਨਾਂ ਤੋਂ ਬਾਅਦ ਕੁੱਝ ਬੁੱਧੀਮਾਨ ਵਿਅਕਤੀਆਂ ਵੱਲੋਂ ਇਹ ਡਿਗਰੀ ਹਾਸਲ ਕਰਨ ਦਾ ਯਤਨ ਕੀਤਾ ਗਿਆ ਪਰ ਸਫ਼ਲ ਨਹੀਂ ਹੋਏ।
15. ਉਹ ਅਰਥ ਸਾਸ਼ਤਰ ਵਿੱਚ ਡਾਕਟਰੇਟ PhD ਕਰਨ ਵਾਲੇ ਪਹਿਲੇ ਭਾਰਤੀ ਸਨ।
16. ਉਹ ਪਹਿਲੇ ਭਾਰਤੀ ਹਨ ਜਿਹਨਾਂ ਦੀ ਮੂਰਤੀ ਲੰਡਨ ਮਿਊਜ਼ੀਅਮ ਵਿੱਚ ਕਾਰਲ ਮਾਰਕਸ ਦੀ ਮੂਰਤੀ ਨਾਲ ਲਗਾਈ ਗਈ ਹੈ।
17. ਭਾਰਤ ਦੇ ਤਿਰੰਗੇ ਵਿੱਚ ਅਸ਼ੋਕ ਚੱਕਰ ਲਗਵਾਉਣ ਦਾ ਮਾਣ ਉਹਨਾਂ ਨੂੰ ਹਾਸਲ ਹੈ।
18. ਮੱਧ ਪ੍ਰਦੇਸ਼ ਤੇ ਬਿਹਾਰ ਦੇ ਬਿਹਤਰ ਵਿਕਾਸ ਲਈ ਉਹਨਾਂ ਨੇ 1950 ਵਿਚ ਇਹਨਾਂ ਸੂਬਿਆਂ ਦੀ ਵੰਡ ਦਾ ਪ੍ਰਸਤਾਵ ਰੱਖਿਆ ਸੀ ਜੋ ਸੰਨ 2000 ਵਿੱਚ ਛਤੀਸਗੜ੍ਹ ਤੇ ਝਾਰਖੰਡ ਸੂਬੇ ਬਣਾ ਕੇ ਪੂਰਾ ਕੀਤਾ ਗਿਆ।
19. ਅਰਥ ਸਾਸ਼ਤਰ ਦੇ ਨੋਬਲ ਪੁਰਸਕਾਰ ਵਿਜੇਤਾ ਮਾਨਯੋਗ ਅਮ੍ਰਿਤਯ ਸੇਨ ਬਾਬਾ ਸਾਹਿਬ ਨੂੰ ਅਰਥ ਸਾਸ਼ਤਰ ਵਿਚ ਆਪਣਾ ਪਿਤਾ ਮੰਨਦੇ ਹਨ।
20. ਉਹਨਾਂ ਦੀ ਨਿੱਜੀ ਲਾਇਬਰੇਰੀ ਰਾਜ ਗ੍ਰਿਹ ਵਿਖੇ 50000 ਤੋਂ ਵੱਧ ਪੁਸਤਕਾਂ ਸਨ।
21. ਵਿਸ਼ਵ ਵਿੱਚ ਸੱਭ ਤੋਂ ਵੱਧ ਗਾਣੇ ਤੇ ਕਿਤਾਬਾਂ ਬਾਬਾ ਸਾਹਿਬ ਤੇ ਲਿਖੀਆਂ ਗਈਆਂ ਹਨ।
22. ਗਵਰਨਰ ਲਾਰਡਲਿਨਲਿਥ ਤੇ ਮਹਾਤਮਾਂ ਗਾਂਧੀ ਦਾ ਮੰਨਣਾ ਹੈ ਕਿ 500 ਪ੍ਰੋਫੈਸਰਾਂ ਤੇ ਹਜ਼ਾਰਾਂ ਵਿਦਵਾਨਾਂ ਤੋਂ ਵੀ ਬਾਬਾ ਸਾਹਿਬ ਵੱਧ ਬੁੱਧੀਮਾਨ ਸਨ।
23. ਉਹ ਵਿਸ਼ਵ ਵਿੱਚ ਪੀਣ ਵਾਲੇ ਪਾਣੀ ਲਈ ਅੰਦੋਲਨ ਕਰਨ ਵਾਲੇ ਪਹਿਲੇ ਅੰਦੋਲਨਕਾਰੀ ਸਨ।
24. ਬਾਬਾ ਸਾਹਿਬ ਮਹਾਤਮਾ ਬੁੱਧ, ਸਤਿਗੁਰੂ ਕਬੀਰ ਤੇ ਦਾਦਾ ਸਾਹਿਬ ਜੋਤੀ ਬਾ ਫੂਲੇ ਨੂੰ ਆਪਣਾ ਗੁਰੂ ਮੰਨਦੇ ਸਨ।
25. ਪੂਰੇ ਵਿਸ਼ਵ ਵਿੱਚ ਉਹਨਾਂ ਦੀ ਜੈਅੰਤੀ ਮਨਾਈ ਜਾਂਦੀ ਹੈ ਤੇ ਉਹ ਵਿਸ਼ਵ ਰਤਨ ਹੋਣ ਦਾ ਮਾਣ ਹਾਸਲ ਕਰ ਚੁੱਕੇ ਹਨ।

# ਪੰਜ ਮੈਂਬਰੀ ਕਮੇਟੀ ਦੀ ਅੱਖੀਂ ਦੇਖੀ ਭਰਤੀ ਮੁਹਿੰਮ !







ਲੰਘੇ ਇੱਕ ਅਪਰੈਲ ਵਾਲ਼ੇ ਦਿਨ ਸਵੇਰੇ ਫੇਸ-ਬੁੱਕ ਖੋਲ੍ਹੀ ਹੀ ਸੀ ਕਿ ਸਮਰਾਲ਼ੇ ਇਲਾਕੇ ਵਿਚ ਸਰਗਰਮ ਪੱਤਰਕਾਰ ਵੀਰ ਬਲਵੀਰ ਸਿੰਘ ਬੱਬੀ ਜੀ ਦੀ ਪੋਸਟ ਨਜ਼ਰੀਂ ਪਈ। ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਵਾਸਤੇ ਭਰਤੀ ਕਰਨ ਵਾਲ਼ੀ ਪੰਜ ਮੈਂਬਰੀ ਕਮੇਟੀ ਦੇ ਕੁੱਝ ਸੱਜਣ 2 ਅਪਰੈਲ ਦਿਨ ਬੁੱਧਵਾਰ ਨੂੰ ਇਤਹਾਸਿਕ ਨਗਰ ਸ੍ਰੀ ਮਾਛੀਵਾੜਾ ਸਾਹਿਬ ਵਿਖੇ ਪਹੁੰਚ ਰਹੇ ਹਨ। ਇਹ ਸੂਚਨਾ ਪੜ੍ਹ ਕੇ ਮੈਂ ਸੋਚਿਆ ਕਿ ਕਿਉਂ ਨਾ ਮੌਕੇ 'ਤੇ ਪਹੁੰਚ ਕੇ ਖੁਦ ਦੇਖਿਆ ਜਾਵੇ ਕਿ ਇਸ ਕਮੇਟੀ ਨੂੰ ਬਹੁਤ ਭਰਵੇਂ ਹੁੰਘਾਰੇ ਦੀਆਂ ਛਾਇਆ ਹੋ ਰਹੀਆਂ ਖਬਰਾਂ ਵਿਚ ਕਿੰਨੀ ਕੁ ਸੱਚਾਈ ਹੈ? ਉਂਜ ਵੀ ਮੈਨੂੰ ਮਾਛੀਵਾੜਾ ਸਾਹਿਬ ਦਾ ਨਾਂ ਸੁਣ ਕੇ ਚਾਅ ਚੜ੍ਹ ਜਾਂਦਾ ਹੈ ਕਿਉਂਕਿ ਸ੍ਰੀ ਦਸਮੇਸ਼ ਪਿਤਾ ਦੀ ਪਾਵਨ ਚਰਨਛੋਹ ਪ੍ਰਾਪਤ ਇਹ ਨਗਰ ਸਾਨੂੰ ਲੋਕਲ ਵਾਂਗ ਹੀ ਹੈ, ਸਿਰਫ ਵਿਚਕਾਰ ਵਗਦੇ ਸਤਿਲੁਜ ਦਰਿਆ ਨੇ ਹੀ 'ਉਰਾਰ-ਪਾਰ' ਬਣਾਏ ਹੋਏ ਹਨ।

ਬੱਬੀ ਜੀ ਦੀ ਪੂਰੀ ਪੋਸਟ ਪੜ੍ਹਨ ਬਾਅਦ ਮੈਂ ਉਸੇ ਵੇਲੇ ਆਪਣੇ ਭਰਾਵਾਂ ਵਰਗੇ ਮਿੱਤਰ ਜਸਪਾਲ ਸਿੰਘ ਵਿਰਕ ਸਰਪੰਚ ਬੀਰੋਵਾ਼ਲ ਨੂੰ ਨਾਲ ਚੱਲਣ ਲਈ ਬੇਨਤੀ ਕੀਤੀ। ਹਮੇਸ਼ਾਂ ਵਾਂਗ ਉਨ੍ਹਾਂ ਪ੍ਰਵਾਨਗੀ ਦਿੰਦਿਆਂ ਕਿਹਾ ਕਿ ਕੱਲ੍ਹ ਸਵੇਰੇ 'ਥਾਰ' ਤਿਆਰ ਹੋਵੇ ਗੀ ਮਾਛੀਵਾੜਾ ਸਾਹਿਬ ਜਾਣ ਲਈ!

ਦੂਜੇ ਦਿਨ 2 ਅਪਰੈਲ ਨੂੰ ਅਸੀਂ ਸਾਢੇ ਕੁ ਦਸ ਵਜੇ ਮਾਛੀਵਾੜਾ ਸਾਹਿਬ ਦੇ ਸ਼ਿਵਾ ਪੈਲਿਸ 'ਤੇ ਜਾ ਪਹੁੰਚੇ। ਪੈਲਿਸ ਦੀ ਖੁਲ੍ਹੀ ਡੁੱਲ੍ਹੀ ਪਾਰਕਿੰਗ ਵੀ ਗੱਡੀਆਂ ਨਾਲ ਭਰੀ ਪਈ ਸੀ ਤੇ ਬਾਹਰ ਸੜ੍ਹਕ ਦੇ ਦੋਹੀਂ ਪਾਸੀਂ ਲੱਗੀਆਂ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੋਕਾਂ ਦਾ ਭਰਵਾਂ ਉਤਸ਼ਾਹ ਦਰਸਾ ਰਹੀਆਂ ਸਨ। ਨੀਲੀਆਂ ਪੀ਼ਲੀਆਂ ਦਸਤਾਰਾਂ ਵਾ਼ਲਿਆਂ ਦਾ ਇਕ ਤਰਾਂ ਨਾਲ ਹੜ੍ਹ ਆਇਆ ਹੋਇਆ ਸੀ। ਮੁਸਲਿਮ ਟੋਪੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਹਿੰਦੂ ਵੀਰ ਵੀ ਇਕੱਠ ਵਿੱਚ 'ਸ਼੍ਰੋਮਣੀ ਅਕਾਲੀ ਦਲ' ਵਾ਼ਲੀਆਂ ਝੰਡੀਆਂ ਹੱਥਾਂ 'ਚ ਲਹਿਰਾਉਂਦੇ ਫਿਰਦੇ ਸਨ।ਸਾਰਿਆਂ ਦੇ ਚਿਹਰਿਆਂ ਉੱਤੇ ਵਿਆਹ ਜਿੰਨੀ ਖੁਸ਼ੀ ਡਲ੍ਹਕਾਂ-ਝਲਕਾਂ ਮਾਰ ਰਹੀ ਸੀ। ਕੰਨ ਨੂੰ ਫੋਨ ਲਈ ਫਿਰਦੇ ਇਕ ਪ੍ਰਬੰਧਕ ਸੁਰਜੀਤ ਸਿੰਘ ਮਾਂਗਟ ਨੇ ਦੱਸਿਆ ਕਿ ਇਆ਼ਲੀ ਜੀ, ਉਮੈਦ ਪੁਰੀ ਸਾਹਬ ਅਤੇ ਝੂੰਦਾ ਸਾਹਬ ਮਾਛੀਵਾੜਾ ਸਾਹਬ ਪਹੁੰਚ ਚੁੱਕੇ ਹਨ ਤੇ ਉਹ ਪਹਿਲਾਂ ਕਲਗੀਆਂ ਵਾ਼ਲੇ ਪਾਤਸ਼ਾਹ ਦੇ ਦਰਬਾਰ ਸਾਹਿਬ ਵਿਖੇ ਅਸ਼ੀਰਵਾਦ ਪ੍ਰਾਪਤ ਕਰਨ ਗਏ ਹੋਏ ਹਨ। ਇਸ ਇਕੱਠ ਵਿਚ ਬੀਬੀਆਂ ਦੀ ਅਣਹੋਂਦ ਜਰੂਰ ਖਟਕਦੀ ਸੀ ! ਮਿੱਥੇ ਹੋਏ ਸਮੇਂ 'ਤੇ 11 ਵਜੇ ਮੁੱਖ ਪਤਵੰਤਿਆਂ ਅਤੇ ਆਈ ਸੰਗਤ ਨੂੰ ਰੁਪਿੰਦਰ ਸਿੰਘ ਰੂਬੀ ਬੈਨੀਵਾਲ ਵਲੋਂ 'ਜੀਉ ਆਇਆਂ' ਕਹਿਣ ਨਾਲ ਸਮਾਗਮ ਅਰੰਭ ਹੋਇਆ। ਭਾਈ ਸੰਤਾ ਸਿੰਘ ਉਮੈਦ ਪੁਰੀ ਅਤੇ ਇਕਬਾਲ ਸਿੰਘ ਝੂੰਦਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਿਆਸੀ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ 2024 ਨੂੰ ਜਾਰ੍ਹੀ ਹੋਏ ਹੁਕਮਨਾਮੇ ਤੋਂ ਆਕੀ ਹੁੰਦਿਆਂ ਕੁੱਝ ਕਬਜਾਧਾਰੀ ਬਿਰਤੀ ਵਾ਼ਲੇ ਆਗੂ ਪੰਥ ਨੂੰ ਗੁਮਰਾਹ ਕਰ ਰਹੇ ਹਨ। ਕੁੱਝ ਦਿਨ ਪਹਿਲੋਂ ਮਲੇਰ ਕੋਟਲਾ ਅਤੇ ਸੰਗਰੂਰ ਵਿਖੇ ਸਫਲਤਾ ਦੇ ਵਿਲੱਖਣ ਝੰਡੇ ਗੱਡਣ ਵਾ਼ਲੀਆਂ ਭਰਤੀ ਮੁਹਿੰਮਾਂ ਅਤੇ ਮਾਛੀਵਾੜਾ ਸਾਹਿਬ ਦੇ ਜੋਸ਼ੀਲੇ ਇਕੱਠ ਤੋਂ ਬਾਗੋ ਬਾਗ ਹੁੰਦਿਆਂ ਦੋਹਾਂ ਆਗੂਆਂ ਨੇ ਖੁਸ਼ੀ ਪ੍ਰਗਟਾਈ ਕਿ ਹੁਣ ਪੰਥ ਜਾਗ ਪਿਆ ਹੈ ਤੇ ਕਿਸੇ ਲੀਡਰ ਦੀਆਂ ਕਪਟੀ ਚਾਲਾਂ ਕਤੱਈ ਸਫਲ ਨਹੀਂ ਹੋਣੀਆਂ! ਉਨ੍ਹਾਂ ਨੇ ਨਿਮਰਤਾ ਨਾਲ ਸ਼੍ਰੋਮਣੀ ਅਕਾਲੀ ਦਲ ਵਾਸਤੇ ਭਰਤੀ ਪਰਚੀਆਂ ਭਰਨ ਦੀ ਤਕਨੀਕ ਸਮਝਾਉਂਦਿਆਂ ਕਿਹਾ ਅਧਾਰ ਕਾਰਡ ਦਾ ਨੰਬਰ ਜਰੂਰ ਭਰਿਆ ਜਾਵੇ ਅਤੇ ਇਹ ਭਰਤੀ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੀ ਰੌਸ਼ਨੀ ਵਿਚ ਸਾਰੇ ਵਰਗਾਂ ਲਈ ਖੁੱਲ੍ਹੀ ਹੈ। ਅਠਾਰਾਂ ਸਾਲ ਤੋਂ ਉੱਤੇ ਉਮਰ ਵਾ਼ਲਾ, ਪੰਥ-ਪੰਜਾਬ-ਪੰਜਾਬੀਅਤ ਦਾ ਹਰੇਕ ਹਿਤੈਸ਼ੀ ਮਾਈ ਭਾਈ ਪਰਚੀ ਭਰ ਕੇ ਪਾਰਟੀ ਦਾ ਮੈਂਬਰ ਬਣ ਸਕਦਾ ਹੈ। ਇਹ ਪਰਚੀ ਵੀ ਸਾਂਭ ਕੇ ਰੱਖਣੀ ਹੋਵੇਗੀ ਜੋ ਤੁਹਾਡੇ ਕੋ਼ਲ ਅਕਾਲੀ ਦਲ ਦੇ ਵਰਕਰ ਬਣਨ ਦੇ ਦਸਤਾਵੇਜ ਵਜੋਂ ਸਨਦ ਰਹੇਗੀ।

ਇਨ੍ਹਾਂ ਤੋਂ ਬਾਅਦ ਨੌਜਵਾਨ ਅਕਾਲੀ ਵਿਧਾਨਕਾਰ ਮਨਪ੍ਰੀਤ ਸਿੰਘ ਇਆ਼ਲੀ ਨੇ ਪੁਰਾਣੇ ਜਥੇਦਾਰਾਂ ਵਾਂਗ ਪੰਥਕ ਸ਼ਬਦਾਵਲੀ ਵਾ਼ਲੇ ਮੁਹਾਵਰੇ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਭਾਵੇਂ ਸਿਆਸਤ ਵਿਚ 'ਟਪੂਸੀ-ਮਾਰ' ਦਲਬਦਲੀਆਂ ਵਾ਼ਲਾ ਦੌਰ ਹੈ ਪਰ ਮੈਂ ਘਰੇ ਬਹਿਣਾ ਪਸੰਦ ਕਰ ਲਿਆ ਸੀ ਕਿਉਂ ਕਿ ਬੜੀ ਮੁਸ਼ੱਕਤ ਨਾ਼ਲ ਤਿਆਰ ਕੀਤੀ ਝੂੰਦਾ ਕਮੇਟੀ ਦੀ ਰਿਪੋਰਟ ਦੀਆਂ ਅਹਿਮ ਸਿਫਾਰਸ਼ਾਂ ਨੂੰ ਸਾਡੇ ਉਤਲੇ ਆਗੂ ਸੁਣਨ ਲਈ ਵੀ ਤਿਆਰ ਨਹੀਂ ਸਨ। ਅਸੀਂ ਪਾਰਟੀ ਦੇ ਵਰਕਰਾਂ ਵਲੋਂ ਹੱਥ ਜੋੜ ਜੋੜ ਵਾਸਤੇ ਵੀ ਪਾਏ ਪਰ ਪ੍ਰਧਾਨਗੀ ਨਾ਼ਲ ਚਿੰਬੜੇ ਸ੍ਰੀ ਮਾਨ ਜੀ 'ਮੈਂ ਨਾ ਮਾਨੂੰ' ਦੀ ਰਟ ਹੀ ਲਾਈ ਗਏ! ਇਸੇ ਮਨਹੂਸ 'ਰਟ' ਕਾਰਨ ਸਾਡੀ ਪੰਥਕ ਪਾਰਟੀ 'ਤੇ ਆਹ ਕਲਹਿਣੇ ਦਿਨ ਆਏ!

ਪੜ੍ਹਨ-ਲਿਖਣ ਵਾ਼ਲੇ ਅਕਾਲੀ ਦਾ ਸਬੂਤ ਦਿੰਦਿਆਂ ਸਰਦਾਰ ਇਆ਼ਲੀ ਜੀ ਨੇ ਸਮਰਾ਼ਲਾ ਵਿਧਾਨ ਸਭਾ ਹਲਕੇ ਦੇ ਮਾਣਮੱਤੇ ਪੰਥਕ ਪਿਛੋਕੜ ਦੀ ਮਿਸਾਲ ਦਿੱਤੀ! ਉਨ੍ਹਾਂ 'ਨੈਸ਼ਨਲ ਪ੍ਰੋਫੈਸਰ ਆਫ ਸਿੱਖ ਇਜ਼ਮ' ਸਿਰਦਾਰ ਕਪੂਰ ਸਿੰਘ ਵਲੋਂ ਇਸੇ ਸਮਰਾ਼ਲਾ ਹਲਕੇ ਤੋਂ ਅਸੰਬਲੀ ਚੋਣ ਲੜਨ ਸਮੇਂ ਕਹੀ ਗੱਲ ਚੇਤੇ ਕਰਵਾਈ ਕਿ ਉਨ੍ਹਾਂ ਵਲੋਂ ਐਲਾਨੀਆਂ 'ਬੀੜੀ-ਸਿਗਰਟ ਪੀਣ ਵਾ਼ਲੇ ਮੈਨੂੰ ਵੋਟ ਨਾ ਪਾਉਣ!' ਕਹਿਣ ਦੇ ਬਾਵਜੂਦ ਉਨ੍ਹਾਂ ਇੱਥੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ! ਉਦੋਂ ਮੈਂ ਹੈਰਾਨ ਰਹਿ ਗਿਆ ਜਦੋਂ ਇਆ਼ਲੀ ਜੀ ਨੇ ਸ੍ਰੋਤਿਆਂ ਨੂੰ ਪੁੱਛਿਆ ਕਿ ਦੋਸਤੋ ਤੁਹਾਡੇ 'ਚੋਂ ਕਿਸੇ ਨੂੰ ਯਾਦ ਐ ਕਿ ਕਪੂਰ ਸਿੰਘ ਹੁਣਾ ਸਮਰਾ਼ਲੇ ਤੋਂ ਕਦੋਂ ਚੋਣ ਲੜੀ ਸੀ? ਤਾਂ ਇਕੱਠ ਵਿੱਚ ਨੀਲੀਆਂ ਦਸਤਾਰਾਂ ਵਾ਼ਲੇ ਕਈ ਜਥੇਦਾਰ ਉੱਠ ਕੇ ਬੋਲੇ-'ਸੰਨ 1969 ਵਿੱਚ ਜੀ!'

ਅਖੀਰ ਵਿਚ ਸਟੇਜ ਸਕੱਤਰ ਨਰਿੰਦਰਪਾਲ ਸਿੰਘ ਬਾਜਵਾ ਨੇ ਮਿੱਥੇ ਪ੍ਰੋਗਰਾਮ ਵਿਚ ਥੋੜ੍ਹੀ ਅਦਲਾ-ਬਦਲੀ ਕਰਕੇ, ਆਏ ਹੋਏ ਆਗੂ ਸਾਹਿਬਾਨ ਅਤੇ ਸਮੁੱਚੇ ਇਕੱਠ ਦਾ ਧੰਨਵਾਦ ਕਰਨ ਲਈ, ਉਜਾਗਰ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ ਅਤੇ ਗੁਰਚਰਨ ਸਿੰਘ ਉੱਪਲਾਂ ਦੀ ਬਜਾਏ ਮੇਰੀ ਡਿਊਟੀ ਲਾਈ। ਦੋ ਚਾਰ ਕੁ ਮਿੰਟ ਵਿਚ ਮੈਂ ਸੰਕੋਚਵਾਂ ਨਿੱਜੀ ਵੇਰਵਾ ਦਿੰਦਿਆਂ ਕਿਹਾ ਕਿ 24-25 ਅਕਤੂਬਰ 2002 ਵਾ਼ਲੀ ਰਾਤ ਜਦ ਮੈਂ ਬਾਲਾ ਸਰ ਤੋਂ ਬਾਦਲ ਦਲ ਤੋਂ ਬਗਾਵਤ ਕਰਕੇ ਆਇਆ ਸਾਂ ਤਦ ਮੈਨੂੰ ਜਥੇਦਾਰ ਟੌਹੜਾ ਸਾਹਬ ਅਤੇ ਸੁਰਜਣ ਸਿੰਘ ਠੇਕੇਦਾਰ ਹੁਣਾਂ ਨੇ ਇਕ ਜੋਸ਼ੀਲੇ ਸ਼ਬਦਾਂ ਵਾ਼ਲਾ ਸ਼ਾਨਦਾਰ ਮੋਮੈਂਟੋ ਭੇਂਟ ਕੀਤਾ ਸੀ। ਪਰ ਜਦੋਂ ਟੌਹੜਾ ਸਾਹਬ ਨੇ ਬਜ਼ੁਰਗ ਬਾਦਲ ਹੱਥੋਂ ਸਮਝੌਤੇ ਦੇ 'ਪੀ਼ਲੇ ਪੀ਼ਲੇ ਲੱਡੂ' ਖਾ ਲਏ ਸੀ ਤਾਂ ਮੈਂ ਇਕ ਅਖਬਾਰੀ ਲੇਖ ਲਿਖ ਕੇ ਟੌਹੜਾ ਸਾਹਿਬ ਨੂੰ ਪੁੱਛਿਆ ਸੀ ਕਿ 'ਪ੍ਰਧਾਨ ਸਾਹਬ ਜੀ' ਮੈਂ ਹੁਣ ਉਸ ਮੋਮੈਂਟੋ ਦਾ ਕੀ ਕਰਾਂ? ਇਸੇ ਤਨਜ਼ ਨੂੰ ਅੱਗੇ ਤੋਰਦਿਆਂ ਮੈਂ ਮਨਪ੍ਰੀਤ ਸਿੰਘ ਇਆ਼ਲੀ ਵਲੋਂ ਜ਼ਿਕਰ ਕੀਤੇ ਸਿਰਦਾਰ ਕਪੂਰ ਸਿੰਘ ਵਲੋਂ ਹੀ ਕਹੀ ਉਹ ਪ੍ਰਸਿੱਧ ਗੱਲ ਚੇਤੇ ਕਰਵਾਈ ਕਿ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਇਕ ਪ੍ਰਤੀਨਿਧ ਪੰਥਕ ਇਕੱਠ ਵਿਚ ਸਿਰਦਾਰ ਸਾਹਿਬ ਨੇ ਮੋਹਰੇ ਬੈਠੀ ਸੰਗਤ ਵੱਲ੍ਹ ਹੱਥ ਕਰਦਿਆਂ ਕਿਹਾ ਸੀ ਕਿ ਖਾਲਸਾ ਜੀ ਤੁਸੀਂ ਪੰਥ ਲਈ ਕੁਰਬਾਨੀਆਂ ਕਰਨ ਤੋਂ ਕਦੇ ਪਿੱਛੇ ਨਹੀਂ ਹਟੇ ਪਰ (ਭਰੀ ਸਟੇਜ ਵੱਲ੍ਹ ਹੱਥ ਕਰਕੇ) ਆਹ ਕਦੇ ਗੱਦਾਰੀਆਂ ਕਰਨ ਤੋਂ ਨਹੀਂ ਟ਼ਲੇ! ਮੇਰੇ ਬੋਲਦੇ ਵੱਲ੍ਹ ਦੇਖਦੇ ਪੰਜ ਮੈਂਬਰੀ ਭਰਤੀ ਕਮੇਟੀ ਦੇ ਤਿੰਨਾਂ ਮੁੱਖ ਆਗੂਆਂ ਨੂੰ ਮੈਂ ਇਸ਼ਾਰੇ ਮਾਤਰ ਬੇਨਤੀ ਕੀਤੀ ਕਿ ਅਹਿ ਭਾਰੇ ਇਕੱਠ ਵਿਚ ਜੁੜੇ ਬੈਠੇ ਜੁਝਾਰੂ ਸਿਪਾਹੀ ਤਾਂ ਪੰਥਕ ਜਜ਼ਬੇ ਨਾਲ ਸਦਾ ਓਤ-ਪੋਤ ਹੀ ਰਹਿੰਦੇ ਹਨ ਪਰ 'ਫਲਾਣੇ ਸਿੰਹੁ ਦੀ ਮੁਕਾਣੇ ਵੀ ਨਾ ਜਾਣ' ਦੇ ਦਮਗਜ਼ੇ ਮਾਰਨ ਵਾ਼ਲੇ ਸਾਡੇ ਕੁੱਝ ਆਗੂ 'ਥਾ਼ਲੀ ਦੇ ਬੈਂਗਣ' ਵਾਂਗ ਰਿੜ੍ਹਦੇ ਰਿੜ੍ਹਦੇ ਉਸੇ 'ਫਲਾਣੇ ਸਿੰਹੁ' ਦੇ ਚਮਚੇ ਬਣ ਜਾਂਦੇ ਹਨ! ਸਮਾਪਤੀ ਉਪਰੰਤ ਮਾਛੀਵਾੜਾ ਸਾਹਿਬ ਇਲਾਕੇ ਦੇ ਅਕਾਲੀਆਂ ਨੇ ਕੌਫੀ, ਚਾਹ-ਪਾਣੀ ਅਤੇ ਬ੍ਰੈਡਪੀਸ-ਪਕੌੜਿਆਂ ਦਾ ਅਤੁੱਟ ਲੰਗਰ ਵਰਤਾਇਆ!

**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**

## ਬਹੁਮੱਤ ਦੀਆਂ ਆਰੀਆਂ !

ਸਿਰ ਤੋਲਣ ਦੀ ਜਗਾਹ ਹਨ 'ਗਿਣੇ' ਜਾਂਦੇ
ਲੋਕਰਾਜ ਦੀਆਂ ਸਿਫਤਾਂ ਨਿਆਰੀਆਂ ਜੀ।
ਫਿਰਕਾਪ੍ਰਸਤੀ ਤੇ ਹੈਂਕੜ ਫਿਰ ਜੋਰ-ਜਰਬੀ
ਇਹ ਬੀਮਾਰੀਆਂ ਨੇ 'ਹੈਂਸਿਆਰੀਆਂ' ਜੀ।
ਧੂੰਆਂ ਧਾਰ 'ਤਕਰੀਰਾਂ' ਵੀ 'ਸਭਾ' ਅੰਦਰ
ਬਣਨ 'ਯਾਭਾਂ ਦੇ ਭੇੜ' ਵਿਚਾਰੀਆਂ ਜੀ।
'ਜਿੰਦਰੇ' ਜੀਭਾਂ ਨੂੰ ਫੌਰਨ ਲਾ ਦਿੰਦੀਆਂ ਨੇ
ਸੱਤਾ ਧਿਰ ਨਾਲ ਲੱਗੀਆਂ 'ਯਾਰੀਆਂ' ਜੀ।
ਰਹਿ ਜਾਣ ਫਿਰ 'ਧਰੀਆਂ ਧਰਾਈਆਂ' ਹੀ
ਘੱਟ ਗਿਣਤੀਆਂ ਦੀਆਂ 'ਤਿਆਰੀਆਂ' ਜੀ।
'ਚਿੱਟਾ ਸੱਚ' ਹੋਵੇ ਫਿਰ ਵੀ 'ਚੀਰ' ਸੁੱਟਣ
ਬਹੁ-ਮੱਤ ਦੀਆਂ ਤਿੱਖੀਆਂ 'ਆਰੀਆਂ' ਜੀ!

**-ਤਰਲੋਚਨ ਸਿੰਘ ਦੁਪਾਲ ਪੁਰ 78146-92724**

# ਅਪ੍ਰੈਲ-ਦਲਿਤ ਇਤਿਹਾਸ ਮਹੀਨਾ ਦੀ ਮਹੱਤਤਾ

**ਦਲਿਤਾਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਦਿਨ ਅਤੇ ਬਰਸੀ ਸ਼ਾਮਲ ਹਨ। 13 ਅਪ੍ਰੈਲ 1919 ਨੂੰ ਵਾਪਰੀ ਜਲ੍ਹਿਆਂਵਾਲਾ ਬਾਗ ਦੀ ਘਟਨਾ ਅਤੇ 02 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਇਤਿਹਾਸਕ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ।**



ਐਡਵੋਕੇਟ ਕੁਲਦੀਪ ਚੰਦ
91-9417563054

ਦਲਿਤ ਇਤਿਹਾਸ ਮਹੀਨਾ ਅਪ੍ਰੈਲ ਵਿੱਚ ਮਨਾਇਆ ਜਾਂਦਾ ਹੈ। ਵਿਸ਼ਵ ਪੱਧਰ ਤੇ ਮਾਨਤਾ ਪ੍ਰਾਪਤ ਬਲੈਕ ਹਿਸਟਰੀ ਮਹੀਨੇ ਦੇ ਬਾਅਦ ਤਿਆਰ ਕੀਤਾ ਗਿਆ ਦਲਿਤ ਇਤਿਹਾਸ ਮਹੀਨਾ ਹਰ ਸਾਲ ਹਾਸ਼ੀਏ ਤੇ ਪਈਆਂ ਜਾਤੀਆਂ ਦੇ ਇਤਿਹਾਸ, ਰਾਜਨੀਤਿਕ ਵਿਚਾਰਾਂ ਅਤੇ ਸੱਭਿਆਚਾਰ ਨੂੰ ਉਜਾਗਰ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ।ਦਲਿਤ ਜਿਸਨੂੰ ਪਹਿਲਾਂ ਅਛੂਤ ਵੀ ਕਿਹਾ ਜਾਂਦਾ ਸੀ ਅਖੌਤੀ ਜਾਤੀ ਪ੍ਰਥਾ ਅਨੁਸਾਰ ਦਾ ਸਭ ਤੋਂ ਹੇਠਲਾ ਪੱਧਰ ਹੈ। ਦਲਿਤਾਂ ਨੂੰ ਵਰਣ ਪ੍ਰਣਾਲੀ ਅਨੁਸਾਰ ਪੰਜਵੇਂ ਵਰਣ ਦੇ ਰੂਪ ਵਿਚ ਦੇਖਿਆ ਗਿਆ ਜਿਨ੍ਹਾਂ ਨੂੰ ਛੂਹਣਾ ਵੀ ਪਾਪ ਮੰਨਿਆਂ ਜਾਂਦਾ ਸੀ।ਇਨ੍ਹਾਂ ਨੂੰ ਵੱਖ ਵੱਖ ਨਾਮ ਜਿਵੇਂ ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਦਲਿਤ ਹਿੰਦੂ ਧਰਮ, ਬੁੱਧ ਧਰਮ, ਸਿੱਖ ਧਰਮ, ਇਸਾਈ ਧਰਮ ਅਤੇ ਇਸਲਾਮ ਸਮੇਤ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਰਖਦੇ ਹਨ ਪਰ ਬਹੁਤੇ ਧਰਮਾਂ ਵਿੱਚ ਅਜੇ ਤੱਕ ਵੀ ਜਾਤ ਅਧਾਰਿਤ ਵਿਤਕਰਾ ਫੈਲਿਆ ਹੋਇਆ ਹੈ। ਹਜ਼ਾਰਾਂ ਸਾਲਾਂ ਤੋਂ ਦਲਿਤਾਂ, ਬਹੁਜਨਾਂ, ਆਦਿਵਾਸੀਆਂ ਅਤੇ ਹੋਰ ਹਾਸ਼ੀਏ ਵਾਲੀਆਂ ਜਾਤੀਆਂ ਨੂੰ ਵੱਖ-ਵੱਖ ਰੂਪਾਂ ਵਿੱਚ ਯੋਜਨਾਬੱਧ ਤਰੀਕਿਆਂ ਨਾਲ ਅੱਤਿਆਚਾਰਾਂ ਦਾ ਸ਼ਿਕਾਰ ਬਣਾਇਆ ਗਿਆ ਹੈ। ਇਹ ਜ਼ੁਲਮ ਅਤੇ ਅੱਤਿਆਚਾਰ ਅਕਾਦਮਿਕ ਅਦਾਰਿਆਂ ਤੋਂ ਲੈ ਕੇ ਕਾਰਪੋਰੇਟਸ ਤੱਕ ਸੰਸਥਾਗਤ ਪੱਧਰ ਤੱਕ ਨਜ਼ਰ ਆਂਦੇ ਹਨ। ਵੱਖ-ਵੱਖ ਸਰਕਾਰਾਂ ਦੁਆਰਾ ਵੱਖ-ਵੱਖ ਸੰਵਿਧਾਨਕ ਸੁਧਾਰਾਂ ਅਤੇ ਨੀਤੀਆਂ ਦੇ ਬਾਵਜੂਦ ਅੱਜ ਵੀ ਦਲਿਤ ਭਾਈਚਾਰਾ ਖ਼ਤਰੇ ਅਤੇ ਹਿੰਸਾ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਵਿੱਚ ਜਾਤ-ਪਾਤ ਇੰਨੀ ਜਕੜ ਚੁੱਕੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਵੀ ਇਸ ਦਾ ਅਭਿਆਸ ਕੀਤਾ ਜਾਂਦਾ ਹੈ। ਦਲਿਤ ਭਾਰਤੀ ਆਬਾਦੀ ਦਾ ਲੱਗਭੱਗ 25% ਅਤੇ ਵਿਸ਼ਵ ਦੀ ਆਬਾਦੀ ਦਾ 5% ਹਿੱਸਾ ਹਨ। ਇਹ ਵੀ ਕੌੜਾ ਸੱਚ ਹੈ ਕਿ ਦਲਿਤਾਂ ਨੂੰ ਬਹੁਤੇ ਜਨਤਕ ਅਦਾਰਿਆਂ ਇੱਥੋਂ ਤੱਕ ਕਿ ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦਲਿਤ ਨੌਕਰਸ਼ਾਹਾਂ ਲਈ ਰਾਖਵੇਂਕਰਨ ਰਾਹੀਂ ਸਿਸਟਮ ਵਿੱਚ ਦਾਖਲਾ ਯਕੀਨੀ ਬਣਾਇਆ ਜਾਂਦਾ ਹੈ ਪਰ ਉਨ੍ਹਾਂ ਨੂੰ ਵੀ ਅਕਸਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਫੈਸਲੇ ਲੈਣ ਦੇ ਪੱਧਰ ਤੇ ਅਕਸਰ ਹੀ ਗੈਰ ਦਲਿਤਾਂ ਦਾ ਦਬਦਬਾ ਬਣਿਆ ਰਹਿੰਦਾ ਹੈ। ਦਲਿਤਾਂ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਧਰ ਤੇ ਅਕਸਰ ਹੀ ਵਿਤਕਰਾ ਵੇਖਣ ਨੂੰ ਮਿਲਦਾ ਹੈ। ਦਲਿਤ ਇਤਿਹਾਸ ਮਹੀਨਾ ਜਨਤਕ ਥਾਵਾਂ ਤੇ ਦਲਿਤਾਂ ਦਾ ਸਾਹਮਣਾ ਅਤੇ ਵਿਰੋਧ ਕਰਨ ਵਾਲੀ ਰੋਜ਼ਾਨਾ ਹਿੰਸਾ, ਇਤਿਹਾਸ ਜੋ ਮਿਟਿਆ ਜਾਪਦਾ ਹੈ ਅਤੇ ਸਮਾਜਿਕ, ਰਾਜਨੀਤੀਕ ਅਤੇ ਆਰਥਿਕ ਖੇਤਰਾਂ ਵਿੱਚ ਪ੍ਰਤੀਨਿਧਤਾ ਜੋ ਪ੍ਰਾਪਤ ਕਰਨਾ ਬਾਕੀ ਹੈ ਬਾਰੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਗਈ ਹੈ। ਕਾਲਾ ਇਤਿਹਾਸ ਮਹੀਨੇ ਤੋਂ ਪ੍ਰੇਰਿਤ ਹੋਕੇ ਨੌਜਵਾਨ ਦਲਿਤ ਔਰਤਾਂ ਦੇ ਇੱਕ ਸਮੂਹ ਨੇ 2013 ਵਿੱਚ ਦਲਿਤ ਇਤਿਹਾਸ ਮਹੀਨਾ ਸ਼ੁਰੂ ਕੀਤਾ ਸੀ। ਸੰਘਪਾਲੀ ਅਰੁਣਾ ਅਤੇ ਥਨਮੋਜ਼ੀ ਸੁੰਦਰਰਾਜਨ ਨੇ ਸ਼ਿਕਾਗੋ ਵਿੱਚ ਕਲਰ ਆਫ਼ ਵਾਇਲੈਂਸ ਕਾਨਫਰੰਸ ਵਿੱਚ ਵਿਚਾਰ ਵਟਾਂਦਰੇ ਦੌਰਾਨ ਇਹ ਵਿਚਾਰ ਪੇਸ਼ ਕੀਤੇ ਸਨ। ਦਲਿਤ ਇਤਿਹਾਸ ਮਹੀਨਾ ਪਹਿਲੀ ਵਾਰ ਸੰਯੁਕਤ ਰਾਜ ਅਮਰੀਕਾ ਵਿੱਚ ਅਪ੍ਰੈਲ 2014 ਵਿੱਚ ਮਨਾਇਆ ਗਿਆ ਸੀ। ਇਸ ਪਹਿਲਕਦਮੀ ਦੀ ਅਗਵਾਈ ਦਲਿਤ ਪਿਛੋਕੜ ਵਾਲੇ ਕਾਰਕੁੰਨਾਂ, ਵਿਦਵਾਨਾਂ ਅਤੇ ਕਲਾਕਾਰਾਂ ਦੁਆਰਾ ਕੀਤੀ ਗਈ ਸੀ। ਇਸਦਾ ਉਦੇਸ਼ ਦਲਿਤ ਭਾਈਚਾਰਿਆਂ ਦੀਆਂ ਆਵਾਜ਼ਾਂ ਨੂੰ ਸਵੀਕਾਰ ਕਰਨ ਅਤੇ ਉਤਸ਼ਾਹਿਤ ਕਰਨ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਸੀ ਜਿਨ੍ਹਾਂ ਨੇ ਇਤਿਹਾਸਕ ਤੌਰ ਤੇ ਜਾਤੀ-ਅਧਾਰਤ ਹਿੰਸਾ ਅਤੇ ਪ੍ਰਣਾਲੀਗਤ ਜ਼ੁਲਮ ਦਾ ਸਾਹਮਣਾ ਕਰਨ ਵਿੱਚ ਬਹੁਤ ਜ਼ਿਆਦਾ ਲਚਕੀਲੇਪਣ ਅਤੇ ਏਜੰਸੀ ਦਾ ਪ੍ਰਦਰਸ਼ਨ ਕੀਤਾ ਹੈ। ਦਲਿਤ ਇਤਿਹਾਸ ਮਹੀਨੇ ਦਾ ਉਦੇਸ਼ ਦਲਿਤਾਂ ਦੀਆਂ ਕਹਾਣੀਆਂ ਅਤੇ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਲਿਆਉਣਾ ਹੈ ਜੋ ਅਕਸਰ ਮੁੱਖ ਧਾਰਾ ਦੇ ਇਤਿਹਾਸਕ ਬਿਰਤਾਂਤ ਵਿੱਚ ਹਾਸ਼ੀਏ ਤੇ ਜਾਂ ਨਜ਼ਰਅੰਦਾਜ਼ ਕੀਤੇ ਜਾਂਦੇ ਹਨ। ਇਸਦਾ ਉਦੇਸ਼ ਅਕਾਦਮਿਕ ਖੋਜ ਅਤੇ ਮੀਡੀਆ ਵਿੱਚ ਦਲਿਤ ਪ੍ਰਤੀਨਿਧਤਾ ਦੀ ਕਮੀ ਨੂੰ ਵੀ ਘਟਾਉਣਾ ਹੈ। ਦਲਿਤ ਇਤਿਹਾਸ ਮਹੀਨੇ ਨੇ ਸੰਯੁਕਤ ਰਾਜ ਤੋਂ ਬਾਹਰ ਆਪਣੀ ਪਹੁੰਚ ਦਾ ਵਿਸਤਾਰ ਕੀਤਾ ਹੈ ਅਤੇ ਵੱਖ-ਵੱਖ ਦੇਸ਼ਾਂ ਦੇ ਨਾਲ ਇਸ ਯਾਦਗਾਰ ਵਿੱਚ ਸ਼ਾਮਲ ਹੋਏ। ਦਲਿਤ ਭਾਈਚਾਰਿਆਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਘੋਸ਼ਣਾ ਨਾ ਸਿਰਫ਼ ਇਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦੀ ਹੈ ਸਗੋਂ ਮੁਸ਼ਕਿਲਾਂ ਤੇ ਕਾਬੂ ਪਾਉਣ ਅਤੇ ਸਮਾਜਿਕ ਨਿਆਂ ਅਤੇ ਸਾਰਿਆਂ ਲਈ ਬਰਾਬਰੀ ਦੀ ਵਕਾਲਤ ਕਰਨ ਵਿੱਚ ਦਲਿਤ ਭਾਈਚਾਰੇ ਦੀ ਤਾਕਤ ਅਤੇ ਲਚਕੀਲੇਪਣ ਨੂੰ ਵੀ ਸਵੀਕਾਰ ਕਰਦੀ ਹੈ। ਭਾਰਤ ਵਿੱਚ ਦਲਿਤ ਅੰਦੋਲਨ ਦੇ ਜਨਮ ਸਥਾਨ ਅਪ੍ਰੈਲ ਦਾ ਮਹੀਨਾ ਦਲਿਤ ਸਰਗਰਮੀਆਂ, ਸੱਭਿਆਚਾਰਕ ਸਮਾਗਮਾਂ ਅਤੇ ਅਕਾਦਮਿਕ ਚਰਚਾਵਾਂ ਲਈ ਇੱਕ ਮੌਕੇ ਵਜੋਂ ਕੰਮ ਕਰਦਾ ਹੈ। ਇਸੇ ਤਰ੍ਹਾਂ ਯੂਨਾਈਟਿਡ ਕਿੰਗਡਮ, ਕੈਨੇਡਾ, ਨੇਪਾਲ ਅਤੇ ਅਸਟਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਦਲਿਤ ਭਾਈਚਾਰਿਆਂ ਨੇ ਆਪਣੇ ਬਿਰਤਾਂਤ ਨੂੰ ਮੁੜ ਦਾਅਵਾ ਕਰਨ ਅਤੇ ਆਪਣੀ ਮੌਜੂਦਗੀ ਦਾ ਦਾਅਵਾ ਕਰਨ ਲਈ ਇਸ ਤਿਉਹਾਰ ਨੂੰ ਅਪਨਾਇਆ ਹੈ। ਵਿਕਟੋਰੀਆ ਵਿੱਚ ਐਨਡੀਪੀ ਸਰਕਾਰ ਨੇ ਅਪ੍ਰੈਲ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਹੈ। ਰੈਡੀਕਲ ਦੇਸੀ ਦੁਆਰਾ ਭੇਜੀ ਗਈ ਇੱਕ ਅਰਜ਼ੀ ਦੇ ਜਵਾਬ ਵਿੱਚ ਇੱਕ ਆਨਲਾਈਨ ਮੈਗਜ਼ੀਨ ਜੋ ਵਿਕਲਪਕ ਰਾਜਨੀਤੀ ਨੂੰ ਕਵਰ ਕਰਦੀ ਹੈ ਸੂਬਾਈ ਅਟਾਰਨੀ ਜਨਰਲ ਅਤੇ ਲੈਫਟੀਨੈਂਟ ਗਵਰਨਰ ਨੇ ਅਪ੍ਰੈਲ 2022 ਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕਰਨ ਵਾਲੇ ਘੋਸ਼ਣਾ ਪੱਤਰ ਤੇ ਦਸਤਖਤ ਕੀਤੇ ਹਨ।ਦਲਿਤ ਇਤਿਹਾਸ ਮਹੀਨਾ ਦਰਪੇਸ਼ ਪ੍ਰਣਾਲੀਗਤ ਜ਼ੁਲਮ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਵਕਾਲਤ ਕਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ। ਇਹ ਭਾਰਤ ਅਤੇ ਵਿਸ਼ਵ ਭਰ ਵਿੱਚ ਹਾਸ਼ੀਏ ਤੇ ਰਹਿ ਰਹੇ ਭਾਈਚਾਰਿਆਂ ਵਿੱਚ ਏਕਤਾ ਨੂੰ ਵਧਾਉਣ, ਜਾਤ ਨਾਲ ਜੁੜੇ ਰੂੜ੍ਹੀਵਾਦੀ ਵਿਚਾਰਾਂ ਅਤੇ ਪੱਖਪਾਤਾਂ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਵੀ ਕਰਦਾ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਮਹੀਨੇ ਵਜੋਂ ਮਾਨਤਾ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਕਿਹਾ ਕਿ ਉਹ ਰੰਗ ਅਧਾਰਿਤ ਅਤੇ ਆਦਿਵਾਸੀ ਲੋਕਾਂ ਵਿਰੁੱਧ ਭੇਦਭਾਵ ਅਤੇ ਨਸਲਵਾਦ ਦੁਆਰਾ ਪ੍ਰੇਰਿਤ ਵਿਤਕਰੇ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਵਿਰੁੱਧ ਲੜਨ ਅਤੇ ਸਾਰਿਆਂ ਲਈ ਨਿਆਂ ਅਤੇ ਸਮਾਨਤਾ ਲਿਆਉਣ ਲਈ ਅਪ੍ਰੈਲ ਮਹੀਨਾ ਮਨਾ ਰਹੀ ਹੈ। ਬਰਲਿੰਗਟਨ ਸ਼ਹਿਰ ਦੀ ਮੇਅਰ ਮਾਰੀਅਨ ਮੀਡ ਵਾਰਡ ਦੁਆਰਾ ਜਾਰੀ ਘੋਸ਼ਣਾ ਵਿੱਚ ਲਿਖਿਆ ਹੈ ਕਿ ਜਦੋਂ ਕਿ ਅਪ੍ਰੈਲ ਦਾ ਮਹੀਨਾ ਦਲਿਤ ਭਾਈਚਾਰਿਆਂ ਲਈ ਮਹੱਤਵਪੂਰਨ ਮਹੱਤਵ ਰੱਖਦਾ ਹੈ ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਜੋਤੀਰਾਓ ਫੂਲੇ ਵਰਗੇ ਜਾਤੀ ਅਧਾਰਤ ਵਿਤਕਰੇ ਦੇ ਵਿਰੁੱਧ ਅੰਦੋਲਨ ਵਿੱਚ ਪ੍ਰਮੁੱਖ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਮੌਤ ਦੀ ਵਰ੍ਹੇਗੰਢ ਸ਼ਾਮਲ ਹੈ ਇਸ ਲਈ ਬਰਲਿੰਗਟਨ ਸ਼ਹਿਰ ਵਿੱਚ ਅਪ੍ਰੈਲ 2024 ਨੂੰ ਦਲਿਤ ਇਤਿਹਾਸ ਮਹੀਨਾ ਵਜੋਂ ਘੋਸ਼ਣਾ ਕੀਤੀ ਜਾਂਦੀ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅਪ੍ਰੈਲ ਨੂੰ "ਦਲਿਤ ਇਤਿਹਾਸ ਮਹੀਨਾ"ਵਜੋਂ ਮਨੋਨੀਤ ਕਰਨ ਵਾਲਾ ਉੱਤਰੀ ਅਮਰੀਕਾ ਦਾ ਪਹਿਲਾ ਸੂਬਾ ਬਣ ਕੇ ਇਤਿਹਾਸ ਰਚਿਆ ਸੀ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੇ ਇੱਕ ਸ਼ਹਿਰ ਬਰਨਬੀ ਨੇ ਸੁਰੱਖਿਅਤ ਸ਼੍ਰੇਣੀਆਂ ਦੀ ਸੂਚੀ ਵਿੱਚ ਜਾਤੀ ਨੂੰ ਜੋੜ ਕੇ ਮਹੱਤਵਪੂਰਨ ਕਦਮ ਚੁੱਕੇ ਹਨ ਸ਼ਹਿਰ ਦੇ ਅੰਦਰ ਜਾਤ-ਆਧਾਰਿਤ ਵਿਤਕਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਹੈ। ਇਹ ਕਦਮ ਅਮਰੀਕਾ ਦੇ ਗੁਆਂਢੀ ਦੇਸ਼ ਸੀਏਟਲ ਦੀ ਸਿਟੀ ਕੌਂਸਲ ਵੱਲੋਂ ਅਜਿਹਾ ਕਰਨ ਤੋਂ ਦੋ ਮਹੀਨੇ ਬਾਅਦ ਕੀਤਾ ਗਿਆ ਹੈ।ਅਪ੍ਰੈਲ ਮਹੀਨਾ ਦਲਿਤ ਨੇਤਾ ਅਤੇ ਵਿਸ਼ਵ ਪ੍ਰਸਿੱਧ ਵਿਦਵਾਨ ਡਾਕਟਰ ਭੀਮ ਰਾਓ ਅੰਬੇਡਕਰ, ਦਲਿਤਾਂ ਅਤੇ ਮਹਿਲਾਵਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲਣ ਵਾਲੇ ਮਹਾਤਮਾ ਜੋਤੀਰਾਓ ਫੂਲੇ, ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਨਾਲ ਵੀ ਸਬੰਧਿਤ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਅਤੇ ਮਹਾਤਮਾ ਜੋਤੀਰਾਓ ਫੂਲੇ ਦੋਵੇਂ ਮਹਾਰਾਸ਼ਟਰ ਵਿੱਚ ਪੈਦਾ ਹੋਏ ਜਦਕਿ ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਪੰਜਾਬ ਨਾਲ ਸਬੰਧਿਤ ਹਨ। ਅਪ੍ਰੈਲ ਮਹੀਨੇ ਨਾਲ ਕਈ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਦਲਿਤ ਇਤਿਹਾਸ ਮਹੀਨਾ ਦਲਿਤਾਂ ਦੇ ਇਤਿਹਾਸ ਵਿੱਚ ਮਹੱਤਵਪੂਰਨ ਲੋਕਾਂ ਅਤੇ ਘਟਨਾਵਾਂ ਨੂੰ ਯਾਦ ਕਰਨ ਦੇ ਇੱਕ ਢੰਗ ਵਜੋਂ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਸਲਾਹ ਤੇ 01 ਅਪ੍ਰੈਲ 1935 ਨੂੰ ਰਿਜ਼ਰਵ ਬੈਂਕ ਦੀ ਸਥਾਪਨਾ ਹੋਈ ਸੀ।




ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਨਿਰੋਧਕ) ਐਕਟ 1989 ਸਬੰਧੀ ਮਾਣਯੋਗ ਸੁਪਰੀਮ ਕੋਰਟ ਵਲੋਂ 20 ਮਾਰਚ ਨੂੰ ਦਿੱਤੇ ਗਏ ਇੱਕ ਫੈਸਲੇ ਦੇ ਵਿਰੋਧ ਵਿੱਚ 02 ਅਪ੍ਰੈਲ 2018 ਨੂੰ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਦਲਿਤਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਖਾਸੀਅਤ ਇਹ ਸੀ ਕਿ ਇਸਦੀ ਅਗਵਾਈ ਕਿਸੇ ਇੱਕ ਰਾਜਨੀਤਿਕ ਪਾਰਟੀ ਜਾਂ ਆਗੂ ਨੇ ਨਹੀਂ ਕੀਤੀ ਸੀ ਸਗੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਨੇ ਇਕੱਠੇ ਹੋਕੇ ਇਹ ਪ੍ਰਦਰਸ਼ਨ ਕੀਤਾ ਸੀ ਜਿਸ ਤੋਂ ਬਾਦ ਭਾਰਤ ਸਰਕਾਰ ਨੇ ਇਸ ਐਕਟ ਵਿੱਚ ਸੋਧ ਨਾਂ ਕਰਨ ਦਾ ਫੈਸਲਾ ਕੀਤਾ। 5 ਅਪ੍ਰੈਲ 1908 ਨੂੰ ਦਲਿਤ ਆਗੂ ਸਾਬਕਾ ਉੱਪ ਪ੍ਰਧਾਨ ਮੰਤਰੀ ਸਵਰਗੀ ਬਾਬੂ ਜਗਜੀਵਨ ਦਾ ਜਨਮ ਹੋਇਆ ਸੀ। ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਸਮਾਨਤਾ ਪ੍ਰਾਪਤ ਕਰਨ ਲਈ ਸਮਰਪਿਤ ਇੱਕ ਸੰਗਠਨ "ਆਲ ਇੰਡੀਆ ਡੀਪ੍ਰੈੱਸਡ ਕਲਾਸ ਲੀਗ'' ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਨੇ ਪੇਂਡੂ ਕਿਰਤੀ ਲਹਿਰ ਨੂੰ ਜਥੇਬੰਦ ਕੀਤਾ। ਉਹ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ ਵਿੱਚ ਭਾਰਤ ਦੇ ਪਹਿਲੇ ਮੰਤਰੀ ਮੰਡਲ ਵਿੱਚ ਲੇਬਰ ਮੰਤਰੀ ਦੇ ਤੌਰ ਤੇ ਸਭ ਤੋਂ ਘੱਟ ਉਮਰ ਦੇ ਮੰਤਰੀ ਬਣ ਗਿਆ ਸੀ ਅਤੇ ਭਾਰਤ ਦੀ ਸੰਵਿਧਾਨ ਸਭਾ ਦਾ ਮੈਂਬਰ ਵੀ ਸੀ ਜਿੱਥੇ ਉਸ ਨੇ ਯਕੀਨੀ ਬਣਾਇਆ ਕਿ ਸਮਾਜਿਕ ਨਿਆਂ ਨੂੰ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਵੇ। ਕਾਂਗਰਸ ਪਾਰਟੀ ਦੇ ਕੁੱਝ ਆਗੂਆਂ ਦੀ ਕੋਝੀ ਸਾਜਿਸ਼ ਕਾਰਨ ਪ੍ਰਧਾਨ ਮੰਤਰੀ ਬਣਨ ਤੋਂ ਬਾਂਝਾ ਰਹੇ ਬਾਬੂ ਜਗਜੀਵਨ ਰਾਮ ਲੱਗਭੱਗ 50 ਸਾਲ ਰਾਜਨੀਤੀ ਵਿੱਚ ਕਾਮਯਾਬ ਰਹੇ।

11 ਅਪ੍ਰੈਲ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਰਾਓ ਫੂਲੇ ਨਾਲ ਸਬੰਧਿਤ ਹੈ। ਜਾਤ ਅਧਾਰਿਤ ਛੂਤ-ਛਾਤ ਦੀ ਨਿਖੇਧੀ ਕਰਨ ਵਾਲੇ ਸਨਮਾਨਯੋਗ ਸਮਾਜ ਸੁਧਾਰਕ ਫੂਲੇ ਦਾ ਜਨਮ 11 ਅਪ੍ਰੈਲ 1827 ਨੂੰ ਹੋਇਆ ਸੀ। ਉਹ ਇੱਕ ਸਿੱਖਿਅਕ ਵਜੋਂ ਜਾਣੇ ਜਾਂਦੇ ਸਨ ਜੋ ਵਿਗਿਆਨਕ ਸੋਚ ਅਤੇ ਮਹਿਲਾ ਸਸ਼ਕਤੀਕਰਨ ਵਿੱਚ ਵਿਸ਼ਵਾਸ ਰੱਖਦੇ ਸਨ। ਉਸਦਾ ਕੰਮ ਛੂਤ-ਛਾਤ ਅਤੇ ਜਾਤ-ਪਾਤ ਦੇ ਖਾਤਮੇ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਸਮੇਤ ਕਈ ਖੇਤਰਾਂ ਵਿੱਚ ਫੈਲਿਆ ਹੋਇਆ ਸੀ। ਉਹ ਅਤੇ ਉਸਦੀ ਪਤਨੀ ਸਾਵਿਤਰੀਬਾਈ ਫੂਲੇ ਭਾਰਤ ਵਿੱਚ ਔਰਤਾਂ ਦੀ ਸਿੱਖਿਆ ਦੇ ਮੋਢੀ ਸਨ। ਉਸਨੇ ਨੀਵੀਆਂ ਜਾਤਾਂ ਦੇ ਲੋਕਾਂ ਲਈ ਬਰਾਬਰ ਅਧਿਕਾਰ ਪ੍ਰਾਪਤ ਕਰਨ ਲਈ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਨੇ ਵੀ ਮਹਾਤਮਾ ਜੋਤੀਰਾਓ ਫੂਲੇ ਨੂੰ ਅਪਣਾ ਇੱਕ ਗੁਰੂ ਮੰਨਿਆ ਹੈ।

13 ਅਪ੍ਰੈਲ ਦਾ ਦਿਨ ਉਹ ਕਾਲਾ ਦਿਨ ਹੈ ਜਦੋਂ ਸਾਲ 1919 ਵਿੱਚ ਕੁੱਝ ਸਿੱਖ ਆਗੂਆਂ ਦੀ ਮਿਲੀਭੁਗਤ ਨਾਲ ਅੰਗਰੇਜੀ ਹਕੂਮਤ ਨੇ ਜਲ੍ਹਿਆਂਵਾਲਾ ਬਾਗ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਨਿਹੱਥੇ ਲੋਕਾਂ ਤੇ ਗੋਲੀ ਚਲਾਈ ਜਿਸ ਵਿੱਚ ਲੱਗਭੱਗ 379 ਵਿਅਕਤੀ ਸ਼ਹੀਦ ਹੋਏ ਅਤੇ 1200 ਦੇ ਕਰੀਬ ਜ਼ਖਮੀ ਹੋਏ ਸਨ। ਇਸ ਕਤਲੇਆਮ ਦਾ ਬਦਲਾ ਪੰਜਾਬੀ ਸੂਰਮੇ ਸ਼ਹੀਦ ਉਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਵਿੱਚ ਜਲ੍ਹਿਆਂਵਾਲੇ ਬਾਗ ਦੇ ਘਿਨੌਣੇ ਸਾਕੇ ਦੇ ਦੋਸ਼ੀ ਮਾਈਕਲ ਓਡਵਾਇਰ ਜੋ ਉਸ ਸਮੇਂ ਪੰਜਾਬ ਦਾ ਗਵਰਨਰ ਸੀ ਨੂੰ ਮਾਰਕੇ ਲਿਆ। 14 ਅਪ੍ਰੈਲ ਦਾ ਦਿਨ ਡਾਕਟਰ ਭੀਮ ਰਾਓ ਅੰਬੇਡਕਰ ਨਾਲ ਸਬੰਧਿਤ ਹੈ। 14 ਅਪ੍ਰੈਲ 1891 ਨੂੰ ਮਹਾਰਾਸ਼ਟਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ ਸੀ। ਡਾਕਟਰ ਅੰਬੇਡਕਰ ਅਜਾਦ ਭਾਰਤ ਵਿੱਚ ਕਨੂੰਨ ਮੰਤਰੀ ਬਣੇ ਅਤੇ ਆਪ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਜਾਤ ਆਧਾਰਿਤ ਵਿਤਕਰੇ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਜਨਤਕ ਥਾਵਾਂ ਤੇ ਦਲਿਤਾਂ ਦੇ ਦਾਖਲੇ ਲਈ ਸੰਘਰਸ਼ ਕੀਤਾ ਅਤੇ ਦਲਿਤਾਂ ਲਈ ਸਿੱਖਿਆ ਅਤੇ ਰੋਜ਼ਗਾਰ ਦੇ ਦਰਵਾਜੇ ਖੋਲੇ। ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਅਤੇ ਦਲਿਤਾਂ ਲਈ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕਰਵਾਈਆਂ। ਡਾਕਟਰ ਅੰਬੇਡਕਰ ਇੱਕ ਭਾਰਤੀ ਕਾਨੂੰਨਸਾਜ਼, ਅਰਥਸ਼ਾਸਤਰੀ, ਰਾਜਨੀਤੀਵਾਨ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਦਲਿਤ ਲਹਿਰ ਨੂੰ ਪ੍ਰੇਰਿਤ ਕੀਤਾ ਅਤੇ ਸਮਾਜਿਕ ਭੇਦਭਾਵ ਦੇ ਖਿਲਾਫ ਪ੍ਰਚਾਰ ਕੀਤਾ। 20 ਅਪ੍ਰੈਲ ਦਾ ਦਿਨ ਪੰਜਾਬ ਵਿੱਚ ਜਨਮੇ ਲੋਕ ਕਵੀ ਸੰਤ ਰਾਮ ਉਦਾਸੀ ਨਾਲ ਸਬੰਧਿਤ ਹੈ। ਲੋਕ ਕਵੀ ਸੰਤ ਰਾਮ ਉਦਾਸੀ ਇੱਕ ਕ੍ਰਾਂਤੀਕਾਰੀ ਕਵੀ ਸੀ ਜਿਸਦਾ ਜਨਮ 20 ਅਪ੍ਰੈਲ 1939 ਨੂੰ ਹੋਇਆ ਸੀ। ਉਹ ਗਰੀਬ ਮਜ਼ਦੂਰ ਜਮਾਤ ਦੇ ਹੱਕਾਂ ਲਈ ਅਤੇ ਜੁਲਮ ਦਾ ਵਿਰੋਧ ਕਰਨ ਵਾਲਿਆਂ ਲਈ ਇੱਕ ਪ੍ਰੇਰਣਾ ਸਰੋਤ ਬਣਿਆ ਹੈ। ਉਸ ਵੇਲੇ ਦਲਿਤ ਲੋਕ ਸਿਰਫ਼ ਮਜ਼ਦੂਰੀ ਕਰ ਕੇ ਹੀ ਗੁਜ਼ਾਰਾ ਕਰਦੇ ਸਨ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜਣ ਵਾਲੇ ਲੋਕਾਂ ਵਿਚ ਨਵੀਂ ਰੂਹ ਭਰ ਦਿੱਤੀ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਹਕੂਮਤ ਨੂੰ ਵੰਗਾਰਨ ਵਾਲੀਆਂ ਸਨ ਜਿਹੜੀਆਂ ਸਰਕਾਰ ਨੂੰ ਹਜ਼ਮ ਨਹੀਂ ਹੋ ਰਹੀਆਂ ਸਨ। ਉਦਾਸੀ ਨੇ ਮਜ਼ਦੂਰਾਂ ਅਤੇ ਕਾਮਿਆਂ ਦੇ ਦੁੱਖ ਨੂੰ ਅਣਗਿਣਤ ਕਵਿਤਾਵਾਂ ਵਿਚ ਖੁੱਲ੍ਹ ਕੇ ਬਿਆਨ ਕੀਤਾ ਹੈ। ਸੰਤ ਰਾਮ ਉਦਾਸੀ ਕੰਮੀਆਂ ਦੇ ਵਿਹੜੇ ਦੀ ਗੱਲ ਕਰਦਾ ਹੋਇਆ ਸੂਰਜ ਨੂੰ ਕਹਿੰਦਾ ਹੈ ਤੂੰ ਕੰਮੀਆਂ ਦੇ ਵਿਹੜੇ ਸਦਾ ਮੱਘਦਾ ਹੋਇਆ ਸੰਘਰਸ਼ ਅਤੇ ਇਨਕਲਾਬ ਦਾ ਸੁਨੇਹਾ ਦਿੰਦਾ ਰਹੀ ਇਹ ਉਦਾਸੀ ਦੀ ਹਰਮਨ ਪਿਆਰੀ ਰਚਨਾ ਸੀ।

21 ਅਪ੍ਰੈਲ ਨੂੰ ਮਹਾਨ ਸਿੱਖ ਸਕਾਲਰ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਹੈ। ਗਿਆਨੀ ਦਿੱਤ ਸਿੰਘ ਇੱਕ ਇਤਿਹਾਸਕਾਰ, ਵਿਦਵਾਨ, ਕਵੀ, ਸੰਪਾਦਕ ਅਤੇ ਇੱਕ ਉੱਘੇ ਸਿੰਘ ਸਭਾ ਸੁਧਾਰਕ ਸਨ। ਉਨ੍ਹਾਂ ਨੇ ਸਿੱਖ ਧਰਮ ਤੇ 70 ਤੋਂ ਵੱਧ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਖਾਲਸਾ ਅਖ਼ਬਾਰ ਹੈ। ਆਪ ਦੇ "ਦਯਾਨੰਦ ਨਾਲ ਮੇਰਾ ਸੰਵਾਦ'' ਅਤੇ "ਦੁਰਗਾ ਪਰਬੋਧ'' ਸਿੱਖ ਫਲਸਫੇ ਦੇ ਪ੍ਰਮੁੱਖ ਗ੍ਰੰਥ ਮੰਨੇ ਜਾਂਦੇ ਹਨ। ਸਿੰਘ ਸਭਾ ਲਾਹੌਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਮੋਢੀ ਬਣਨ ਦੇ ਨਾਲ-ਨਾਲ ਉਹਨਾਂ ਆਪਣੀ ਵਿਦਵਤਾ ਦੇ ਬਲਬੂਤੇ ਆਰੀਆ ਸਮਾਜ ਦੇ ਮੁਖੀ ਸਵਾਮੀ ਦਯਾਨੰਦ ਨੂੰ ਲਗਾਤਾਰ ਤਿੰਨ ਧਾਰਮਿਕ ਬਹਿਸਾਂਵਿੱਚ ਮਾਤ ਦਿੱਤੀ ਸੀ। ਸਿੱਖੀ ਦੀ ਡਿੱਗ ਰਹੀ ਸਾਖ ਨੂੰ ਮੁੜ ਉੱਚਾ ਚੁੱਕਣ ਦਾ ਯਤਨ ਕਰਨ ਦੇ ਨਾਲ ਹੀ ਗਿਆਨੀ ਦਿੱਤ ਸਿੰਘ ਨੇ ਸਮਾਜ ਵਿੱਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਰਤੋੜ ਯਤਨ ਕੀਤੇ।

22 ਅਪ੍ਰੈਲ ਦਾ ਦਿਨ ਗਦਰ ਲਹਿਰ ਦੇ ਆਗੂ ਅਤੇ ਆਦ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਨਾਲ ਸਬੰਧਿਤ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਭਾਰਤ ਨੂੰ ਆਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਬਾਬੂ ਮੁੱਗੋਵਾਲੀਆ ਨੇ ਆਪਣੇ ਪਿੰਡ ਦੇ ਆਦਿ ਧਰਮੀਆਂ ਨੂੰ ਪੜ੍ਹਾਉਣ ਲਈ ਪਿੰਡ ਵਿਚ 'ਆਦਿ ਧਰਮ ਸਕੂਲ' ਸਕੂਲ ਖੋਲ੍ਹਿਆ। ਆਦਿ ਧਰਮੀਆਂ ਨੂੰ ਲਾਮਬੰਦ ਕਰ ਕੇ ਸੰਘਰਸ਼ ਵਿੱਢਣ ਲਈ ਆਪਣੇ ਪਿੰਡ ਮੁੱਗੋਵਾਲ ਵਿਖੇ 11-12 ਜੂਨ 1926 ਨੂੰ ਆਦਿ ਧਰਮੀਆਂ ਦੀ ਇਕ ਕਾਨਫਰੰਸ ਬੁਲਾ ਕੇ 'ਆਦਿ ਧਰਮ ਮੰਡਲ' ਦੀ ਸਥਾਪਨਾ ਕੀਤੀ। ਸੰਨ 1931 ਦੀ ਮਰਦਮ-ਸ਼ੁਮਾਰੀ ਸਮੇਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਨੂੰ ਕਿਹਾ ਉਹ ਆਪਣਾ ਧਰਮ 'ਆਦਿ ਧਰਮ' ਲਿਖਵਾਉਣ। ਲੰਡਨ ਵਿਖੇ ਹੋਈਆਂ ਗੋਲਮੇਜ਼ ਕਾਨਫਰੰਸਾਂ ਦੌਰਾਨ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੇ ਹੱਕ ਵਿਚ ਡਾਕਟਰ ਅੰਬੇਡਕਰ ਦਾ ਸਾਥ ਦਿੱਤਾ। ਆਪ ਦੇ ਯਤਨਾਂ ਸਦਕਾ ਆਦਿ ਧਰਮੀਆਂ ਨੂੰ ਮਿਲੇ ਅਧਿਕਾਰਾਂ ਅਧੀਨ 1937 ਦੀ ਪੰਜਾਬ ਅਸੈਂਬਲੀ ਚੋਣ ਵਿਚ ਰਿਜ਼ਰਵ ਹੋਈਆਂ 8 ਸੀਟਾਂ ਵਿੱਚੋਂ 7 ਉੱਤੇ 'ਆਦਿ-ਧਰਮ ਮੰਡਲ' ਦੇ ਨੁਮਾਇੰਦੇ ਚੋਣ ਜਿੱਤਣ ਵਿਚ ਸਫਲ ਹੋਏ। 'ਦਿ ਪੰਜਾਬ ਲੈਂਡ ਐਲਾਈਨੇਸ਼ਨ ਐਕਟ' ਅਨੁਸਾਰ ਆਦਿ ਧਰਮੀ ਜ਼ਮੀਨ ਦੇ ਮਾਲਕ ਨਹੀਂ ਸਨ ਬਣ ਸਕਦੇਆਪ ਨੇ ਇਹ ਕਾਨੂੰਨ ਖ਼ਤਮ ਕਰਾਇਆ ਤੇ ਆਦਿ ਧਰਮੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਨ ਦਾ ਹੱਕ ਲੈ ਕੇ ਦਿੱਤਾ। 22 ਅਪ੍ਰੈਲ 1980 ਨੂੰ ਪੀਜੀਆਈ ਚੰਡੀਗੜ੍ਹ ਵਿਖੇ ਇਹ ਆਗੂ ਸਦੀਵੀ ਵਿਛੋੜਾ ਦੇ ਗਿਆ।ਇਸ ਸਾਲ ਵੀ ਵੱਖ ਵੱਖ ਦੇਸ਼ਾਂ ਵਿੱਚ ਦਲਿਤ ਇਤਿਹਾਸ ਮਹੀਨਾ ਸਬੰਧੀ ਪ੍ਰੋਗਰਾਮ ਕਰਵਾਏ ਜਾਣਗੇ।

ਭਾਰਤ ਵਿੱਚ ਵੀ ਵੱਖ ਵੱਖ ਸੰਗਠਨਾ ਵਲੋਂ ਇਸ ਸਬੰਧੀ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸਥਾਨਕ ਸੰਗਠਨਾ ਨਾਲ ਮਿਲਕੇ ਇਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ।ਭਾਰਤ ਨੂੰ ਅਜ਼ਾਦ ਹੋਏ 77 ਸਾਲ ਬੀਤ ਚੁੱਕੇ ਹਨ ਪਰੰਤੂ ਅਜੇ ਤੱਕ ਵੀ ਦਲਿਤਾਂ ਨਾਲ ਵਾਪਰਦੀਆਂ ਅੱਤਿਆਚਾਰ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਮਿਲਕੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਨੂੰ ਖ਼ਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਰਹਿਵਰਾਂ ਵਲੋਂ ਵੇਖੇ ਗਏ ਸੁਪਨਿਆਂ ਵਾਲਾ ਸਮਾਜ ਬਣ ਸਕੇ ਅਤੇ ਅਪ੍ਰੈਲ ਮਹੀਨਾ ਜਿਸਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕੀਤਾ ਗਿਆ ਹੈ ਦੀ ਮਹੱਤਤਾ ਕਾਇਮ ਰਹਿ ਸਕੇ।

## ‘ਪੰਥ-ਖਾਲਸਾ’ ਦੇ ਸਥਾਪਨਾ ਦਿਵਸ ’ਤੇ

# ‘ਪੰਜ-ਪਿਆਰੇ ਵਰਗ ਵਿਸ਼ੇਸ਼ ਨਹੀਂ, ਸਗੋਂ ਇਕ ਲੋਕ-ਰਾਜੀ ਸੰਸਥਾ’



ਵਿਸਾਖੀ ਵਾਲੇ ਦਿਨ 1699 ਈਸਵੀ ਨੂੰ ਪੰਜਾਬ ਦੀ ਧਰਤੀ ’ਤੇ ਖਾਸ ਕਰਕੇ ਸਿੱਖ ਇਤਿਹਾਸ ’ਚ ’ਪੰਜ ਪਿਆਰਿਆਂ’ ਜਾਂ ’ਪੰਥ-ਖਾਲਸਾ’ ਦੀ ਸਿਰਜਣਾ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਨੂੰ ਮੱਧਕਾਲੀ ਸੋਚ ’ਚੋਂ ਬਾਹਰ ਕੱਢ ਕੇ ਆਧੁਨਿਕ ਸੋਚ ’ਚ ਪ੍ਰਵੇਸ਼ ਕੀਤਾ। ਇਸ ਘਟਨਾ ਨੇ ਸੈਂਕੜੇ ਸਾਲ ਪੁਰਾਣੀ ਮੱਧਯੁੱਗੀ ਸੋਚ ਵਾਲੇ ਸਮਾਜਿਕ ਢਾਂਚੇ ’ਚ ਪਰਿਵਰਤਨ ਲਿਆਂਦਾ ਤੇ ਲੋਕਰਾਜੀ ਭਾਵਨਾ ਵਾਲੀ ’ਪੰਚਾਇਤੀ ਸੰਸਥਾ’ ਨੂੰ ਜਨਮ ਦਿੱਤਾ। ਇਸ ਨਾਲ ਲੋਕਾਂ ਦੀ ਆਵਾਜ਼ ਵਾਲੀ ਜਾਂ ਸੰਗਤਾਂ ਦੇ ਸਮੂਹ ਵਾਲੀ ਤੇ ਲੋਕਾਂ ਨੂੰ ਅਗਵਾਈ ਕਰਨ ਵਾਲੀ ਪੰਜ ਜਾਂ ਇਕ ਵਿਅਕਤੀ ਤੋਂ ਵੱਧ ਵਿਅਕਤੀਆਂ ਦੀ ’ਸੰਸਥਾ’ ਦਾ ਆਗਾਜ਼ ਹੁੰਦਾ ਹੈ। ਇਹ ਸੰਸਥਾ ’ਗੁਰੂ ਗ੍ਰੰਥ ਸਾਹਿਬ’ ਦੀ ਅਗਵਾਈ ’ਚ ਸਰਬੱਤ ਖਾਲਸਾ ਬੁਲਾਅ ਕੇ ਜੀਵਨ ਦੇ ਮਹੱਤਵਪੂਰਨ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ’ਗੁਰਮੱਤੇ’ ਜਾਂ ਫੈਸਲੇ ਕਰਦੀ ਹੈ।

ਇਸ ਤੋਂ ਪਹਿਲਾਂ ਅਸੀਂ ਜਦੋਂ ਭਾਰਤ ਜਾਂ ਸੰਸਾਰ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਦੁਨੀਆਂ ਦੇ ਵੱਡੇ ਧਰਮਾਂ ’ਚ ਵੀ ਪੰਜ-ਪੰਜ ਵਿਅਕਤੀਆਂ ਦੇ ਸਮੂਹ ਦੀ ਧਾਰਨਾ ਨਜ਼ਰ ਆਉਂਦੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਇਸਾਈ ਧਰਮ ਦੇ ਬਾਨੀ ਈਸਾ ਮਸੀਹ ਜੀ ਨੂੰ ਜਦੋਂ ਪ੍ਰਮਾਤਮਾ ਦੀ ਸੋਝੀ ਹੋਈ ਤਾਂ ਉਹਨਾਂ ਨੇ ਪ੍ਰਮਾਤਮਾ ਪ੍ਰਤੀ ਜੋ ਗਿਆਨ ਹਾਸਲ ਕੀਤਾ, ਆਪਣੇ ਇਸ ਗਿਆਨ ਨੂੰ ਦੁਨੀਆਂ ਦੇ ਕੋਨੇ-ਕੋਨੇ ’ਚ ਪਹੁੰਚਾਉਣ ਲਈ ਸਭ ਤੋਂ ਪਹਿਲਾਂ ਆਪਣੇ ’ਪੰਜ ਚੇਲਿਆਂ’ ਨੂੰ ਹੀ ਸਿੱਖਿਆ ਦਿੱਤੀ। ਇਸਲਾਮ ਧਰਮ ’ਚ ਵੀ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਇਲਹਾਮ ਹੋਇਆ ਤਾਂ ਉਹਨਾਂ ਨੇ ਵੀ ਇਸ ਰੱਬੀ ਇਲਹਾਮ ਨੂੰ ਆਮ ਜਨਤਾ ਤੱਕ ਪਹੁੰਚਾਉਣ ਲਈ ਆਪਣੇ ਪੰਜ ਚੇਲੇ ਭਾਵ ’ਪੰਜ ਪੀਰਾਂ’ ਨੂੰ ਹੀ ਸਿੱਖਿਆ ਦਿੱਤੀ। ਬੁੱਧ ਧਰਮ ਦੇ ਬਾਨੀ ਮਹਾਤਮਾ ਬੁੱਧ ਜੀ ਨੂੰ ਵੀ ਜਦੋਂ ਗਯਾ ਦੇ ਸਥਾਨ ’ਤੇ ਬੋਧ ਗਿਆਨ ਹੋਇਆ ਤਾਂ ਉਹਨਾਂ ਨੇ ਵੀ ਸਭ ਤੋਂ ਪਹਿਲਾਂ ਆਪਣੇ ’ਪੰਜ ਭਿਖਸ਼ੂਆਂ’ ਨੂੰ ਹੀ ਬੁੱਧ-ਧਰਮ ਦੇ ਫੈਲਾਅ ਲਈ ਗਿਆਨ ਦਿੱਤਾ। ਠੀਕ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪ ਅਤੇ ਆਪਣੇ ਪਰਵਰਤੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਮ ਜਨ-ਜੀਵਨ ਤੱਕ ਪਹੁੰਚਾਉਣ ਲਈ ’ਪੰਜ-ਪਿਆਰਿਆਂ’ ਜਾਂ ‘ਪੰਥ ਖਾਲਸਾ’ ਦੀ ਸਿਰਜਣਾ ਕੀਤੀ।



ਪ੍ਰੋ: ਐਚ. ਐਲ. ਕਪੂਰ

ਸਿੱਖ ਧਰਮ ’ਚ ਪੰਜ-ਪਿਆਰਿਆਂ ਦੀ ਸਥਾਪਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ’ਪੰਜ-ਗੁਰਮੁਖਾਂ’ ਦੀ ਪ੍ਰਧਾਨਤਾ ਚਲੀ ਆ ਰਹੀ ਸੀ। ਉਹ ’ਜਪੁ ਜੀ ਸਾਹਿਬ’ ’ਚ ‘ਪੰਚ ਪਰਵਾਣ ਪੰਚ ਪ੍ਰਧਾਨ, ਪੰਚਾਂ ਕਾ ਗੁਰ ਏਕ ਧਿਆਨ’ ਦਾ ਵਰਣਨ ਕਰਦੇ ਹਨ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ’ਚ ‘ਪੰਚ-ਪ੍ਰਪੰਚ’ ਦਾ ਜ਼ਿਕਰ ਇੰਞ ਕਰਦੇ ਹਨ:

ਪੰਚ ਮਿਲੇ ਪਰਪੰਚ ਤਜਿ...
ਸਾਧ ਸੰਗਤ ਸੋਹਨਿ ਗੁਰਭਾਈ।

ਇੱਥੇ ‘ਪੰਚ’ ਤੋਂ ਅਰਥ ਹੈ ਉਹ ਵਿਅਕਤੀ ਜਾਂ ਗੁਰਮੁਖ ਜਿਸ ਦਾ ਧਿਆਨ ਇਕ ਅਕਾਲ-ਪੁਰਖ ਭਾਵ ਇਕ ਪ੍ਰਮਾਤਮਾ ’ਚ ਲੱਗਾ ਹੋਇਆ ਹੈ, ਉਹ ਪੰਚ ਹਨ। ਉਹੀ ਪੰਚ ਪ੍ਰਮਾਤਮਾ ਦੀ ਦਰਗਾਹ ’ਚ ਮਾਣ ਪ੍ਰਾਪਤ ਕਰਦੇ ਹਨ ਭਾਵ ਅਧਿਆਤਮਕ ਪ੍ਰਾਪਤੀ ਵਾਲਾ ਵਿਅਕਤੀ ਹੀ ਲੱਗਦਾ ਹੈ।

ਪ੍ਰੋ: ਸਾਹਿਬ ਸਿੰਘ ਜੀ ਆਪਣੇ ‘ਸ੍ਰੀ ਗੁਰੂ ਗ੍ਰੰਥ ਦਰਪਣ’ ’ਚ ਪੰਚ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ- ’ਪੰਚ’ ਉਹ ਮਨੁੱਖ ਹੈ ਜਿਹਨਾਂ ਨਾਮ ਸੁਣਿਆ ਹੈ ਅਤੇ ਮੰਨਿਆ ਹੈ, ਉਹ ਮਨੁੱਖ ਜਿਹਨਾਂ ਦੀ ਸੁਰਤੀ ਨਾਮ ’ਚ ਜੁੜੀ ਹੋਈ ਹੈ ਤੇ ਜਿਨ੍ਹਾਂ ’ਚ ਪ੍ਰਤੀਤ ਆ ਗਈ ਹੈ।’

ਇਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਇਹਨਾਂ ਟੂਕਾਂ ’ਚ ਪੰਜ-ਪਿਆਰਿਆਂ ਦੀ ਸੰਸਥਾ ਦਾ ਮੁਢਲਾ ਰੂਪ ਮਿਲਦਾ ਹੈ, ਜਿਸ ’ਚ ਅਧਿਆਤਮਕ ਉਪਾਸਨਾ ਉਪਰ ਬਲ ਪਾਇਆ ਗਿਆ ਹੈ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਪੰਜ ਅਧਿਆਤਮਕ-ਗਿਆਨੀ, ਭਾਈ ਪੈੜਾ ਜੀ, ਭਾਈ ਲੰਗਾਹ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ ਤੇ ਭਾਈ ਵਿਧੀ ਚੰਦ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਕ- ਗਿਆਨੀ ਭਾਵ ਪੰਜ-ਪਿਆਰੇ ਸਿੱਖ, ਭਾਈ ਜੈਤਾ ਜੀ, ਭਾਈ ਉਦਾ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਦੀਵਾਨ ਮਤੀ ਦਾਸ ਜੀ ਸਨ।

ਇਹ ਗੁਰੂ ਸਾਹਿਬਾਨ ਦੇ ਉਕਤ ’ਪੰਜ’ ਜਾਂ ‘ਪੰਜ-ਪਿਆਰਿਆਂ’ ਦੀ ਸੰਸਥਾ ਦੇ ਮੁਢਲੇ ਰੂਪ ’ਤੇ ਇਕ ਤਰ੍ਹਾਂ ਦੀ ਗਵਾਹੀ ਆਖੀ ਜਾ ਸਕਦੀ ਹੈ। ਇਸ ਲਈ ਇਹ ਪਤਾ ਲੱਗਦਾ ਹੈ ਕਿ ਪੰਜ-ਪਿਆਰਿਆਂ ਦੀ ਸਿਰਜਣਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਤੋਂ ਬਾਅਦ ਵਾਲੇ ਨੌਵੇਂ ਗੁਰੂ ਸਾਹਿਬਾਨ ਤੱਕ ਦੀਆਂ ਰਚਨਾਵਾਂ ’ਚ ਕਿਸੇ ਨਾ ਕਿਸੇ ਰੂਪ ’ਚ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚ ਵੀ ਇਸ ਦਾ ਮੁਢਲਾ ਰੂਪ ਝਲਕਦਾ ਹੈ। ਪਹਿਲਾਂ ਗੁਰੂ ਸਾਹਿਬਾਨ ਦੇ ਪੰਜ-ਪੰਜ ਅਧਿਆਤਮਕ ਗਿਆਨੀ ਭਾਵ ਪੰਜ ਗੁਰਸਿੱਖ ਸਾਹਿਬਾਨ ਇਸ ਸੰਸਥਾ ਦਾ ਮੁਢਲਾ ਰੂਪ ਹਨ। ਇਸ ਤੋਂ ਅੱਗੇ ਜਾ ਕੇ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ’ਚ ਜਾ ਕੇ ਇਹ ‘ਸੰਸਥਾ’, ‘ਪੰਜ-ਪਿਆਰਿਆਂ’ ਦੇ ਰੂਪ ’ਚ ਪ੍ਰਵਾਨ ਚੜ੍ਹੀ।

ਪੰਜ-ਪਿਆਰਿਆਂ ਦੀ ਸੰਸਥਾ ਨੇ ਜਾਤ-ਪਾਤ ਦੀ ਪ੍ਰਥਾ ਤੇ ਕਰਾਰੀ ਚੋਟੀ ਮਾਰੀ। ਪੰਜ-ਪਿਆਰੇ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਵੱਖ-ਵੱਖ ਵਰਗਾਂ ਨਾਲ ਸਬੰਧ ਰੱਖਦੇ ਹਨ। ਉਹਨਾਂ ’ਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। ’ਗੁਰੂ ਕੀਆਂ ਸਾਖੀਆਂ ’ਚ ਇਨ੍ਹਾਂ ਵਰਗਾਂ ਦੀ ਕੁਰਬਾਨੀ ਦੇਣ ਲਈ, ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਪੇਸ਼ ਹੋਣ ਦਾ ਜ਼ਿਕਰ ਇੰਞ ਲਿਖਿਆ ਮਿਲਦਾ ਹੈ:

“ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਹੌਰ ਖਲਾ ਹੂਆ।। ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਵਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ-ਬਾਰੀ ਖਲੇ ਹੂਏ।’’ (ਹਵਾਲਾ ਗੁਰੂ ਕੀਆਂ ਸਾਖੀਆਂ)

ਖੱਤਰੀ ਜਾਤੀ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਪੱਛੜੇ ਵਰਗਾਂ ਨਾਲ ਸਬੰਧ ਰੱਖਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ-ਪਿਆਰਿਆਂ ਦੀ ’ਸੰਸਥਾ’ ’ਤੇ ਨਾ ਤਾਂ ਕੋਈ ਉੱਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ ਜਾਤੀ ਜਾਂ ਵਰਗ ਦਾ ਕੋਈ ਏਕਾ-ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਉੱਚੇਰੀ ਸੂਝ-ਬੂਝ ਨਾਲ ਜਾਤੀ-ਪ੍ਰਥਾ ਨੂੰ ਮੁੱਢੋਂ ਨਾਕਾਰ ਦਿੱਤਾ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਰੱਦ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੀ ਪੰਜ-ਪਿਆਰਿਆਂ ਦੀ ਸੰਸਥਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਜਾਤ-ਪਾਤ ਵਿਰੁੱਧ ਲਹਿਰ ਦੀ ਪ੍ਰਤੀਨਿਧਤਾ ਵੀ ਕੀਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਦੇ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:-

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ।।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼।।

‘ਗੁਰੂ ਗ੍ਰੰਥ ਸਾਹਿਬ’ ਵਿਚੋਂ ਇਸੇ ਵਿਚਾਰਧਾਰਾ ਦੀ ਇਕ ਹੋਰ ਟੂਕ:

ਜਾਤੀ ਦੈ ਕਿਆ ਹਥਿ ਸਚ ਪਰਖੀਐ।।
ਫਕੜ ਜਾਤੀ ਫਕੜੁ ਨਾਉ।।
ਸਭਨਾ ਜੀਅ ਇਕਾ ਛਾਉ।।

ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਸੰਗਤ ਤੇ ਲੰਗਰ ਦੀ ਸੰਸਥਾ ਸ਼ੁਰੂ ਕੀਤੀ। ਇਸ ਵਿਚ ਸਾਧਨਾ ਵਾਸਤੇ, ਬਿਨਾ ਜਾਤ-ਪਾਤ ਦੇ ਵਿਤਕਰੇ ਤੋਂ ਬੈਠਣਾ ਅਤੇ ਲੰਗਰ ਛਕਣਾ ਸੀ। ਇਹੋ ਵਿਚਾਰਧਾਰਾ ਅੱਗੇ ਜਾ ਕੇ ਦਸਵੇਂ ਗੁਰੂ ਸਾਹਿਬ ਦੇ ਸਮੇਂ ਵਿਚ ਜਾ ਕੇ ਪੰਜ ਪਿਆਰਿਆਂ ਦੀ ਸੰਸਥਾ ਦੇ ਰੂਪ ਵਿਚ ਪ੍ਰਵਾਨ ਚੜ੍ਹੀ। ਗੁਰੂ ਨਾਨਕ ਦੇਵ ਜੀ ਆਪ ਦਲਿਤ ਜਾਤਾਂ ਦੇ ਨਾਲ ਖੜ੍ਹੇ ਹੋਏ। ਇਹੋ ਵਿਚਾਰਧਾਰਾ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵੀ ਉਭਰਦੀ ਹੈ: ’’ਗਰੀਬੀ ਗਦਾ ਹਮਾਰੀ!’’ ਇਸ ਤਰ੍ਹਾਂ ਦੀਆਂ ਜਾਤਾਂ ਦੇ ਹੱਥ ਪੰਥ ਦੀ ਤਾਕਤ ਦੇਣੀ ਤੇ ਸੰਗਤ ਦੀ ਅਗਵਾਈ ਕਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਸ਼ਖਸੀਅਤ ਤੇ ਦਰ-ਅੰਦੇਸ਼ੀ ਦੀ ਲਖਾਇਕ ਹੈ। ਇਸ ਤਰ੍ਹਾਂ ਇਸ ਸੰਸਥਾ ਦੀ ਸਥਾਪਨਾ ਨਾਲ ਕਿਸੇ ਵਿਸ਼ੇਸ਼ ਇਲਾਕੇ ਨੂੰ ਵੀ ਅਹਿਮੀਅਤ ਨਹੀਂ ਮਿਲੀ। ਗੁਰੂ ਸਾਹਿਬਾਨ ਵੱਲੋਂ ਪੰਜਾਬ ਦੇ ਖਿੱਤੇ ਨੂੰ ਆਪਣਾ ਕਾਰਜ ਖੇਤਰ ਧਾਰਮਿਕ ਤੇ ਸਮਾਜਿਕ ਕੰਮਾਂ ਲਈ ਅਪਣਾਉਣ ਨਾਲ ਇਸ ਖਿੱਤੇ ਦੀ ਅਹਿਮੀਅਤ ਵੱਧ ਰਹੀ ਸੀ। ਬਾਬਰ ਦੇ ਹਮਲੇ ਦਾ ਗੁਰੂ ਨਾਨਕ ਦੇਵ ਜੀ ਨੇ ਰੱਜ ਕੇ ਵਿਰੋਧ ਕੀਤਾ। ਬਾਬਰ ਨੇ ਆਪਣੇ ਜ਼ੁਲਮ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਬਹੁਤ ਡਰਾਇਆ:

ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ।।
ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਰਾਜੇ ਸੀਂਹ ਮੁਕਦਮ ਕੁਤੇ।। ਜਾਇ ਜਗਾਇਨ ਬੈਠੇ ਸੁਤੇ।।

ਰਾਜੇ ਤੇ ਮੁਕੱਦਮ ਨੂੰ ਕੁੱਤੇ ਤੱਕ ਆਖ ਦਿੱਤਾ। ਇਸ ਤਰ੍ਹਾਂ ਰਜਵਾੜਿਆਂ ਦੇ ਬਾਹਰੀ ਹਮਲਿਆਂ ਵਿਚ ਵੀ ਪੰਜ ਪਿਆਰਿਆਂ ਦੇ ਕਾਰਜ ਦੀ ਰੂਹ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਸ ਵਿਰੋਧ ਵਿਚ ਉਕਤ ਸੰਸਥਾ ਲਈ ਸਿਧਾਂਤਕ ਆਧਾਰ ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਇਸ ਸੰਸਥਾ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਧਰਮ ਦੇ ਪਿਛੋਕੜ ਵੱਲ ਝਾਤ ਮਾਰਨ ’ਤੇ ਉਸ ਵਿਚੋਂ ਸੇਧ ਲੈਣ ਬਾਅਦ, ਆਪਣਾ ਇਸ ਸੰਸਥਾ ਦੀ ਉਸਾਰੀ ਲਈ ਸੰਘਰਸ਼ ਜਾਰੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ, ਲੋਕ-ਹਿੱਤ ਕੰਮਾਂ ਵਿਚ ਲਾਵੇ। ਐਸੇ ਯੁੱਧਾਂ ਨੂੰ ਉਹਨਾਂ ਨੇ ਸਜਦਾ ਕੀਤਾ: ’ਨਮੋ ਜੁੱਧ ਜਦੋ’। ਔਰੰਗਜ਼ੇਬ ਨੂੰ ’ਜਫਰਨਾਮੇ’ ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਉਸ ਸਮੇਂ ਵਿਦਿਆ ਦਾ ਅਧਿਕਾਰ ਸਿਰਫ ਉੱਚੀਆਂ ਜਾਤਾਂ ਨੂੰ ਹੀ ਸੀ। ਨੀਵੀਆਂ ਜਾਤਾਂ ਦੇ ਲੋਕ ਅਵਿਦਿਅਕ ਸਨ ਤੇ ਹਰ ਖੇਤਰ ਵਿਚ ਬਹੁਤ ਪੱਛੜੇ ਹੋਏ ਸਨ। ਗੁਰੂ ਜੀ ਨੇ ਬਾਣੀ ਤੇ ਸਾਹਿਤ ਦੀ ਰਚਨਾ ਵੀ ਲੋਕਾਂ ਦੀ ਆਮ ਬੋਲੀ ਵਿਚ ਕਰਵਾਈ ਤਾਂ ਕਿ ਲੋਕ ਪੜ੍ਹ-ਲਿਖ ਕੇ ਜਾਗ੍ਰਿਤ ਹੋ ਸਕਣ। ਪੰਜ ਪਿਆਰੇ ਜਿਹੜੇ ਕਥਿਤ ਦਲਿਤ ਜਾਤਾਂ ਵਿਚੋਂ ਇਸ ਸੰਸਥਾ ਵਿਚ ਆਏ ਸਨ ਨੂੰ ਸ਼ਿਖਸ਼ਤ ਕਰਨ ਲਈ ਪੰਜ ਬਾਣੀਆਂ ਦਾ ਪਾਠ ਰੋਜ਼ ਪੜ੍ਹਨਾ ਨਿਸ਼ਚਿਤ ਕੀਤਾ। ਇਸ ਤਰ੍ਹਾਂ ਇਸ ਸੰਸਥਾ ਵਿਚ ਇਹ ਇਕ ਮਹੱਤਵਪੂਰਨ ਕਦਮ ਸੀ। ਇਸ ਤਰ੍ਹਾਂ ਗੁਰੂ ਜੀ ਨੇ ਉੱਚੀਆਂ ਜਾਤਾਂ ਭਾਵ ਵਿਸ਼ੇਸ਼ ਵਰਗ ਦਾ ਜੋ ਵਿਦਿਆ ਪ੍ਰਾਪਤ ਕਰਨ ਦਾ ਏਕਾ-ਅਧਿਕਾਰ ਰੱਖੀ ਬੈਠਾ ਸੀ, ਨੂੰ ਸਮਾਪਤ ਕੀਤਾ।

ਇਕੋ ਪਾਰਬ੍ਰਹਮ ਵਿਚ ਵਿਸ਼ਵਾਸ ਤੇ ਉਸ ਦੀ ਪ੍ਰਾਪਤੀ ਦਾ ਮੰਤਵ ਵੀ ਸੰਸਥਾ ਵਾਸਤੇ ਜ਼ਰੂਰੀ ਸੀ। ਇਸ ਉਦੇਸ਼ ਨਾਲ, ਬ੍ਰਾਹਮਣਵਾਦ ਨੇ ਪੈਦਾ ਕੀਤੀ ਬਹੁ-ਮੂਰਤੀ ਪੂਜਾ ਦੀ ਦੁਚਿੱਤੀ ਵੀ ਸਮਾਪਤ ਕਰ ਦਿੱਤੀ। ਮਨੁੱਖ ਨੂੰ ਪੂਰੀ ਤਰ੍ਹਾਂ ਸਰਗੁਣ ਵਿਚਾਰਧਾਰਾ ਵਿਚੋਂ ਕੱਢ ਕੇ ਨਿਰਗੁਣਵਾਦ ਦੀ ਧਾਰਾ ਵਿਚ ਲੈ ਆਂਦਾ। ਮਨੁੱਖ ਦੀ ਇਸ ਵਿਚ ਆਸਥਾ ਵਧੀ ਤੇ ਇਸ ਦੇ ਨਾਲ ਹੀ ਇਸ ਸੰਸਥਾ ਨੇ ਉਸ ਜ਼ਮਾਨੇ ਦੇ ਜਰਵਾਣੇ ਹਾਕਮਾਂ ਨਾਲ ਟੱਕਰ ਲੈਣ ਲਈ, ਮਨਾਂ ਵਿਚੋਂ ਕਮਜ਼ੋਰੀ ਤੇ ਗੁਲਾਮੀ ਦੀ ਭਾਵਨਾ ਕੱਢ ਦਿੱਤੀ। ਇਸ ਤਰ੍ਹਾਂ ਇਸ ਸੰਸਥਾ ਨੂੰ ਅਧਿਕਾਰਾਂ ਦੀ ਪ੍ਰਾਪਤੀ ਤੇ ਰੱਖਿਆ ਲਈ, ਸ਼ਕਤੀਸ਼ਾਲੀ ਹੋਣ ਲਈ ਅਤੇ ਸੰਘਰਸ਼ ਕਰਨ ਲਈ ਆਧਾਰ ਪ੍ਰਾਪਤ ਹੋਇਆ।

ਗੁਰੂ ਸਾਹਿਬ ਨੇ ਫੋਕੇ ਕਰਮ-ਕਾਂਡਾਂ ਤੇ ਰਹੁ-ਰੀਤਾਂ ਤੇ ਕਰਾਰੀ ਸੱਟ ਮਾਰੀ ਤੇ ਇਹਨਾਂ ਨੂੰ ਮਨੁੱਖ ਲਈ ਬੇਅਰਥ ਦੱਸਿਆ। ਇਸ ਦੀ ਥਾਂ ਮਨੁੱਖ ਨੂੰ ਆਪਣੀ ਨੈਤਿਕਤਾ ਤੇ ਅਧਿਆਤਮਕ ਜੀਵਨ ਜਿਊਣ ਲਈ, ਇਸ ਸੰਸਥਾ ਰਾਹੀਂ ਪਰਪੱਕ ਕੀਤਾ। ਭਰਮਾਂ ਤੇ ਵਹਿਮਾਂ ਨੂੰ ਖਤਮ ਕੀਤਾ। ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਲਈ ਗਿਆਨਵਾਨ ਹੋਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਇਸ ਤਰ੍ਹਾਂ ਹਰ ਘਟਨਾ ਦੇ ਪਿੱਛੇ ਕੀ, ਕਿਉਂ ਤੇ ਕਿਵੇਂ ਜਾਨਣ ਦੀ ਸੂਝ ਵੀ ਸੰਸਥਾ ਦਾ ਆਧਾਰ ਬਣੀ।

ਉਸ ਸਮੇਂ ਦੀ ਅੰਧ-ਵਿਸ਼ਵਾਸੀ ਸੋਚ ਨੇ ਮਨੁੱਖ ਦੀ ਆਰਥਿਕ, ਸਮਾਜਿਕ, ਨੈਤਿਕ ਤੇ ਧਾਰਮਿਕ ਸੋਚ ਵੀ ਵਿਕਸਤ ਨਾ ਹੋਣ ਦਿੱਤੀ। ਇਸਤਰੀ ਨੂੰ ਨਾਗਣ, ਬਘਿਆੜਨ ਤੇ ਡੈਣ ਦੇ ਅਲੰਕਾਰਾਂ ਨਾਲ ਸੰਬੋਧਨ ਕੀਤਾ ਗਿਆ। ਔਰਤ ਨੂੰ ਮਨੁੱਖ ਦੇ ਧਾਰਮਿਕ ਜੀਵਨ ਵਿਚ ਰੁਕਾਵਟ ਦੱਸਿਆ ਗਿਆ। ਉਸ ਦੇ ਮਾਂ, ਭੈਣ, ਪਤਨੀ ਤੇ ਧੀ ਦੇ ਰੂਪਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਗੁਰੂ ਸਾਹਿਬਾਨ ਨੇ ਔਰਤ ਨੂੰ ਮਰਦ ਦੇ ਬਰਾਬਰ ਸਥਾਨ ਦਿੱਤਾ ਤੇ ਔਰਤ ਨੂੰ ਸੰਸਾਰ ਦੇ ਵੱਡੇ-ਵੱਡੇ ਯੋਧਿਆਂ ਤੇ ਸ਼ਖਸੀਅਤਾਂ ਦੀ ਜਨਨੀ ਦੱਸਿਆ। ਉਸ ਦੇ ਹੱਥ ਵਿਚ ਤਲਵਾਰ ਫੜਾ ਕੇ ਉਸ ਨੂੰ ਇਸ ਧਰਤੀ ਦੇ ਵੱਡੇ-ਵੱਡੇ ਰਾਕਸ਼ਾਂ ਤੇ ਯੋਧਿਆਂ ਨੂੰ ਜੋ ਲੋਕਾਈ ’ਤੇ ਜ਼ੁਲਮ ਤੇ ਅਤਿਆਚਾਰ ਕਰਦੇ ਸਨ, ਹਰਾਉਂਦਿਆਂ ਦਿਖਾਇਆ। ਉਸ ਦੇ ਬੀਰ-ਰਸੀ ਰੂਪ ਨੂੰ ਸਾਹਮਣੇ ਲਿਆਂਦਾ ਤੇ ਉਸ ਦੇ ਹੱਥੋਂ ਬਦੀ ਤੇ ਜ਼ਾਲਮ ਸ਼ਕਤੀਆਂ ਦਾ ਨਾਸ ਕਰਵਾਇਆ। ਗੁਰੂ ਸਾਹਿਬ ਦੀ ਲਿਖੀ ਹੋਈ ’ਚੰਡੀ ਦੀ ਵਾਰ’ ਵਿਚ ਦੁਰਗਾ ਦੇ ਪਾਤਰ ਤੋਂ, ਮਨੁੱਖ ਵੀ ਜ਼ੁਲਮ ਦੀ ਜੜ੍ਹ ਪੁੱਟਣ ਤੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪ੍ਰੇਰਿਤ ਹੋਇਆ। ਸਤੀ ਦੀ ਰਸਮ ਦੇ ਖਿਲਾਫ ਵੀ ਆਵਾਜ਼ ਉਠਾਈ ਤੇ ਇਸ ਨੂੰ ਸਮਾਜ ਵਿਚੋਂ ਖਤਮ ਕਰਵਾਇਆ। ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਮਨੁੱਖ ਨੂੰ ਭਗਤੀ ਕਰਨ ਲਈ ਜੰਗਲਾਂ ਵਿਚ ਜਾਣ ਤੋਂ ਰੋਕਿਆ। ਇਸ ਦੇ ਨਾਲ ਮਨੁੱਖ ਨੂੰ ਸਮਝਾਇਆ ਕਿ ਗ੍ਰਹਿਸਥ ਵਿਚ ਹੀ ਰਹਿ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਇਸ ਸੰਸਾਰ ਨੂੰ ਉਸ ਅਕਾਲ-ਪੁਰਖ ਦੀ ਰਚਨਾ ਦੱਸਿਆ ਤੇ ਗ੍ਰਹਿਸਥ ਦੀ ਮਹਾਨਤਾ ਨੂੰ ਸਮਝਾਇਆ: ’ਇਹੁ ਜਗੁ ਸਚੈ ਕੀ ਹੈ ਕੋਠੜੀ, ਸੱਚੇ ਕਾ ਵਿਚ ਵਾਸ’ ਨੇ ਵੀ ਮਨੁੱਖ ਨੂੰ ਸੰਘਰਸ਼ ਕਰਨ ਲਈ ਤਕੜਾ ਆਧਾਰ ਦਿੱਤਾ।

ਉਸ ਸਮੇਂ ਦੇ ਬ੍ਰਾਹਮਣੀ ਤੇ ਪ੍ਰੋਹਿਤ ਵਰਗ ਨੇ ਸਮਾਜ ਵਿਚ, ਆਪਣੇ ਹਿੱਤਾਂ ਲਈ ਸਮਾਜਿਕ ਬਰਾਬਰੀ ਨਹੀਂ ਆਉਣ ਦਿੱਤੀ। ਆਪਣੇ ਸੌੜੇ ਹਿੱਤਾਂ ਲਈ ਲੋਕਾਂ ਦਾ ਸਮਾਜਿਕ, ਆਰਥਿਕ ਤੇ ਧਾਰਮਿਕ ਸ਼ੋਸ਼ਣ ਕੀਤਾ। ਲੋਕਾਂ ਦੀ ਆਰਥਿਕ ਲੁੱਟ ਰੱਜ ਕੇ ਕੀਤੀ। ਲੋਕਾਂ ਨੂੰ ਆਪੇ ਕਰਮਾਂ-ਕਾਂਡਾਂ, ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਫਿਰ ਇਹਨਾਂ ਵਿਚੋਂ ਬਾਹਰ ਕੱਢਣ ਲਈ ਆਰਥਿਕ ਪੱਖੋਂ ਲੁੱਟਿਆ। ਰਿਗਵੇਦ ਵਿਚ ਇਹ ਕਿਹਾ ਗਿਆ ਹੈ ਕਿ ਬ੍ਰਾਹਮਣ ਪਰਮ-ਹਸਤੀ ਦੇ ਮੂੰਹ ’ਚੋਂ, ਕਸ਼ਤਰੀ ਭੁਜਾਵਾਂ ਵਿਚੋਂ, ਵੈਸ਼ ਪੱਟਾਂ ’ਚੋਂ ਤੇ ਸੂਦਰ ਪੈਰਾਂ ’ਚੋਂ ਜਨਮੇ ਹਨ। ਲੋਕਾਂ ਨੂੰ ਗਰੀਬੀ, ਜਹਾਲਤ ਤੇ ਅਗਿਆਨਤਾ ਪ੍ਰਮਾਤਮਾ ਵੱਲੋਂ ਧੁਰੋਂ ਲਿਖੀ ਆਈ ਦੱਸ ਕੇ ਗੁੰਮਰਾਹ ਕੀਤਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਵਿਚਾਰਧਾਰਾ ਨੂੰ ਨਕਾਰ ਦਿੱਤਾ ਤੇ ਕਿਹਾ ਕਿ ਅਸੀਂ ਸਭ ਇਕੋ ਪ੍ਰਮਾਤਮਾ ਦੇ ਪੁੱਤਰ ਹਾਂ ਤੇ ਉਹ ਸਾਡਾ ਪਿਤਾ ਹੈ:

ਏਕ ਪਿਤਾ ਏਕਸ ਕੇ ਹਮ ਬਾਰਿਕ।।

ਦਸਮ ਗ੍ਰੰਥ ਦੀ ਰਚਨਾ ’ਅਕਾਲ-ਉਸਤਤ’ ਵਿਚ ਸਮਾਜਿਕ ਬਰਾਬਰੀ ਤੇ ਭਾਈਚਾਰਕ ਸਾਂਝ ਵਾਸਤੇ ਕਿਹਾ ਗਿਆ ਹੈ ਕਿ ਨਾ ਕੇਵਲ ਜਾਤੀਆਂ ਦੇ ਆਧਾਰ ਉਤੇ, ਸਗੋਂ ਹਿੰਦੂ ਤੇ ਮੁਸਲਮਾਨ ਆਧਾਰ ਉਤੇ ਮਾਨਵ ਨਾ-ਬਰਾਬਰੀ ਦਾ ਵਿਰੋਧ ਕੀਤਾ ਗਿਆ ਹੈ ਸਗੋਂ ਇਹ ਕਿਹਾ ਗਿਆ ਹੈ ਕਿ ਮਨੁੱਖ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ, ਮਨੁੱਖ ਦੀ ਜਾਤ ਇਕੋ ਮਨੁੱਖਤਾ ਹੀ ਹੈ:

ਹਿੰਦੂ ਤੁਰਕ ਕੋਉ ਰਾਫਜੀ ਇਮਾਮਸਾਫੀ।
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।।

ਵੱਖ-ਵੱਖ ਜਾਤੀਆਂ ਤੇ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਏ ਮਰਜੀਵੜਿਆਂ ਨੇ ਸੀਸ ਭੇਟ ਕਰਨ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਸਨਮੁਖ ਪੇਸ਼ ਕਰ ਦਿੱਤਾ ਤੇ ਫਿਰ ਅੰਮ੍ਰਿਤ ਛਕਾਅ ਕੇ ਗੁਰੂ ਸਾਹਿਬ ਨੇ ਬਰਾਬਰ ਖੜ੍ਹੇ ਕਰ ਦਿੱਤਾ ਗਿਆ ਤਾਂ ਜਾਤ-ਪਾਤ ਦੇ ਆਧਾਰ ਤੇ ਨਾ-ਬਰਾਬਰੀ, ਸਦਾ ਲਈ ਪੰਖ ਲਾ ਕੇ, ਪੂਰੀ ਤਰ੍ਹਾਂ ਅਲੋਪ ਹੋ ਗਈ।

ਧਰਮ ਪ੍ਰੀਵਰਤਨ ਵੇਲੇ ਨਾਨਕ ਪੰਥੀ ਹੋਣ ਲਈ ਸ: ਕੇਸਰ ਸਿੰਘ ਛਿੱਬਰ ਦੇ ‘ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ’ ਅਨੁਸਾਰ ਚਰਣ-ਪਾਹੁਲ ਪੰਜਾਂ ਸਿੱਖਾਂ ਦੇ ਚਰਨਾਂ ਦਾ ਧੋਣ, ਵਰਤਾਉਣ ਦੀ ਰੀਤੀ, ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਪ੍ਰਚੱਲਿਤ ਹੋਈ। ਪਰ ’ਖਾਲਸਾ ਪੰਥ’ ਦੀ ਸਾਜਨਾ ਵੇਲੇ ਚਰਣ-ਪਾਹੁਲ ਦੀ ਥਾਂ, ਖੰਡੇ ਦੀ ਪਾਹੁਲ ਦਿੱਤੀ ਗਈ ਤੇ ਨਾਲ ਹੀ ਨਾਨਕ ਪੰਥੀ ਕਰਨ ਦਾ ਅਧਿਕਾਰ ਪੰਜ ਸਿੱਖਾਂ ਨੂੰ ਦੇ ਦਿੱਤਾ ਗਿਆ। ਫਿਰ ਜਾਤ-ਪਾਤ ਨੂੰ ਖਤਮ ਕਰਕੇ ਕਥਿਤ ਨੀਵੀਆਂ ਜਾਤਾਂ ਤੋਂ ਆਏ ਪੰਜ ਪਿਆਰਿਆਂ ਨੂੰ ਦੇ ਦਿੱਤਾ ਗਿਆ। ਇਸ ਦੇ ਨਾਲ ਹੀ ਇਹ ਧਾਰਨਾ ਪ੍ਰਚੱਲਿਤ ਕੀਤੀ ਗਈ ਕਿ ਇਸ ਪੱਖੋਂ ਕਿਸੇ ਕੋਲ ਵੀ ਕਿਸੇ ਵੀ ਆਧਾਰ ਉਤੇ ਏਕਾ-ਅਧਿਕਾਰ ਨਹੀਂ ਹੋਵੇਗਾ। ਰੀਤੀ ਅਨੁਸਾਰ ਧਰਮ ਪ੍ਰੀਵਰਤਨ ਕਰਨ ਦਾ ਜੋ ਅਧਿਕਾਰ ਪ੍ਰੋਹਿਤ ਵਰਗ ਪਾਸ ਸੀ, ਉਸ ਨੂੰ ਖਤਮ ਕਰ ਦਿੱਤਾ ਗਿਆ।

ਗੁਰੂ ਨਾਨਕ ਦੇਵ ਜੀ ਦੇ ਮੂਲ ਤਿੰਨ ਸਿਧਾਂਤ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ ਨੇ ਮਾਨਵੀ ਜੀਵਨ ਵਿਚ ਵੱਡਾ ਯੋਗਦਾਨ ਪਾਇਆ। ਲੋਕ ਸੱਚੀ-ਸੁੱਚੀ ਕ੍ਰਿਤ ਕਰਨ ਵਿਚ ਵਿਸ਼ਵਾਸ ਕਰਨ ਲੱਗੇ, ਬੇਈਮਾਨੀ ਦੀ ਕਮਾਈ ਨੂੰ ਪਾਪ ਸਮਝਣ ਲੱਗੇ। ਇਸ ਨੇਕ-ਨੀਤੀ ਦੀ ਕਮਾਈ ਵਿਚੋਂ ਦਸਵੰਧ ਕੱਢ ਕੇ ਗਰੀਬਾਂ ਦੀ ਮਦਦ ਕਰਨ ਲਈ ਤੇ ਸਮਾਜਿਕ ਕੰਮਾਂ ਲਈ ਆਪਣੀ ਕਮਾਈ ਵਿਚੋਂ ਸਮਰੱਥਾ ਅਨੁਸਾਰ ਦੇਣ ਲੱਗੇ। ਇਹਨਾਂ ਕਾਰਜਾਂ ਦੀ ਸੰਤੁਸ਼ਟੀ ਬਾਅਦ ਆਪਣੇ ਮਨ ਨੂੰ ਪ੍ਰਮਾਤਮਾ ਦੀ ਸੁਰਤੀ ਵਿਚ ਲਾਉਣ ਲੱਗੇ। ਇਸ ਤੋਂ ਬਾਅਦ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਛੇਵੇਂ ਗੁਰੂ ਸਾਹਿਬ ਦੇ ਸਮੇਂ ਤੋਂ ਸ਼ਾਸਤ੍ਰਧਾਰੀ ਹੋਣ ਲੱਗੇ। ਇਸ ਤਰ੍ਹਾਂ ਸ਼ਾਸਤ੍ਰਧਾਰੀ ਹੋਣ ਦੀ ਭਾਵਨਾ ਪਿੱਛੇ ਜ਼ੁਲਮ ਨਾਲ ਟਾਕਰਾ ਲੈਣ ਦੀ ਚੇਤਨਤਾ ਕੰਮ

(ਬਾਕੀ ਅਗਲੇ ਸਫੇ ‘ਤੇ)

# ‘ਪੰਜ-ਪਿਆਰੇ ਵਰਗ ਵਿਸ਼ੇਸ਼ ਨਹੀਂ, ਸਗੋਂ ਇਕ ਲੋਕ-ਰਾਜੀ ਸੰਸਥਾ’

(ਸਫਾ 22 ਦੀ ਬਾਕੀ)

ਕਰਦੀ ਹੈ। ਗੁਰੂ ਸਾਹਿਬਾਨ ਵੱਲੋਂ ਸਾਹਿਤ ਰਚਨਾ ਕਰਨਾ ਤੇ ਸਾਹਿਤਕਾਰਾਂ ਨੂੰ ਪੁਰਸਕਾਰ ਦੇਣੇ ਵੀ ਕ੍ਰਾਂਤੀਕਾਰੀ ਸੋਚ ਦੇ ਲਖਾਇਕ ਹਨ। ਖਾਲਸਾ ਸਿਰਜਣਾ ਦੀ ਰਹਿਤ-ਮਰਿਯਾਦਾ ਵਿਚ ਪੰਜ ਕਕਾਰਾਂ ਦੇ ਮੱਦੇਨਜ਼ਰ ਕਿਰਪਾਨ ਧਾਰਨ ਕਰਨਾ ਆਉਂਦਾ ਹੈ। ਇਸ ਤਰ੍ਹਾਂ ਸ਼ਸ਼ਤਰ ਪਹਿਨਣਾ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਤੇ ਜ਼ੁਲਮ ਦਾ ਟਾਕਰਾ ਕਰਨ ਨਾਲ ਸਬੰਧ ਰੱਖਦਾ ਹੈ। ਇਹਨਾਂ ਪੰਜ ਕਕਾਰਾਂ ਦਾ ਪੰਜ ਪਿਆਰਿਆਂ ਦੀ ਸੰਸਥਾ ਨਾਲ ਅਟੁੱਟ ਰਿਸ਼ਤਾ ਕਾਇਮ ਕਰ ਦਿੱਤਾ। ਇਹਨਾਂ ਪੰਜ ਕਕਾਰਾਂ ਨਾਲ ਮਾਨਵ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ। ਇਸ ਲਹਿਰ ਦਾ ਇਕ ਮਨੋਵਿਗਿਆਨਕ ਪੱਖ ਇਹ ਵੀ ਹੈ ਕਿ ਪੁਰਸ਼ਾਂ ਦੇ ਨਾਮ ਨਾਲ ਸਿੰਘ ਤੇ ਔਰਤਾਂ ਦੇ ਨਾਮ ਨਾਲ ਕੌਰ ਲਗਾ ਦਿੱਤਾ। ਇਸ ਨਾਲ ਆਪਸੀ ਭਾਈਚਾਰੇ ਦੀਆਂ ਤੰਦਾਂ ਹੋਰ ਮਜ਼ਬੂਤ ਹੋਈਆਂ। ਇਸ ਨਾਲ ਗੁਰੂ ਸਾਹਿਬਾਨ ਦੇ ਸਮਾਜਿਕ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ ਤੇ ਇਕਸਾਰਤਾ ਦੀ ਭਾਵਨਾ ਪੈਦਾ ਹੋਈ। ਸਿੰਘ ਜਿਸ ਦੇ ਸ਼ਬਦੀ ਅਰਥ ਸ਼ੇਰ ਹਨ, ਨਾਮ ਨਾਲ ਲੱਗਣ ’ਤੇ ਮਨੋਬਲ ਹੋਰ ਮਜ਼ਬੂਤ ਹੋਇਆ ਤੇ ਸ਼ੇਰਾਂ ਵਾਂਗ ਜ਼ੁਲਮ ਦਾ ਟਾਕਰਾ ਕਰਨ ਦੀ ਚੇਤਨਾ ਪੈਦਾ ਹੋਈ। ਇਸ ਤਰ੍ਹਾਂ ’ਨੀਚੀ ਹੂੰ ਅਤਿ ਨੀਚ’ ਦੀ ਭਾਵਨਾ ਵਾਲੇ ਇਨਸਾਨਾਂ ਨੂੰ ਧਰਤੀ ਦੇ ਸਰਦਾਰ ਬਣਾ ਦਿੱਤਾ। ਇਸ ਤਰ੍ਹਾਂ ਆਪਣੇ ਆਪ ਨੂੰ ਕਥਿਤ ਯੋਧਾ ਕੌਮ ਅਖਵਾਉਣ ਵਾਲੀਆਂ ਜਾਤਾਂ/ਵਰਗਾਂ ਦੇ ਏਕਾ-ਅਧਿਕਾਰ ਨੂੰ ਖਤਮ ਕਰ ਦਿੱਤਾ।

ਉਕਤ ਸਾਰੀ ਚਰਚਾ ਦਾ ਸਿੱਟਾ ਇਹੀ ਨਿਕਲਦਾ ਹੈ ਕਿ ’ਪੰਜ-ਪਿਆਰਿਆਂ’ ਦੀ ਸੰਸਥਾ ਇਕ ਮਹੱਤਵਪੂਰਨ ਸੰਸਥਾ ਹੈ, ਜਿਸ ਨੇ ਸਿੱਖਾਂ ਨੂੰ ਮੱਧਕਾਲੀ ਸੋਚ ’ਚੋਂ ਕੱਢ ਕੇ ਆਧੁਨਿਕ ਕਾਲ ਦੀ ਲੋਕ-ਰਾਜੀ ਸੋਚ ’ਚ ਪ੍ਰੀਵਰਤਿਤ ਕਰ ਦਿੱਤਾ। ਇਸ ਸੋਚ ਦੀਆਂ ਜੜ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਵੱਧਦੇ-ਫੁੱਲਦੇ ਦੇਖਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚ ਵੀ ਇਸ ਸੋਚ ਦਾ ਮੁਢਲਾ ਸਰੂਪ ਦੇਖਿਆ ਜਾ ਸਕਦਾ ਹੈ। ਮੂਲ ਰੂਪ ’ਚ ਇਹੀ ਆਖਿਆ ਜਾ ਸਕਦਾ ਹੈ ਕਿ ਉਕਤ ਸੰਸਥਾ ਦੀਆਂ ਜੜ੍ਹਾਂ ਨੂੰ ਇਹਨਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ’ਚ ਦੇਖਿਆ ਜਾ ਸਕਦਾ ਹੈ ਜੋ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ’ਚ ਆ ਕੇ ਪ੍ਰਵਾਨ ਚੜ੍ਹੀ।

’ਪੰਜ-ਪਿਆਰਿਆਂ’ ਦੀ ਸੰਸਥਾ ਨੇ ਜਾਤ-ਪਾਤ ਪ੍ਰਥਾ ਉਤੇ ਕਰਾਰੀ ਸੱਟ ਮਾਰੀ। ਇਹ ਸੰਸਥਾ ਸਭ ਨੀਵੀਆਂ ਜਾਤਾਂ/ਵਰਗਾਂ ਦੇ ਸੰਗਠਨ ਦੀ ਸੀ। ਕਿਸੇ ਵੀ ਉੱਚੀ ਜਾਂ ਨੀਵੀਂ ਜਾਤ ਜਾਂ ਵਰਗ ਵਿਸ਼ੇਸ਼ ਦਾ ਇਸ ਉਤੇ ਏਕਾ-ਅਧਿਕਾਰ ਨਹੀਂ ਸੀ ਤੇ ਨਾ ਹੀ ਇਸ ’ਤੇ ਕਿਸੇ ਇਕ ਇਲਾਕੇ ਦਾ ਦਬਦਬਾ ਸੀ, ਸਗੋਂ ਇਹ ਸੰਸਥਾ ਸੰਯੁਕਤ ਰੂਪ ’ਚ ’ਗੁਰੂ ਗ੍ਰੰਥ ਸਾਹਿਬ’ ਦੀ ਅਗਵਾਈ ’ਚ ਫੈਸਲੇ ਲੈਂਦੀ ਹੈ। ਇਸ ਨੇ ਵਿਦਿਆ ਦੇ ਏਕਾ-ਅਧਿਕਾਰ ਨੂੰ ਤੋੜਿਆ, ਕਰਮ-ਕਾਂਡਾਂ, ਭਰਮਾਂ-ਵਹਿਮਾਂ ਨੂੰ ਤੋੜਿਆ, ਔਰਤ ਦਾ ਸਨਮਾਨ ਵਧਾਇਆ। ਉਹਨਾਂ ਨੂੰ ਉਨਤੀ ਦੇ ਮੌਕੇ ਮੁਹੱਈਆ ਕਰਵਾਉਣ ਲਈ ਯਤਨ ਕੀਤੇ। ਸਮਾਜਿਕ ਨਾ-ਬਰਾਬਰੀ ਦਾ ਵਿਰੋਧ ਕਰਨਾ, ਉਸ ਸਮੇਂ ਦੇ ਲੋਕਾਂ ਦੀ ਆਰਥਿਕ, ਸਮਾਜਿਕ ਤੇ ਧਾਰਮਿਕ ਹਾਲਤ ਨੂੰ ਸੁਧਾਰਨ ਲਈ ਯਤਨ ਕਰਨਾ, ਇਕੋ ਅਕਾਲ-ਪੁਰਖ ਦੀ ਹੋਂਦ ’ਚ ਵਿਸ਼ਵਾਸ ਰੱਖਣਾ ਤੇ ਇਕੋ ਪ੍ਰਮਾਤਮਾ ਨੂੰ ਆਪਣਾ ਪਿਤਾ ਮੰਨਣਾ, ਆਪਣੇ ਅਧਿਕਾਰਾਂ ਦੀ ਰਾਖੀ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕਣਾ, ਇਕ ਖਾਸ ਅਹਿਮੀਅਤ ਰੱਖਦਾ ਹੈ। ‘ਪੰਜ-ਕਕਾਰ’ ਵੀ ਮਨੁੱਖੀ ਬਰਾਬਰੀ ਲਈ ਇਕ ਮਨੋਵਿਗਿਆਨਕ ਸੋਚ ਦਾ ਹਥਿਆਰ ਹੈ। ਮਾਨਵ ਨੂੰ ਕੁਰਹਿਤਾਂ ਤੋਂ ਬਚਣ ਲਈ ਵੀ ਆਦੇਸ਼ ਹੈ। ਇਸ ਦਾ ਅਧਿਆਤਮਕ ਰੂਪ ਵੀ ਵਧੀਆ ਜੀਵਨ-ਜਾਂਚ ਦਰਸਾਉਂਦਾ ਹੈ। ’ਸਰਬੱਤ ਦਾ ਭਲਾ’ ਵੀ ਅੰਤਰ ਰਾਸ਼ਟਰਵਾਦ ਦਾ ਲਖਾਇਕ ਹੈ। ਲੋਕਰਾਜੀ ਕਦਰਾਂ ਕੀਮਤਾਂ ਨੂੰ ਵੀ ਇਸ ਦੀ ਪਰਿਸ਼ਟ-ਭੂਮੀ ’ਚ ਦੇਖਿਆ ਜਾ ਸਕਦਾ ਹੈ।

ਗੁਰੂ ਸਾਹਿਬਾਨ ਦੀਆਂ ਇੰਨੀਆਂ ਕੁਰਬਾਨੀਆਂ ਦੇਣ, ਅਣਥੱਕ ਘਾਲਣਾਵਾਂ ਘਾਲਣ ’ਤੇ, ਯਤਨਾਂ ਦੇ ਬਾਅਦ ਵੀ ’ਜਾਤੀ ਪ੍ਰਥਾ ਤੇ ਵਰਗਵਾਦ’ ਦੇ ਕੋਹੜ ਨੂੰ ਗੁਰੂ ਸਾਹਿਬ ਦੇ ਆਸ਼ੇ ਮੁਤਾਬਕ ਖਤਮ ਨਹੀਂ ਕੀਤਾ ਜਾ ਸਕਿਆ। ਅੱਜ ਦੇਸ਼ ਅਤੇ ਵਿਦੇਸ਼ਾਂ ’ਚ ਅਲੱਗ-ਅਲੱਗ ਜਾਤਾਂ-ਵਰਗਾਂ ਦੇ ਰਹਿਬਰਾਂ ਦੇ ਨਾਮਾਂ ’ਤੇ ਗੁਰੂ ਘਰ ਬਣੇ ਹੋਏ ਹਨ, ਜਿਸ ਤੋਂ ਬੜਾ ਸਪਸ਼ਟ ’ਜਾਤੀ ਪ੍ਰਥਾ ਤੇ ਵਰਗਵਾਦ’ ਦਾ ਝਲਕਾਰਾ ਦੇਖਿਆ ਜਾ ਸਕਦਾ ਹੈ। ਇਹ ਉਹੀ ਜਾਤਾਂ ਤੇ ਵਰਗ ਹਨ, ਜਿਹਨਾਂ ਨੇ ਆਪਣੇ ਸੀਸ ਪੰਥ ਤੋਂ ਕੁਰਬਾਨ ਕਰਨ ਤੇ ਇਸ ’ਪੰਥ ਖਾਲਸਾ’ ਦੀ ਸਥਾਪਨਾ ਕਰਨ ਲਈ ਸਵੈ-ਇੱਛਾ ਪ੍ਰਗਟ ਕੀਤੀ ਸੀ ਤੇ ਇਹੀ ‘ਸੰਸਥਾ’, ਪੰਜ-ਪਿਆਰਿਆਂ’ ਦੇ ਰੂਪ ’ਚ ਪ੍ਰਗਟ ਹੋਈ ਸੀ। ਇਹ ਜਾਤੀਵਾਦ ਜਾਂ ਵਰਗਵਾਦ ਕਿਉਂ ਹੈ ਤੇ ਇਸ ਨੂੰ ਦੂਰ ਕਰਨ ਦੀ ਲੋੜ ਹੈ? ਗੁਰੂ ਸਾਹਿਬਾਨ ਨੇ ਤਾਂ ਸਾਨੂੰ ਇੰਝ ਕਰਨ ਤੋਂ ਰੋਕਿਆ ਸੀ ਤੇ ਉਹਨਾਂ ਨੇ ਜਾਤੀ ਪ੍ਰਥਾ ਤੇ ਵਰਗਵਾਦ ਨੂੰ ਮੁੱਢੋਂ ਨਕਾਰ ਦਿੱਤਾ ਸੀ ਤੇ ਸਿਰਫ ਸਮਾਜਿਕ-ਬਰਾਬਰੀ ਦਾ ਮਾਨਵਤਾ ਨੂੰ ਸੰਦੇਸ਼ ਦਿੱਤਾ ਸੀ।

ਅੱਜ ਸਮਾਜ ਦਾ ਹਰ ਵਰਗ ਆਪਣੇ ਵਰਗ ਜਾਂ ਜਾਤ ਦੀ ਗੱਲ ਕਰਦਾ ਹੈ। ਮਾਨਵਵਾਦ ਦੀ ਕਿਤੇ ਗੱਲ ਨਜ਼ਰ ਨਹੀਂ ਆਉਂਦੀ। ਇਸ ਸਿਧਾਂਤ ਦਾ ਅਮਲੀ ਰੂਪ ਅਲੋਪ ਹੋ ਗਿਆ ਹੈ। ’ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਦਾ ਨਾਅਰਾ ਕਿੱਥੇ ਖਲੋਤਾ ਹੈ? ਇਹ ਵਿਚਾਰਨ ਵਾਲੀ ਗੱਲ ਹੈ? ਇਹ ਸਭ ਜਾਤੀਵਾਦ ਜਾਂ ਵਰਗਵਾਦ ਨਹੀਂ ਤਾਂ ਹੋਰ ਕੀ ਹੈ? ਪੰਜ-ਪਿਆਰਿਆਂ ਦੀ ’ਸੰਸਥਾ’ ਜਾਂ ’ਪੰਥ-ਖਾਲਸਾ’ ਦਾ ਸਿਧਾਂਤ ਤਾਂ ਸਾਨੂੰ ਵਰਗਵਾਦ ਜਾਂ ਜਾਤੀਵਾਦ ਦੀ ਸਿੱਖਿਆ ਬਿਲਕੁਲ ਨਹੀਂ ਦਿੰਦਾ ਸਗੋਂ ਵੱਖਵਾਦੀ ਸੋਚ ਨੂੰ ਮੁੱਢੋਂ ਨਕਾਰਦਾ ਹੈ। ਇਹ ਸਾਡਾ ਹੀ ਕਸੂਰ ਹੈ ਕਿ ਅਸੀਂ ਇਸ ਸਿਧਾਂਤ ਵੱਲ ਆਪਣੇ ਸੁਆਰਥ ਦੀ ਖਾਤਰ ਪਿੱਠ ਕਰ ਲਈ ਹੈ। ਸਿਧਾਂਤ ਆਪਣੀ ਜਗ੍ਹਾ ਅਟੱਲ ਖੜ੍ਹਾ ਹੈ ਪਰ ਇਸ ਦਾ ਅਮਲੀ ਰੂਪ, ਸਮਾਜਿਕ-ਬਰਾਬਰੀ ਲਈ ਕਿਤੇ ਨਜ਼ਰ ਨਹੀਂ ਆਉਂਦਾ?

ਇਹ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਆਪਣੀ ਧਰਤੀ ਦੇ, ਸਾਡੇ ਆਪਣੇ ਲੋਕ, ਖਾਸ ਤੌਰ ਤੇ ਪੰਜਾਬ ਤੋਂ, ਜੋ ਗੁਰੂ ਪੀਰਾਂ ਦੀ ਧਰਤੀ ਅਖਵਾਉਂਦੀ ਹੈ, ਬੁੱਧ ਧਰਮ ਤੇ ਇਸਾਈ ਧਰਮ ਅਪਣਾਈ ਜਾ ਰਹੇ ਹਨ ਕਿਉਂਕਿ ਇਹਨਾਂ ਧਰਮਾਂ ’ਚ ਜਾਤੀਵਾਦ, ਵਰਗਵਾਦ ਤੇ ਸਮਾਜਿਕ ਨਾ-ਬਰਾਬਰੀ ਨਹੀਂ ਹੈ। ਸਭ ਲੋਕ ਬੋਧੀ ਜਾਂ ਇਸਾਈ ਹੀ ਅਖਵਾਉਂਦੇ ਹਨ।

ਸਾਡੇ ਵਾਂਗ ਜਾਤੀ ਸੂਚਕ ਅਲੰਕਾਰ ਲਾ ਕੇ ਨਹੀਂ ਪੁਕਾਰਦੇ। ਸੱਚ ਹੀ ਕਿਸੇ ਅੰਗਰੇਜ਼ ਵਿਦਵਾਨ ਇਤਿਹਾਸਕਾਰ ਨੇ ਕਿਹਾ ਹੈ, ’’ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਤੇ ਇੰਗਲੈਂਡ ’ਚ ਪੈਦਾ ਹੋਏ ਹੁੰਦੇ ਤਾਂ ਅੱਜ ਸਾਰੀ ਦੁਨੀਆਂ ਦੇ ਲੋਕ ਸਿੱਖ ਹੁੰਦੇ।’ ਸਾਡੇ ਸਮਾਜ ਦੀ ਇਹ ਇਕ ਬੜੀ ਵੱਡੀ ਤ੍ਰਾਸਦੀ ਹੈ ਜਿਸ ਦਾ ਕਾਰਨ ਸਾਡੇ ਵਿਚ ਮਾਨਵਵਾਦ ਦੀ ਅਣਹੋਂਦ ਤੇ ਸਾਡੀ ਸੌੜੀ ਮਾਨਸਿਕਤਾ ਹੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤਾਂ ਅਨੁਸਾਰ ਸਾਨੂੰ ਅੱਜ ਦੇ ਵਿਗਿਆਨਕ ਯੁੱਧ ’ਚ ਮਾਨਵਵਾਦ ਦੇ ਸਿਧਾਂਤਾਂ ਨੂੰ ਤੇ ਮਾਨਵੀ ਕਦਰਾਂ ਕੀਮਤਾਂ ਨੂੰ ਅਪਣਾਉਣ ਦੀ ਲੋੜ ਹੈ ਤੇ ਜਾਤੀ-ਪ੍ਰਥਾ ਤੇ ਵਰਗਵਾਦ ਦੀ ਸੋਚ ਨੂੰ ਆਪਣੇ ਸੱਚੇ ਦਿਲੋਂ ਤਿਲਾਂਜਲੀ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਗੁਰੂ ਸਾਹਿਬ ਜੀ ਦੇ ਬਹੁਤ ਹੀ ਲਾਡਲੇ ਪੰਜ-ਪਿਆਰਿਆਂ ਦੇ ਜਨਮ ਦਿਨ ਤੇ ਸ਼ਹੀਦੀ ਦਿਨਾਂ ਨੂੰ ਅਣਗੌਲਿਆ ਕਰਨ ਦੀ ਥਾਂ, ਬੜੀ ਧੂੰਮ-ਧਾਮ ਨਾਲ ਮਨਾਉਣ ਦੀ ਲੋੜ ਹੈ ਤਾਂ ਜੋ ਆਮ ਲੋਕਾਂ ਤੱਕ ਪੰਜ-ਪਿਆਰਿਆਂ ਦੀ ਲੋਕਰਾਜੀ ਸੰਸਥਾ ਦਾ ਮਾਨਵਵਾਦੀ ਸੰਦੇਸ਼ ਪਹੁੰਚ ਸਕੇ ਤੇ ਵਰਗਵਾਦੀ ਤੇ ਜਾਤੀਵਾਦੀ ਸੋਚ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

ਆਓ! ਸਾਹਿਬ-ਏ-ਕਮਾਲ, ਸਰਬੰਸਦਾਨੀ, ਸੰਤ ਸਿਪਾਹੀ, ਇਕ ਕ੍ਰਾਂਤੀਕਾਰੀ, ਇਨਕਲਾਬੀ ਯੋਧੇ, ਵਿਦਵਤਾ ਦੇ ਮੁਜੱਸਮੇ ਤੇ ਇਕ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ’ਪੰਥ-ਖਾਲਸਾ’ ਦੇ ਸਥਾਪਨਾ ਦਿਵਸ ’ਤੇ ਉਕਤ ਵਿਆਖਿਆ ਵਿਚ ਉਠੇ ਮੁੱਦਿਆਂ ਤੇ ਵਿਗਿਆਨਕ ਪਹਿਲੂ ਤੋਂ ਨਜ਼ਰ ਮਾਰੀਏ ਤੇ ਇਹਨਾਂ ਨੂੰ ਗੁਰੂ ਸਾਹਿਬਾਨ ਦੀ ਉਚੇਰੀ ਸੋਚ ਮੁਤਾਬਕ ਹੱਲ ਕਰੀਏ?

ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਭਾਰਤ-ਵਰਸ਼ ਤੇ ਸਮੁੱਚੀ ਮਾਨਵਤਾ ਨੂੰ ਇੱਕੀਵੀਂ ਸਦੀ ’ਚ ਮਾਨਵਤਾ ਦੇ ਆਧਾਰ ਤੇ ਸੰਸਾਰ ਪੱਧਰ ਤੇ ਲੈ ਆਈਏ, ਤਾਂ ਹੀ ਗੁਰੂ ਸਾਹਿਬਾਨ ਦਾ ਦਿੱਤਾ ਹੋਇਆ ਅੰਤਰ ਰਾਸ਼ਟਰਵਾਦੀ ਨਾਅਰਾ ‘ਸਰਬੱਤ ਦਾ ਭਲਾ’ ਤੇ ‘ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ’ ਦਾ ਸੁਪਨਾ ਸੱਚ ਹੋਵੇਗਾ। ‘ਪੰਜ- ਪਿਆਰਿਆਂ’ ਜਾਂ ‘ਪੰਥ-ਖਾਲਸਾ’ ਦਾ ਸੰਕਲਪ ਇਕ ‘ਲੋਕ-ਰਾਜੀ ਸੰਸਥਾ’ ਦਾ ਸੰਕਲਪ ਹੈ ਨਾ ਕਿ ਵਰਗਵਾਦ ਤੇ ਜਾਤੀਵਾਦ ਦਾ ਹੈ। ਇਸ ਅਮਾਨਵਵਾਦੀ ਵੱਖਰਤਾ ਨੂੰ ਗੁਰੂ ਸਾਹਿਬ ਨੇ ‘ਪੰਜ-ਪਿਆਰਿਆਂ’ ਤੇ ‘ਪੰਥ-ਖਾਲਸਾ’ ਦੀ ਸਥਾਪਨਾ ਵੇਲੇ ਸਿਰੇ ਤੋਂ ਨਕਾਰ ਦਿੱਤਾ ਸੀ। ਸਮੁੱਚੀ ‘ਪੰਥਕ-ਲੋਕਾਈ’ ਤੇ ਮਾਨਵਤਾ ਨੂੰ ਮੇਰੇ ਵੱਲੋਂ ‘ਪੰਥ-ਖਾਲਸਾ’ ਦੇ ਸਥਾਪਨਾ ਦਿਵਸ ਤੇ ਲੱਖ-ਲੱਖ ਵਧਾਈ ਹੋਵੇ ਜੀ।

# ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀਆਂ ਯਾਦਾਂ ਸਰੋਤਿਆਂ ਵਿੱਚ



ਤੇਜੀ ਢਿੱਲੋ
99156-45003

ਕਲੀਆ ਦੇ ਬਾਦਸਾਹ ਕੁਲਦੀਪ ਮਾਣਕ ਦਾ ਨਾਮ ਬਚਪਨ ਵਿੱਚ ਮਾਪਿਆ ਵੱਲੋ ਲਤੀਫ ਮੁਹੱਮਦ ਰੱਖਿਆ ਸੀ, ਉਹਨਾਂ ਦਾ 15 ਨਵੰਬਰ1949 ਨੂੰ ਪਿਤਾ ਨਿੱਕਾ ਖਾਨ ਦੇ ਘਰ ਪਿੰਡ ਜਲਾਲ ਨੇੜੇ ਭਾਈ ਰੂਪਾ ਜਿਲਾ ਬਠਿੰਡਾ ਵਿੱਚ ਹੋਇਆ ਸੀ, ਜਿੱਥੇ ਉਸਨੂੰ ਸੰਗੀਤ ਵਿਰਾਸਤ ਵਿੱਚ ਮਿਲਿਆ। ਉਸ ਦੇ ਵੱਡੇ-ਵਡੇਰੇ ਮਹਾਰਾਜਾ ਨਾਭਾ ਹੀਰਾ ਸਿੰਘ ਦੇ ਦਰਬਾਰ ਵਿੱਚ ‘ਹਜ਼ੂਰੀ ਰਾਗੀ’ ਸਨ। ਪਿਤਾ ਨਿੱਕਾ ਖਾਨ ਵੀ ਗਾਇਕ ਸਨ, ਇਸ ਲਈ ਗਾਇਕੀ ਵੱਲ ਮਾਣਕ ਦਾ ਝੁਕਾਅ ਬਚਪਨ ਤੋਂ ਹੀ ਸੀ।ਮਾਣਕ ਦਾ ਵਿਆਹ ਸਰਬਜੀਤ ਕੌਰ ਨਾਲ ਹੋਇਆ ਅਤੇ ਉਹਨਾ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਯੁੱਧਵੀਰ ਮਾਣਕ ਅਤੇ ਬੇਟੀ ਸ਼ਕਤੀ ਮਾਣਕ। ਯੁੱਧਵੀਰ ਵੀ ਗਾਇਕ ਹੈ। ਗਾਇਕੀ ਵੱਲ ਮਾਣਕ ਦਾ ਝੁਕਾਅ ਦੇਖ ਅਧਿਆਪਕਾਂ ਨੇ ਵੀ ਉਸ ਨੂੰ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਮਾਣਕ ਨੇ ’ਉਸਤਾਦ ਖ਼ੁਸ਼ੀ ਮੁਹੱਮਦ ਕੱਵਾਲ (ਫ਼ਿਰੋਜ਼ਪੁਰ) ਦਾ ਸ਼ਾਗਿਰਦ ਬਣ ਕੇ ਸੰਗੀਤ ਦੀ ਤਾਲੀਮ ਹਾਸਲ ਕੀਤੀ, ਆਪਣੇ ਸੰਗੀਤਕ ਸਫ਼ਰ ਨੂੰ ਅੱਗੇ ਵਧਾਉਣ ਲਈ ਕੁਲਦੀਪ ਮਾਣਕ ਜੀ ਪਿੰਡ ਛੱਡ ਲੁਧਿਆਣੇ ਆ ਗਏ ’ਤੇ ਗਾਇਕ ਹਰਚਰਨ ਗਰੇਵਾਲ ਅਤੇ ਸੀਮਾ ਨਾ਼ਲ ਸਟੇਜਾਂ ਕਰਨੀਆਂ ਸ਼ੁਰੂ ਕੀਤੀਆਂ। 1968 ਵਿੱਚ ਦਿੱਲੀ ਵਿੱਚ ਇੱਕ ਮਿਊਜ਼ਿਕ ਕੰਪਨੀ ਐਚ. ਐਮ. ਵੀ. ਨੇ ਉਸਨੂੰ ਗਾਇਕਾ ਸੀਮਾ ਨਾ਼ਲ ਬਾਬੂ ਸਿੰਘ ਮਾਨ ਮਰਾੜਾਂ ਵਾ਼ਲੇ ਦਾ ਲਿਖਿਆ ਆਪਣਾ ਪਹਿਲਾ ਗੀਤ, “ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ” ਰਿਕਾਰਡ ਕੀਤਾ, ਉਸ ਵੇਲੇ ਦੋਗਾਣਾ ਗਾਇਕੀ ਦਾ ਜ਼ਿਆਦਾ ਜੋਰ ਚਲ ਰਿਹਾ ਸੀ। ਇਹ ਮਾਣਕ ਦਾ ਪਹਿਲਾ ਰਿਕਾਰਡ ਸੀ। ਇਸ ਰਿਕਾਰਡ ਵਿੱਚ ਇੱਕ ਹੋਰ ਗੀਤ “ਲੌਂਗ ਕਰਾ ਮਿੱਤਰਾ, ਮੱਛਲੀ ਪਾਉਣਗੇ ਮਾਪੇ” ਜੋ ਗੀਤਕਾਰ ਗੁਰਦੇਵ ਸਿੰਘ ਮਾਨ ਨੇ ਲਿਖਿਆ ਸੀ, ਵੀ ਸ਼ਾਮਲ ਸੀ। ਲੋਕਾਂ ਵੱਲੋਂ ਇਸ ਰਿਕਾਰਡ ਨੂੰ ਬਹੁਤ ਪਸੰਦ ਕੀਤਾ ਗਿਆ। ਉਹਨਾਂ ਦੇ ਸ਼ੁਰੂਆਤੀ ਗੀਤਾਂ ਦਾ ਸੰਗੀਤ ਕੇਸਰ ਸਿੰਘ ਨਰੂਲਾ (ਜਸਪਿੰਦਰ ਨਰੂਲਾ ਦੇ ਪਿਤਾ) ਨੇ ਕੀਤਾ ਸੀ।ਆਪਣੀ ਪਹਿਲੀ ਰਿਕਾਰਡਿੰਗ (ਸੀਮਾ ਨਾ਼ਲ ਦੋਗਾਣਾ) ਤੋਂ ਬਾਅਦ ਮਾਣਕ ਨੇ ਇਕੱਲੇ ਸੋਲੋ ਗਾਉਣਾ ਸ਼ੁਰੂ ਕੀਤਾ। ਗੀਤਕਾਰ ਹਰਦੇਵ ਦਿਲਗੀਰ ਜਾਨਿ ਕਿ ਬਾਪੂ ਦੇਵ ਥਰੀਕੇ ਵਾਲਾ ਨੇ ਮਾਣਕ ਨੂੰ ਕਿਸੇ ਸਟੇਜ ’ਤੇ ਗਾਉਂਦਿਆਂ ਸੁਣਿਆਂ ’ਤੇ ਉਸ ਲਈ ਬਹੁਤ ’ਲੋਕ ਗਾਥਾਵਾਂ’ ‘ਕਲੀਆਂ’ ਅਤੇ ਗੀਤ ਲਿਖੇ। ਮਾਣਕ ਨੂੰ ‘ਕਲੀਆਂ ਦਾ ਬਾਦਸ਼ਾਹ’ ਦਾ ਦਰਜਾ ਦਵਾਉਣ ਵਾ਼ਲੀ ਕਲੀ ’ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰ ਦੀ’ ਬਾਪੂ ਦੇਵ ਥਰੀਕੇ ਵਾ਼ਲੇ ਦੀ ਹੀ ਲਿਖੀ ਹੋਈ ਐ। ਮਾਣਕ ਦਾ ਪਹਿਲਾ ਈ.ਪੀ. ਰਿਕਾਰਡ ‘ਪੰਜਾਬ ਦੀਆਂ ਲੋਕ ਗਾਥਾਵਾਂ’ ਐਚ.ਐਮ.ਵੀ ਨੇ ਰਿਲੀਜ਼ ਕੀਤਾ ਸੀ, ਸੰਨ 1976 ’ਚ ਮਾਣਕ ਦਾ ਆਪਣਾ ਪਹਿਲਾ ਐਲ. ਪੀ. ਰਿਕਾਰਡ ‘ਇਕ ਤਾਰਾ’ ਰਿਲੀਜ਼ ਹੋਇਆ, ਜਿਸ ਵਿੱਚ ’ਤੇਰੇ ਟਿੱਲੇ ਤੋਂ’ (ਕਲੀ), ‘ਛੇਤੀ ਕਰ ਸਰਵਣ ਬੱਚਾ’ ਅਤੇ ’ਗੜ੍ਹ ਮੁਗ਼ਲਾਣੇ ਦੀਆਂ ਨਾਰਾਂ’ ਗੀਤ ਸ਼ਾਮਲ ਸਨ। ਇਸਦਾ ਸੰਗੀਤ ਕੇਸਰ ਸਿੰਘ ਨਰੂਲਾ ਨੇ ਦਿੱਤਾ। ਇਸ ਵਿੱਚ ਇੱਕੋ ਤਾਰ ਵਾ਼ਲੇ ਸਾਜ਼ ’ਤੂੰਬੀ’ ਦੀ ਵਰਤੋਂ ਕਰਨ ਕਰਕੇ ਇਸ ਦਾ ਨਾਮ ’ਇਕ ਤਾਰਾ’ ਰੱਖਿਆ ਗਿਆ। ਬਾਅਦ ਵਿੱਚ ਮਾਣਕ ਨੇ ਸੰਗੀਤਕਾਰ ਚਰਨਜੀਤ ਅਹੂਜਾ ਨਾ਼ਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਸਾਹਿਬਾਂ ਦਾ ਤਰਲਾ, ਸਾਹਿਬਾਂ ਬਣੀ ਭਰਾਵਾਂ ਦੀ, ਪੰਜੇਬਾਂ ਪਾ ਕੇ ਨੱਚਦੀ, ਇੱਛਰਾਂ ਧਾਹਾਂ ਮਾਰਦੀ, ਯਾਰਾਂ ਦੀ ਕੁੱਲੀ, ਦਿਲ ਮਿਲਿਆਂ ਦੇ ਮੇਲੇ ਤੇ ਜੁਗਨੀ ਯਾਰਾਂ ਦੀ ਕੈਸਿਟਾਂ ਰਿਕਾਰਡ ਕੀਤੀਆਂ।ਪੰਜਾਬੀ ਫ਼ਿਲਮਾਂ ਵਿਚ ਪੰਜਾਬੀ ਫ਼ਿਲਮਾਂ ਵਿੱਚ ਵੀ ਮਾਣਕ ਨੇ ਕਾਫ਼ੀ ਗੀਤ ਗਾਏ, ਜਿੰਨ੍ਹਾਂ ਵਿੱਚ ਬਲਵੀਰੋ ਭਾਬੀ, ਬਗ਼ਾਵਤ,ਵਿਹੜਾ ਲੰਬੜਾਂ ਦਾ, ਲੰਬੜਦਾਰਨੀ, ਸੈਦਾਂ ਜੋਗਨ,ਜੱਟ ਜੋਧੇ, ਸੱਸੀ ਪੁੰਨੂ ਤੇ ਗੀਤਾਂ ਦਾ ਵਣਜਾਰਾ ਆਦਿਕ ਫ਼ਿਲਮਾਂ ਸ਼ਾਮਲ ਨੇ। ਫ਼ਿਲਮ 'ਲੰਬੜਦਾਰਨੀ’ ਦਾ ਗੀਤ ’ਯਾਰਾਂ ਦਾ ਟਰੱਕ ਬੱਲੀਏ’ ਬੇਹੱਦ ਮਕਬੂਲ ਹੋਇਆ ਸੀ। ਕੁਲਦੀਪ ਮਾਣਕ ਦੇ ਨਾਂ ਨਾਲ ’ਮਾਣਕ’ ਜੁੜਨਾ ਇੱਕ ਇੱਤਫਾਕ ਹੀ ਸੀ। ਮਾਣਕ ਨੇ ਕਿਸੇ ਵਿਆਹ ’ਤੇ ’ਸਿਹਰਾ’ ਗਾਇਆ, ਇੱਤਫ਼ਾਕਨ ਉਸ ਵਿਆਹ ਵਿੱਚ ਉਸ ਵੇ਼ਲੇ ਦੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਵੀ ਆਏ ਹੋਏ ਸਨ। ਜਦ ਉਹਨਾਂ ਮਾਣਕ ਦਾ ’ਸਿਹਰਾ’ ਸੁਣਿਆ ਤਾਂ ਕਹਿਣ ਲੱਗੇ, "ਇਹ ਮੁੰਡਾ ਤਾਂ ਮਾਣਕ ਐ, ਮਾਣਕ!’’ ਉਸ ਤੋਂ ਬਾਅਦ 'ਮਾਣਕ’, ਉਸ ਦੇ ਨਾਂ ਨਾ਼ਲ ਹਮੇਸ਼ਾ ਲਈ ਜੁੜ ਗਿਆ।ਕੁਲਦੀਪ ਮਾਣਕ ਦੀਆਂ ਤਕਰੀਬਨ 198 ਕੂੰ ਕੈਸਿਟਾਂ ਰਿਕਾਰਡ ਹੋਈਆਂ, ਜਿੰਨ੍ਹਾਂ ਵਿੱਚ ਐਲ.ਪੀ. ਰਿਕਾਰਡ, ਈ.ਪੀ. ਰਿਕਾਰਡ ਅਤੇ 41 ਧਾਰਮਿਕ ਕੈਸਿਟਾਂ ਵੀ ਸ਼ਾਮਲ ਨੇ। ਮਾਣਕ ਸਾਹਿਬ ਨੇ ਤਕਰੀਬਨ 26 ਸੰਗੀਤਕਾਰਾਂ ਦੀਆਂ ਧੁਨਾਂ ’ਤੇ ਗਾਇਆ। ਗਾਇਕੀ ’ਚ ਉਹਨਾ ਦਾ ਸਾਥ ਦੇਣ ਵਾਲੇ ਗਾਇਕਾਂ ’ਚੋਂ ਕਰਤਾਰ ਰਮਲਾ, ਸੁਰਿੰਦਰ ਛਿੰਦਾ, ਸੁਰਿੰਦਰ ਕੋਹਲੀ, ਕੇਵਲ ਜਲਾਲ ’ਤੇ ਸੁਰਜੀਤ ਬਿੰਦਰੱਖੀਆ ਅਤੇ ਗਾਇਕਾਵਾਂ ’ਚੋਂ ਸੀਮਾ, ਗੁਲਸ਼ਨ ਕੋਮਲ, ਅਮਰਜੋਤ ਕੌਰ, ਸੁਰਿੰਦਰ ਕੌਰ, ਗੁਰਮੀਤ ਬਾਵਾ, ਕੁਲਵੰਤ ਕੋਮਲ, ਪ੍ਰਕਾਸ਼ ਕੌਰ ਸੋਢੀ, ਦਿਲਬਾਗ਼ ਕੌਰ ਤੇ ਪ੍ਰਕਾਸ਼ ਸਿੱਧੂ ਨੇ ਮਾਣਕ ਨਾਲ ਗਾਇਆ। ਪਹਿਲੀ ਵਾਰ ਵਿਦੇਸ਼ ਜਾਣ ਦਾ ਮੌਕਾ 1977-78 ਵਿੱਚ ਮਿਲਿਆ ਸੀ ਪਹਿਲੀ ਵਾਰ ਹੀ ਮਾਣਕ ਸਾਹਿਬ ਵਿਦੇਸ਼ਾਂ ਵਿੱਚ ਆਪਣੀ ਗਾਇਕੀ ਦਾ ਲੋਹਾ ਮਨਵਾ ਕੇ ਵਾਪਿਸ ਆਏ ਸੀ।



ਦੇਵ ਥਰੀਕੇ ਵਾਲਾ ਦੀ ਕਲਮ ਤੇ ਮਾਣਕ ਦੀ ਆਵਾਜ਼ ਨੇ ਪੰਜਾਬੀ ਸੰਗੀਤ ਦੀ ਦੁਨੀਆ ’ਤੇ ਜਿਹੜਾ ਰਾਜ ਕੀਤਾ, ਉਸ ਨੇ ਦੋਸਤੀ ਤੇ ਪ੍ਰਸਿੱਧੀ ਦੋਹਾਂ ਪੱਖਾਂ ਤੋਂ ਨਵਾਂ ਰਿਕਾਰਡ ਕਾਇਮ ਕੀਤਾ। ਗਾਇਕੀ ਸਫ਼ਰ ਦੌਰਾਨ ਮਾਣਕ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਦੋਗਾਣੇ ਵੀ ਗਾਏ। ਮਾਣਕ ਤੇ ਗੁਲਸ਼ਨ ਕੋਮਲ ਦੇ ਗੀਤਾਂ ਨੂੰ ਪੰਜਾਬੀਆਂ ਬੜੀ ਸ਼ਿੱਦਤ ਨਾਲ ਸਵੀਕਾਰਿਆ। ਕੁਲਦੀਪ ਮਾਣਕ ਦੀ ਪ੍ਰਸਿੱਧੀ ਦਾ ਆਲਮ ਇਹ ਸੀ ਕਿ ਉਨ੍ਹਾਂ ਦੇ ਜਿਊਂਦਿਆਂ ਜੀਅ ਕਲਾਕਾਰਾਂ ਨੇ ਉਨ੍ਹਾਂ ਬਾਰੇ ਗੀਤ ਗਾਏ। ਗੁਰਦਾਸ ਮਾਨ ਨੇ ’ਮੁੜ-ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ’ ਵਿਚ ’ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ ਕਿਹਾ। ਕੁਲਦੀਪ ਮਾਣਕ ਆਪਣੇ ਪਰਿਵਾਰ ਤੇ ਸੰਗੀਤ ਜਗਤ ਦੇ ਪ੍ਰੇਮੀਆਂ ਨੂੰ 30 ਨਵੰਬਰ 2011 ਨੂੰ ਬੇਸ਼ੱਕ ਸਦੀਵੀ ਵਿਛੋੜਾ ਦੇ ਗਏ ਪਰ ਲੋਕਾਂ ਦੇ ਦਿਲਾਂ ਵਿੱਚ ਅੱਜ ਵੀ ਮਾਣਕ ਸਾਹਿਬ ਦੇ ਗੀਤ ਜਿੰਦਾ ਹਨ ਤੇ ਰਹਿਣਗੇ।

# "ਅੰਦਰ ਤੇਰੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ" ਗੀਤ ਨਾਲ ਲੋਕ ਪ੍ਰਿਅ ਗੀਤਕਾਰ ਬਣਿਆ ਸਾਹਿਬ ਸਿੰਘ ਢਿੱਲੋਂ

ਮਹਿੰਦਰ ਸਿੰਘ ਢਿੱਲੋਂ ਤੇ ਗੁਰਬਚਨ ਕੌਰ ਨੇ ਸੋਚਿਆ ਹੀ ਨਹੀਂ ਸੀ ਕਿ ਓਹਨਾਂ ਦਾ ਪੁੱਤਰ ਗੁਰਸਾਹਿਬ ਸਿੰਘ ਵਿਦੇਸ਼ ਜਾਏਗਾ ਤੇ ਜਵਾਨੀ ਵਿੱਚ ਆਓਂਦੇ ਹੀ ਗੀਤਕਾਰ ਬਣ ਜਾਏਗਾ।ਪਿੰਡ ਮਾਣਕਪੁਰ ਜਿਲ੍ਹਾ ਤਰਨ ਤਾਰਨ ਦਾ ਸਾਹਿਬ ਢਿੱਲੋਂ ਅੱਜ ਕਲ ਕਨੇਡਾ ਵਿੱਚ ਹੈ ਤੇ ਓਸ ਦੇ ਗਾਏ ਗੀਤ ਹਰਪ੍ਰੀਤ ਰੰਧਾਵਾ ਦੀ ਆਵਾਜ਼ ਵਿੱਚ ਆ ਕਿ ਸੁਪਰ ਹਿੱਟ ਰਹੇ ਹਨ।ਰੰਧਾਵਾ ਤਾਂ ਇਹ ਵੀ ਆਖਦਾ ਏ ਕਿ ਓਸ ਦੇ ਗੀਤਾਂ ਦਾ ਸਹੀ ਲਿਖਾਰੀ ਗੁਰਸਾਹਿਬ ਸਿੰਘ ਢਿੱਲੋਂ ਹੈ। ਖ਼ੈਰ ਕਾਲਜ ਪੜ੍ਹਨ ਵੇਲੇ ਹੀ ਸਾਹਿਬ ਦੀਆਂ ਪੰਜ ਕਿਤਾਬਾਂ ਅਜ਼ਾਦ ਬੁੱਕ ਡੀਪੂ ਅੰਮ੍ਰਿਤਸਰ ਤੋਂ ਛਪ ਕਿ ਆ ਗਈਆਂ ਸਨ। "ਰੂਹ ਦੀ ਪ੍ਰਵਾਜ਼ ,ਗੱਲਾਂ ਰਾਜ ਦੀਆਂ ਤੇ ਮਨ ਦਾ ਗੁਲਾਮ ਤੇ ਸ਼ਬਦਾਂ ਦਾ ਦੀਵਾ ਓਸ ਦੀ ਗੀਤਕਾਰੀ ਦੀ ਪਰਪੱਕ ਪਹਿਚਾਣ ਕਿਤਾਬਾਂ ਹਨ।ਸ਼ਰਨਜੀਤ ਸ਼ੰਮੀ ਤੇ ਹਰਪ੍ਰੀਤ ਰੰਧਾਵਾ ਦੇ ਗੀਤਾਂ ਦੇ ਗੀਤਕਾਰ ਸਾਹਿਬ ਦਾ ਗੀਤ ਹੈ "ਅੰਦਰ ਤੇਰੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ" ਤੇ "ਕੀਹਨੂੰ ਕੀਹਨੂੰ ਦੱਸਾਂ ਮੈਂ ਰਾਜ ਦੀਆਂ ਗੱਲਾਂ" ਤੇ "ਨਾਮ ਦੇ ਦੀਵਾਨੇ ' ਓਹ ਗੀਤ ਨੇ ਜਿਹਨਾਂ ਪੰਜਾਬੀ ਗੀਤਕਾਰ ਵਜੋਂ ਸਾਹਿਬ ਢਿੱਲੋਂ ਦੀ ਗੱਲ ਸਫ਼ਲ ਗੀਤਕਾਰ ਤੌਰ ਤੇ ਬਣਾਈ ਹੈ। ਓਹ ਉਦਾਸ ਰੰਗ ਵਿੱਚ "ਨਾ ਨਹੀਂ ਲੈਣਾ ਓਸ ਕੁੜੀ "ਦਾ ਗੀਤ ਵੀ ਰਚਦਾ ਹੈ ਤੇ ਪ੍ਰਦੇਸੀ ਪ੍ਰਵਾਸ ਮਜ਼ਬੂਰੀਆਂ ਤੇ "ਡਾਲਰਾਂ ਨੇ ਖੋਹ ਲਈ ਦੁਨੀਆਂ" ਵੀ ਰਚ ਦਸਦਾ ਹੈ ਕਿ ਓਹ ਹਰੇਕ ਤਰਾਂ ਦੇ ਗੀਤਾਂ ਦਾ ਰਚਣਹਾਰਾ ਹੈ। "ਸਾਈਂ ਬੋਲ " ਨਾਲ ਓਹ ਧਰਮ ਕਰਮ ਦੀ ਗੱਲ ਕਰਦਾ ਹੈ ਜਦ ਕਿ ਕਈ ਬੀਟ ਗਾਣੇ ਵੀ ਸਾਹਿਬ ਢਿੱਲੋਂ ਨੇ ਲਿਖੇ ਹਨ।ਜੱਸ ਸੰਘਾ ਓਸ ਦੇ ਗੀਤ ਗਾ ਕਿ ਖੁਸ਼ ਏ ਤਾਂ ਦਿਆਲਪੁਰੀ ਵੀ ਓਸ ਦੀ ਕਲਮ ਨੂੰ ਗਾ ਕਿ ਖੁਸ਼ੀ ਮਹਿਸੂਸ ਕਰਦੇ ਰਹੇ ਹਨ। ਜਸਟਿਨ ਰੰਧਾਵਾ ਨੇ ਸਾਹਿਬ ਦੇ ਬੋਲ ਗਾਏ ਹਨ। ਸੁਰਿੰਦਰਜੀਤ ਮਕਸੂਦਪੁਰੀ ਇਸ ਵੇਲੇ ਸਾਹਿਬ ਢਿੱਲੋਂ ਦੇ ਗੀਤ ਗਾ ਰਿਹਾ ਹੈ। ਗਾਇਕ ਹਰਪ੍ਰੀਤ ਰੰਧਾਵਾ ਨੇ ਤਾਂ ਇਥੋਂ ਤੱਕ ਆਖਿਆ ਹੈ ਕਿ ਓਸ ਦੇ ਗੀਤਾਂ ਦਾ ਸਹੀ ਲਿਖਾਰੀ ਸਾਹਿਬ ਢਿੱਲੋਂ ਹੈ ਤੇ ਆਸ ਹੈ ਕਿ ਸਾਹਿਬ ਢਿੱਲੋਂ ਕੁੱਝ ਅਜਿਹੇ ਗੀਤ ਲਿਖ ਕਿ ਕਲਾਕਾਰਾਂ ਦੀਆਂ ਆਵਾਜ਼ਾਂ ਨਾਲ ਲੋਕ ਗਾਇਕ ਸ਼ੌਕੀਨਾਂ ਲਈ ਅੱਗੇ ਆਏਗਾ ਜਿਹੜੇ ਗੀਤ ਨਵੀਂ ਪੀੜ੍ਹੀ ਨੂੰ ਖ਼ੂਬ ਪਸੰਦ ਆਉਣਗੇ ਤੇ ਸਾਹਿਬ ਢਿੱਲੋਂ ਦੀ ਕਲਮ ਵੀ ਦੇਸ ਪ੍ਰਦੇਸਾਂ ਦੀ ਮਕਬੂਲ ਕਲਮ ਬਣੇਗੀ।



-ਅੰਮ੍ਰਿਤ ਪਵਾਰ

## 'ਖਾਲਸਾ ਪੰਥ' ਦੇ ਸਥਾਪਨਾ ਦਿਵਸ ਨੂੰ ਸਮਰਪਿਤ

# 'ਜ਼ਫ਼ਰਨਾਮਾ'- ਕਲਮ ਦੀ ਤਲਵਾਰ 'ਤੇ ਜਿੱਤ ਦਾ ਪ੍ਰਤੀਕ

ਗੁਰੂ ਗੋਬਿੰਦ ਸਿੰਘ ਜੀ ਜਿੱਥੇ ਕਿ ਬਲੀਦਾਨ ਪ੍ਰੰਪਰਾ ਦੀ ਅਦੁੱਤੀ ਮਿਸਾਲ ਹਨ, ਉਥੇ ਉਹ ਇਕ ਮਹਾਨ ਲੇਖਕ, ਮੌਲਿਕ ਚਿੰਤਕ ਤੇ ਕਈ ਭਾਸ਼ਾਵਾਂ ਦੇ ਗਿਆਤਾ ਵੀ ਸਨ। ਉਹਨਾਂ ਨੇ ਖੁਦ ਕਈ ਗ੍ਰੰਥਾਂ ਦੀ ਰਚਨਾ ਕੀਤੀ। ਉਹ ਵਿਦਵਾਨਾਂ ਦੇ ਬਹੁਤ ਕਦਰਦਾਨ ਸਨ। ਉਹਨਾਂ ਦੇ ਦਰਬਾਰ 'ਚ 52 ਵਿਦਵਾਨ ਹਮੇਸ਼ਾ ਮੌਜੂਦ ਰਹਿੰਦੇ ਸਨ। ਇਸ ਲਈ ਉਹਨਾਂ ਨੂੰ 'ਸੰਤ ਸਿਪਾਹੀ' ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਭਲੀ ਭਾਂਤ ਜਾਣਦੇ ਸਨ ਕਿ ਤਲਵਾਰ ਨਾਲੋਂ ਕਲਮ ਦੀ ਤਾਕਤ ਜ਼ਿਆਦਾ ਹੁੰਦੀ ਹੈ ਤੇ ਕਲਮ ਹੀ ਕ੍ਰਾਂਤੀ ਲਿਆਉਂਦੀ ਹੈ। ਇਸੇ ਲਈ ਹੀ ਉਹਨਾਂ ਨੇ ਆਪਣੇ ਦਰਬਾਰੀ ਵਿਦਵਾਨਾਂ ਦੀਆਂ ਰਚਨਾਵਾਂ ਦਾ ਇਕ ਗ੍ਰੰਥ ਤਿਆਰ ਕੀਤਾ ਜਿਸ ਦਾ ਨਾਮ 'ਵਿੱਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨ ਨੌਂ ਮਣ ਦੱਸਦੇ ਹਨ ਪਰ ਬਦਕਿਸਮਤੀ ਨੂੰ ਇਹ ਮਹਾਨ ਗ੍ਰੰਥ ਆਨੰਦਪੁਰ ਸਾਹਿਬ ਛੱਡਣ ਸਮੇਂ, ਸਿਰਸਾ ਨਦੀ ਪਾਰ ਕਰਦਿਆਂ, ਨਦੀ ਦੇ ਤੇਜ਼ ਵਹਾ 'ਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਗੁਰੂ ਗੋਬਿੰਦ ਸਿੰਘ ਜੀ ਭਗਤੀ ਤੇ ਸ਼ਕਤੀ ਦੇ ਇਕ ਅਦੁੱਤੀ ਪ੍ਰਤੀਕ ਸਨ। ਔਰੰਗਜ਼ੇਬ ਨੂੰ ਲਿਖਿਆ 'ਜ਼ਫਰਨਾਮਾ' ਭਾਵ ਫਤਿਹ ਦੀ ਚਿੱਠੀ ਜਿਸ ਨੂੰ ਗੁਰੂ ਸਾਹਿਬ ਦੀ ਜਿੱਤ ਦਾ ਪ੍ਰਤੀਕ ਵੀ ਕਿਹਾ ਜਾ ਸਕਦਾ ਹੈ ਜੋ ਭਾਰਤ ਵਰਸ਼ 'ਚ ਸੰਭਾਵੀ ਕ੍ਰਾਂਤੀ ਦੇ ਸੰਦੇਸ਼ ਵੱਲ ਵੀ ਇਸ਼ਾਰਾ ਕਰਦਾ ਹੈ। ਇਸੇ ਲਈ ਹੀ ਇਸ ਨੂੰ ਉਹਨਾਂ ਦੀ ਮਹਾਨ ਰਚਨਾ ਕਿਹਾ ਜਾਂਦਾ ਹੈ। ਇਸ ਦੇ ਮੰਤਵ ਤੇ ਇਤਿਹਾਸ ਨੂੰ ਸਮਝਣ ਲਈ ਇਸ ਦਾ ਵੇਰਵਾ ਨਿਮਨ-ਲਿਖਤ ਅਨੁਸਾਰ ਵਰਨਣ ਕੀਤਾ ਜਾਂਦਾ ਹੈ:-

ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ 'ਜ਼ਫਰਨਾਮੇ' ਦੇ ਮੰਤਵ ਨੂੰ ਸਪਸ਼ਟ ਕਰਨ ਲਈ ਉਹਨਾਂ ਦੁਆਰਾ ਲਿਖੇ ਗਏ ਕੁਝ ਕਾਵਿ-ਪਦਾਂ (ਸ਼ੇਅਰਾਂ) ਦਾ ਇੱਥੇ ਭਾਵ ਅਰਥ ਦੇਣਾ ਬੜਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫਰਨਾਮੇ' ਦਾ ਆਰੰਭ ਈਸ਼ਵਰ ਦੀ ਵੰਦਨਾ ਕਰਨ ਨਾਲ ਸ਼ੁਰੂ ਕੀਤਾ ਹੈ। ਉਹਨਾਂ ਨੇ ਆਪਣੇ ਬਾਰੇ 'ਚ ਲਿਖਿਆ ਹੈ ਕਿ ਮੈਂ ਪ੍ਰਮਾਤਮਾ ਦੀ ਕਸਮ ਖਾਧੀ ਹੈ ਕਿ ਜਿਹੜੀ ਤਲਵਾਰ, ਤੀਰ-ਕਮਾਨ, ਬਰਛੀ ਤੇ ਕਟਾਰ ਦਾ ਖੁਦਾ ਹੈ ਤੇ ਜੰਗ ਦੇ ਮੈਦਾਨ 'ਚ ਤੂਫਾਨ ਦੀ ਤੇਜ਼ ਚਾਲ 'ਤੇ ਦੌੜਨ ਵਾਲੇ ਘੋੜਿਆਂ ਦਾ ਖੁਦਾ ਹੈ। ਉਹਨਾਂ ਨੇ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ, ਉਹਨਾਂ ਦਾ (ਪ੍ਰਮਾਤਮਾ) ਨਾਮ ਲੈ ਕੇ, ਜਿਸ ਨੇ ਤੈਨੂੰ ਬਾਦਸ਼ਾਹਤ ਦਿੱਤੀ ਹੈ ਤੇ ਮੈਨੂੰ ਧਰਮ ਦੀ ਰੱਖਿਆ ਦੀ ਦੌਲਤ ਦਿੱਤੀ ਹੈ। ਮੈਨੂੰ ਉਹ ਸ਼ਕਤੀ ਦਿੱਤੀ ਹੈ ਕਿ ਮੈਂ ਧਰਮ ਦੀ ਰੱਖਿਆ ਕਰੂੰ ਜਿਸ ਨਾਲ ਸਚਾਈ ਦਾ ਝੰਡਾ ਉੱਚਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੱਤਰ 'ਚ ਔਰੰਗਜ਼ੇਬ ਨੂੰ ਅੱਤਿਆਚਾਰੀ, ਫਰੇਬੀ ਅਤੇ ਮੱਕਾਰ ਦੱਸਿਆ ਹੈ। ਇਸ ਦੇ ਨਾਲ ਹੀ ਉਸ ਦੀ ਇਬਾਦਤ ਨੂੰ ਢੌਂਗ ਕਿਹਾ ਹੈ ਤੇ ਉਸ ਨੂੰ ਆਪਣੇ ਪਿਤਾ ਤੇ ਭਰਾਵਾਂ ਦਾ ਹੱਤਿਆਰਾ ਵੀ ਕਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੈਭਿਮਾਨ ਅਥਵਾ ਵੀਰ ਭਾਵ ਦੀ ਜਾਣ-ਪਛਾਣ ਕਰਾਉਂਦੇ ਹੋਏ ਲਿਖਿਆ ਹੈ ਕਿ ਮੈਂ ਤੇਰੇ ਪੈਰਾਂ ਥੱਲੇ ਅਜਿਹੀ ਅੱਗ ਰੱਖਾਂਗਾ ਕਿ ਪੰਜਾਬ 'ਚ ਉਸ ਨੂੰ ਬੁਝਾਉਣ ਲਈ ਤੇ ਤੈਨੂੰ ਪੀਣ ਲਈ ਪਾਣੀ ਤੱਕ ਨਹੀਂ ਮਿਲੇਗਾ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਚੁਣੌਤੀ ਦਿੰਦਿਆਂ ਲਿਖਿਆ ਹੈ ਕਿ ਮੈਂ ਇਸ ਯੁੱਧ ਦੇ ਮੈਦਾਨ 'ਚ ਇਕੱਲਾ ਆਊਂਗਾ ਤੇ ਤੁਸੀਂ ਦੋ ਘੋੜ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਆਉਣਾ। ਫਿਰ ਲਿਖਿਆ ਹੈ ਕਿ ਮੇਰੇ ਚਾਰੇ ਬੱਚੇ (ਅਜੀਤ ਸਿੰਘ, ਜੁਝਾਰ ਸਿੰਘ, ਫਤਿਹ ਸਿੰਘ ਤੇ ਜ਼ੋਰਾਵਰ ਸਿੰਘ) ਮਾਰੇ ਗਏ ਹਨ ਪਰ ਕੁੰਡਲੀ ਮਾਰ ਕੇ ਡੱਸਣ ਵਾਲਾ ਨਾਗ ਅਜੇ ਬਾਕੀ ਹੈ' ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਦੀਆਂ 'ਜ਼ਫਰਨਾਮੇ' ਦੀਆਂ ਨਿਮਨ-ਲਿਖਤ ਸੱਤਰਾਂ ਹਨ:-

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਰ ਚਾਰ।<br>
ਕਿ ਬਾਕੀ ਬਮਾਂਦਸਤ ਪੇਚੀਦਹ ਮਾਰ। 75

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਇਤਿਹਾਸ ਤੋਂ ਸਿੱਖਿਆ ਲੈਣ ਲਈ ਕਿਹਾ ਹੈ ਕਿ ਸਿਕੰਦਰ ਤੇ ਸ਼ੇਰ ਸ਼ਾਹ ਕਿੱਥੇ ਹਨ? ਅੱਜ ਤੈਮੂਰ ਕਿੱਥੇ ਹੈ? ਬਾਬਰ ਕਿੱਥੇ ਹੈ? ਹਮਾਯੂੰ ਕਿੱਥੇ ਹੈ ਤੇ ਅਕਬਰ ਕਿੱਥੇ ਹੈ? ਆਪਣੇ ਜ਼ਫਰਨਾਮੇ 'ਚ ਗੁਰੂ ਸਾਹਿਬ ਫਿਰ ਔਰੰਗਜ਼ੇਬ ਨੂੰ ਲਲਕਾਰਦੇ ਹੋਏ ਲਿਖਦੇ ਹਨ, 'ਅਗਰ ਤੂੰ, ਕਮਜ਼ੋਰਾਂ 'ਤੇ ਜ਼ੁਲਮ ਕਰਦਾ ਹੈ, ਉਹਨਾਂ ਨੂੰ ਸਤਾਉਂਦਾ ਹੈ ਤਾਂ ਕਸਮ ਹੈ ਕਿ ਇਕ ਦਿਨ ਆਰੇ ਨਾਲ ਚਿਰਵਾ ਦਊਂਗਾ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਯੁੱਧ ਤੇ ਸ਼ਾਂਤੀ ਬਾਰੇ ਆਪਣੀ ਨੀਤੀ ਸਪਸ਼ਟ ਕਰਦਿਆਂ ਲਿਖਿਆ ਹੈ ਕਿ:

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜੰਸ਼ਤ।<br>
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਭਾਵ 'ਜਦੋਂ ਸਾਰੇ ਯਤਨ ਕੀਤੇ ਗਏ ਹੋਣ, ਨਿਆਂ ਦੇ ਰਸਤੇ 'ਚ ਰੁਕਾਵਟ ਹੋਵੇ, ਉਸ ਸਮੇਂ ਤਲਵਾਰ ਉਠਾਉਣਾ ਸਹੀ ਹੈ ਤੇ ਯੁੱਧ ਕਰਨਾ ਜ਼ਰੂਰੀ ਹੈ।

ਅੰਤਲੇ ਕਾਵਿ-ਪਦ 'ਚ ਈਸ਼ਵਰ 'ਚ ਪੂਰਨ ਭਰੋਸਾ ਪ੍ਰਗਟ ਕਰਦਿਆਂ ਉਹਨਾਂ ਨੇ ਲਿਖਿਆ ਹੈ, 'ਦੁਸ਼ਮਣ ਸਾਡੇ ਨਾਲ ਭਾਵੇਂ ਹਜ਼ਾਰਾਂ ਤਰ੍ਹਾਂ ਦੀ ਦੁਸ਼ਮਣੀ ਕਰੇ ਪਰ ਜਿਸ ਦਾ ਈਸ਼ਵਰ 'ਚ ਵਿਸ਼ਵਾਸ ਹੈ, ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।'

ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਜ਼ਫਰਨਾਮਾ ਕੇਵਲ ਇਕ ਪੱਤਰ ਹੀ ਨਹੀਂ ਹੈ ਬਲਕਿ ਇਹ ਇਕ 'ਵੀਰ ਕਾਵਿ' ਰਚਨਾ ਹੈ ਜਿਹੜੀ ਕਿ ਉਸ ਸਮੇਂ ਦੇ ਸਮੁੱਚੇ ਭਾਰਤ ਵਾਸੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਅਤੀਤ ਤੋਂ ਵਰਤਮਾਨ ਤੱਕ ਨਾ ਜਾਣੇ ਕਿਤਨੇ ਦੇਸ਼ ਭਗਤਾਂ ਨੇ ਗੁਰੂ ਸਾਹਿਬ ਦੇ ਇਸ ਪੱਤਰ ਤੋਂ ਪ੍ਰੇਰਨਾ ਲਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਿਅੱਕਤਿੱਤਵ ਤੇ ਆਦਰਸ਼ਾਂ ਦੀ ਝਲਕ ਬੜੇ ਸਪਸ਼ਟ ਰੂਪ 'ਚ ਇਸ ਜ਼ਫਰਨਾਮੇ 'ਚੋਂ ਪ੍ਰਗਟ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਔਰੰਗਜ਼ੇਬ ਨਾਲ ਇਕ ਸੰਧੀ ਨਹੀਂ ਹੈ ਸਗੋਂ ਉਸ ਖ਼ਿਲਾਫ਼ ਯੁੱਧ ਦਾ ਐਲਾਨ ਹੈ। ਇਸ ਦੇ ਨਾਲ ਹੀ ਇਹ ਪੱਤਰ ਸ਼ਾਂਤੀ, ਧਰਮ ਦੀ ਰੱਖਿਆ, ਵਿਸ਼ਵਾਸ ਤਥਾ ਆਤਮ ਵਿਸ਼ਵਾਸ ਦਾ ਸੰਦੇਸ਼ ਬੜੇ ਸਪਸ਼ਟ ਰੂਪ 'ਚ ਦਿੰਦਾ



ਹੈ। ਉਨ੍ਹਾਂ ਦਾ ਇਹ ਪੱਤਰ ਪੀੜਤ, ਹਤਾਸ਼, ਨਿਰਾਸ਼ ਤਣਾ ਸਮਾਜਿਕ ਚੇਤਨਾ ਦੀ ਘਾਟ ਨੂੰ ਨਵਾਂ ਜੀਵਨ ਤੇ ਮਾਨਵ ਦੇ ਸਵੈਭਿਮਾਨ ਨੂੰ ਜਾਗਰੂਪ ਕਰਨ ਵਾਲਾ ਹੈ। ਇਹ ਪੱਤਰ ਅੱਤਿਆਚਾਰੀ ਔਰੰਗਜ਼ੇਬ ਦੇ ਕੁਕਰਮਾਂ ਨੂੰ ਉਘਾੜਦਾ ਤੇ ਉਸ ਉਪਰ ਚੰਗੀ ਨੈਤਿਕਤਾ ਤੇ ਅਧਿਆਤਮਕਤਾ ਦੀ ਜਿੱਤ ਦਾ ਪ੍ਰਗਟਾ ਕਰਦਾ ਹੈ।

'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲ ਸਮਰਾਟ, ਔਰੰਗਜ਼ੇਬ ਨੂੰ ਫਾਰਸੀ ਸ਼ਿਅਰਾਂ 'ਚ ਲਿਖੀ ਹੋਈ ਇਕ ਚਿੱਠੀ ਹੈ। ਇਸ ਤਰ੍ਹਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਇਹ ਚਿੱਠੀ ਜਿੱਥੇ ਹੋਰ ਇਤਿਹਾਸਕ ਵੇਰਵਿਆਂ ਦਾ ਜ਼ਿਕਰ ਕਰਦੀ ਹੈ, ਉਥੇ ਇਹ ਚਮਕੌਰ ਸਾਹਿਬ ਦੀ ਜੰਗ ਦਾ ਅੱਖੀਂ ਦੇਖਿਆ ਹਾਲ ਵੀ ਵਰਣਨ ਕਰਦੀ ਹੈ। ਇਸ ਦਾ ਹਰ ਸ਼ਿਅਰ ਅਣਖ, ਗੈਰਤ, ਸਵੈਮਾਣ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ।



ਪ੍ਰੋ: ਐਚ.ਐਲ.ਕਪੂਰ

'ਜ਼ਫ਼ਰਨਾਮਾ' ਉਹ ਮਹਾਨ ਵਿਜੇ-ਪੱਤਰ ਹੈ, ਜਿਸ ਨੂੰ ਪੜ੍ਹ ਕੇ, ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਹਾਰ ਮੰਨ ਲਈ ਸੀ। ਕਹਿੰਦੇ ਹਨ ਕਿ ਇਹ ਪੱਤਰ ਪੜ੍ਹ ਕੇ ਔਰੰਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਹੀਂ ਕਰ ਸਕੀ, ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਦਿਖਾਇਆ। ਇਸ ਸਬੰਧ ਵਿਚ ਸੰਤੋਖ ਸਿੰਘ ਧੀਰ ਦੀਆਂ ਇਹ ਸੱਤਰਾਂ ਬਹੁਤ ਹੀ ਮਹੱਤਵ ਰੱਖਦੀਆਂ ਹਨ:

'ਕਲਮ ਇਕ ਹਥਿਆਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, 'ਜ਼ਫਰਨਾਮਾ' ਤੀਰ ਦੀ ਨੋਕ ਨਾਲ ਲਿਖਿਆ। ਲਿਖਿਆ ਤਾਂ ਉਂਝ 'ਜ਼ਫਰਨਾਮਾ' ਕਲਮ ਨਾਲ ਹੀ ਗਿਆ ਸੀ ਪਰ ਉਹ ਕਲਮ, ਤੀਰ ਵਾਂਗ, ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ 'ਜ਼ਫਰਨਾਮਾ' ਖੰਜਰ ਵਾਂਗ, ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ। ਅੰਤ 'ਚ ਤਲਵਾਰ ਵੀ ਕਲਮ ਤੋਂ ਹਾਰ ਜਾਂਦੀ ਹੈ, ਯਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਤੋਂ ਔਰੰਗਜ਼ੇਬ ਦੀ ਤਲਵਾਰ ਹਾਰ ਜਾਂਦੀ ਹੈ।'

ਗੁਰੂ ਸਾਹਿਬ ਨੇ ਇਹ ਵਿਜੇ-ਪੱਤਰ ਚਮਕੌਰ ਦੀ ਜੰਗ ਤੋਂ ਮਗਰੋਂ ਤੇ ਸ੍ਰੀ ਮੁਕਤਸਰ ਸਾਹਿਬ ਦੀ ਲੜਾਈ ਤੋਂ ਪਹਿਲਾਂ, ਦੀਨਾ-ਕਾਂਗੜ (ਜ਼ਿਲ੍ਹਾ ਫਰੀਦਕੋਟ) ਵਿਖੇ ਆਪਣੇ ਠਹਿਰਾਅ ਦੌਰਾਨ ਲਿਖਿਆ (ਦੀਨਾ ਤੇ ਕਾਂਗੜ ਅਸਲ ਵਿਚ ਦੋ ਜੁੜਵੇਂ ਪਿੰਡ ਹਨ)।

ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਸਾਹਿਬ, ਮਾਛੀਵਾੜਾ, ਆਲਮਗੀਰ ਤੇ ਰਾਏਕੋਟ ਤੋਂ ਹੁੰਦੇ ਹੋਏ ਦੀਨਾ-ਕਾਂਗੜ ਵਿਖੇ ਪਹੁੰਚੇ ਸਨ। ਇੱਥੇ ਰਾਇ ਜੋਧ ਦੇ ਪੋਤਰਿਆਂ, ਚੌਧਰੀ ਤਖਤ ਮੱਲ, ਲਖਮੀਰ ਤੇ ਸਮੀਰ ਨੇ ਗੁਰੂ ਸਾਹਿਬ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਸਤਿਕਾਰ ਸਹਿਤ ਆਪਣੇ ਨਿਵਾਸ ਸਥਾਨ 'ਤੇ ਲੈ ਗਏ (ਰਾਏ ਜੋਧ, ਗੁਰੂ ਘਰ ਦਾ ਇਕ ਅਨਿਨ ਸੇਵਕ ਸੀ ਅਤੇ ਇਨਸਾਫ ਦੀਆਂ ਜੰਗਾਂ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸੇ ਹੋ ਕੇ ਲੜਦਾ ਰਿਹਾ ਸੀ।)। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਲੱਗਭੱਗ ਦੋ ਮਹੀਨੇ ਠਹਿਰੇ ਸਨ ਅਤੇ ਇੱਥੋਂ ਹੀ ਔਰੰਗਜ਼ੇਬ ਵੱਲ 'ਜ਼ਫਰਨਾਮਾ' ਭੇਜਿਆ ਸੀ।

'ਜ਼ਫਰਨਾਮੇ ਦਾ ਸ਼ਾਬਦਿਕ ਅਰਥ ਹੈ 'ਜਿੱਤ ਦੀ ਚਿੱਠੀ'। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮੂਲ ਰੂਪ ਵਿਚ ਫਾਰਸੀ ਭਾਸ਼ਾ 'ਚ ਲਿਖਿਆ ਹੈ। ਇਸ 'ਚ ਮਾਮੂਲੀ ਪਰਿਵਰਤਨ ਵੀ ਹੋਏ ਹਨ। ਕਈ ਭਾਸ਼ਾਵਾਂ 'ਚ ਇਸ ਦੇ ਅਨੁਵਾਦ ਵੀ ਹੋਏ ਹਨ। ਹਿੰਦੀ 'ਚ ਇਸ ਦਾ ਅਨੁਵਾਦ ਬਾਲ ਕ੍ਰਿਸ਼ਨ ਮੁਜੰਤਰ (ਕੁਰੂਕਸ਼ੇਤਰ, 1990) ਤੇ ਜਨਜੀਵਨ ਜੋਤ ਸਿੰਘ ਆਨੰਦ (ਦੇਹਰਾਦੂਨ, 2006) ਨੇ ਕੀਤਾ। ਮਹਿੰਦਰ ਸਿੰਘ ਨੇ ਪੰਜਾਬੀ 'ਚ ਤੇ ਸੁਰਿੰਦਰਜੀਤ ਸਿੰਘ ਨੇ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਤੋਂ ਕੁਝ ਸਮਾਂ ਬਾਅਦ ਨਵਤੇਜ ਸਿੰਘ ਸਰਨ ਨੇ ਵੀ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਪੱਤਰ ਵਿਚ ਫਾਰਸੀ 'ਚ ਲਿਖੇ ਹੋਏ 111 ਕਾਵਿ-ਪਦੇ (ਸ਼ੇਅਰ) ਹਨ। ਜ਼ਫਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲੜਾਈਆਂ ਦਾ ਬੜੀ ਬੀਰਤਾ ਤੇ ਦਲੇਰੀ ਨਾਲ, ਮੁਗਲਾਂ ਦਾ ਬੜੇ ਰੋਮਾਂਚਿਕ ਢੰਗ ਨਾਲ ਟਾਕਰਾ ਕਰਨ ਦਾ ਵਰਣਨ ਕੀਤਾ ਹੈ। ਇਸ ਕਾਵਿ-ਪਦਿਆਂ ਵਾਲੀ ਚਿੱਠੀ ਵਿਚ ਇਕ-ਇਕ ਲੜਾਈ ਦਾ ਵਰਣਨ, ਕਿਸੇ ਵੀ ਮਾਨਵ 'ਚ ਨਵਾਂ ਜੀਵਨ ਭਰਨ ਦੀ ਸਮਰੱਥਾ ਰੱਖਦਾ ਹੈ। ਇਸ 'ਚ ਖਾਲਸਾ-ਪੰਥ ਦੀ ਸਥਾਪਨਾ, ਆਨੰਦਪੁਰ ਸਾਹਿਬ ਛੱਡਣਾ, ਫਤਿਹਗੜ੍ਹ ਦੀ ਘਟਨਾ, ਚਾਲੀ ਮੁਕਤਿਆਂ ਦੀ ਸ਼ਹੀਦੀ, ਦੋ ਗੁਰੂ ਪੁੱਤਰਾਂ ਦੀ ਨੀਂਹਾਂ 'ਚ ਚਿਣਵਾਈ ਤੇ ਦੋ ਪੁੱਤਰਾਂ ਦੀ ਚਮਕੌਰ ਦੀ ਗੜ੍ਹੀ 'ਚ ਸ਼ਹੀਦੀ ਦਾ ਵਰਣਨ ਹੈ। ਇਸ 'ਚ ਮਰਾਠਿਆਂ 'ਤੇ ਰਾਜਪੂਤਾਂ ਦੀ ਜਿੱਤ ਤੇ ਔਰੰਗਜ਼ੇਬ ਦੀ ਕਰਾਰੀ ਹਾਰ ਦਾ ਵਰਣਨ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਉਹਨਾਂ ਨੇ ਪੰਜਾਬ 'ਚ ਉਸ (ਔਰੰਗਜ਼ੇਬ) ਦੀ ਹਾਰ ਦੀ ਪੂਰੀ ਵਿਵਸਥਾ ਕਰ ਦਿੱਤੀ ਹੈ।

ਇਹ ਇਤਿਹਾਸਕ ਪੱਤਰ, ਸਮਕਾਲੀ ਪ੍ਰਸਥਿਤੀਆਂ ਅਤੇ ਇਤਿਹਾਸ ਨੂੰ ਵੀ ਆਪਣੀ ਬੁੱਕਲ ਵਿਚ ਸਾਂਭੀ ਬੈਠਾ ਹੈ। ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਗੁਰੂ ਸਾਹਿਬ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ, ਸਗੋਂ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਆਪਣੇ ਪਿਤਾ ਗੁਰੂ ਤੇਗ ਬਹਾਦਰ ਤੇ ਆਪਣੇ ਚਾਰੇ ਪੁੱਤਰਾਂ ਦੇ ਬਲੀਦਾਨ ਦੇ ਬਾਅਦ 1706 ਈਸਵੀ ਨੂੰ ਖਿਦਰਾਣਾ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੂੰ ਇਕ ਪੱਤਰ (ਜ਼ਫਰਨਾਮਾ) ਦੇ ਕੇ ਮੁਗਲ ਸਮਰਾਟ ਔਰੰਗਜ਼ੇਬ ਦੇ ਪਾਸ ਭੇਜਿਆ। ਇਹ ਚਿੱਠੀ 20 ਫਰਵਰੀ, 1707 ਈਸਵੀ ਨੂੰ ਔਰੰਗਜ਼ੇਬ ਦੇ ਹੱਥਾਂ ਵਿਚ ਸੀ। ਇਸੇ ਤਰ੍ਹਾਂ ਹੀ ਮਾਛੀਵਾੜਾ ਤੋਂ ਵੀ ਗੁਰੂ ਸਾਹਿਬ ਨੇ ਇਕ ਚਿੱਠੀ ਜਿਸ ਨੂੰ 'ਫਤਿਹਨਾਮਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਔਰੰਗਜ਼ੇਬ ਵੱਲ ਭੇਜੀ ਸੀ।

ਉਹਨਾਂ ਦਿਨਾਂ 'ਚ ਔਰੰਗਜ਼ੇਬ ਦੱਖਣ ਭਾਰਤ ਦੇ ਅਹਿਮਦਨਗਰ 'ਚ ਆਪਣੇ ਜੀਵਨ ਦੇ ਆਖਰੀ ਦਿਨਾਂ ਦੀ ਉਡੀਕ ਕਰ ਰਿਹਾ ਸੀ। ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦਿੱਲੀ, ਆਗਰਾ ਤੋਂ ਹੁੰਦੇ ਹੋਏ ਲੰਬਾ ਪੈਂਡਾ ਕਰਕੇ ਅਹਿਮਦਨਗਰ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪੱਤਰ ਤੋਂ ਔਰੰਗਜ਼ੇਬ ਨੂੰ ਉੱਤਰ ਭਾਰਤ, ਖਾਸ ਤੌਰ 'ਤੇ ਪੰਜਾਬ ਦੀ ਵਾਸਤਵਿਕ ਸਥਿਤੀ ਦਾ ਪਤਾ ਲੱਗਿਆ। ਕਹਿੰਦੇ ਹਨ ਕਿ 'ਜ਼ਫਰਨਾਮਾ' ਪੜ੍ਹ ਕੇ ਅੱਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀ ਰੂਹ ਤੜਪ ਉੱਠੀ ਅਤੇ ਉਸ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਦ ਖਾਂ ਨੂੰ ਫਰਮਾਨ ਜਾਰੀ ਕੀਤਾ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਰਵੇਸ਼ ਹਨ ਅਤੇ ਉਹਨਾਂ ਨੂੰ ਹੁਣ ਹੋਰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ ਤੇ ਜਿਸ ਰਜ਼ਾ ਵਿਚ ਉਹ ਰਹਿਣਾ ਚਾਹੁਣ ਰਹਿਣ ਦਿੱਤਾ ਜਾਵੇ।' ਇਸ ਤਰ੍ਹਾਂ ਪੰਜਾਬ ਦੇ ਸੂਬੇਦਾਰ ਦੇ ਗਲਤ ਸੂਚਨਾਵਾਂ ਦੇਣ ਨਾਲ ਔਰੰਗਜ਼ੇਬ ਨੂੰ ਬੜਾ ਦੁੱਖ ਹੋਇਆ ਤੇ ਨਾਲ ਹੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਤੇ ਪ੍ਰਤਿਸ਼ਠਤਾ ਦਾ ਅਨੁਭਵ ਵੀ ਹੋਇਆ। ਇਸ ਦੇ ਨਾਲ ਹੀ ਔਰੰਗਜ਼ੇਬ ਨੇ ਜ਼ਬਰਦਾਰ ਅਤੇ ਮੁਹੰਮਦਯਾਰ ਮਨਸਬਦਾਰ ਨੂੰ ਇਕ ਸ਼ਾਹੀ ਫੁਰਮਾਨ ਦੇ ਕੇ ਦਿੱਲੀ ਭੇਜਿਆ। ਇਸ ਫੁਰਮਾਨ 'ਚ ਵੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਕਿਸੇ ਪ੍ਰਕਾਰ ਦਾ ਕਸ਼ਟ ਨਾ ਪਹੁੰਚਾਇਆ ਜਾਵੇ ਸਗੋਂ ਉਹਨਾਂ ਨੂੰ ਪੂਰਾ ਸਨਮਾਨ ਦਿੱਤਾ ਜਾਵੇ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫੀ ਦੇਰ ਤੱਕ ਇਹ ਪਤਾ ਹੀ ਨਾ ਲੱਗਾ ਕਿ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਅਹਿਮਦਾਨਗਰ 'ਚ ਔਰੰਗਜ਼ੇਬ ਨੂੰ ਜ਼ਫਰਨਾਮਾ ਦੇਣ 'ਚ ਸਫਲ ਹੋਏ ਜਾਂ ਨਹੀਂ। ਅਖੀਰ ਗੁਰੂ ਸਾਹਿਬ ਉਡੀਕ ਕਰਕੇ ਅਹਿਮਦਨਗਰ ਵੱਲ ਆਪ ਹੀ ਚੱਲ ਪਏ। ਅਕਤੂਬਰ 1706 ਈਸਵੀ 'ਚ ਗੁਰੂ ਸਾਹਿਬ ਨੇ ਦੱਖਣੀ ਭਾਰਤ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ। ਉਹਨਾਂ ਨੇ ਮਾਰਵਾੜ ਦੇ ਰਸਤੇ ਤੋਂ ਦੱਖਣ ਨੂੰ ਜਾਣ ਦਾ ਵਿਚਾਰ ਬਣਾਇਆ। ਇਸ ਮਾਰਗ 'ਤੇ ਰਾਜਸਥਾਨ ਦੇ ਅਨੇਕ ਰਾਜਿਆਂ ਨੇ ਉਹਨਾਂ ਦਾ ਸਵਾਗਤ ਕੀਤਾ। ਬਾਘੌਰ ਨਾਮਕ ਸਥਾਨ 'ਤੇ ਉਹਨਾਂ ਦੀ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨਾਲ ਭੇਂਟ ਹੋਈ ਜੋ ਪੰਜਾਬ ਵੱਲ ਵਾਪਸ ਆ ਰਹੇ ਸਨ। ਇੱਥੇ ਗੁਰੂ ਸਾਹਿਬ ਨੂੰ ਸਾਰੇ ਸਮਾਚਾਰਾਂ ਦੀ ਜਾਣਕਾਰੀ ਹੋਈ। ਯਾਤਰਾ ਦੇ ਦੌਰਾਨ ਹੀ 20 ਫਰਵਰੀ, 1707 ਈਸਵੀ ਨੂੰ ਹੀ ਅਹਿਮਦਨਗਰ ਨੂੰ ਜਾਂਦਿਆਂ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੀ ਅਹਿਮਦਨਗਰ 'ਚ ਹੀ ਮੌਤ ਦੀ ਖ਼ਬਰ ਮਿਲੀ। ਇਸ ਤਰ੍ਹਾਂ ਗੁਰੂ ਸਾਹਿਬ ਦੀ ਔਰੰਗਜ਼ੇਬ ਨਾਲ ਭੇਟ ਨਾ ਹੋ ਸਕੀ।

ਸੋ 'ਜ਼ਫਰਨਾਮਾ' ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਦਾ ਇਕ ਮਹਾਨ ਕਾਰਨਾਮਾ ਕਿਹਾ ਜਾ ਸਕਦਾ ਹੈ ਕਿਉਂਕਿ 'ਜ਼ਫਰਨਾਮਾ' ਵਰਗਾ ਵੰਗਾਰਵਾਂ ਪੱਤਰ ਸ਼ਾਇਦ ਹੀ ਕਿਸੇ ਹੋਰ ਬੀਰ-ਨਾਇਕ ਨੇ ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨੂੰ ਲਿਖਿਆ ਹੋਵੇ। ਇਸ ਪੱਤਰ ਵਿਚੋਂ ਰੂਹਾਨੀਅਤ, ਅਡੋਲਤਾ, ਦਲੇਰੀ, ਜਾਂਬਾਜ਼ੀ, ਨਿਰਵੈਰਤਾ, ਸਚਾਈ ਆਦਿ ਸਦਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ। ਹੋਰ ਗੁਣਾਂ ਤੋਂ ਇਲਾਵਾ ਉਹ ਇਕ ਨਿਪੁੰਨ ਸਾਹਿਤਕਾਰ, ਮਨੋਵਿਗਿਆਨੀ ਤੇ ਮਨੋਵਿਸ਼ਲੇਸ਼ਕ ਵੀ ਸਨ। ਸਭ ਤੋਂ ਵੱਧ ਕੇ, ਉਹਨਾਂ ਨੇ ਕਦੇ ਵੀ ਜੋਸ਼ ਨੂੰ ਹੋਸ਼ 'ਤੇ ਭਾਰੂ ਨਹੀਂ ਹੋਣ ਦਿੱਤਾ। 'ਜ਼ਫਰਨਾਮਾ' ਗੁਰੂ ਸਾਹਿਬ ਦੇ ਇਹਨਾਂ ਗੁਣਾਂ ਦੀ ਇਕ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਗੁਰੂ ਸਾਹਿਬ ਕਈ ਥਾਈਂ, ਸ਼ਿਸ਼ਟਾਚਾਰ ਵਜੋਂ ਔਰੰਗਜ਼ੇਬ ਦੀ ਤਾਰੀਫ਼ ਵੀ ਕਰਦੇ ਹਨ।

'ਜ਼ਫਰਨਾਮਾ' ਫਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦਾ ਹੈ। ਇਹ ਪੱਤਰ, ਜਿੱਥੇ ਔਰੰਗਜ਼ੇਬ ਨੂੰ ਸ਼ਰਮਸਾਰ ਕਰਦਾ ਹੈ, ਉਥੇ ਉਸ ਦੇ ਵਿਰਾਟ 'ਕੱਦ' ਨੂੰ ਬੌਣਾ ਵੀ ਬਣਾਉਂਦਾ ਹੈ। ਗੱਲ ਕੀ ਬਾਦਸ਼ਾਹ ਨੂੰ ਉਸ ਦੀਆਂ ਕਰਤੂਤਾਂ ਚੇਤੇ ਕਰਵਾਉਂਦਿਆਂ, ਫਿਟਕਾਰਾਂ ਪਾਈਆਂ ਗਈਆਂ ਹਨ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ ਬੇਈਮਾਨ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਇਸ ਦੀ ਮਿਸਾਲ ਨਿਮਨ-ਲਿਖਤ ਸ਼ਿਅਰ ਤੋਂ ਮਿਲਦੀ ਹੈ:

ਨਦਾਨਮ ਕਿ ਈਂ ਮੁਰਦਿ ਪੈਮਾਂ ਸ਼ਿਕਨ।<br>
ਕਿ ਦੌਲਤ ਪ੍ਰਸਤਸਤੋ ਫੀਮਾਂ ਫਿਗਨ। 45

ਉਕਤ ਸ਼ਿਅਰ ਦਾ ਪੰਜਾਬੀ ਕਾਵਿ-ਅਨੁਵਾਦ ਇਸ ਪ੍ਰਕਾਰ ਪੇਸ਼ ਹੈ:

ਪਤਾ ਨਹੀਂ ਸੀ ਹੋਏਂਗਾ, ਤੂੰ ਮਾਇਆ ਦਾ ਕੀਟ,<br>
ਝੂਠਾ ਕੌਲ ਕਰਾਰ ਦਾ, ਬੇ-ਈਮਾਨ ਬਦ-ਨੀਤ'। 45<br>
ਅਨੁਵਾਦਕ- ਸ਼ਹਰਯਾਰ

ਗੁਰੂ ਸਾਹਿਬ ਉਦੋਂ ਗੱਲ ਨੂੰ ਸਿਰੇ ਹੀ ਲਾ ਦਿੰਦੇ ਹਨ, ਜਦੋਂ ਉਹ ਅਗਲੇ ਸ਼ਿਅਰ 'ਚ ਲਿਖਦੇ ਹਨ:

ਨ ਈਮਾਂ ਪ੍ਰਸਤੀ ਨ ਔਜ਼ਾਇ ਦੀ (ਸ਼ਰ੍ਹਾ ਸ਼ਰੀਅਤ)।<br>
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀ। 46

ਭਾਵ- ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈ। ਨਾ ਤੈਨੂੰ ਪ੍ਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ।

ਸੋ, ਉਕਤ ਸ਼ਿਅਰ ਅਤੇ ਇਹੋ ਜਿਹੇ ਹੋਰ ਕਈ ਸ਼ਿਅਰ, ਸਪਸ਼ਟ ਰੂਪ 'ਚ, ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਦਸ਼ਾਹ ਔਰੰਗਜ਼ੇਬ 'ਤੇ ਜਿੱਤ ਦਰਜ ਕਰਦੇ ਹਨ। 42 ਸਾਲ ਦੇ ਅਧਿਆਤਮਕ ਤਥਾ ਸੂਰਬੀਰਤਾ ਦੇ ਧਨੀ ਮਹਾਂਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 90 ਸਾਲ ਦੇ ਕਰੂਰ ਤੇ ਜ਼ਾਲਮ ਔਰੰਗਜ਼ੇਬ ਨਾਲ ਭੇਂਟ ਹੁੰਦੀ ਤਾਂ ਕੀ ਹੁੰਦਾ, ਕਹਿਣਾ ਕਠਿਨ ਹੈ?

ਇਕ ਵਿਦਵਾਨ ਨੇ ਲਿਖਿਆ ਹੈ ਕਿ 'ਵਿਸ਼ਵਾਸ, ਅਵਿਸ਼ਵਾਸ ਨੂੰ ਮਿਲਣ ਚੱਲਿਆ ਸੀ ਪ੍ਰੰਤੂ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਅਵਿਸ਼ਵਾਸ ਦਮ ਤੋੜ ਚੁੱਕਿਆ ਸੀ। ਜੂਨ 1707 ਈਸਵੀ ਨੂੰ ਜਾਜੂ ਨਾਮਕ ਸਥਾਨ 'ਤੇ ਸ਼ਹਿਜ਼ਾਦਾ ਮੁਅਜ਼ਮ ਨੂੰ 'ਬਹਾਦਰ ਸ਼ਾਹ' ਦੇ ਨਾਮ 'ਤੇ ਸਮਰਾਟ ਬਣਾਇਆ ਗਿਆ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਰਾਜਸੀ ਸਨਮਾਨ ਕੀਤਾ। '

ਜ਼ਫ਼ਰਨਾਮਾ' ਤਥਾ 'ਵਿਜੇ ਪੱਤਰ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੱਤਿਆਚਾਰੀ ਤੇ ਕਰੂਰ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖਿਆ ਗਿਆ ਹੈ।

ਭਾਰਤ ਦੇ ਗੌਰਵਮਈ ਇਤਿਹਾਸ 'ਚ ਦੋ ਪੱਤਰ ਅੰਤਰ ਰਾਸ਼ਟਰੀ ਮਸ਼ਹੂਰੀ ਰੱਖਦੇ ਹਨ। ਪਹਿਲਾ ਪੱਤਰ ਹੈ ਛਤਰਪਤੀ ਸ਼ਿਵਾ ਜੀ ਦੁਆਰਾ ਰਾਜਾ ਜੈ ਸਿੰਘ ਨੂੰ ਲਿਖਿਆ ਗਿਆ ਸੀ ਤੇ ਦੂਸਰਾ ਪੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰੀ ਤੇ ਕਰੂਰ ਮੁਗਲ ਸ਼ਾਸਕ ਔਰੰਗਜ਼ੇਬ ਨੂੰ ਲਿਖਿਆ ਗਿਆ 'ਜ਼ਫ਼ਰਨਾਮਾ' ਅਰਥਾਤ 'ਵਿਜੈ ਪੱਤਰ' ਹੈ। ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਅਧਿਆਤਮਕਤਾ, ਕੂਟਨੀਤੀ ਤੇ ਸੂਰਬੀਰਤਾ ਦੀ ਅਦੁੱਤੀ ਤ੍ਰਿਵੇਣੀ ਹੈ।

# ਕੁਦਰਤ ਵੱਲੋਂ ਸ਼ਿੰਗਾਰਿਆ ਚਿਹਰਾ ਸੀ ਕਾਂਸੀ ਰਾਮ



ਸਤਨਾਮ ਸਿੰਘ ਸਹੂੰਗੜਾ
91-94170-71532

ਬਾਬਾ ਸਾਹਿਬ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੀ ਲਹਿਰ ਤੇ ਜੋਤਿਬਾ ਫੂਲੇ ਦੀ ਚਲਾਈ ਗਈ ਲਹਿਰ ਨੂੰ ਕੁਦਰਤ ਵੱਲੋਂ ਇਕ ਦਰਦਨਾਕ ਤੇ ਬਹੁਤ ਹੀ ਵੱਡਾ ਨਾ ਬਰਦਾਸ਼ਤ ਯੋਗ ਝਟਕਾ ਦਿੱਤਾ ਗਿਆ। ਕਿਉਂਕਿ ਬਾਬਾ ਸਾਹਿਬ ਜੀ ਦੇ ਜਿਉਂਦੇ ਸਮੇਂ ਜੋ ਉਨ੍ਹਾਂ ਦੇ ਪੈਰੋਕਾਰ ਬਰਾਬਰ ਖੜ੍ਹੇ ਰਹਿ ਕੇ ਜਿਉਣ ਮਰਨ ਦੀਆਂ ਗੱਲਾਂ ਕਰਿਆ ਕਰਦੇ ਸਨ। ਉਹ ਬਾਬਾ ਸਾਹਿਬ ਜੀ ਦੇ ਜਾਣ ਤੋਂ ਬਾਅਦ ਸਭ ਹਵਾ ਹੋ ਗਈਆਂ। ਬਰਾਬਰ ਖੜ੍ਹੇ ਰਹਿਣ ਦੇ ਦਾਅਵੇ ਕਰਨ ਵਾਲੇ ਲੋਕਾਂ ਨੂੰ ਆਪਣੇ ਭਵਿੱਖ ਦਾ ਡਰ ਸਤਾਉਣ ਲੱਗ ਪਿਆ ਸੀ। ਬਾਬਾ ਸਾਹਿਬ ਵੇਲੇ ਬਰਾਬਰ ਖੜ੍ਹੇ ਰਹਿਣ ਵਾਲੇ ਬਾਬਾ ਸਾਹਿਬ ਤੋਂ ਬਾਅਦ ਫਸਲੀ ਬਟੇਰੇ ਸਾਬਤ ਹੋਏ। ਬਾਅਦ ਵਿਚ ਸਮੇਂ ਸਮੇਂ ਤੇ ਆਪਣੇ ਨਿੱਜੀ ਸਵਾਰਥਾਂ ਦੀ ਖਾਤਰ ਬ੍ਰਾਹਮਣਵਾਦੀ ਤਾਕਤਾਂ ਦੇ ਤਲਵੇ ਚੱਟਦੇ ਰਹੇ ਤੇ ਬਾਬਾ ਸਾਹਿਬ ਜੀ ਦੁਆਰਾ ਦਿੱਤੀ ਸਿੱਖਿਆ ਨੂੰ ਉਨ੍ਹਾਂ ਆਪਣੇ ਦਿਲੋਂ ਵਿਸਾਰਨ ਵਿਚ ਹੀ ਆਪਣਾ ਭਲਾ ਸਮਝਿਆ। ਬਾਬਾ ਸਾਹਿਬ ਜੀ ਦੇ ਅਕਾਲ ਚਲਾਣੇ ਤੋਂ ਕੁਝ ਸਾਲਾਂ ਤੱਕ ਸਮਰਪਿਤ ਭਾਵਨਾ ਵਾਲਾ ਤੰਗੀਆਂ ਤੁਰਸ਼ੀਆਂ ਤੇ ਬ੍ਰਾਹਮਣਵਾਦੀ ਸਿਸਟਮ ਦੀਆਂ ਅੱਖਾਂ ਵਿਚ ਅੱਖ ਪਾ ਕੇ ਗੱਲ ਕਰਨ ਵਾਲਾ ਕੋਈ ਵੀ ਮੈਦਾਨ ਵਿਚ ਨਾ ਰਿਹਾ। ਜੋ ਮੂਲਵਾਸੀਆਂ ਦੀਆਂ ਚੱਲ ਰਹੀਆਂ ਸਮੱਸਿਆਵਾਂ ਨੂੰ ਆਪਣੇ ਪਿੰਡੇ ਤੇ ਹੰਢਾ ਕੇ ਉਹਨਾਂ ਨੂੰ ਲਾਮਬੰਦ ਕਰਨ ਦੀ ਤਾਕਤ ਰੱਖਦਾ ਹੋਵੇ। ਬਾਬਾ ਸਾਹਿਬ ਤੋਂ ਬਾਅਦ ਉਹਨਾਂ ਦੇ ਬਣਾਏ ਹੋਏ ਨੇਤਾ ਸਨ, ਜਿਹਨਾਂ ਦੇ ਮੋਢਿਆਂ ਨੇ ਸਮਾਜ ਦਾ ਭਾਰ ਚੁੱਕਦਾ ਸੀ, ਉਹ ਸਾਰੇ ਇਕ-ਇਕ ਕਰਕੇ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਦੀ ਖਾਤਰ ਕਾਂਗਰਸ ਵਿਚ ਸਮਾਉਂਦੇ ਚਲੇ ਗਏ। ਕਿਉਂਕਿ ਉਹਨਾਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਬਾਬਾ ਸਾਹਿਬ ਨੂੰ ਮੰਨ ਕੇ ਤੇ ਬ੍ਰਾਹਮਣਵਾਦੀ ਸਿਸਟਮ ਦੇ ਵਿਰੁੱਧ ਜਾ ਕੇ ਅਸੀਂ ਐਮ. ਐਲ. ਏ. ਜਾਂ ਐਮ. ਪੀ. ਕਦੇ ਨਹੀਂ ਬਣ ਸਕਦੇ। ਬਾਬਾ ਸਾਹਿਬ ਦੁਆਰਾ ਬਣਾਈ ਰਿਪਬਲਿਕਨ ਪਾਰਟੀ ਆਫ ਇੰਡੀਆ ਖੇਰੂੰ ਖੇਰੂੰ ਹੋ ਰਹੀ ਸੀ ਤੇ ਬਾਬਾ ਸਾਹਿਬ ਦੀ ਲਹਿਰ ਨੂੰ ਮੂਲਵਾਸੀਆਂ ਦਾ ਦੁਸ਼ਮਣ ਸਿਸਟਮ ਤੂੰਬਾ-ਤੂੰਬਾ ਕਰਕੇ ਖੁਸ਼ੀਆਂ ਮਨਾ ਰਿਹਾ ਸੀ।

ਮਨੂੰਵਾਦੀ ਸਿਸਟਮ ਦੀਆਂ ਇਹ ਖੁਸ਼ੀਆਂ ਵੀ ਕੁਝ ਸਮੇਂ ਦੀਆਂ ਹੀ ਸਨ। ਕਿਉਂਕਿ ਕੁਦਰਤ ਇਕ ਫਰਿਸ਼ਤੇ ਨੂੰ ਮਜ਼ਲੂਮ ਸਮਾਜ ਦੀਆਂ ਤੰਗੀਆਂ-ਤੁਰਸ਼ੀਆਂ, ਉਹਨਾਂ ਦੀਆਂ ਦੁੱਖਾਂ ਤਕਲੀਫ਼ਾਂ, ਉਹਨਾਂ ਨੂੰ ਰਾਜ ਭਾਗ ਦੇ ਮਾਲਿਕ ਬਣਾਉਣ ਵਾਸਤੇ ਨਿੱਤ ਦਿਨ ਸ਼ਿੰਗਾਰ ਸ਼ਿੰਗਾਰ ਕੇ ਤਿਆਰ ਕਰ ਰਹੀ ਸੀ। ਇਕ ਗੱਲ ਮੰਨ ਕੇ ਚੱਲਣਾ ਪਵੇਗਾ ਕਿ ਅਗਰ ਕੁਦਰਤ ਕਿਸੇ ਦੀ ਸ਼ਿੰਗਾਰ ਕਰਕੇ ਭੇਜੇ ਤਾਂ ਉਸ ਦੀ ਚਮਕ ਨੂੰ ਫਿੱਕਾ ਪਾਉਣ ਵਾਲਾ ਸ਼ਾਇਦ ਦੁਨੀਆਂ ਦਾ ਕੋਈ ਭੁਲੇਖੇ ਵਿਚ ਰਹਿਣ ਵਾਲਾ ਮਹਾਂਮੂਰਖ ਹੀ ਹੋਵੇਗਾ। ਕਿਉਂਕਿ ਚੰਦਰਮਾ ਤੇ ਸੂਰਜ ਨੂੰ ਗ੍ਰਹਿਣ ਤਾਂ ਲੱਗ ਸਕਦਾ ਹੈ ਪਰ ਉਹਨਾਂ ਦੀ ਚਮਕ ਕਦੇ ਵੀ ਕੁਝ ਪਲ ਤੋਂ ਸਿਵਾਏ ਫਿੱਕੀ ਨਹੀਂ ਪੈ ਸਕਦੀ। ਜਦੋਂ ਬਾਵਾ ਸਾਹਿਬ ਦੁਆਰਾ ਮਾਨਵਤਾ ਦੀ ਭਲਾਈ ਲਈ ਚਲਾਈ ਲਹਿਰ ਡਿੱਕ ਡੋਲੇ ਖਾ ਰਹੀ ਸੀ, ਉਸ ਨੂੰ ਭਵ ਸਾਗਰ ਵਿਚੋਂ ਪਾਰ ਪਾਉਣ ਵਾਸਤੇ ਕੁਦਰਤ ਨੇ ਰੋਪੜ ਨੇੜੇ ਪਿੰਡ ਖੁਆਸਪੁਰ ਵਿਚ ਗਰੀਬ ਪਰਿਵਾਰ ਵਿਚ ਜੰਮੇ ਕੋਹਿਨੂਰ ਵਰਗੇ ਚਮਕਦੇ ਚਿਹਰੇ ਨੂੰ ਮੂਲਵਾਸੀਆਂ ਦੀ ਵਾਗਡੋਰ ਫੜਾ ਕੇ ਪੂਨੇ ਵਿਚ ਨੌਕਰੀ ਕਰਦੇ ਸਮੇਂ ਸਮਾਜ ਦੀਆਂ ਬਰੂਹਾਂ ਤੇ ਲਿਆ ਹਾਜ਼ਰ ਕੀਤਾ। ਜੋ ਉਸ ਮੌਕੇ ਦੀ ਸਖ਼ਤ ਜ਼ਰੂਰਤ ਸੀ। ਉਸ ਚਮਕਦੇ ਹੀਰੇ ਦਾ ਨਾਮ ਸੀ ਕਾਂਸ਼ੀ ਰਾਮ, ਜੋ ਗਰੀਬ ਪਰਿਵਾਰ ਵਿਚ ਜੰਮਿਆ ਸੀ ਤੇ ਪੜ੍ਹ ਲਿਖ ਕੇ ਅਫਸਰ ਬਣ ਕ ਮਾਂ-ਪਿਓ ਦੀਆਂ ਉਮੀਦਾਂ ਪੂਰੀਆਂ ਕਰਨ ਵਾਸਤੇ ਗੋਲਾ ਬਾਰੂਦ ਫੈਕਟਰੀ ਵਿਚ ਉੱਚੇ ਅਹੁਦੇ ਤੇ ਜਾ ਲੱਗਾ ਸੀ। ਨੌਕਰੀ ਲੱਗ ਕੇ ਘਰ ਵਾਲਿਆਂ ਲਈ ਐਸ਼ੋ ਆਰਾਮ ਦੀ ਜ਼ਿੰਦਗੀ ਤਿਆਰ ਕਰਕੇ ਦੇਣੀ ਇਹ ਮਕਸਦ ਸੀ ਉਸਦਾ ਤੇ ਉਸਦੇ ਮਾਂ-ਪਿਓ ਦਾ। ਪਰ ਕੁਦਰਤ ਅੱਗੇ ਕਹਿੰਦੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਕਿਉਂਕਿ ਜੇਕਰ ਕਾਂਸੀ ਰਾਮ ਨੂੰ ਕੁਦਰਤ ਨੇ ਸ਼ਿੰਗਾਰ ਲਗਾ ਕੇ ਭੇਜਿਆ ਸੀ ਤਾਂ ਫਿਰ ਕੰਮ ਵੀ ਉਸਨੇ ਆਪਣੀ ਮਰਜ਼ੀ ਮੁਤਾਬਕ ਹੀ ਲੈਣੇ ਸਨ, ਜੋ ਸਭ ਦੀ ਸੋਚ ਤੋਂ ਬਿਲਕੁਲ ਹੀ ਸਾਰੇ ਦੇ ਸਾਰੇ ਉਲਟ ਸਨ। ਬਾਬਾ ਸਾਹਿਬ ਜੀ ਦੇ ਜਾਣ ਤੋਂ ਬਾਅਦ ਮਨੂੰਵਾਦੀ ਸਿਸਟਮ ਵੀ ਗੂੜ੍ਹੀ ਨੀਂਦ ਸੌਣ ਲੱਗ ਪਿਆ, ਉਹ ਹੀ ਇਸ ਸੋਚ ਨਾਲ ਕਿ ਹੁਣ ਕੋਈ ਨਹੀਂ ਆਵੇਗਾ, ਮਜ਼ਲੂਮਾਂ ਨੂੰ ਮੁਕਤ ਕਰਾਉਣ ਵਾਸਤੇ। ਇਨ੍ਹਾਂ ਸਭ ਤਿਜੋਰੀਆਂ ਵਿਚ ਸੰਭਾਲ ਕੇ ਰੱਖੇ ਸੋਨੇ ਨੂੰ ਵੀ ਜੰਗ ਲੱਗ ਜਾਇਆ ਕਰਦਾ ਹੈ ਹੱਦ ਤੋਂ ਜ਼ਿਆਦਾ ਮਜ਼ਬੂਤ ਬਣਾਈਆਂ ਨੀਹਾਂ ਹੀ ਆਪਣੀ ਬਰਬਾਦੀ ਆਪ ਹੀ ਕਈ ਵਾਰ ਲਿਖ ਜਾਂਦੀਆਂ ਹਨ।

'ਜਾਤ ਪਾਤ ਦਾ ਬੀਜਨਾਸ਼' ਕਿਤਾਬ ਨੇ ਕਾਂਸੀ ਰਾਮ ਨੂੰ ਅਜਿਹਾ ਹਲੂਣਾ ਦਿੱਤਾ ਕਿ ਨੌਕਰੀ ਕਰਦੇ ਸਮੇਂ ਪਹਿਲੀ ਧਮਕ ਦੀਨਾ ਭਾਨਾ ਨਾਲ ਮਿਲ ਕੇ ਕੀਤੀ। ਜਿਸ ਨਾਲ ਬਾਬਾ ਸਾਹਿਬ ਤੇ ਮਹਾਤਮਾ ਬੁੱਧ ਦੀਆਂ ਰੱਦ ਕੀਤੀਆਂ ਛੁੱਟੀਆਂ ਬਹਾਲ ਕਰਵਾ ਦਿੱਤੀਆਂ ਤੇ ਮਨੂੰਵਾਦੀਆਂ ਦੁਆਰਾ ਲੋਹੇ ਦੀਆਂ ਬਣਾਈਆਂ ਪਰਤਾਂ ਨੂੰ ਜੰਗ ਲੱਗ ਜਾਣ ਦੇ ਆਗਾਜ਼ ਦੀ ਸ਼ੁਰੂਆਤ ਕਰ ਦਿੱਤੀ। ਉਸੇ ਵੇਲੇ ਤੋਂ ਕਾਂਸ਼ੀ ਰਾਮ ਸਿਰ ਉਪਰ ਕੱਫਣ ਬੰਨ੍ਹ ਕੇ ਸਮਾਜ ਪ੍ਰਤੀ ਸਮਰਪਿਤ ਹੋ ਕੇ ਉਹਨਾਂ ਦੀਆਂ ਮੁਸ਼ਕਿਲਾਂ ਦੂਰ ਕਰਨ ਵਾਸਤੇ ਕਦੇ ਵੀ ਵਿਆਹ ਨਾ ਕਰਵਾਉਣ, ਕੋਈ ਬੈਂਕ ਖਾਤਾ ਨਾ ਖੋਲ੍ਹਣਾ, ਕੋਈ ਰਿਸ਼ਤੇਦਾਰ ਨਾਲ ਮਿਲਾਪ ਨਹੀਂ ਰੱਖਣਾ ਤੇ ਕਿਸੇ ਘਰ ਜਾਂ ਰਿਸ਼ਤੇਦਾਰੀ ਦੀ ਗਮੀ ਖੁਸ਼ੀ ਵਿਚ ਸ਼ਾਮਲ ਨਾ ਹੋਣ ਦੀ ਕਸਮ ਖਾ ਕੇ ਮੰਨ ਪੱਕਾ ਕਰਕੇ ਸਦਾ ਵਾਸਤੇ ਸਮਾਜ ਦਾ ਹੋ ਕੇ ਤੁਰ ਪਿਆ ਸੀ। ਸਿਰ ਤੇ ਕੱਫਣ ਬੰਨ੍ਹਣ ਸਮੇਂ ਕਾਂਸ਼ੀ ਰਾਮ ਨੇ ਕਿਹਾ ਸੀ ਕਿ ਹੁਣ ਇਸ ਦੇਸ਼ ਵਿਚੋਂ ਮਨੂੰਵਾਦੀਆਂ ਦੇ ਰਾਜ ਭਾਗ ਦੀ ਛੁੱਟੀ ਕਰਨੀ ਹੈ ਤੇ ਇਸ ਦੇਸ਼ ਉਪਰ ਰਾਜ ਕਰਨਾ ਸਾਡਾ ਪਹਿਲਾ ਤੇ ਆਖਰੀ ਉਦੇਸ਼ ਹੋਵੇਗਾ।



"ਮੈਂ ਆਪਣੇ ਸਮਾਜ ਵਾਸਤੇ ਜੋ ਕੁਝ ਵੀ ਕਰ ਸਕਿਆ ਹਾਂ, ਉਹ ਮੈਂ ਭੁੱਖਾ ਪਿਆਸਾ ਰਹਿ ਕੇ, ਆਪਣੇ ਪਰਿਵਾਰ ਨੂੰ ਦੇਣ ਵਾਲੀਆਂ ਖੁਸ਼ੀਆਂ ਤੋਂ ਮੂੰਹ ਮੋੜ ਕੇ ਬੇਸ਼ੁਮਾਰ ਤਕਲੀਫ਼ਾਂ ਦਾ ਸਾਹਮਣਾ ਕਰਕੇ ਤੇ ਆਪਣੇ ਵਿਰੋਧੀਆਂ ਨਾਲ ਹਰ ਤੁਹਾਡੇ ਮਸਲੇ ਵਿਚ ਲੜਾਈ-ਸੰਘਰਸ਼ ਕਰਕੇ ਜੋ ਕੁਝ ਵੀ ਕਰ ਸਕਿਆ ਹਾਂ ਤੇ ਮੈਂ ਇਸ ਕਾਰਵਾਂ ਨੂੰ ਬੇਅੰਤ ਤਕਲੀਫ਼ਾਂ ਆਪਣੇ ਪਿੰਡੇ ਤੇ ਝੱਲ ਕੇ ਇੱਥੇ ਤੱਕ ਲੈ ਕੇ ਆਇਆ ਹਾਂ। ਹੁਣ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਥੋੜ੍ਹੀਆਂ-ਥੋੜ੍ਹੀਆਂ ਤਕਲੀਫ਼ਾਂ ਸਹਿਣ ਕਰਨ ਦੀ ਹਿੰਮਤ ਰੱਖਦੇ ਇਸ ਕਾਰਵਾਂ ਨੂੰ ਅੱਗੇ ਤੋਂ ਅੱਗੇ ਜ਼ਰੂਰ ਲੈ ਜਾਇਓ। ਇਸ ਨਾਲ ਤੁਹਾਡਾ ਤੇ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਰ ਪੀੜ੍ਹੀਆਂ ਦਾ ਰਾਜ ਤੇ ਭਲਾ ਹੋਵੇਗਾ। ਦੂਸਰੀ ਕੀਮਤੀ ਗੱਲ ਜੇ ਤੁਸੀਂ ਅਜਿਹਾ ਨਾ ਕਰ ਸਕੇ ਤਾਂ ਇਸ ਕਾਰਵਾਂ ਦੇ ਪਿੱਛੇ ਮੁੜਨ ਵਾਲੇ ਰਸਤੇ ਨੂੰ ਬੰਦ ਜ਼ਰੂਰ ਕਰ ਦੇਣਾ, ਡੱਕਾ ਮਾਰ ਕੇ ਜਿਸ ਨਾਲ ਇਹ ਕਾਰਵਾਂ ਪਿੱਛੇ ਵੀ ਨਾ ਮੁੜ ਸਕੇ।

ਬਾਬਾ ਸਾਹਿਬ ਦੁਆਰਾ ਆਪਣੇ ਪੈਰੋਕਾਰਾਂ ਨੂੰ ਕੀਤੀ ਦਿਲ ਦੀਆਂ ਗਹਿਰਾਈਆਂ ਤੋਂ ਕੀਤੀ ਇਸ ਅਪੀਲ ਨੇ ਕਾਂਸੀ ਰਾਮ ਨੂੰ ਧੁਰ ਅੰਦਰ ਤੱਕ ਝੰਜੋੜ ਸੁੱਟਿਆ। ਇਸ ਅਪੀਲ ਨੂੰ ਕਾਂਸੀ ਰਾਮ ਨੇ ਆਪਣੇ ਮਨ ਵਿਚ ਅਜਿਹੀ ਗਹਿਰਾਈ ਤੱਕ ਅਨੁਭਵ ਕੀਤਾ ਕਿ ਬਾਬਾ ਸਾਹਿਬ ਦੁਆਰਾ ਚਲਾਏ ਮਿਸ਼ਨ ਦੀ ਅੱਧਵਾਟੇ ਖੜ੍ਹੀ ਲਹਿਰ ਨੂੰ ਅੱਗੇ ਵਧਾਉਣ ਦਾ ਤਹੱਈਆ ਕਰ ਲਿਆ। ਬਾਬਾ ਸਾਹਿਬ ਦੁਆਰਾ ਲਿਖਿਆ ਪੜ੍ਹ ਕੇ ਬ੍ਰਾਹਮਣੀ ਵਿਵਸਥਾ ਨੂੰ ਮੰਨਣ ਵਾਲੇ ਲੋਕਾਂ ਪ੍ਰਤੀ ਕਾਂਸੀ ਰਾਮ ਦੇ ਮਨ ਵਿਚ ਨਫ਼ਰਤ ਭਰ ਗਈ ਤੇ ਬਾਬਾ ਸਾਹਿਬ ਬਾਰੇ ਹੋਰ ਜਾਨਣ ਦੀ ਇੱਛਾ ਵੀ ਵਧਦੀ ਗਈ। ਕਾਂਸੀ ਰਾਮ ਜੀ ਅਕਸਰ ਕਿਹਾ ਕਰਦੇ ਸਨ ਕਿ ਮੈਂ ਅੰਬੇਡਕਰਵਾਦ ਦੀ ਸਫਲਤਾ ਤੇ ਅਸਫਲਤਾ ਤੋਂ ਬਹੁਤ ਕੁਝ ਸਿੱਖਿਆ ਹੈ। ਮੈਂ ਬਾਬਾ ਸਾਹਿਬ ਦੀ ਸਿੱਖਿਆ ਪ੍ਰਾਪਤ ਕੀਤੀ ਹੈ ਕਿ ਮਿਸ਼ਨ ਕਿਸ ਤਰ੍ਹਾਂ ਚੱਲਦਾ ਹੈ ਅਤੇ ਮਹਾਰਾਸ਼ਟਰ ਦੇ ਮਹਾਰ ਲੋਕਾਂ ਤੋਂ ਇਹ ਸਿੱਖਿਆ ਪ੍ਰਾਪਤ ਕੀਤੀ ਹੈ ਕਿ ਮਿਸ਼ਨ ਕਿਸ ਤਰ੍ਹਾਂ ਅੱਗੇ ਨਹੀਂ ਵਧਦਾ। ਕਾਂਸੀ ਰਾਮ ਜੀ ਬਾਬਾ ਸਾਹਿਬ ਦੇ ਵਿਚਾਰ ਤੇ ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਹੋਏ ਸਨ ਤੇ ਬਾਵਾ ਸਾਹਿਬ ਦੁਆਰਾ ਦਿੱਤੇ ਇਤਿਹਾਸਕ ਸਾਰੇ ਭਾਸ਼ਣ ਕਾਂਸੀ ਰਾਮ ਨੇ ਬਹੁਤ ਹੀ ਗੰਭੀਰਤਾ ਨਾਲ ਪੜ੍ਹੇ ਸਨ। ਕਾਂਸੀ ਰਾਮ ਬਾਵਾ ਸਾਹਿਬ, ਜੋਤਿਬਾ ਫੂਲੇ ਤੇ ਸਾਹੂ ਜੀ ਮਹਾਰਾਜ ਨੂੰ ਆਪਣਾ ਆਦਰਸ਼ ਮੰਨ ਕੇ ਚੱਲਦੇ ਸਨ। ਤੇ ਕਾਂਸੀ ਰਾਮ ਜੀ ਅਕਸਰ ਹੀ ਕਿਹਾ ਕਰਦੇ ਸਨ ਕਿ ਮੈਂ ਬਾਵਾ ਸਾਹਿਬ ਜੀ ਦੁਆਰਾ ਸ਼ੁਰੂ ਕੀਤੇ ਅੰਦੋਲਨ ਤੇ ਚਲਾਈ ਲਹਿਰ ਨੂੰ ਅੱਗੇ ਤੋਂ ਅੱਗੇ ਵਧਾਵਾਂਗਾ। ਅਗਰ ਬਹੁਜਨ ਸਮਾਜ ਨੇ ਮੇਰੀ ਗੱਲ ਨਾ ਮੰਨੀ ਤਾਂ ਮੈਂ ਕਿਤੇ ਵੀ ਤੁਹਾਨੂੰ ਦੋ ਥੈਲੇ ਲੈ ਕੇ ਘੁੰਮਦਾ ਨਜ਼ਰੀ ਆ ਜਾਵਾਂਗਾ ਪਰ ਬਾਕੀ ਨੇਤਾਵਾਂ ਵਾਂਗ ਆਪਣੇ ਬਹੁਜਨ ਸਮਾਜ ਦਾ ਸੌਦਾ ਹਰਗਿਜ਼ ਨਹੀਂ ਕਰਾਂਗਾ। ਮਹਾਰਾਸ਼ਟਰ ਕਾਂਸੀ ਰਾਮ ਨੂੰ ਅੰਬੇਡਕਰੀ ਲਹਿਰ ਨੂੰ ਅੱਗੇ ਵਧਾਉਣ ਵਾਸਤੇ ਬਹੁਤਾ ਪ੍ਰਭਾਵਿਤ ਨਾ ਕਰ ਸਕਿਆ। ਇੱਥੋਂ ਚੱਲ ਕੇ ਕਾਂਸੀ ਰਾਮ ਉਤਰ ਪ੍ਰਦੇਸ਼ ਪਹੁੰਚ ਗਿਆ, ਜਿੱਥੇ ਮੂਲਵਾਸੀ ਜ਼ਰੂਰਤਮੰਦਾਂ ਨੇ ਧਿਆਨ ਨਾਲ ਕਾਂਸੀ ਰਾਮ ਨੂੰ ਸੁਣਿਆ ਤੇ ਪਿੱਛੇ ਚੱਲ ਪਏ। ਕਿਉਂਕਿ ਉਤਰ ਪ੍ਰਦੇਸ਼ ਦੇ ਲੋਕਾਂ ਵਿਚ ਤੇ ਨੇਤਾਵਾਂ ਵਿਚ ਇਮਾਨਦਾਰੀ ਕੁੱਟ ਕੁੱਟ ਕੇ ਭਰੀ ਪਈ ਸੀ ਜੋ ਉਹਨਾਂ ਕਾਂਸੀ ਰਾਮ ਵਾਸਤੇ ਵਰਤੀ ਤੇ ਦੁਨੀਆਂ ਸਾਹਮਣੇ ਅਦਭੁਤ ਚਮਤਕਾਰ ਕਰਕੇ ਸਾਰੇ ਦ੍ਰਿਸ਼ ਹੀ ਬਦਲ ਦਿੱਤੇ।

ਉਤਰ ਪ੍ਰਦੇਸ਼ ਦੇ ਲੋਕਾਂ ਨੂੰ ਪਤਾ ਨਹੀਂ ਸੀ ਕਿ ਕਾਂਸੀ ਰਾਮ ਕਿੱਥੋਂ ਦਾ ਜੰਮਪਲ ਹੈ, ਉਹ ਉਸ ਨੂੰ ਮਹਾਰਾਸ਼ਟਰ ਤੋਂ ਆਇਆ ਸਮਝਦੇ ਸਨ ਤੇ ਆਖਿਆ ਕਰਦੇ ਸਨ ਕਿ ਕਾਂਸੀ ਰਾਮ ਆਪਣੇ ਨਾਲ ਤਿੰਨ ਬਾਬਿਆਂ ਦੇ ਫੋਟੋ ਲੈ ਕੇ ਫਿਰਦਾ ਹੈ, ਇਕ ਨੇ ਗ਼ਲ ਵਿਚ ਲੀਰ ਲਮਕਾਈ ਹੈ ਤੇ ਦੋ ਨੇ ਪੱਗਾਂ ਬੰਨ੍ਹੀਆਂ ਹਨ। ਜਦੋਂ ਉਤਰ ਪ੍ਰਦੇਸ਼ ਦੇ ਲੋਕ ਗੰਭੀਰਤਾ ਨਾਲ ਕਾਂਸੀ ਰਾਮ ਤੋਂ ਇਹਨਾਂ ਬਾਬਿਆਂ ਬਾਰੇ ਪੁੱਛਦੇ ਤਾਂ ਕਾਂਸੀ ਰਾਮ ਇਹਨਾਂ ਤਿੰਨਾਂ ਬਾਬਾ ਸਾਹਿਬ, ਜੋਤਿਬਾ ਫੂਲੇ ਤੇ ਸਾਹੂ ਜੀ ਮਹਾਰਾਜ ਜੀ ਦੇ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕਰਦੇ ਤੇ ਮੂਲਵਾਸੀਆਂ ਬਾਰੇ ਇਹਨਾਂ ਵੱਲੋਂ ਕੀਤੇ ਉਪਕਾਰਾਂ ਬਾਰੇ ਚਾਨਣਾ ਪਾਉਂਦੇ ਤਾਂ ਉਥੋਂ ਹੀ ਮੂਲਵਾਸੀ ਸਮਾਜ ਦੇ ਪੀੜਤ ਲੋਕ ਇਹਨਾਂ ਦੇ ਮਗਰ ਮਰ ਮਿਟਣ ਵਾਸਤੇ ਚੱਲ ਪੈਂਦੇ ਤੇ ਇਸ ਚੱਲੇ ਸੰਗੀਆਂ ਸਾਥੀਆਂ ਨਾਲ ਵੱਡੇ ਬਣੇ ਕਾਫਲੇ ਦੇ ਰੂਪ ਵਿਚ ਕਾਂਸੀ ਰਾਮ ਨੇ ਬ੍ਰਾਹਮਣਵਾਦੀਆਂ ਨੂੰ ਅਜਿਹਾ ਵਖਤ ਪਾਇਆ ਕਿ ਦੁਸ਼ਮਣ ਚਾਰੇ ਖਾਨੇ ਚਿੱਤ ਹੋ ਕੇ ਰਹਿ ਗਿਆ।ਸਿਆਣੇ ਕਹਿੰਦੇ ਨੇ ਕਿ ਜਿੱਥੇ ਜਨਤਾ ਦਾ ਜ਼ਿਆਦਾ ਸ਼ੋਸ਼ਣ ਕੀਤਾ ਗਿਆ ਹੋਵੇ ਤੇ ਜ਼ਿਆਦਾ ਜ਼ੁਲਮ ਢਾਹੇ ਗਏ ਹੋਣ ਉਥੋਂ ਦੇ ਲੋਕ ਜ਼ਿਆਦਾ ਸਮਝਦਾਰ ਹੁੰਦੇ ਹਨ ਤੇ ਛੇਤੀ ਹੀ ਏਕਤਾ ਕਰਕੇ ਆਪਣੀ ਮੁਕਤੀ ਕਰ ਲੈਂਦੇ ਹਨ। ਉਤਰ ਪ੍ਰਦੇਸ਼ ਦੇ ਲੋਕਾਂ ਨੇ ਧਿਆਨ ਤੇ ਗੰਭੀਰਤਾ ਨਾਲ ਕਾਂਸੀ ਰਾਮ ਵੱਲੋਂ ਕਹੀਆਂ ਗੱਲਾਂ ਵੱਲ ਧਿਆਨ ਦਿੱਤਾ ਤੇ ਕਾਫਲੇ ਦੇ ਨਾਲ ਜੁੜਦੇ ਚਲੇ ਗਏ। ਇੱਥੋਂ ਹੀ ਕਾਂਸੀ ਰਾਮ ਨੂੰ ਆਪਣੀ ਮਿਹਨਤ ਤੇ ਬਾਬਾ ਸਾਹਿਬ ਵੱਲੋਂ ਮਿਲ ਰਹੇ ਆਸ਼ੀਰਵਾਦ ਦਾ ਅਹਿਸਾਸ ਹੋਇਆ।

ਫਿਰ ਕਾਂਸੀ ਰਾਮ ਦੇਸ਼ ਦੇ ਕੋਨੇ ਕੋਨੇ ਵਿਚ ਤੁਰ ਪਿਆ ਸਾਇਕਲ ਤੇ ਚੜ੍ਹ ਕੇ ਦੁਸ਼ਮਣ ਦੀਆਂ ਚਾਲਾਂ ਬਾਰੇ ਸਮਾਜ ਨੂੰ ਜਾਗਰੂਕ ਕਰਨ ਵਾਸਤੇ, ਜਿਸ ਵਿਚ ਉਹ ਬਹੁਤ ਵੱਡੀ ਪੱਧਰ ਤੱਕ ਕਾਮਯਾਬ ਹੋਇਆ। ਕਾਂਸੀ ਰਾਮ ਨੇ ਮਜ਼ਲੂਮ ਸਮਾਜ ਦੇ ਲੋਕਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਕੌਣ ਤੁਹਾਡਾ ਖੈਰ ਖਵਾਹ ਹੈ ਤੇ ਕੌਣ ਤੁਹਾਡਾ ਦੁਸ਼ਮਣ ਹੈ। ਹਾਲਾਤਾਂ ਦੇ ਮੁਤਾਬਕ ਕਾਂਸੀ ਰਾਮ ਕਦੇ ਪੈਦਲ, ਕਦੀ ਸਾਇਕਲ, ਕਦੀ ਰੇਲ, ਕਦੀ ਕਾਰਾਂ ਤੇ ਕਦੀ ਬੱਸਾਂ 'ਤੇ ਜਾਂ ਜੋ ਵੀ ਸਾਧਨ ਮਿਲਦਾ, ਮੁਤਾਬਕ ਚੱਲ ਕੇ ਮਿਸ਼ਨ ਨੂੰ ਅੱਗੇ ਵਧਾਉਣ ਵਿਚ ਇਸਤੇਮਾਲ ਕਰਿਆ ਕਰਦੇ।

ਕਾਂਸੀ ਰਾਮ ਲੋਕਾਂ ਨੂੰ ਜਾਗਰੂਕ ਕਰਦਿਆਂ ਕਹਿੰਦੇ ਸਨ ਕਿ ਤੁਸੀਂ ਲੋਕ ਕਿਉਂ ਭਗਵਾਨ ਨੂੰ ਨਹੀਂ ਸਮਝ ਪਾਉਂਦੇ ਜੋ ਤੁਹਾਡੇ ਵਾਸਤੇ ਪੈਰ-ਪੈਰ ਤੇ ਬੇੜੀ ਪਾਈ ਖੜ੍ਹਾ ਹੈ ਤੇ ਦੁਸ਼ਮਣਾਂ ਵਾਸਤੇ ਹਰ ਜਗ੍ਹਾ ਕਾਲੀਨ ਵਿਛਾ ਕੇ ਸਵਾਗਤ ਵਾਸਤੇ ਪੱਬਾਂ ਭਾਰ ਹੋਇਆ ਫਿਰਦਾ ਹੈ।ਉਹ ਕਿਹੜਾ ਭਗਵਾਨ ਹੈ ਜੋ ਇਕ ਰੱਬ ਦੁਆਰਾ ਬਣਾਏ ਬੰਦਿਆਂ ਨਾਲ ਨਫ਼ਰਤ ਤੇ ਪਿਆਰ ਕਰਨ ਬਾਰੇ ਦੱਸਦਾ ਹੈ। ਫਿਰ ਤੁਸੀਂ ਉਸ ਨੂੰ ਆਪਣਾ ਭਗਵਾਨ ਕਿਉਂ ਮੰਨਦੇ ਹੋ ਜੋ ਤੁਹਾਨੂੰ ਖਾਣ ਵਾਸਤੇ ਰੋਟੀ, ਤਨ ਢਕਣ ਵਾਸਤੇ ਕੱਪੜਾ, ਰਹਿਣ ਵਾਸਤੇ ਮਕਾਨ ਦੇਣ ਵਿਚ ਵਿਤਕਰਾ ਕਰਦਾ ਹੋਵੇ। ਪੈਰ ਪੈਰ ਤੇ ਦੁਰਕਾਰਦਾ ਹੋਵੇ।

ਜਦੋਂ ਕੁਦਰਤ ਦਾ ਸਾਜਿਆ ਕਾਂਸੀ ਰਾਮ ਵਰਗਾ ਕੋਹਿਨੂਰ ਹੀਰਾ ਲੋਕਾਂ, ਮਜ਼ਲੂਮਾਂ, ਪੀੜਤਾਂ ਵਿਚ ਬੜੇ ਰੋਅਬ ਨਾਲ ਭਗਵਾਨ ਨੂੰ ਵੀ ਚੈਲਿੰਜ ਕਰਦਿਆਂ ਲਲਕਾਰੇ ਮਾਰਦਾ ਤਾਂ ਲੋਕਾਂ ਦੇ ਦਿਮਾਗ ਹਿੱਲ ਜਾਂਦੇ ਤੇ ਸੱਚ ਸੁਣ ਕੇ ਕੰਬ ਉਠਦੇ ਤੇ ਫਿਰ ਮਰ ਮਿਟਣ ਵਾਸਤੇ ਸਦਾ ਵਾਸਤੇ ਕਾਂਸੀ ਰਾਮ ਦੇ ਹੋ ਜਾਇਆ ਕਰਦੇ ਸਨ। ਜੋ ਕਾਂਸੀ ਰਾਮ ਦੇ ਇਕ ਇਸ਼ਾਰੇ ਤੇ ਆਪਣੀ ਜਾਨ ਤਲੀ 'ਤੇ ਧਰ ਲਿਆ ਕਰਦੇ ਸਨ। ਤੇ ਇਹਨਾਂ ਲੋਕਾਂ ਨੇ ਕਾਂਸੀ ਰਾਮ ਤੋਂ ਬੈਲੇਟ ਤੇ ਬੁਲਿਟ ਦਾ ਇਸਤੇਮਾਲ ਕਰਨਾ ਸਿੱਖਿਆ ਜੋ ਅੱਜ ਚੱਲ ਰਹੀ ਕ੍ਰਾਂਤੀ ਬਣੀ।

ਬਾਬਾ ਸਾਹਿਬ ਦੀ ਲਹਿਰ ਨੂੰ ਮੁੜ ਤੋਂ ਸੁਰਜੀਤ ਕਰਕੇ ਨੀਂਹ ਤੇ ਲਿਆਉਣ ਵਿਚ ਕਾਂਸੀ ਰਾਮ ਨੇ ਬਹੁਤ ਹੀ ਵੱਡੀ ਤੇ ਚੁਣੌਤੀਪੂਰਨ ਭੂਮਿਕਾ ਅਦਾ ਕਰਕੇ ਦੁਸ਼ਮਣ ਨੂੰ ਫਿਰ ਤੋਂ ਵਖਤ ਪਾ ਦਿੱਤਾ। ਜੋ ਸੋਚਦਾ ਸੀ ਬਾਬਾ ਸਾਹਿਬ ਦੇ ਜਾਣ ਨਾਲ ਉਹਨਾਂ ਦੇ ਪੈਰੋਕਾਰ ਵੀ ਖਤਮ ਹੋ ਜਾਣਗੇ ਪਰ ਮਨੂੰਵਾਦੀ ਸ਼ਾਇਦ ਭੁਲੇਖੇ ਵਿਚ ਰਹਿ ਗਿਆ ਤੇ ਕਾਂਸੀ ਰਾਮ ਨੂੰ ਜੋ ਨਾ ਸਮਝ ਸਕੀਆਂ।

ਬਾਬਾ ਸਾਹਿਬ ਦਾ ਸੱਚਾ ਸੁੱਚਾ ਸਿਪਾਹੀ ਕਾਂਸੀ ਰਾਮ ਜੋ ਇਮਾਨਦਾਰੀ ਨਾਲ ਪੂਰੀ ਉਮਰ ਕੌਮ ਦੇ ਖਾਤੇ ਪਾ ਕੇ ਬਿਨਾਂ ਸੁੱਖ ਆਰਾਮ ਮਾਂ-ਪਿਓ ਦੀਆਂ ਇੱਛਾਵਾਂ ਦੀ ਪੂਰਤੀ ਕੀਤੇ ਬਿਨਾਂ ਸਭ ਤੋਂ ਵੱਡੀ ਗੱਲ ਬੈਂਕ ਵਿਚ ਖਾਤਾ ਖੋਲ੍ਹਣ ਤੋਂ ਬਿਨਾਂ ਇਕ ਨੀਂਹ ਬਣਾ ਕੇ ਚਲਾ ਗਿਆ। ਜਿਸ 'ਤੇ ਅੱਜ ਖ਼ਤਰੇ ਦ ਕਾਲੇ ਬੱਦਲ ਮੰਡਰਾਉਣ ਲੱਗ ਪਏ ਹਨ।

ਕਾਂਸੀ ਰਾਮ ਜੀ ਦੁਆਰਾ ਤਿਆਰ ਕੀਤੇ ਨੇਤਾ ਤਾਂ ਆਰ. ਪੀ. ਆਈ. ਵਾਲਿਆਂ ਵਾਂਗ ਖੁਦਗਰਜ਼ ਬਣ ਗਏ ਪਰ ਵਰਕਰ ਇਮਾਨਦਾਰੀ ਨਾਲ ਇਹਨਾਂ ਦੇ ਮੂੰਹ ਵੇਖਦਾ ਖੜ੍ਹਾ ਰਹਿ ਗਿਆ। ਕਿਉਂਕਿ ਨੇਤਾਵਾਂ ਦੇ ਦਿਲ ਵਿਚ ਅੱਜ ਕੁਝ ਤੇ ਦਿਮਾਗ ਵਿਚ ਕੁਝ ਹੋਰ ਹੀ ਚੱਲ ਰਿਹਾ ਹੈ। ਜਿਸ ਕਰਕੇ ਬਹੁਜਨ ਸਮਾਜ ਦੀ ਪਾਰਟੀ ਵੀ ਅੱਜ ਦੂਸਰੀ ਆਰ. ਪੀ. ਆਈ. ਬਣਦੀ ਜਾ ਰਹੀ ਹੈ। ਅੱਜ ਕਾਂਸੀ ਰਾਮ ਦੁਆਰਾ ਚਲਾਈ ਲਹਿਰ ਨੇ ਨੇਤਾ ਤਾਂ ਬਹੁਤ ਪੈਦਾ ਕੀਤੇ ਉਹ ਸਾਰੇ ਦੇ ਸਾਰੇ ਦੂਸਰਿਆਂ ਦੀ ਝੋਲੀ ਜਾ ਪਏ। ਤੇ ਜੋ ਲਹਿਰ ਵਿਚ ਬਾਕੀ ਖੜ੍ਹੇ ਨਜ਼ਰ ਆ ਰਹੇ ਹਨ, ਉਹ ਕੋਈ ਖਾਸ ਮਾਅਰਕੇ ਵਾਲਾ ਕੰਮ ਨਾ ਤਾਂ ਕਾਂਸੀ ਰਾਮ ਵੇਲੇ ਕਰ ਸਕੇ ਤੇ ਨਾ ਹੁਣ। ਸ਼ਾਇਦ ਉਹਨਾਂ ਦੀ ਸੋਚ ਹੀ ਮਨੂੰਵਾਦੀ ਹੋਵੇਗੀ। ਵਰਨਾ ਇਕ ਮਸੀਹੇ ਦੀ ਬੇਸ਼ੁਮਾਰ ਕੀਤੀ ਮਿਹਨਤ ਅੱਜ ਕੁਝ ਸਾਲਾਂ ਤੋਂ ਮਿੱਟੀ ਘੱਟੇ ਵਿਚ ਰੁਲਦੀ ਨਜ਼ਰ ਨਾ ਆਉਂਦੀ।

# ਆਸ਼ੀ ਈਸਪੁਰੀ ਦੀ ਗਿਆਰਵੀਂ ਪੁਸਤਕ ਮੇਰਾ ਰੁਬਾਈਨਾਮਾ ਕੀਤੀ ਗਈ ਲੋਕ ਅਰਪਣ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ।) ਦੇ ਸਹਿਯੋਗ ਨਾਲ਼ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸੰਧੂ ਵਰਿਆਣਵੀ, ਜਗਦੀਸ਼ ਰਾਣਾ, ਆਸ਼ੀ ਈਸਪੁਰੀ, ਸ਼ਵਿੰਦਰ ਸੰਧੂ, ਗੀਰਦੀਪ ਸਿੰਘ ਸੈਣੀ ਅਤੇ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਵਿਰਾਜਮਾਨ ਹੋਏ।



ਪ੍ਰੋਗਰਾਮ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਪ੍ਰਲੋਕ ਸਿਧਾਰ ਗਏ ਲੇਖਕਾਂ ਪ੍ਰੋ. ਹਰਜਿੰਦਰ ਸਿੰਘ ਅਟਵਾਲ ਅਤੇ ਪ੍ਰੇਮ ਪ੍ਰਕਾਸ਼ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਲੈਕ।ਬਲਬੀਰ ਕੌਰ ਰਾਏਕੋਟੀ ਨੇ ਪੁਸਤਕ ਬਾਰੇ ਵਿਸਥਾਰ ਵਿੱਚ ਪਰਚਾ ਪੜ੍ਹਦਿਆਂ ਕਿਹਾ ਕਿ ਸਾਹਿਤ ਦੀ ਵਿਧਾ ਰੁਬਾਈ ਤੇ ਕਿਤਾਬ ਪ੍ਰਕਾਸ਼ਿਤ ਕਰ ਕੇ ਵਧੀਆ ਉਪਰਾਲਾ ਕੀਤਾ ਹੈ ਤੇ ਆਸ਼ੀ ਰੁਬਾਈ ਲਿਖਣ ਵਾਲੇ ਵੱਡੇ ਲੇਖਕਾਂ ਵਿੱਚ ਸ਼ੁਮਾਰ ਹੋ ਗਿਆ ਹੈ। ਪ੍ਰੋ।ਸੰਧੂ ਵਰਿਆਣਵੀ, ਗੁਰਦੀਪ ਸਿੰਘ ਸੈਣੀ ਅਤੇ ਸਵਿੰਦਰ ਸੰਧੂ ਨੇ ਆਸ਼ੀ ਨੂੰ ਵਧਾਈਆਂ ਦਿੰਦਿਆਂ ਹੋਇਆਂ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ। ਜਗਦੀਸ਼ ਰਾਣਾ ਨੇ ਕਿਹਾ ਕਿ ਆਸ਼ੀ ਬਹੁਵਿਧਾਵੀ ਸ਼ਾਇਰ ਹੈ ਤੇ ਹੰਸ ਰਾਜ ਹੰਸ, ਸਾਬਰ ਕੋਟੀ ਤੇ ਹੋਰ ਪ੍ਰਸਿੱਧ ਗਾਇਕਾਂ ਨੇ ਆਸ਼ੀ ਦੇ ਲਿਖੇ ਗੀਤ ਗਾਏ ਹਨ। ਪ੍ਰਸਿੱਧ ਗੀਤਕਾਰ ਹਰਵਿੰਦਰ ਸਿੰਘ ਵੀਰ (ਤੂਤਕ ਤੂਤਕ ਤੂਤਕ ਤੂਤੀਆਂ) ਨੇ ਵੀ ਆਸ਼ੀ ਨੂੰ ਵਧਾਈਆਂ ਦਿੱਤੀਆਂ। ਆਸ਼ੀ ਈਸਪੁਰੀ ਨੇ ਲੋਕ ਅਰਪਣ ਹੋਈ ਪੁਸਤਕ ਚੋਂ ਆਪਣੀਆਂ ਤਿੰਨ ਰਚਨਾਵਾਂ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ। ਇਸ ਮੌਕੇ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਆਸ਼ੀ ਈਸਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਸਵਿੰਦਰ ਸੰਧੂ, ਜਗਦੀਸ਼ ਰਾਣਾ, ਕੁਲਵਿੰਦਰ ਗਾਖਲ, ਤਰਸੇਮ ਜਲੰਧਰੀ, ਫਗਵਾੜਵੀ, ਹਰਜਿੰਦਰ ਜਿੰਦੀ, ਲਾਲੀ ਕਰਤਾਰਪੁਰੀ,ਸੁਰਜੀਤ ਸਾਜਨ, ਸੋਹਣ ਸਹਿਜਲ, ਉਰਮਿਲਜਿਤ ਸਿੰਘ, ਅਵਤਾਰ ਸਿੰਘ ਬੈਂਸ, ਅਸ਼ੋਕ ਟਾਂਡੀ, ਦਰਸ਼ਨ ਸਿੰਘ ਨੰਦਰਾ, ਮੋਹਨ ਸਿੰਘ ਮੋਤੀ, ਦਿਲਵਰ ਸ਼ੌਕਤ, ਸੋਢੀ ਸੱਤੋਵਾਲੀ ਅਤੇ ਮੁਖਤਿਆਰ ਸਿੰਘ ਸ਼ਿਵਾਂਨ, ਨਗੀਨਾ ਸਿੰਘ ਬਲੱਗਣ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਜਿੱਥੇ ਨਾਵਲਕਾਰ ਗੁਰਨਾਮ ਸਿੰਘ ਭੱਲਾ ਅਤੇ ਜਗਦੀਸ਼ ਡਾਲੀਆ ਨੇ ਆਪਣੇ ਵਿਚਾਰ ਸਾਂਝੇ ਕੀਤੇ। ਓਥੇ ਹੀ ਕਰਨਲ ਜਗਬੀਰ ਸਿੰਘ ਸੰਧੂ, ਰਸ਼ਪਾਲ ਸਿੰਘ ਬੱਧਣ, ਬਹਾਦਰ ਸਿੰਘ ਚੱਢਾ, ਪੰਥਕ ਕਥਾਵਾਚਕ ਕੁਲਵਿੰਦਰ ਸਿੰਘ ਘੁੰਮਣ, ਗੁਰਚਰਨ ਚੀਮਾ, ਗੀਤਾ ਵਰਮਾ ਅਤੇ ਆਸ਼ੀ ਈਸਪੁਰੀ ਦੀ ਜੀਵਨ ਸਾਥਣ ਸ਼੍ਰੀਮਤੀ ਬਲਬੀਰ ਕੌਰ ਅਤੇ ਬੇਟੀਆਂ ਸੁਖਦੀਪ ਕੌਰ ਅਤੇ ਲਵਦੀਪ ਕੌਰ (ਸਰਪੰਚ ਪਿੰਡ ਕੁਤਬੇਵਾਲ) ਅਤੇ ਜਵਾਈ ਪ੍ਰੋ. ਕ੍ਰਾਂਤੀ ਕੁਮਾਰ ਗਿੱਦੜਾ ਵਿਸ਼ੇਸ਼ ਤੌਰ ਤੇ ਉਪਸਥਿਤ ਰਹੇ, ਅੰਤ ਵਿੱਚ ਆਸ਼ੀ ਈਸਪੁਰੀ ਵਲੋਂ ਪ੍ਰਧਾਨਗੀ ਮੰਡਲ ਵਿਚ ਹਾਜ਼ਿਰ ਪ੍ਰੋ।ਸੰਧੂ ਵਰਿਆਣਵੀ, ਜਗਦੀਸ਼ ਰਾਣਾ, ਬਲਬੀਰ ਕੌਰ ਰਾਏਕੋਟੀ, ਗੁਰਦੀਪ ਸਿੰਘ ਸੈਣੀ ਅਤੇ ਹਰਵਿੰਦਰ ਸਿੰਘ ਵੀਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਜ਼ਮਾਨੇ ਬਦਲੇ, ਪਰ ਪਿੰਜੌਰ ਗਾਰਡਨ ਦੀ ਸੁੰਦਰਤਾ ਅਜੇ ਵੀ ਬੇਮਿਸਾਲ ਹੈ



ਰਾਜਿੰਦਰ ਸਿੰਘ ਰਾਜਨ ਪਠਾਨਕੋਟ

ਅੱਜ ਦੀ ਤੇਜ਼ ਰਫ਼ਤਾਰ ਭਰੀ ਜ਼ਿੰਦਗੀ ਵਿੱਚ, ਜਿੱਥੇ ਹਰ ਕੋਈ ਕੰਮ ਦੇ ਦਬਾਅ ਹੇਠ ਹੈ, ਉੱਥੇ ਸਰੀਰਕ ਅਤੇ ਮਾਨਸਿਕ ਸੰਤੁਲਨ ਬਣਾਈ ਰੱਖਣਾ ਵੱਡੀ ਚੁਣੌਤੀ ਬਣ ਗਿਆ ਹੈ। ਦਿਨ-ਚੜ੍ਹਦੇ ਕੰਮਾਂ ਦੀ ਭੱਜ-ਦੌੜ ਵਿੱਚ, ਮਨੁੱਖ ਅਕਸਰ ਆਪਣੇ ਆਤਮਿਕ ਸੁੱਖ-ਚੈਨ ਤੋਂ ਵਿਛੋੜਾ ਪਾ ਲੈਂਦਾ ਹੈ। ਇਹੋ ਜਿਹੀ ਹਾਲਤ ਵਿੱਚ, ਇਹ ਲੋੜੀਂਦਾ ਹੈ ਕਿ ਅਸੀਂ ਆਪਣੀ ਜੀਵਨ-ਸ਼ੈਲੀ, ਸੋਚ ਅਤੇ ਦਿਨਚਰਿਆ ਵਿੱਚ ਅਜਿਹੇ ਬਦਲਾਅ ਲਿਆਈਏ ਜਿਨ੍ਹਾਂ ਨਾਲ ਸਾਡੇ ਮਨ, ਸਰੀਰ ਅਤੇ ਜਜ਼ਬਾਤ ਸੰਤੁਲਿਤ ਰਹਿਣ। ਨਵੀਂ ਤਾਜ਼ਗੀ ਅਤੇ ਸ਼ਾਂਤੀ ਲੱਭਣ ਲਈ ਕੁਦਰਤ ਦੀ ਨੇੜਤਾ ਬਹੁਤ ਮਹੱਤਵਪੂਰਨ ਹੈ। ਪਰਬਤਾਂ ਦੀ ਠੰਡੀ ਹਵਾ, ਰੰਗ-ਬਿਰੰਗੇ ਫੁੱਲਾਂ ਦੀ ਮਹਿਕ, ਅਤੇ ਇਤਿਹਾਸਕ ਬਾਗਾਂ ਦੀ ਸ਼ਾਂਤੀ—ਇਹ ਸਭ ਕੁਝ ਆਤਮਿਕ ਠੰਡਕ ਦਿੰਦੇ ਹਨ। ਮਨ ਨੂੰ ਵੀ ਖ਼ੁਰਾਕ ਦੀ ਲੋੜ ਹੁੰਦੀ ਹੈ, ਜਿਵੇਂ ਸਰੀਰ ਨੂੰ। ਇਹੀ ਤਲਾਸ਼ ਸਾਨੂੰ ਪਿੰਜੌਰ ਗਾਰਡਨ ਵੱਲ ਖਿੱਚ ਲੈਂਦੀ ਹੈ।

ਇਤਿਹਾਸ ਦੇ ਪੰਨਿਆਂ ਨੂੰ ਜੇ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਇਹ ਬਾਗ 17ਵੀਂ ਸਦੀ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਸ਼ਾਸਨਕਾਲ ਦੇ ਸ਼ੁਰੂਆਤੀ ਦੌਰ ਵਿੱਚ ਉਸ ਦੇ ਨਿਕਟਵਰਤੀ, ਨਵਾਬ ਫਿਦਾਈ ਵਲੋਂ ਉਸ ਦੇ ਕੁਦਰਤੀਪਨ ਅਤੇ ਸ਼ਾਹੀ ਠਾਠ-ਬਾਠ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤਾ ਸੀ। ਇਹ ਬਾਗ਼ ਮੁਗਲ ਇਮਾਰਤਸਾਜ਼ੀ ਦੀ ਸ਼ਾਨਦਾਰ ਉਦਾਹਰਣ ਹੈ, ਜਿਸ ਵਿੱਚ ਚੋਟੀ ਦੀ ਪੱਥਰਕਾਰੀ, ਵਿਸ਼ਾਲ ਫੁਹਾਰੇ, ਸ਼ਾਨਦਾਰ ਬਾਗ਼ਬਾਨੀ, ਖਜੂਰਾਂ, ਅੰਬਾਂ ਆਦਿ ਦੇ ਦਰੱਖਤਾਂ ਅਤੇ ਸ਼ਾਂਤਮਈ ਆਲੇ-ਦੁਆਲੇ ਦੀ ਖ਼ੂਬਸੂਰਤੀ ਸ਼ਾਮਲ ਹੈ।

ਪਿੰਜੌਰ ਗਾਰਡਨ ਪਰਿਵਰਤਨ ਦੇ ਪਲਾਂ ਵਿਚ, ਇਹ ਸੁੰਦਰ ਬਾਗ਼ ਇੱਕ ਲੰਬੇ ਸਮੇਂ ਤੱਕ ਅਣਗੌਲਿਆ ਵੀ ਰਿਹਾ, ਜਿਸ ਕਰਕੇ ਇਹ ਕੁਦਰਤੀ ਤੌਰ 'ਤੇ ਇੱਕ ਜੰਗਲ ਦਾ ਰੂਪ ਧਾਰ ਗਿਆ। ਕਦੇ ਸ਼ਾਹੀ ਰੌਸ਼ਨੀ ਅਤੇ ਰਵਾਇਤੀ ਆਲੀਸ਼ਾਨ ਥਾਂ ਬਣਾਉਂਦੀਆਂ ਸਨ, ਜਿੱਥੇ ਸ਼ਾਹੀ ਪਰਿਵਾਰ ਦੀਆਂ ਰਾਣੀਆਂ ਅਤੇ ਕਨਵਾਰੀਆਂ ਆਪਣੀ ਜ਼ਿੰਦਗੀ ਦੀਆਂ ਸ਼ਾਨਦਾਰ ਪਲ ਨਾਲ ਜੀ ਸਕਦੀਆਂ ਸਨ।

"ਸੀਸ਼ ਮਹਿਲ" ਦੀਆਂ ਕੰਧਾਂ 'ਤੇ ਬਣੀ ਕੱਚ-ਕਲਾ, ਰੰਗ-ਬਰੰਗੀ ਰੋਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇਸੇ ਤਰ੍ਹਾਂ "ਰੰਗ ਮਹਿਲ" ਦੀਆਂ ਚਿੱਤਰਕਾਰੀ ਮੁਗਲ ਸਮੇਂ ਦੇ ਸਭਿਆਚਾਰਕ ਅਤੇ ਰਿਵਾਜ਼ਾਂ ਨੂੰ ਦਰਸਾਉਂਦੀਆਂ ਹਨ। "ਜਲ ਮਹਿਲ" ਆਪਣੇ ਫੁਹਾਰਿਆਂ ਅਤੇ ਸ਼ਾਂਤ ਮਾਹੌਲ ਨਾਲ ਆਤਮਿਕ ਠੰਡਕ ਪੈਦਾ ਕਰਦਾ ਹੈ।

ਗਾਰਡਨ ਦੇ ਨਾਲ "ਭੀਮਾ ਦੇਵੀ ਮਿਊਜ਼ੀਅਮ" ਵੀ ਸਥਿਤ ਹੈ, ਜੋ ਇਤਿਹਾਸਕ ਮਹੱਤਤਾ ਰਖਦਾ ਹੈ। ਪਿੰਜੋਰ ਖੁਦ ਇੱਕ ਪੁਰਾਤਨ ਸ਼ਹਿਰ ਹੈ, ਜੋ ਇਤਿਹਾਸਕ ਪਿਛੋਕੜ ਅਤੇ ਪੁਰਾਣਕਥਾਵਾਂ ਨਾਲ ਜੁੜਿਆ ਹੋਇਆ ਹੈ।

ਪਿੰਜੋਰ ਗਾਰਡਨ ਦੇ ਅੰਦਰ ਸੈਲਾਨੀਆਂ ਲਈ

ਹਰਿਆਣਾ ਟੂਰਿਜ਼ਮ ਇਸ ਸਮੇਂ ਪਿੰਜੋਰ ਗਾਰਡਨ ਦੀ ਸੰਭਾਲ ਕਰ ਰਿਹਾ ਹੈ, ਜਿੱਥੇ ਹਰ ਸਾਲ ਲੱਖਾਂ ਸੈਲਾਨੀ ਆਉਂਦੇ ਹਨ। ਤਿਉਹਾਰਾਂ ਦੌਰਾਨ ਇਹ ਗਾਰਡਨ ਰੌਸ਼ਨੀ, ਗੀਤ-ਸੰਗੀਤ, ਅਤੇ ਨਾਚ-ਗਾਣਿਆਂ ਨਾਲ ਰੌਣਕ ਭਰਭੂਰ ਬਣ ਜਾਂਦਾ ਹੈ। ਰਾਤ ਨੂੰ ਝਲਮਲਾਉਂਦੀਆਂ ਬੱਤੀਆਂ, ਚਮਕਦੇ ਫੁਹਾਰੇ, ਅਤੇ ਹਵਾ ਵਿੱਚ ਵੱਜ ਰਹੀਆਂ ਹੌਲੀ-ਹੌਲੀ ਧੁਨਾਂ ਦਿਲ







ਅੱਜ ਦੀ ਤਣਾਵ-ਭਰੀ ਜ਼ਿੰਦਗੀ ਵਿੱਚ, ਮਨੁੱਖ ਆਪਣੇ ਸੁੱਖ-ਆਰਾਮ ਤੋਂ ਦੂਰ ਹੋ ਰਿਹਾ ਹੈ। ਦਿਨਚਰਿਆ ਵਿੱਚ ਸ਼ਾਂਤੀ ਅਤੇ ਤਾਜ਼ਗੀ ਲਿਆਉਣ ਲਈ ਕੁਦਰਤ ਦੀ ਨੇੜਤਾ ਬੇਹੱਦ ਮਹੱਤਵਪੂਰਨ ਹੈ। ਸ਼ਿਵਾਲਿਕ ਪਹਾੜਾਂ ਦੇ ਪੈਰਾਂ ਹੇਠਾਂ ਵੱਸਿਆ "ਪਿੰਜੋਰ ਗਾਰਡਨ" ਇੱਕ ਐਸਾ ਇਤਿਹਾਸਕ ਸਥਾਨ ਹੈ, ਜਿੱਥੇ ਮੁਗਲ ਕਲਾ ਨਾਲ ਜੁੜੀਆਂ ਚਿਤਰਕਾਰੀਆ, ਰੰਗ-ਬਿਰੰਗੇ ਫੁੱਲ, ਠੰਡੀ ਹਵਾਵਾਂ ਅਤੇ। ਇਤਿਹਾਸਕ ਸ਼ਾਨੋ-ਸ਼ੌਕਤ ਯਾਤਰੀਆਂ ਨੂੰ ਮੋਹ ਲੈਂਦੀ ਹੈ। ਸੋ "ਡਿਪਰੈਸ਼ਨ ਤੋਂ ਬਚਣ ਦਾ ਇੱਕ ਪਹਿਲੂ, ਜ਼ਿੰਦਗੀ ਵਿੱਚ ਬਦਲਾਅ ਜ਼ਰੂਰੀ ਹੈ ਤੇ ਜ਼ਿੰਦਗੀ ਨੂੰ ਬੇਹਤਰ ਬਣਾਉਣ ਲਈ ਆਓ, ਪਿੰਜੋਰ ਗਾਰਡਨ ਦੀ ਸੈਰ ਕਰੀਏ!"

ਪਿੰਜੌਰ ਗਾਰਡਨ, ਚੰਡੀਗੜ੍ਹ-ਸ਼ਿਮਲਾ ਹਾਈਵੇਅ 'ਤੇ, ਚੰਡੀਗੜ੍ਹ ਤੋਂ 22 ਕਿ: ਮੀ,: ਦੂਰ, ਹਰਿਆਣਾ ਦੇ ਪੰਚਕੂਲਾ ਜਿਲ੍ਹੇ ਵਿੱਚ ਸਥਿਤ ਹੈ ਜ਼ੋ ਕਿ ਇੱਕ ਗਾਰਡਨ ਹੀ ਨਹੀਂ, ਸਗੋਂ ਆਤਮਿਕ ਸ਼ਾਂਤੀ ਅਤੇ ਮਨ ਦੀ ਖ਼ੁਰਾਕ ਦਾ ਕੇਂਦਰ ਵੀ ਹੈ। ਅਗਰ ਤੁਸੀਂ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਸ਼ਾਂਤੀ ਦੀ ਤਲਾਸ਼ ਕਰ ਰਹੇ ਹੋ, ਤਾਂ ਆਓ, ਪਿੰਜੋਰ ਗਾਰਡਨ ਦੀ ਸੈਰ ਕਰੀਏ! ਇਹ ਬਾਗ਼ ਨਾ ਕੇਵਲ ਆਪਣੀ ਸੰਭਾਲੀ ਹੋਈ ਹਰਿਆਲੀ ਅਤੇ ਫੁਹਾਰਿਆਂ ਦੀ ਸ਼ੁੱਧਤਾ ਕਰਕੇ ਮਸ਼ਹੂਰ ਹੈ, ਸਗੋਂ ਇਹ ਇਤਿਹਾਸ ਦੇ ਪੰਨਿਆਂ ਵਿੱਚ ਵੀ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਗਾਰਡਨ ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਨਾਲ ਵੀ ਜੁੜਿਆ ਹੋਇਆ ਹੈ ਅਤੇ ਮਹਾਰਾਜਾ ਯਦਵਿੰਦਰ ਸਿੰਘ ਦੀ ਦੂਰਅੰਦੇਸ਼ੀ ਨਾਲ ਇਹ ਬਾਗ਼ ਆਪਣੇ ਮੁਗਲ ਰਚਨਾ ਸ਼ੈਲੀ ਅਤੇ ਪਹਾੜੀ ਝਲਕਾਂ ਨੂੰ ਸੰਜੋਇਆ ਹੋਇਆਂ ਹੈ। ਜੋ ਵੀ ਯਾਤਰੀ ਇੱਥੇ ਆਉਂਦੇ ਹਨ, ਉਹ ਇਸ ਦੀ ਸੁੰਦਰਤਾ ਅਤੇ ਸ਼ਾਂਤੀ ਭਰੀ ਵਾਤਾਵਰਣ ਵਿੱਚ ਖੋ ਜਾਂਦੇ ਹਨ।

ਹਰਿਅਲੀ ਨਾਲ ਭਰਪੂਰ ਇਹ ਥਾਂ ਵਕਤ ਦੇ ਤਗਿਆਣੀ ਮਾਰ ਝੱਲਦਿਆਂ ਆਪਣੇ ਖ਼ੂਬਸੂਰਤੀ ਨੂੰ ਖੋ ਬੈਠਾ, ਤਦ ਪਟਿਆਲਾ ਰਿਆਸਤ ਦੇ ਮਹਾਰਾਜਿਆਂ ਨੇ ਇਸ ਬਾਗ਼ ਦੀ ਦਿੱਖ ਨੂੰ ਦੁਬਾਰਾ ਜ਼ਿੰਦਾ ਕਰਨ ਦੀ ਕੋਸ਼ਿਸ਼ ਕੀਤੀ। ਇਹਨਾਂ ਦੀ ਸੰਭਾਲ ਅਤੇ ਮੁਸ਼ੱਕਤ ਦੀ ਬਦੌਲਤ, ਪਿੰਜੋਰ ਗਾਰਡਨ ਨੇ ਆਪਣੀ ਪਹਿਲਾਂ ਵਾਲੀ ਸ਼ਾਨੋ-ਸ਼ੌਕਤ ਮੁੜ ਪ੍ਰਾਪਤ ਕੀਤੀ। ਮਹਾਰਾਜਾ ਯਾਦਵਿੰਦਰ ਸਿੰਘ ਦੇ ਸਨਮਾਨ ਵਿੱਚ, ਇਹ ਬਾਗ਼ ਉਨ੍ਹਾਂ ਦੇ ਨਾਮ ਨਾਲ "ਯਾਦਵਿੰਦਰਾ ਗਾਰਡਨ" ਵਜੋਂ ਵੀ ਪ੍ਰਸਿੱਧ ਹੈ।

ਜ਼ਮਾਨੇ ਬਦਲੇ, ਪਰ ਪਿੰਜੌਰ ਗਾਰਡਨ ਦੀ ਸੁੰਦਰਤਾ ਅਜੇ ਵੀ ਬੇਮਿਸਾਲ ਹੈ। ਇਸ ਬਾਗ ਦੀ ਵਿਲੱਖਣ ਖ਼ੂਬਸੂਰਤੀ ਦੇ ਦਿਲਕਸ਼ ਦ੍ਰਿਸ਼ ਅੱਜ ਵੀ ਹਰ ਦਿਲ ਵਿੱਚ ਇਕ ਅਲੱਗ ਉਤਸ਼ਾਹ ਭਰ ਦਿੰਦੇ ਹਨ। ਇੱਥੇ ਦਾਖਲ ਹੋਣ 'ਤੇ, ਕਿਲੇਨੁਮਾ ਦਰਵਾਜ਼ੇ, ਸ਼ਾਨਦਾਰ ਫੁਹਾਰੇ, ਅਤੇ ਹਰੇ-ਭਰੇ ਪਾਰਕ ਆਪਣੀ ਖਾਸ ਪਹਿਚਾਣ ਬਣਾਉਂਦੇ ਹਨ ਉੱਤੇ ਜਲ ਮਹਿਲ, ਰੰਗ ਮਹਿਲ, ਰਾਣੀ ਮਹਿਲ, ਸ਼ੀਸ਼ ਮਹਿਲ ਮੌਜੂਦ ਹਨ। "ਸ਼ੀਸ਼ ਮਹਿਲ" ਅਤੇ "ਰੰਗ ਮਹਿਲ" ਦੀ ਸੁੰਦਰਤਾ ਦਿਲ ਮੋਹ ਲੈਂਦੀ ਹੈ। "ਰਾਣੀ ਮਹਿਲ" ਵਿੱਚ ਤਿੰਨ ਵਿਲੱਖਣ ਹਿੱਸੇ ਹਨ—ਜਹਾਨ ਆਰਾ ਬੇਗਮ, ਮਹਿਤਾਬ ਬੇਗਮ, ਅਤੇ ਰੋਸ਼ਨ ਆਰਾ—ਜੋ ਇਤਿਹਾਸ ਅਤੇ ਆਧੁਨਿਕਤਾ ਦਾ ਮਿਲਾਪ ਹਨ। ਰਾਣੀ ਮਹਿਲ ਸ਼ਾਹੀ ਔਰਤਾਂ ਦੀ ਰਹਿਣ ਲਈ ਇੱਕ ਵਿਸ਼ੇਸ਼ ਅਤੇ ਰਮਣੀਕ ਸਥਾਨ ਸੀ, ਜਿੱਥੇ ਸ਼ਾਹੀ ਪਰਿਵਾਰ ਦੀਆਂ ਮਹਿਲਨਸ਼ੀਨ ਔਰਤਾਂ ਆਰਾਮ ਅਤੇ ਮਨੋਰੰਜਨ ਕਰਦੀਆਂ ਸਨ। ਇਹ ਇਕ ਐਸਾ ਸੁੰਦਰ ਅਤੇ ਵਿਹੜਾ ਥਾਂ ਸੀ, ਜਿੱਥੇ ਰਾਜਸੀ ਔਰਤਾਂ ਦੀ ਗੁਪਤਤਾ ਅਤੇ ਨਿੱਜਤਾ ਨੂੰ ਪੂਰਾ ਸੁਰੱਖਿਅਤ ਰੱਖਿਆ ਜਾਂਦਾ ਸੀ। ਮਹਿਲ ਦੀ ਸ਼ਾਨ, ਸੋਹਣੀ ਬਣਤਰ, ਸੁੰਦਰ ਬਾਗਬਾਨੀਆਂ, ਅਤੇ ਸ਼ਾਨਦਾਰ ਸਜਾਵਟ ਇਸ ਨੂੰ ਇਕ ਐਸਾ ਅਦੁੱਤੀ

ਵੱਖ-ਵੱਖ ਤਰ੍ਹਾਂ ਦੀਆਂ ਖਾਣ-ਪੀਣ ਦੀਆਂ ਦੁਕਾਨਾਂ ਵੀ ਮੌਜੂਦ ਹਨ, ਇੱਥੇ ਹਰੇ-ਭਰੇ ਵਾਤਾਵਰਣ ਵਿੱਚ ਆਰਾਮ ਕਰਨ ਲਈ ਮੋਟਲ ਰੂਮ, ਰੈਸਟੋਰੈਂਟ, ਅਤੇ ਬਾਰ ਆਦਿ ਵੀ ਮੌਜੂਦ ਹਨ, ਜਿੱਥੇ ਉਹ ਸੁਆਦਿਸ਼ਟ ਵਸਤਾਂ ਦਾ ਆਨੰਦ ਮਾਣ ਸਕਦੇ ਹੋ। ਇੱਥੇ ਹਰ ਕਿਸਮ ਦੀ ਰੁਚੀ ਲਈ ਕੁਝ ਨਾ ਕੁਝ ਉਪਲਬਧ ਹੈ—ਤਾਜ਼ਾ ਫਲ-ਫ਼ਰੂਟ ਤੋਂ ਲੈ ਕੇ ਰਵਾਇਤੀ ਖਾਣ-ਪੀਣ ਤਕ। ਸੁੰਦਰ ਨਜ਼ਾਰਿਆਂ ਦੇ ਵਿਚਕਾਰ ਬੈਠ ਕੇ ਸੁਆਦ ਲੈਣਾ ਇੱਕ ਵਿਲੱਖਣ ਅਨੰਦ ਪ੍ਰਦਾਨ ਕਰਦਾ ਹੈ, ਜੋ ਸੈਲਾਨੀਆਂ ਦੀ ਯਾਤਰਾ ਨੂੰ ਹੋਰ ਮਜ਼ੇਦਾਰ ਬਣਾ ਦਿੰਦਾ ਹੈ।

ਇਸ ਗਾਰਡਨ ਦੀ ਵਿਖਿਆਤ ਰੇਲ ਗੱਡੀ, ਜੋ ਆਮ ਸੈਲਾਨੀਆਂ ਲਈ ਖ਼ਾਸ ਕਰਕੇ ਬੱਚਿਆਂ ਅਤੇ ਪਰਿਵਾਰਾਂ ਵਿੱਚ ਬੇਹੱਦ ਮਨਪ੍ਰਚਾਵੇ ਦਾ ਸਾਧਨ ਬਣ ਗਈ ਹੈ। ਇਸ ਰੇਲ ਗੱਡੀ ਦਾ ਢਾਂਚਾ, ਉਸ ਦੇ ਡੱਬੇ ਦੇਖ ਬੱਚੇ ਖੁਸ਼ੀ ਵਿੱਚ ਖਿਲ ਉਠਦੇ ਹਨ ਉਥੇ ਇਹ ਬੱਚਿਆਂ ਦੇ ਮਨ ਨੂੰ ਮੋਹ ਲੈਂਦੀ ਹੈ ਤੇ ਇੰਝ ਜਾਪਦਾ ਜਿਵੇਂ ਇਹ ਰੇਲ ਗੱਡੀ ਪਿੰਜੌਰ ਗਾਰਡਨ ਦੀ ਰੂਹ ਹੋਵੇ। ਜਦੋਂ ਇਹ ਰੇਲ ਗੱਡੀ ਹੌਲੀ-ਹੌਲੀ ਬਾਗ ਦੇ ਹਰੇ-ਭਰੇ ਮਾਰਗਾਂ ਨੇੜਿਉਂ ਲੰਘਦੀ ਹੈ ਤਾਂ ਇਸ ਦੇ ਚੂਟਿਆ ਦਾ ਵੱਖ਼ਰਾ ਨਜ਼ਾਰਾ ਯਾਦਗਾਰੀ ਪਲ ਬਣ ਜਾਂਦਾ ਹੈ। ਇਸ ਰੇਲ ਗੱਡੀ ਦਾ ਨਜ਼ਾਰਾ ਚਾਹੇ ਬਸੰਤ ਬਹਾਰ ਹੋਵੇ ਤੇ ਭਾਵੇਂ ਪਤਝੜ ਦੀ ਬਹਾਰ ਹੋਵੇ ਹਰ ਮੌਸਮ ਵਿੱਚ ਇੱਕ ਨਵੀਂ ਕਹਾਣੀ ਲਿਖਦਾ ਹੈ। ਖ਼ਾਸ ਕਰਕੇ ਨੰਨੇ ਮੁੰਨੇ ਬੱਚਿਆਂ ਲਈ, ਇਹ ਕੇਵਲ ਇੱਕ ਸੈਰ ਹੀ ਨਹੀਂ, ਬਲਕਿ ਇੱਕ ਅਨੰਦਮਈ ਯਾਤਰਾ ਹੈ, ਜਿਸ ਤੇ ਸਵਾਰ ਹੋ ਕੇ

ਖਿੜ੍ਹਦੇ ਫੁੱਲ, ਬਾਗ਼ ਬਹਾਰਾਂ ਅਤੇ ਇਤਿਹਾਸਕ ਇਮਾਰਤ ਨੂੰ ਵੇਖ ਸਕਦੇ ਹਨ। ਇਸ ਰੇਲ ਗੱਡੀ ਵਿੱਚ ਪ੍ਰੀਵਾਰ ਨਾਲ ਸਵਾਰ ਹੋ ਕੇ ਕੁਝ ਖੂਬਸੂਰਤ ਲਮ੍ਹੇ ਗੁਜ਼ਾਰਕੇ ਇੱਕ ਵਧੀਆਂ ਅਨੁਭਵ ਬਣ ਜਾਂਦੇ ਹਨ।

ਖਿੱਚਵਾਂ ਨਜ਼ਾਰਾ ਪੇਸ਼ ਕਰਦੀਆਂ ਹਨ।

ਪਿੰਜੋਰ ਗਾਰਡਨ ਦੇ ਕਾਊਂਟਰ ਇੰਚਾਰਜ ਦਿਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਤੋਂ ਇਲਾਵਾ ਪਿੰਜੋਰ ਗਾਰਡਨ ਦੇ ਇੰਚਾਰਜ ਅਸ਼ਵਨੀ ਸ਼ਰਮਾ ਸਮੇਤ 48 ਮੁਲਾਜ਼ਮ ਇੱਥੇ ਤਾਇਨਾਤ ਹਨ। 23 ਪੱਕੇ ਅਤੇ 25 ਲੇਬਰ ਮੁਲਾਜ਼ਮ ਗਾਰਡਨ ਦੀ ਸਾਫ਼-ਸਫ਼ਾਈ, ਦੇਖਭਾਲ, ਅਤੇ ਇੰਤਜ਼ਾਮੀ ਕੰਮਾਂ ਵਿੱਚ ਜੁਟੇ ਰਹਿੰਦੇ ਹਨ। ਉਨ੍ਹਾਂ ਨੇ ਇਥੋਂ ਦੇ ਸੰਪੂਰਨ ਪ੍ਰਬੰਧਾਂ ਦੀ ਤਸੱਲੀ ਪ੍ਰਗਟ ਕੀਤੀ ਅਤੇ ਲੇਖਕ ਨੂੰ "ਰਿਸਪਲੈਂਡੈਂਟ ਐਂਡ ਸਟਿਮਿਊਲੇਟਿੰਗ" ਨਾਮਕ ਹਰਿਆਣਾ ਟੂਰਿਜ਼ਮ ਦੀ ਇੱਕ ਕਿਤਾਬ ਭੇਂਟ ਕੀਤੀ।

ਇੱਥੇ ਫੋਟੋਗ੍ਰਾਫੀ ਦੀ ਠੇਕੇਦਾਰੀ ਲੈਣ ਵਾਲੇ ਸੋਨੂੰ ਅਤੇ ਉਸ ਦਾ ਸਹਾਇਕ, ਇੱਕ ਨੌਜਵਾਨ ਲੜਕਾ "ਪੁਦੀਨਾ", ਹਸਮੁੱਖ ਅੰਦਾਜ਼ ਵਿੱਚ ਗੱਲ ਕਰਦੇ ਹੋਏ ਦੱਸਦੇ ਹਨ ਕਿ ਪਹਿਲਾਂ ਸੈਲਾਨੀ ਇੱਥੇ ਵਿਸ਼ੇਸ਼ ਤਸਵੀਰਾਂ ਖਿੱਚਵਾਉਂਦੇ ਸਨ, ਪਰ ਹੁਣ ਮੋਬਾਈਲ ਫੋਟੋਗ੍ਰਾਫੀ ਨੇ ਉਨ੍ਹਾਂ ਦੇ ਕੰਮ 'ਤੇ ਪ੍ਰਭਾਵ ਪਾਇਆ ਹੈ, ਫਿਰ ਵੀ ਛੁੱਟੀ ਵਾਲੇ ਦਿਨ ਉਨ੍ਹਾਂ ਨੂੰ ਗੁਜ਼ਾਰੇ ਲਾਇਕ ਕੰਮ ਮਿਲ ਜਾਂਦਾ ਹੈ। "ਪੁਦੀਨਾ" ਨੇ ਲੇਖਕ ਦੀ ਧਰਮ ਪਤਨੀ ਦੇ ਨਿੱਜੀ ਮੋਬਾਈਲ 'ਤੇ ਉਨ੍ਹਾਂ ਦੀਆਂ ਦੋ ਬੇਮਿਸਾਲ ਤਸਵੀਰਾਂ ਵੀ ਖਿੱਚੀਆਂ, ਜੋ ਪਿੰਜੋਰ ਗਾਰਡਨ ਦੀ ਰੌਣਕ ਦੀ ਇੱਕ ਮਿੱਠੀ ਯਾਦ ਬਣ ਗਈਆਂ।

ਅੰਤ: ਪਿੰਜੋਰ ਗਾਰਡਨ ਵਰਗੀਆਂ ਥਾਵਾਂ ਸਿਰਫ਼ ਸੈਰ-ਸਪਾਟਾ ਨਹੀਂ, ਸਗੋਂ ਅੰਦਰੂਨੀ ਸ਼ਾਂਤੀ ਅਤੇ ਨਵੀਂ ਤਾਜ਼ਗੀ ਲਿਆਉਣ ਵਾਲੀਆਂ ਥਾਵਾਂ ਵੀ ਹਨ। ਜੇਕਰ ਤੁਸੀਂ ਹੁਣ ਤੱਕ ਪਿੰਜੋਰ ਗਾਰਡਨ ਦੀ ਸੁੰਦਰਤਾ ਨਹੀਂ ਵੇਖੀ, ਤਾਂ ਇੱਕ ਵਾਰ ਇੱਥੇ ਜ਼ਰੂਰ ਆਓ। ਇਹ ਇਤਿਹਾਸ, ਸੁੰਦਰਤਾ, ਅਤੇ ਸ਼ਾਂਤੀ ਨੂੰ ਇੱਕੋ ਥਾਂ ਤੇ ਮਹਿਸੂਸ ਕਰਨ ਦਾ ਸੁਨਹਿਰੀ ਮੌਕਾ ਹੈ।

## ਮਿੰਨੀ ਕਹਾਣੀ: "ਵਾਰੀ ਤਾਂ ਸਭ ਦੀ ਆਉਣੀ ਹੈ"

ਜੀਵਨ ਦਾ ਇਹ ਅਟੱਲ ਸੱਚ ਕਿ ਹਰ ਆਇਆ ਜੀਵ ਇੱਕ ਦਿਨ ਜ਼ਰੂਰ ਜਾਵੇਗਾ, ਫਿਰ ਵੀ ਮਨੁੱਖ ਦੇ ਦਿਲ ਵਿੱਚ ਇੱਕ ਅਣਜਾਣੀ ਆਸ ਬਣੀ ਰਹਿੰਦੀ ਹੈ ਕਿ ਸ਼ਾਇਦ ਮੈਂ ਨਹੀਂ ਮਰਨਾ, ਪਰ ਵਾਰੀ ਤਾਂ ਸਭ ਦੀ ਆਉਣੀ ਹੀ ਆਉਣੀ ਹੈ। ਜੋ ਮਾਲਕ ਨੇ ਨਿਯਮ ਬਣਾਏ ਹਨ, ਉਸ ਤੋਂ ਮਨੁੱਖ ਭੋਰਾ ਵੀ ਟਸ ਤੋਂ ਮਸ ਨਹੀਂ ਹੋ ਸਕਦਾ। ਅਸੀਂ ਆਪਣੇ ਆਲੇ-ਦੁਆਲੇ ਦੇ ਬਹੁਤ ਸਾਰੇ ਲੋਕਾਂ ਨੂੰ ਜੰਮਦੇ, ਵਧਦੇ, ਤੇ ਮਰਦੇ ਵੇਖਦੇ ਹਾਂ, ਪਰ ਆਪਣੇ ਆਪ ਨੂੰ ਇਸ ਲਾਈਨ ਵਿੱਚ ਖੜ੍ਹਾ ਨਹੀਂ ਕਰਦੇ। ਇਹ ਮਨੁੱਖੀ ਚਿੱਤ ਦੀ ਇੱਕ ਅਜੀਬ ਮਨੋਵਿਗਿਆਨਿਕ ਗੁੰਝਲ ਹੈ। ਭੁਲੇਖਾ ਹੀ ਰਹਿੰਦਾ ਹੈ ਕਿ ਇਹ ਮਰਨਾ ਹੋਰਨਾਂ ਲਈ ਹੈ।

ਅਸੀਂ ਸਮਾਂ ਦਰ ਸਮਾਂ ਆਪਣੇ ਭਵਿੱਖ ਬਾਰੇ ਸੋਚਣ ਵਿੱਚ ਬੀਤਾਉਂਦੇ ਹਾਂ। ਪੈਸਾ ਕਿਵੇਂ ਕਮਾਇਆ ਜਾਵੇ ? ਘਰ ਕਿਵੇਂ ਬਣਾਇਆ ਜਾਵੇ ? ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੇ ਵਿਆਹ, ਤੇ ਸਮਾਜ ਵਿੱਚ ਆਪਣੀ ਸ਼ੌਹਰਤ — ਇਹਨਾਂ ਸਾਰੀਆਂ ਗੱਲਾਂ ਬਾਰੇ ਅਸੀਂ ਸੋਚਦੇ ਹਾਂ, ਪਰ ਇੱਕ ਵਾਰ ਵੀ ਇਹ ਯਾਦ ਨਹੀਂ ਕਰਦੇ ਕਿ ਇਹ ਸਭ ਅਸੀਂ ਇਥੋਂ ਹੀ ਲਿਆ ਤੇ ਇਥੇ ਹੀ ਛੱਡ ਜਾਣਾ ਹੈ।

ਰਾਮਪਾਲ, ਜੋ ਵਿਭਾਗ ਵਿੱਚ ਸਿਰੇ ਦਾ ਜ਼ਿਲ੍ਹਾ ਅਧਿਕਾਰੀ ਸੀ, ਇਮਾਨਦਾਰੀ ਅਤੇ ਨਿਸ਼ਪੱਖਤਾ ਦੀ ਮਿਸਾਲ ਸੀ। ਉਸ ਦੀ ਨਿਸ਼ਠਾ ਸਿਰਫ਼ ਇੱਕ ਕਰਤਵ ਨਹੀਂ, ਬਲਕਿ ਇੱਕ ਮਿਸ਼ਨ ਸੀ। ਦਿਲੋਂ ਸੁੱਚਾ ਤੇ ਨਿਆਉਂ ਪਸੰਦ, ਪਰ ਵਿਭਾਗ ਦੇ ਕੰਮਕਾਜ ਵਿੱਚ ਥੋੜੀ ਵੀ ਢਿੱਲ ਨਹੀਂ ਸੀ ਸਹਿੰਦਾ ਤੇ ਜਦ ਵੀ ਵਿਭਾਗ ਦੇ ਕੰਮਕਾਜ ਤੇ ਸਖ਼ਤੀ ਦਾ ਪਹਿਰਾ ਦੇਣਾ ਪੈਂਦਾ, ਕੁਝ ਆਲਸੀ ਮੁਲਾਜ਼ਮ ਪਰਦੇ ਪਿੱਛੇ ਮਾੜਾ-ਚੰਗਾ ਕਹਿੰਦੇ। ਜਦ ਰਾਮਪਾਲ ਨੂੰ ਇਹ ਪਤਾ ਲੱਗਦਾ, ਤਾਂ ਉਹ ਹੱਸ ਕੇ ਕਹਿੰਦਾ, "ਮੈਂ ਆਪਣੇ ਦਿਲੋਂ ਕਿਸੇ ਨੂੰ ਕੁਝ ਨਹੀਂ ਕਹਿੰਦਾ, ਵਿਭਾਗ ਦੇ ਕੰਮਾਂ ਨੂੰ ਚੁਸਤ-ਦਰੁਸਤ ਕਰਨ ਲਈ ਕਹਿਣਾ ਹੀ ਪੈਂਦਾ ਹੈ। ਮੇਰਾ ਕੋਈ ਪਰਸਨਲ ਕੰਮ ਤਾਂ ਹੈ ਨਹੀਂ।"

ਸੇਵਾ ਮੁਕਤੀ ਤੋਂ ਕੁਝ ਮਹੀਨਿਆਂ ਵਿੱਚ ਹੀ ਰਾਮਪਾਲ ਅੱਲਾ ਨੂੰ ਪਿਆਰਾ ਹੋ ਗਿਆ। ਉਸ ਦੇ ਭੋਗ ਤੇ ਬਹੁਤ ਲੋਕ ਆਏ, ਪਰ ਉਸ ਦੇ ਕਾਰਜਕਾਲ ਵਿੱਚ, ਜੋ ਉਸ ਦੇ ਅੱਗੇ-ਪਿੱਛੇ ਫਿਰਦੇ ਤੇ ਮਾੜਾ-ਚੰਗਾ ਕਹਿੰਦੇ ਸਨ, ਉਹਨਾਂ ਵਿੱਚੋਂ ਕੋਈ ਵੀ ਉਥੇ ਵੇਖੇ ਸੁਣੇਂ ਨਹੀਂ, ਪਰ ਇਹ ਜ਼ਰੂਰ ਵੇਖਿਆਂ ਸੁਣਿਆਂ ਕਿ ਇੱਕ ਮੁਲਾਜ਼ਮ ਰਵਿੰਦਰ ਕੁਮਾਰ ਉੱਚੀ ਉੱਚੀ ਕਹਿ ਰਿਹਾ ਸੀ, "ਕੋਈ ਨਾ, ਵਾਰੀ ਤਾਂ ਸਭ ਦੀ ਆਉਣੀ ਹੈ..."

**ਲੇਖਕ- ਰਾਜਿੰਦਰ ਸਿੰਘ ਰਾਜਨ ਪਠਾਨਕੋਟ**

## ਜੱਖੂ ਹਸਪਤਾਲ ਵੱਲੋਂ ਵਿਸਾਖੀ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮਦਿਨ ਦੀ ਖੁਸ਼ੀ 'ਚ ਫ੍ਰੀ ਮੈਡੀਕਲ ਚੈਕਅੱਪ ਕੈਂਪ 13 ਨੂੰ



**ਫਗਵਾੜਾ-** ਜੱਖੂ ਮਲਟੀਸ਼ਪੈਸ਼ਲਿਟੀ ਹਸਪਤਾਲ ਚਾਹਲ ਨਗਰ ਫਗਵਾੜਾ ਵੱਲੋਂ ਵਿਸਾਖੀ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਜੀ ਦੇ ਜਨਮਦਿਨ ਦੀ ਖੁਸ਼ੀ ਵਿੱਚ ਵਿਸ਼ਾਲ ਫ੍ਰੀ ਮੈਡੀਕਲ ਚੈਕਅੱਪ ਕੈਂਪ ਜੱਖੂ ਜਠੇਰਿਆ ਦੇ ਪਵਿੱਤਰ ਅਸਥਾਨ ਪਿੰਡ ਘੁੜਕਾ ਵਿਖੇ ਮਿਤੀ 13 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਬਾਦ ਦੁਪਹਿਰ 3 ਵਜੇ ਤੱਕ ਲਗਾਇਆ ਜਾਵੇਗਾ। ਜੱਖੂ ਹਸਪਤਾਲ ਚਾਹਲ ਨਗਰ ਫਗਵਾੜਾ ਦੇ ਪ੍ਰਮੁੱਖ ਡਾਕਟਰ ਹਰਜਿੰਦਰ ਸਿੰਘ ਜੱਖੂ ਐਮ।ਡੀ। ਮੈਡੀਸਨ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਮਰੀਜ਼ਾਂ ਦਾ ਫਰੀ ਚੈਕਅੱਪ ਕਰੇਗੀ ਅਤੇ ਮਰੀਜ਼ਾਂ ਨੂੰ 3 ਦਿਨ ਦੀ ਦਵਾਈ ਫ੍ਰੀ ਦਿੱਤੀ ਜਾਵੇਗੀ ਅਤੇ ਲੈਬ ਟੈਸਟ 'ਤੇ 75 ਪ੍ਰਤੀਸ਼ਤ ਦੀ ਛੋਟ ਦਿੱਤੀ ਜਾਵੇਗੀ। ਡਾਕਟਰ ਹਰਜਿੰਦਰ ਸਿੰਘ ਜੱਖੂ ਨੇ ਜੱਖੂ ਪਰਿਵਾਰਾਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕੈਂਪ ਵਿੱਚ ਪਹੁੰਚ ਕੇ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉ। ਉਨ੍ਹਾਂ ਨੇ ਕਿਹਾ ਕਿ ਜੱਖੂ ਹਸਪਤਾਲ ਵਲੋਂ ਸ਼ੁਰੂ ਕੀਤੀ ਫ੍ਰੀ ਮੈਡੀਕਲ ਚੈਕਅੱਪ ਕੈਂਪ ਲਗਾਉਣ ਦੀ ਲੜੀ ਨੂੰ ਇਸੇ ਤਰ੍ਹਾ ਅੱਗੇ ਵੀ ਜਾਰੀ ਰੱਖਿਆ ਜਾਵੇਗਾ।

# ਅੰਬੇਡਕਰ ਬਾਬਾ ਦੇ ਫਿਰ ਤੋਂ ਆਉਣ ਦੀ ਸਖ਼ਤ ਜ਼ਰੂਰਤ

## ਸਵਾਰਥ ਦੀਆਂ ਤੰਗ ਗਲੀਆਂ 'ਚ ਫਸ ਕੇ ਨੇਤਾ ਲੋਕ ਰਸਤੇ ਤੋਂ ਭਟਕ ਗਏ ਹਨ, ਸਮਾਜਿਕ ਕ੍ਰਾਂਤੀ ਕਿੱਥੇ ਹੈ?



ਕੇ. ਸੀ. ਸੁਲੇਖ
0172-4623503

ਕੀ ਵਰਤਮਾਨ ਦਲਿਤ ਲੀਡਰਸ਼ਿਪ (ਆਗੂ ਮੰਡਲੀ) ਨੇ ਰੋਹਿਤ ਵੇਮੁਲਾ ਵਰਗੇ ਨੌਜਵਾਨ ਅੰਬੇਡਕਰੀ ਪੈਰੋਕਾਰਾਂ ਨੂੰ ਨਿਰਾਸ਼ ਕੀਤਾ ਹੈ? ਇਸ ਸਵਾਲ ਨੂੰ ਲੈ ਕੇ ਪ੍ਰਸਿੱਧ ਟੀ. ਵੀ. ਐਂਕਰ /ਲੇਖਿਕਾ ਸਾਗਰਿਕਾ ਘੋਸ਼ ਨੇ 'ਦਾ ਟਾਈਮਜ਼ ਆਫ ਇੰਡੀਆ '3-2-16) ਵਿਚ ਛਪੇ ਆਪਣੇ ਲੇਖ Wanted : Ambedkar 2.0 ਵਿਚ ਦਲਿਤ ਲੀਡਰਾਂ ਅਤੇ ਦਲਿਤ ਰਾਜਨੀਤੀ ਬਾਰੇ ਵਿਸਥਾਰ ਪੂਰਵਕ ਟਿੱਪਣੀ ਕੀਤੀ ਹੈ ਅਤੇ ਨਾਲ ਹੀ ਨਾਲ ਵਾਪਰ ਰਹੇ ਡੂੰਘੇ ਸੰਕਟ 'ਚੋਂ ਨਿਕਲਣ ਲਈ ਫਿਰ ਤੋਂ ਇਕ ਅੰਬੇਡਕਰ ਆਉਣ ਦੀ ਜ਼ਰੂਰਤ ਨੂੰ ਮਹਿਸੂਸ ਕਰਾਇਆ ਬਣਾਉਣ ਵਾਲੇ ਖਾਸ ਕਰ ਪੇਸ਼ਾਵਰ ਨੇਤਾਵਾਂ ਲਈ ਸੋਚਣ ਅਤੇ ਕੋਈ ਫੈਸਲਾਕੁੰਨ ਮੋੜ ਲੈਣ ਲਈ ਵੰਗਾਰ ਦਾ ਕੰਮ ਕਰ ਸਕਦੀ ਹੈ।

ਕਹਿਣ ਨੂੰ ਤਾਂ ਦਲਿਤ ਅਖਵਾਉਣ ਵਾਲੀ ਜਨਤਾ ਗਿਣਤੀ ਪੱਖੋਂ ਹੋਰ ਕਿਸੇ ਵੀ ਇਕੱਲੇ ਸਮੁਦਾਇ ਦੇ ਮੁਕਾਬਲੇ ਸਭ ਤੋਂ ਵੱਧ ਹੈ ਅਤੇ ਸਮੁੱਚੇ ਤੌਰ ਤੇ ਭਾਰਤ ਦੇਸ਼ ਦੀ ਕੁੱਲ ਆਬਾਦੀ ਦੇ ਲੱਗਭੱਗ ਤੀਜੇ ਹਿੱਸੇ ਦੇ ਬਰਾਬਰ ਹੈ। ਫਿਰ ਵੀ ਗਰੀਬੀ, ਭੁੱਖਮਰੀ, ਅਨਪੜ੍ਹਤਾ, ਦਰਿੱਦਰਤਾ, ਬਿਮਾਰੀਆਂ ਪੱਖੋਂ ਵੀ ਉਹ ਸਭ ਤੋਂ ਉਪਰ ਹੈ (ਅੰਕੜੇ ਆਏ ਦਿਨ ਛਪਦੇ ਰਹਿੰਦੇ ਹਨ) ਦਬੰਗ ਅਤੇ ਜਾਬਰ ਲੋਕਾਂ/ਤਬਕਿਆਂ ਵੱਲੋਂ ਕੀਤੇ ਜਾ ਰਹੇ ਜ਼ੁਲਮ, ਅੱਤਿਆਚਾਰਾਂ, ਬੇਇਨਸਾਫੀਆਂ ਅਤੇ ਜ਼ਿਆਦਤੀਆਂ ਦੇ ਸਭ ਤੋਂ ਵੱਡੇ ਸ਼ਿਕਾਰ ਜੇ ਕੋਈ ਹੈ ਤਾਂ ਉਹ ਵੀ ਇਹੀ ਲੋਕ ਹਨ। ਕੀ ਇਹੀ ਜਿਹੇ ਲੂੰ ਖੜ੍ਹੇ ਕਰਨ ਵਾਲੇ ਹਾਲਾਤ ਕਿਸੇ ਵੀ ਸੋਚਵਾਨ ਵਿਚਾਰਸ਼ੀਲ ਵਿਅਕਤੀ ਖਾਸ ਕਰ ਲੋਕਾਂ ਦੇ ਬਣੇ ਨੁਮਾਇੰਦੇ ਲੀਡਰਾਂ ਦੀ ਜ਼ਮੀਰ/ਆਤਮਾ ਨੂੰ ਟੁੰਬਣ ਲਈ ਕਾਫੀ ਨਹੀਂ? ਕਮਜ਼ੋਰੀਆਂ, ਊਣਤਾਈਆਂ, ਮੁਸ਼ਕਿਲਾਂ, ਰੁਕਾਵਟਾਂ ਬਹੁਤ ਹਨ। ਕਮਜ਼ੋਰ ਤਬਕਿਆਂ ਨੂੰ ਆਪਣੇ ਸਵਾਰਥ ਲਈ ਦਬਾਈ ਰੱਖਣ ਵਾਲੇ ਲੋਕ ਅਤੇ ਸਮੂਹ ਬਹੁਤ ਹਨ। ਗਰੀਬ ਨੂੰ ਹੋਰ ਕਮਜ਼ੋਰ ਕਰਕੇ ਉਸ ਦੇ ਰਹਿੰਦੇ ਖੂੰਹਦੇ ਮਾਸ ਨੂੰ ਮਾਸ ਨੂੰ ਨੋਚਣ ਵਾਲੀਆਂ ਸਾਮੰਤੀ ਗਿਰਝਾਂ ਦੀ ਵੀ ਕਮੀ ਨਹੀਂ ਪਰ ਇਹ ਵੀ ਤਾਂ ਕੋਈ ਗੱਲ ਨਾ ਹੋਈ ਕਿ ਅੱਤਿਆਚਾਰਾਂ ਅਤੇ ਬੇਇੱਜ਼ਤੀਆਂ ਨੂੰ ਬਿਨਾਂ ਹੁੱਜ ਕੀਤਿਆਂ ਉਵੇਂ ਜਿਵੇਂ ਚਲਦਾ ਰਹਿਣ ਦਿੱਤਾ ਜਾਵੇ, ਜਿਵੇਂ ਉਹ ਚੱਕਰ ਸਦੀਆਂ ਤੋਂ ਚਲਦਾ ਆ ਰਿਹਾ ਹੈ। ਭਾਰਤ ਵਿਦੇਸ਼ੀਆਂ ਦੀ ਗੁਲਾਮੀ ਤੋਂ ਕਦੋਂ ਦਾ ਆਜ਼ਾਦ ਹੋ ਚੁੱਕਿਆ ਹੈ ਲੇਕਿਨ ਇਹ ਸਮੂਹ ਸਹੀ ਆਕਾਰ ਵਿਚ ਆਜ਼ਾਦ ਕਿਉਂ ਨਹੀਂ ਹੋਇਆ? ਆਖਿਰ ਇਸ ਪਏ ਅੜਿੱਕੇ ਦੀ ਜੜ੍ਹ ਹੈ ਕਿੱਥੇ, ਜਿਸ ਨੂੰ ਲੱਭ ਕੇ ਦੂਰ ਕੀਤਾ ਜਾਵੇ ਅਤੇ ਇਹ ਲੋਕ ਵੀ ਪੂਰੇ ਇਨਸਾਨ ਬਣ ਕੇ ਸਿਰ ਉੱਚਾ ਕਰਕੇ ਤੁਰ ਫਿਰ ਸਕਣ। ਇਸੇ ਕਮਜ਼ੋਰ ਕੜੀ ਦੀ ਨਿਸ਼ਾਨਦੇਹੀ ਕਰਕੇ ਲੇਖਿਕਾ ਨੇ ਬੜੇ ਨਿਰਪੱਖ ਮਨ ਨਾਲ ਬਾਬਾ ਸਾਹਿਬ ਅੰਬੇਡਕਰ ਦੀ ਰਾਜਨੀਤਿਕ ਵਿਚਾਰਧਾਰਾ ਦੇ ਪਰਿਪੇਖ ਵਿਚ ਵਰਤਮਾਨ ਦਲਿਤ ਰਾਜਨੀਤੀ 'ਤੇ ਚਰਚਾ ਕੀਤੀ ਹੈ ਜੋ ਵਾਕਈ ਪੜ੍ਹਨ ਅਤੇ ਚਿੰਤਨ ਯੋਗ ਹੈ। ਹੋ ਸਕਦਾ ਹੈ ਕਿ ਉਸ ਤੋਂ ਬਾਅਦ ਜੇ ਅਗਵਾਈ ਕਰ ਰਹੇ ਰਾਜਨੀਤਿਕ ਟੋਲੇ ਦੇ ਦਿਲ ਵਿਚ ਨਹੀਂ ਤਾਂ ਉਸ ਨੂੰ ਬਣਾਉਣ ਵਾਲੀ ਜਨਤਾ ਦੇ ਹੀ ਦਿਲ ਵਿਚ ਹਰਕਤ ਪੈਦਾ ਹੋ ਜਾਵੇ। ਆਜ਼ਾਦ ਸੋਚ ਕਿਸੇ ਦੀ ਗੁਲਾਮ ਤਾਂ ਨਹੀਂ ਹੁੰਦੀ। ਉਹ ਲਿਖਦੀ ਹੈ: ਰਾਜਨੀਤਿਕ ਸੁਰ ਵਿਚ ਡਾ. ਅੰਬੇਡਕਰ ਦਾ ਜੋ ਸਰਕਾਰ ਵੱਲੋਂ ਗੁਣਗਾਣ ਕੀਤਾ ਗਿਆ ਹੈ, ਉਸ ਦੇ ਸਹੀ ਹੁੰਦਿਆਂ ਵੀ ਉਸ ਨੂੰ ਰੋਹਿਤ ਵੇਮੁਲਾ ਦੀ ਮੌਤ ਨੇ ਬੇਸੁਰਾ ਅਤੇ ਅਰਥਹੀਣ ਬਣਾ ਦਿੱਤਾ ਹੈ। ਨੇਤਾ ਲੋਕ ਰਾਹੁਲ ਗਾਂਧੀ ਤੋਂ ਲੈ ਕੇ ਚਿਰਾਗ ਪਾਸਵਾਨ ਤੱਕ, ਮਾਇਆਵਤੀ ਤੋਂ ਲੈ ਕੇ ਅਰਵਿੰਦ ਕੇਜਰੀਵਾਲ ਤੱਕ ਹੈਦਰਾਬਾਦ ਜਾ ਕੇ ਸਭ ਨੇ ਰਸਮੀ ਤੌਰ ਤੇ ਹਮਦਰਦੀ ਦਿਖਾਈ ਲੇਕਿਨ ਇਸ ਰਾਜਨੀਤਿਕ ਜਮਾਤ ਨੇ ਡਾ. ਅੰਬੇਡਕਰ ਸਾਹਿਬ ਦੀ ਉਸ ਵਿਚਾਰਧਾਰਕ ਸੋਚ ਬਿੰਦੂ ਨੂੰ ਸਾਕਾਰ ਕਰਨ ਦਾ ਇਕ ਵੀ ਸਬੂਤ ਨਹੀਂ ਦਿੱਤਾ ਕਿ ਉਹ ਉਸ ਨੂੰ 21ਵੀਂ ਸਦੀ ਦੇ ਭਾਰਤ ਵਿਚ ਮੂਰਤੀਮਾਨ ਕਰਨ ਲਈ ਕੀ ਕਰਨਾ ਚਾਹੁੰਦੇ ਹਨ। ਉਹ ਡਾ. ਅੰਬੇਡਕਰ ਨੂੰ ਆਪਣਾ 'ਸਕਾ' ਦਿਖਾਉਣ ਦੀ ਹੋੜ ਵਿਚ ਇਕ ਦੂਜੇ ਤੋਂ ਵੱਧ ਜੋਸ਼ ਦਿਖਾ ਰਹੇ ਹਨ, ਜਿਵੇਂ ਇਹਨਾਂ ਲਈ ਉਹ ਕੇਵਲ ਕੋਈ ਸ਼ੋਅ ਪੀਸ (ਦਿਖਾਵਟੀ ਵਸਤੂ) ਹੈ, ਇਸ ਤਰ੍ਹਾਂ ਉਹਨਾਂ ਦੇ ਵਿਚਾਰਧਾਰਕ ਤੱਤ ਦੀ ਕੀ ਕੀਮਤ ਰਹਿ ਜਾਂਦੀ ਹੈ? ਰੋਹਿਤ ਦੀ ਜਾਤ ਦੇ ਸਵਾਲ ਨੂੰ ਖੜ੍ਹੇ ਕਰਕੇ ਭਾਜਪਾ ਆਪਣੇ ਮੰਤਰੀ ਬੰਡਾਰੂ ਦੱਤਾਤ੍ਰੇ ਨੂੰ ਐਸ. ਸੀ./ ਐਸ. ਟੀ. ਐਕਟ ਦੀ ਸਜ਼ਾ ਤੋਂ ਤਾਂ ਬਚਾ ਸਕਦੀ ਲੇਕਿਨ ਇਸ ਦਾ ਉਹਨਾਂ ਲੋਕਾਂ ਤੇ ਕੀ ਅਸਰ ਜਿਹੜੇ ਊਚ ਨੀਚ ਅਤੇ ਜਾਤ ਪਾਤੀ ਨਫ਼ਰਤ ਦੀ ਵਹਿਸ਼ੀਆਨਾ ਵਿਵਸਥਾ ਦੇ ਸ਼ਿਕਾਰ ਬਣੇ ਹੋਏ ਹਨ?

ਪਾਸਵਾਨ ਅਤੇ ਮਾਇਆਵਤੀ ਨੂੰ ਦਲਿਤ ਹੋਣ ਦਾ ਫਾਇਦਾ ਜ਼ਰੂਰ ਮਿਲਿਆ ਹੈ, ਲੇਕਿਨ ਉਹਨਾਂ ਨੇ ਵੀ ਇਸ ਨੂੰ ਆਪਣੀ ਵਿਅਕਤੀਗਤ ਮਹਿਮਾ ਲਈ ਹੀ ਵਰਤਿਆ ਹੈ, ਜਿਸ ਦਾ ਸਮੁੱਚੇ ਰੂਪ ਵਿਚ ਸੱਤਾ ਢਾਂਚੇ ਨੂੰ ਦਲਿਤ-ਪੱਖੀ ਜਾਂ ਦਲਿਤ-ਦੋਸਤ ਬਣਾਉਣ ਵਿਚ ਮੁਸ਼ਕਿਲ ਨਾਲ ਕੋਈ ਫਰਕ ਪਿਆ ਜਿਸ ਦੀ ਅੰਬੇਡਕਰ ਨੇ ਕਲਪਨਾ ਕੀਤੀ ਸੀ ਕਿ ਰਾਜਨੀ-ਤਿਕ ਸ਼ਕਤੀ ਦਾ ਅਸਲ ਉਦੇਸ਼ ਦੇਸ਼ ਵਿਚ ਸਮਾਜਿਕ ਸਮਾਨਤਾ ਦਾ ਰਾਜ ਸਥਾਪਤ ਕਰਨਾ ਹੈ। ਅੰਬੇਡਕਰ ਸਾਹਿਬ ਦੀ ਸਪਸ਼ਟ ਮਾਨਤਾ ਸੀ ਕਿ ਜੇ ਰਾਜਨੀਤਿਕ ਲੋਕਤੰਤਰ ਸਮਤਾਵਾਦੀ ਸਮਾਜ ਪੈਦਾ ਨਹੀਂ ਕਰ ਸਕਦਾ ਤਾਂ ਉਹ ਕਿਸੇ ਕੰਮ ਦਾ ਨਹੀਂ ਹੈ। ਅਰਥਹੀਣ ਹੈ। ਉਹਨਾਂ ਨੇ ਆਪਣੀ ਸ਼ਾਹਕਾਰ ਰਚਨਾ Annihilation of Caste (ਜਾਤ ਪਾਤ ਦਾ ਬੀਜਨਾਸ਼) ਵਿਚ ਉੱਚ ਜਾਤੀਏ ਸਮਾਜ ਸੁਧਾਰਕਾਂ ਦੀ ਤਿੱਖੀ ਆਲੋਚਨਾ ਕੀਤੀ, ਜਿਹਨਾਂ ਨੇ ਜਾਤ ਵਿਵਸਥਾ ਦੇ ਖਿਲਾਫ ਜੰਗ ਲੜਨ ਲਈ ਕੋਈ ਹੌਸਲਾ ਨਹੀਂ ਦਿਖਾਇਆ। ਇਸੇ ਲਈ ਉਹਨਾਂ ਨੂੰ ਉੱਚ ਜਾਤੀਆਂ ਵਿਚੋਂ ਬਣੇ ਦਲਿਤ ਲੀਡਰਾਂ ਪ੍ਰਤੀ ਸਖ਼ਤ ਨਫ਼ਰਤ ਸੀ। ਡਾ. ਅੰਬੇਡਕਰ ਨੇ ਨਾ ਕੇਵਲ ਹਿੰਦੂ ਧਰਮ ਅਤੇ ਉਸ ਦੀ ਪੈਦਾਵਾਰ ਜਾਤ ਵਿਵਸਥਾ ਨੂੰ ਹੀ ਠੁਕਰਾਇਆ ਸਗੋਂ ਉੱਚ ਜਾਤੀ ਦੇ ਲੀਡਰਾਂ ਦੀ ਅਗਵਾਈ ਨੂੰ ਵੀ ਨਕਾਰ ਦਿੱਤਾ। ਲੇਕਿਨ ਆਜ਼ਾਦੀ ਉਪਰੰਤ ਉਹਨਾਂ ਦੇ ਵਾਰਸਾਂ ਪਾਸਵਾਨ, ਮਾਇਆਵਤੀ ਜਾਂ ਅਠਾਵਲੇ ਨੇ ਕੇਵਲ ਸੱਤਾ ਪ੍ਰਾਪਤੀ ਦੀ ਖਾਤਰ ਦੂਜੀਆਂ ਪਾਰਟੀਆਂ ਦੇ ਥੱਲੇ ਲੱਗ ਕੇ ਉਹਨਾਂ ਨਾਲ ਬੇ-ਅਸੂਲੇ ਸਮਝੌਤੇ ਕਰਨ ਵਿਚ ਦੇਰੀ ਨਹੀਂ ਕੀਤੀ। ਇਹਨਾਂ ਨੇ ਅੰਬੇਡਕਰ ਸਾਹਿਬ ਦੇ ਹਿੰਦੂ ਉੱਚ ਜਾਤੀ ਜਾਤਪਾਤੀ ਢਾਂਚੇ ਅਤੇ ਧਾਰਮਿਕ ਗਲਬੇ (ਪ੍ਰਧਾਨਤਾ) ਦੇ ਮੁਕਾਬਲੇ ਬਰਾਬਰ ਦੀ ਧਿਰ ਬਣਨ ਦੇ ਸੰਕਲਪ ਨੂੰ ਉੱਕਾ ਹੀ ਭੁਲਾ ਦਿੱਤਾ। ਲੜਾਕੂ ਸੁਭਾਅ ਦੇ ਰਾਮਦਾਸ ਅਠਾਵਲੇ ਅਤੇ ਉਸ ਦਾ ਸੰਗਠਨ ਆਰ. ਪੀ. ਆਈ. ਆਪਣੇ ਲਈ ਸਹੂਲਤਾਂ ਅਤੇ ਰਿਆਇਤਾਂ ਲੈਣ ਲਈ ਕਿਸੇ ਵੀ ਪਾਰਟੀ ਦੇ ਪੈਰੀਂ ਪੈਣ ਨੂੰ ਤਿਆਰ ਹੋ ਗਿਆ। ਰਾਮਵਿਲਾਸ ਪਾਸਵਾਨ ਦੀ ਇਹ ਵਿਸ਼ੇਸ਼ਤਾ ਕਿਸੇ ਤੋਂ ਵੀ ਭੁੱਲੀ ਨਹੀਂ ਕਿ 1990 ਦੇ ਯੂਨਾਈਟਿਡ ਫਰੰਟ ਤੋਂ ਬਾਅਦ ਕੇਂਦਰ ਵਿਚ ਕਿਸੇ ਪਾਰਟੀ ਦੀ ਵੀ ਸਰਕਾਰ ਬਣੇ ਉਸ ਨੇ ਮੰਤਰੀ ਮੰਡਲ ਵਿਚ ਮੰਤਰੀ ਬਣਨਾ ਹੀ ਹੈ। ਕਾਂਸ਼ੀ ਰਾਮ ਜੀ ਅਤੇ ਮਾਇਆਵਤੀ ਦੀ ਚੜ੍ਹਤ ਦੇ ਦਿਨਾਂ ਵਿਚ ਲੋਕਾਂ ਦੀ ਇਹ ਆਮ ਧਾਰਨਾ ਬਣ ਗਈ ਸੀ ਕਿ ਮੁੱਖ ਧਾਰਾ ਦੇ ਪ੍ਰਾਣਘਾਤੀ ਦੁਸ਼ ਚੱਕਰ ਨੂੰ ਤੋੜ ਕੇ ਬਾਹਰ ਨਿਕਲ ਆਉਣਗੇ। 1976 ਵਿਚ ਬਾਮਸੇਫ ਨੇ ਆਪਣੇ ਇਕ ਸੂਚਨਾ ਪੱਤਰ ਵਿਚ ਕਿਹਾ ਸੀ : ਦਲਿਤ ਸਮਾਜ ਦੇ ਪੜ੍ਹੇ ਲਿਖੇ ਲੋਕ ਸਰਕਾਰੀ ਨੌਕਰੀਆਂ ਵਿਚ ਫਸ ਗਏ ਹਨ। ਉਹ ਆਪਣੇ ਸਵਾਰਥ, ਕਾਇਰਤਾ ਅਤੇ ਜਮਾਂਦਰੂ ਡਰਪੋਕ ਪੁਣੇ ਕਾਰਨ ਆਪਣੇ ਸਮਾਜ ਦੀ ਸੇਵਾ ਦੀ ਮੂਲ ਭਾਵਨਾ ਨੂੰ ਭੁੱਲ ਗਏ ਹਨ। ਉਹ ਨਕਾਰਾ ਹੀ ਸਿੱਧ ਹੋਏ। ਕੁੱਲ ਮਿਲਾ ਕੇ ਬਾਮਸੇਫ ਸਮਾਜ ਵਿਚ ਬੌਧਿਕ ਜਾਗਰਤੀ ਪੈਦਾ ਕਰਨ ਦੀ ਮੁਹਿੰਮ ਵਿਚ ਨਾਕਾਮ ਸਾਬਤ ਹੋ ਗਈ। ਕਾਂਸ਼ੀ ਰਾਮ ਜੀ ਅਤੇ ਮਾਇਆਵਤੀ ਨੇ 1984 ਵਿਚ ਬਹੁਜਨ ਸਮਾਜ ਪਾਰਟੀ



(ਬੀ. ਐਸ. ਪੀ.) ਦੀ ਸਥਾਪਨਾ ਕਰਕੇ ਉਤਰ ਪ੍ਰਦੇਸ਼ ਵਿਚ ਵਿਆਪਕ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਬੀ. ਐਸ. ਪੀ. ਨੇ ਇਸ ਤਰ੍ਹਾਂ ਨਾ ਕੇਵਲ ਦਲਿਤ ਸਮਾਜ ਵਿਚ ਇਕ ਸੱਤਾ ਲੋਭੀ ਪ੍ਰਫੁੱਲਿਤ ਸ਼੍ਰੇਣੀ ਪੈਦਾ ਕਰ ਦਿੱਤੀ ਸਗੋਂ ਆਪਣੇ ਲਈ ਰਾਸ਼ਟਰੀ ਪੱਧਰ ਤੇ ਦੂਜੀਆਂ ਹੋਰ ਪਾਰਟੀਆਂ ਨਾਲੋਂ ਵੱਖਰੀ ਪਛਾਣ ਵੀ ਗੁਆ ਲਈ। ਖਾਸ ਕਰ ਜਦ ਮਾਇਆਵਤੀ ਨੇ ਆਪਣਾ ਬੁਨਿਆਦੀ ਮਿਸ਼ਨ 'ਬਹੁਜਨ' ਨੂੰ ਛੱਡ ਕੇ 'ਸਰਵਜਨ' ਕਰਨ ਦਾ ਐਲਾਨ ਕਰ ਦਿੱਤਾ। ਇਸ ਪੈਂਤਰੇ ਵਿਚ ਚਾਲੂ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਕੋਈ ਮਸਲੇਹਤ (ਚਾਲ) ਹੋ ਸਕਦੀ ਹੈ ਲੇਕਿਨ ਅੰਬੇਡਕਰ ਮਿਸ਼ਨ ਨਾਲ ਤਾਂ ਧੋਖਾ ਹੀ ਹੈ। ਉਘੇ ਦਲਿਤ ਸਕਾਲਰ ਕੰਚਾਇਲੱਹੀਆ ਦੇ ਕਹਿਣ ਅਨੁਸਾਰ 'ਹਰ ਬੁੱਧੀਮਾਨ ਨੌਜਵਾਨ ਦੀ ਸਭ ਤੋਂ ਵੱਡੀ ਤਮੰਨਾ ਸਰਕਾਰੀ ਸਿਵਲ ਸਰਵਿਸ ਦੀ ਹੈ ਯਾਨਿ ਹਿੰਦੂ ਬ੍ਰਾਹਮਣਵਾਦ ਦਾ ਪ੍ਰਸ਼ਾਸਨਿਕ ਗੁਲਾਮ ਬਣਨਾ' ਦਲਿਤ ਸਮਾਜ ਵਿਚ ਅਧਿਆਤਮਕ ਅਤੇ ਸਮਾਜਿਕ ਪੱਧਰ ਤੇ ਪ੍ਰਭਾਵਸ਼ਾਲੀ ਕੱਦ ਦਾ ਕੋਈ ਵੀ ਫਿਲਾਸਫ਼ਰ ਨਹੀਂ ਉਭਰ ਸਕਿਆ। ਜੋਤੀਬਾ ਫੂਲੇ ਅਤੇ ਟੀ. ਵੀ. ਰਾਮਾ ਸਵਾਮੀ ਨਾਈਕਰ ਦਾ ਖਾੜਕੂ ਮਿਸ਼ਨ ਜਾਤ ਸਿਸਟਮ ਅਤੇ ਬ੍ਰਾਹਮਣਵਾਦ ਵਿਰੋਧੀ, ਜਨਮ ਆਧਾਰਿਤ ਜਾਤ ਸਿਧਾਂਤ ਵਿਰੋਧੀ ਸੀ। ਅੰਬੇਡਕਰ ਨੇ ਮਨੂ ਸਿਮ੍ਰਿਤੀ ਨੂੰ ਅਗਨੀ ਸਵਾਹਾ ਕਰਨ ਤੋਂ ਬਾਅਦ ਤਲਾਬਾਂ ਦੇ ਪਾਣੀ ਨਾਲ ਮੋਰਚੇ ਖੋਲ੍ਹ ਕੇ ਬਜਰ ਰੂਪੀ ਬ੍ਰਾਹਮਣਵਾਦੀ ਕਿਲ੍ਹੇ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਹੁਣ ਉਹ ਜੋਸ਼ ਜਜ਼ਬਾ ਅਤੇ ਸਾਹਸ ਕਿੱਥੇ ਹੈ? ਅਜਿਹਾ ਇਕ ਵੀ ਮੋਹਰੀ ਸਰਦਾਰ ਕਿੱਥੇ ਹੈ? 1970 ਵਿਆਂ ਵਿਚ ਦਲਿਤ ਪੈਂਥਰ ਅੰਦੋਲਨ ਨੇ ਆਪਣੀਆਂ ਸਾਹਿਤਕ ਅਤੇ ਸਮਾਜਿਕ ਕ੍ਰਾਂਤੀਕਾਰੀ ਸਰਗਰਮੀਆਂ ਨਾਲ ਸੁਸਤ ਪੈ ਚੁੱਕੇ ਮਾਹੌਲ ਵਿਚ ਇਕ ਪ੍ਰਕਾਰ ਦਾ ਭੂਚਾਲ ਲੈਆਂਦਾ ਸੀ ਪਰ ਉਹ ਵੀ ਸਮਾਂ ਪੈਣ ਨਾਲ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਠੰਡਾ ਪੈ ਗਿਆ- ਅਲੋਪ ਹੋ ਗਿਆ। ਅਜਿਹੇ ਗਡਮਡ ਹੋ ਚੁੱਕੇ ਰਾਜਨੀਤਿਕ ਮਾਹੌਲ ਵਿਚ ਵੀ ਰੋਹਿਤ ਵੇਮੁਲਾ ਵਰਗੇ ਅਣਖੀਲੇ ਨੌਜਵਾਨਾਂ ਦੀਆਂ ਅੱਖਾਂ ਇਕ ਬੇਖ਼ੌਫ ਸ਼ਕਤੀਵਾਨ ਲੀਡਰ ਨੂੰ ਤਲਾਸ਼ ਰਹੀਆਂ ਹਨ, ਜਿਸ ਨੂੰ ਉਹ ਅੰਬੇਡਕਰ ਦੇ ਰੂਪ ਵਿਚ ਪਹਿਲਾਂ ਗੁਆ ਬੈਠਦੇ ਹਨ।''

ਲੇਖਿਕਾ ਇਕ ਆਜ਼ਾਦ ਖਿਆਲ ਟਿੱਪਣੀਕਾਰ ਵਜੋਂ ਪ੍ਰਸਿੱਧ ਹੈ। ਇਸ ਬਿਰਤਾਂਤ ਵਿਚ ਦਿੱਤੇ ਗਏ ਵਿਚਾਰਾਂ ਅਤੇ ਟਿੱਪਣੀਆਂ ਨਾਲ ਕਿਸੇ ਪ੍ਰਕਾਰ ਦੇ ਮਤਭੇਦ ਹੋਣ ਦੀ ਬਹੁਤ ਘੱਟ ਗੁੰਜਾਇਸ਼ ਹੋਣੀ ਚਾਹੀਦੀ ਹੈ। ਇਹਨਾਂ ਵਿਚਾਰਾਂ ਨੂੰ ਲੈ ਕੇ ਆਪਣੇ ਅੰਦਰ ਅਤੇ ਆਪਣੇ ਕਿਰਦਾਰ ਤੇ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ, ਜਿਸ ਨਾਲ ਆਪਣੀਆਂ ਊਣਤਾਈਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਅਹਿਸਾਸ ਪੈਦਾ ਹੋ ਸਕਦਾ ਹੈ।

100 ਸਾਲ ਪਹਿਲਾਂ ਜਿਸ ਵਾਤਾਵਰਣ ਵਿਚ ਬਾਬਾ ਸਾਹਿਬ ਅੰਬੇਡਕਰ ਜਨਮੇ, ਪਲੇ ਅਤੇ ਬੜੇ ਹੋਏ ਉਸ ਜ਼ਮਾਨੇ ਵਿਚ ਅਛੂਤ ਕਹੇ ਜਾਣ ਵਾਲੇ ਲੋਕਾਂ ਉੱਤੇ ਹਿੰਦੂ ਉੱਚ ਸਮਾਜ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਜ਼ੁਲਮ ਅੱਤਿਆਚਾਰਾਂ 'ਤੇ ਸਰਸਰੀ ਵੀ ਨਜ਼ਰ ਮਾਰੀਏ ਤਾਂ ਉਸ ਨੂੰ ਸੋਚ ਕੇ ਹੀ ਸਰੀਰ ਦੇ ਲੂੰ ਖੜ੍ਹੇ ਹੋ ਜਾਂਦੇ ਹਨ ਅਤੇ ਖੂਨ ਉਬਾਲੇ ਖਾਣ ਲੱਗ ਪੈਂਦਾ ਹੈ। ਇਸ ਅੱਤਿਆਚਾਰੀ ਵਰਤਾਰੇ ਦੀ ਇੰਤਹਾ ਦਾ ਅੰਦਾਜ਼ਾ ਤਾਂ ਬਾਬਾ ਸਾਹਿਬ ਨਾਲ ਵਾਪਰੀ ਉਸ ਇਕੱਲੀ ਘਟਨਾ ਤੋਂ ਲਗਾਇਆ ਜਾ ਸਕਦਾ ਹੈ ਜਦ ਉਹ ਬੜੌਦਾ ਦੀ ਪਾਰਸੀ ਸਰਾਂਅ ਤੋਂ ਅਪਮਾਨਿਤ ਕੀਤੇ ਜਾਣ ਉਪਰੰਤ ਇਕ ਲਾਗਲੀ ਪਾਰਕ ਵਿਚ ਰਾਤ ਸਮੇਂ ਬੈਠੇ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਸਿਤਮ ਮਾਰਿਆ ਇਨਸਾਨ ਸਮਝ ਕੇ ਹੰਝੂ ਵਹਾ ਰਹੇ ਸਨ। ਇਹ ਸੋਚ ਸੋਚ ਕੇ ਕਿ ਕੀ ਅਛੂਤ ਘਰ ਵਿਚ ਜੰਮਣਾ ਹੀ ਐਡਾ ਵੱਡਾ ਗੁਨਾਹ ਹੈ ਕਿ ਉਸ ਨੂੰ ਕੁੱਤਿਆਂ ਬਿੱਲਿਆਂ ਤੋਂ ਵੀ ਨੀਚਾ ਅਤੇ ਗੰਦਾ ਅਤੇ ਮਨਹੂਸ ਸਮਝ ਕੇ ਉਸ ਦੀ ਛੂਹ ਅਤੇ ਪ੍ਰਛਾਵੇਂ ਤੋਂ ਵੀ ਦੂਰ ਰਿਹਾ ਜਾਵੇ। ਉਹ ਵੀ ਉਹਨਾਂ ਵਰਗੇ ਸਾਫ ਸੁਥਰੇ ਪ੍ਰਬੁੱਧ ਵਿਅਕਤੀ ਤੋਂ ਜਿਸ ਕੋਲ ਉੱਚ ਸਿੱਖਿਆ ਦੀਆਂ ਐਨੀਆਂ ਡਿਗਰੀਆਂ ਹੋਣ! ਐਹੋ ਜਿਹਾ ਘਿਰਣਾਯੋਗ ਵਰਤਾਅ ਕਿਸ ਦੇ ਨਾਲ ਨਹੀਂ ਹੋਇਆ ਹੋਵੇਗਾ। ਲੇਕਿਨ ਅੰਬੇਡਕਰ ਜਿਹੇ ਖੁੱਦਾਰ ਵਿਅਕਤੀ ਦੀ ਕੋਈ ਗੱਲ ਹੀ ਵੱਖਰੀ ਸੀ। ਉਹਨਾਂ ਨੇ ਇਸ ਨੂੰ ਵਿਅਕਤੀਗਤ ਅਪਮਾਨ ਨਾ ਸਮਝ ਕੇ ਸ਼ੈਤਾਨ ਨੂੰ ਨਹੀਂ ਸ਼ੈਤਾਨ ਦੀ ਮਾਂ ਨੂੰ ਮਾਰਨ ਦੀ ਕਸਮ ਖਾ ਲਈ। ਅੱਜ ਦੀ ਸੁੱਖ ਸਹੂਲਤਾਂ ਮਾਣਦੀ ਨਵੀਂ ਪੀੜ੍ਹੀ ਨੂੰ ਮਹਿਸੂਸ ਕਰਨ ਦੀ ਸ਼ਾਇਦ ਹੀ ਜ਼ਰੂਰਤ ਹੋਈ ਹੋਵੇ ਕਿ ਉਹਨਾਂ ਦੀ ਪ੍ਰਫੁੱਲਿਤ ਕਿਆਰੀ (ਜੋ ਵੀ ਕੋਈ ਹੈ) ਨੂੰ ਸਿੰਜਣ ਵਿਚ ਬਾਬਾ ਸਾਹਿਬ ਦੇ ਉਹਨਾਂ ਹੀ ਥੋੜ੍ਹੇ ਜਿਹੇ ਹੰਝੂਆਂ ਦਾ ਫਲ ਹੈ ਜੋ ਉਹਨਾਂ ਨੇ ਬੇਵਸੀ ਦੀ ਹਾਲਤ ਵਿਚ ਉਸ ਰਾਤ ਕੇਰੇ ਸਨ। ਹੁਣ ਜ਼ਰਾ ਆਪਣੇ ਦਿਮਾਗ ਤੇ ਬੋਝ ਪਾਓ ਅਤੇ ਸੋਚੋ ਕਿ ਐਹੋ ਜਿਹੇ ਝੱਖੜਾਂ, ਤੁਫ਼ਾਨਾਂ ਅਤੇ ਕੜਕਦੀਆਂ ਬਿਜਲੀਆਂ ਦੇ ਖਤਰਿਆਂ ਵਿਚੋਂ ਜੇ ਇਕੱਲਾ ਅੰਬੇਡਕਰ ਡੋਲੇ ਖਾਂਦੀ ਕਿਸ਼ਤੀ ਨੂੰ ਇਸ ਮੁਕਾਮ 'ਤੇ ਲਿਆ ਸਕਦਾ ਹੈ ਤਾਂ ਉਸ ਕਿਸ਼ਤੀ ਨੂੰ ਉਹਨਾਂ ਦਾ ਐਡਾ ਵੱਡਾ ਲਸ਼ਕਰ ਉਹਨਾਂ ਦੇ ਸੁਪਨਿਆਂ ਦੀ ਮੰਜ਼ਿਲ ਤੱਕ ਕਿਉਂ ਨਹੀਂ ਲੈ ਜਾ ਸਕਦਾ? ਅਜਿਹਾ ਲਸ਼ਕਰ ਜਿਸ ਕੋਲ ਤਾਲੀਮ ਵੀ ਹੈ, ਕੋਠੀਆਂ ਬੰਗਲੇ ਅਤੇ ਹੋਰ ਸਾਧਨ ਵੀ ਹਨ। ਇਹ ਸਮਾਜ ਕਿਉਂ ਹਾਲੇ ਵੀ ਦਲਿਤ ਦਾ ਦਲਿਤ ਹੈ? ਦਰੜਿਆ, ਦੱਬਿਆ, ਮਸਲਿਆ, ਕੁਚਲਿਆ, ਝੰਬਿਆ, ਮਾਰਿਆ ਕੁੱਟਿਆ। ਗਾਂਧੀ ਦੇ ਦਿੱਤੇ ਨਾਮ 'ਹਰੀਜਨ' ਨੂੰ ਅਪਮਾਨ ਦਾ ਕਲੰਕ ਸਮਝ ਕੇ ਮਸਾਂ ਗਲੋਂ ਲਾਹਿਆ। ਜਿਸ ਦਾ ਸਿੱਧਾ ਮਤਲਬ ਸੀ ਰਸਤੇ 'ਚ ਠੂਠਾ ਫੜੀ ਕੋਈ ਯਤੀਮ ਤਰਸ ਦਾ ਪਾਤਰ। 'ਦਲਿਤ' ਵੀ ਤਾਂ ਬਤੌਰ ਇਨਸਾਨ ਕੋਈ ਸਨਮਾਨ ਜਨਮ ਨਾਮਕਰਨ ਨਹੀਂ ਜਿਸ ਨੂੰ ਲੋਕ ਕੁਝ ਅੱਛਾ ਵੀ ਨਹੀਂ ਸਮਝਦੇ। ਭਾਵੇਂ ਇਹ ਨਾਮ ਜਾਤ ਸੂਚਕ ਨਹੀਂ ਪਰ ਫਿਰ ਵੀ ਉਸ ਨੂੰ ਉਹਨਾਂ ਹੀ ਅਰਥਾਂ ਵਿਚ ਹੀ ਸਮਝਿਆ ਜਾ ਰਿਹਾ ਹੈ। ਇਹ ਵੀ ਹਾਲਾਤ ਦੀ ਇਕ ਮਜਬੂਰੀ ਹੈ।

ਇਸ ਸਮਾਜ ਦੇ ਨਿਮਨ ਵਰਗੀ, ਪੱਛੜੇ ਅਤੇ ਕਮਜ਼ੋਰ ਹੋਣ ਦੇ ਪਿਛੋਕੜ ਵਿਚ ਉਸ ਨੂੰ ਸੰਵਿਧਾਨ ਨੇ ਕੁਝ ਵਿਸ਼ੇਸ਼ ਅਧਿਕਾਰ ਅਤੇ ਰਿਆਇਤਾਂ ਦਿੱਤੀਆਂ। ਜਾਤਾਂ ਦੇ ਇਸ ਸਮੂਹ ਨੂੰ ਸ਼ੈਡੂਲਡ ਕਾਸਟਸ (ਅਨੁਸੂਚਿਤ ਜਾਤਾਂ) ਦਾ ਨਾਮ ਦਿੱਤਾ ਗਿਆ। ਇਹਨਾਂ ਹੀ ਜਾਤਾਂ ਦਾ ਨਾਂਅ ਆਪਣੀ ਸਰਲ ਬੋਲੀ ਵਿਚ ਦਲਿਤ ਪ੍ਰਚੱਲਿਤ ਹੋ ਗਿਆ ਹੈ। ਪਾਰਲੀਮੈਂਟ, ਵਿਧਾਨ ਮੰਡਲਾਂ, ਸਰਕਾਰੀ ਨੌਕਰੀਆਂ ਅਤੇ ਵਿੱਦਿਅਕ ਸੰਸਥਾਨਾਂ ਵਿਚ ਰਿਜ਼ਰਵੇਸ਼ਨ ਦਾ ਆਧਾਰ ਹੀ ਜਾਤ ਹੈ। ਇਹਨਾਂ ਹਾਲਾਤ ਵਿਚ ਸ਼ੈਡੂਿਲਡ ਕਾਸਟ ਜਾਂ ਦਲਿਤ ਵਰਗੇ ਵੱਖਰੀ ਪਛਾਣ ਦੇ ਸੂਚਕ ਨਾਮਾਂ ਤੋਂ ਕਿਸ ਤਰ੍ਹਾਂ ਬੱਚਿਆ ਜਾ ਸਕਦਾ ਹੈ? ਜ਼ਾਹਿਰ ਹੈ ਕਿ ਇਹਨਾਂ ਨਾਵਾਂ ਨੂੰ ਹਟਾਉਣ ਲਈ ਉਹਨਾਂ ਸਭ ਵਿਸ਼ੇਸ਼ ਅਧਿਕਾਰਾਂ ਨੂੰ ਵੀ ਛੱਡਣਾ ਪਵੇਗਾ ਜਿਹੜੇ 1932 ਵਿਚ ਬੜੀ ਲੰਬੀ ਲੜਾਈ ਪਿੱਛੋਂ ਪ੍ਰਾਪਤ ਕੀਤੇ ਸਨ। ਲੇਕਿਨ ਕੀ ਇਹ ਸਮਾਜ ਇਹਨਾਂ ਬੈਸਾਖੀਆਂ ਤੋਂ ਬਿਨਾਂ ਖੜ੍ਹਾ ਹੋ ਕੇ ਚੱਲਣ ਫਿਰਨ ਦੇ ਕਾਬਲ ਹੋ ਗਿਆ ਹੈ? ਉੱਚ ਸਮਾਜੀ ਲੋਕ ਤਾਂ ਪਹਿਲਾਂ ਹੀ ਹੱਥ ਧੋ ਕੇ ਇਸ ਦੇ ਪਿੱਛੇ ਪਏ ਹੋਏ ਹਨ। ਕੁਝ ਵੀ ਹੋਵੇ, ਸਮਾਜਿਕ ਬਰਾਬਰਤਾ ਅਤੇ ਮਨੁੱਖੀ ਪ੍ਰਤਿਸ਼ਠਾ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਲਈ ਇਸ ਪੱਛੜੇ ਸਮਾਜ ਨੂੰ ਬਹੁਤ ਜੱਦੋ ਜਹਿਦ ਕਰਨੀ ਪਵੇਗੀ। ਬਹੁਤ ਟੋਏ ਟਿੱਬੇ ਖੱਡੇ ਅਤੇ ਰੁਕਾਵਟਾਂ ਨੂੰ ਪਾਰ ਕਰਨਾ ਪਵੇਗਾ। ਹੰਕਾਰੀ ਬਘਿਆੜਾਂ ਨਾਲ ਮੁਕਾਬਲਾ ਕਰਨਾ ਪਵੇਗਾ। ਅਫਸੋਸ ਇਸ ਗੱਲ ਦਾ ਹੈ ਕਿ ਨਾ ਹਾਲੇ ਹਾਲਾਤ-ਸਮਾਜਿਕ, ਆਰਥਿਕ ਅਤੇ ਰਾਜਨੀਤਿਕ- ਅਨੁਕੂਲ ਬਣ ਸਕੇ ਹਨ ਅਤੇ ਨਾ ਲੋਕ ਇੰਨੀ ਸਖ਼ਤ ਪ੍ਰੀਖਿਆ ਵਿਚੋਂ ਲੰਘਣ ਦੇ ਕਾਬਲ ਬਣ ਸਕੇ ਹਨ। ਬਾਬਾ ਸਾਹਿਬ ਦੇ ਸੁਪਨੇ ਨੂੰ ਸਾਕਾਰ ਹੋਣ ਲਈ ਹਾਲੇ ਪਤਾ ਨਹੀਂ ਹੋਰ ਕਿੰਨੇ ਦਹਾਕੇ ਅਤੇ ਸਦੀਆਂ ਲੱਗਣ। ਹੋਰ ਦੁੱਖ ਦੀ ਗੱਲ ਹੈ ਕਿ ਅਜਿਹੇ ਸਮਾਜ ਦੇ ਬਦਲਾਅ ਦੀ ਕੋਈ ਸੂਰਤ ਵੀ ਨਜ਼ਰ ਨਹੀਂ ਆਉਂਦੀ ਅਤੇ ਸਭ ਤੋਂ ਵੱਡਾ ਫਿਕਰ ਇਸ ਗੱਲ ਦਾ ਹੈ ਕਿ ਗੁਲਾਮੀ ਦੀਆਂ ਮਾਨਸਿਕ ਜਾਂ ਆਰਥਿਕ ਜ਼ੰਜੀਰਾਂ ਦੀ ਆਖਰੀ ਕੜੀ ਤੋੜਨ ਲਈ ਜਿਸ ਸਮੁੱਚੇ ਸਮਾਜ ਦੇ ਮਜ਼ਬੂਤ ਏਕੇ ਦੀ ਲੋੜ ਸੀ/ ਹੈ, ਉਹ ਟੁਕੜਿਆਂ 'ਚ ਵੰਡ ਹੋ ਕੇ ਆਪਣੀ ਹੋਂਦ ਹੀ ਗੁਆਉਣ ਦੇ ਕੰਢੇ ਤੇ ਆ ਖੜ੍ਹਿਆ ਹੈ। ਬਾਬਾ ਸਾਹਿਬ ਨੇ ਉੱਚ ਜਾਤੀਏ ਸਮਾਜ ਦੇ ਅੱਤਿਆਚਾਰੀ ਵਰਤਾਰੇ ਤੋਂ ਮੁਕਤੀ ਪਾਉਣ ਲਈ ਜਿਸ ਹਥਿਆਰ ਨੂੰ ਪੂਰੀ ਸਮਝਦਾਰੀ ਅਤੇ ਸ਼ਕਤੀ ਨਾਲ ਵਰਤਿਆ ਸੀ, ਉਹ ਛੋਟੀਆਂ ਮੋਟੀਆਂ ਤਮਾਮ 'ਅਛੂਤ' ਜਾਤੀਆਂ ਦੇ ਸਮੂਹ (ਉਸ ਵੇਲੇ 6 ਕਰੋੜ) ਦੀ ਤਾਕਤ ਸੀ ਨਾ ਕਿ ਕਿਸੇ ਇਕੱਲੀ ਜਾਤ ਚੂਹੜੇ, ਚਮਾਰ, ਚੰਡਾਲ, ਢੇਡ, ਪ੍ਰੀਆ, ਮਾਲਾ, ਮਡਿਗਾ, ਮੇਘ, ਮਹਾਰ ਦੀ। ਇਸੇ ਤਾਕਤ ਦੇ ਦਬਾਅ ਹੇਠ ਅੰਗਰੇਜ਼ ਸਰਕਾਰ ਨੂੰ 1932 ਵਿਚ ਕਮਿਊਨਲ ਐਵਾਰਡ ਦੇਣਾ ਪਿਆ। ਇਸੇ ਤਾਕਤ ਦੇ ਸਾਹਮਣੇ ਗਾਂਧੀ ਵਰਗੇ ਹਠੀ ਅਤੇ ਅੜੀਅਲ ਬੰਦੇ ਨੂੰ ਪੂਨਾ ਪੈਕਟ ਬਣਾ ਕੇ 'ਅਛੂਤਾਂ' ਲਈ ਰਿਜ਼ਰਵੇਸ਼ਨ ਜਿਹੇ ਅਧਿਕਾਰ ਮੰਨਣੇ ਪਏ। ਇਸ ਇਤਿਹਾਸਕ ਸਚਾਈ ਨੂੰ ਅੱਜ ਦਾ ਦਲਿਤ ਸਮਾਜ ਕਿਉਂ ਨਹੀਂ ਸਮਝਦਾ? ਬਦਕਿਸਮਤੀ ਦੀ ਹੱਦ ਦੇਖੋ ਕਿ ਸ਼ੈ. ਕਾ. ਲੋਕ ਹੀ ਆਪਣੀਆਂ ਜਾਤਾਂ ਨੂੰ ਲੈ ਕੇ ਅੱਡ ਅੱਡ ਡੱਫਾਂ ਡੱਫਲੀਆਂ ਵਜਾਉਣ ਲੱਗ ਪਏ ਹਨ ਅਤੇ ਇਕ ਇਕ ਜਾਤ ਵਿਚ ਸੌ ਸੌ ਗੁੱਟ, ਟੋਲੇ, ਪੰਥ, ਫਿਰਕੇ ਪੈਦਾ ਹੋ ਗਏ ਹਨ। ਰਾਜਨੀਤਿਕ ਪੱਧਰ ਤੇ ਕੋਈ ਕਾਂਗਰਸ ਜਮਾਤ ਨਾਲ ਮਿਲ ਗਿਆ ਹੈ, ਕੋਈ ਅਕਾਲੀਆਂ ਨਾਲ ਅਤੇ ਕੋਈ ਬ੍ਰਾਹਮਣ-ਬਾਣੀਆ ਪਾਰਟੀ ਭਾਜਪਾ ਨਾਲ। ਹਰ ਕੋਈ ਦਲਿਤ ਆਬਾਦੀ ਨੂੰ ਸ਼ਾਮਲਾਤ ਦੇਹ ਵਾਂਗ ਆਪਣੀ ਜਾਇਦਾਦ ਸਮਝਣ ਲੱਗ ਪਿਆ ਹੈ। ਹੁਣ ਰਾਜਨੀਤਿਕ ਰਿਜ਼ਰਵੇਸ਼ਨ ਕੋਟਾ ਵੀ ਦਲਿਤ ਦਾ ਨਾ ਰਹਿ ਕੇ ਕਾਂਗਰਸ, ਅਕਾਲੀਆਂ, ਭਾਜਪਾ ਜਾਂ ਆਮ ਆਦਮੀ ਪਾਰਟੀ (ਆਪ) ਦਾ ਬਣ ਕੇ ਰਹਿ ਗਿਆ ਹੈ, ਜਿੱਥੇ ਦਲਿਤ ਸਮੱਸਿਆਵਾਂ ਦਾ ਨਹੀਂ ਉਹਨਾਂ ਪਾਰਟੀਆਂ ਦੇ ਏਜੰਡਿਆਂ ਦੀ ਹੀ ਚੱਲਦੀ ਹੈ।

ਬਾਬਾ ਸਾਹਿਬ ਨੇ ਰਾਜਨੀਤਿਕ ਖਿਲਵਾੜ ਅਤੇ ਸੰਪਰਦਾਇਕ ਦਾਦਾਗਿਰੀ ਨੂੰ ਦੇਖ ਕੇ 1954 ਵਿਚ ਆਪਣੇ ਹੀ ਬਣਾਏ ਸੰਵਿਧਾਨ ਨੂੰ ਬੜੇ ਦੁਖੀ ਮਨ ਨਾਲ ਸਾੜਨ ਦੀ ਗੱਲ ਕਹੀ ਸੀ ਅਤੇ ਪੂਨਾ ਪੈਕਟ ਹੇਠ ਬਣੇ ਬੇਕਾਰ ਚਾਟੂਕਾਰ ਸ਼ੈ. ਕਾ. ਵਿਧਾਇਕਾਂ ਦੀਆਂ ਕਰਤੂਤਾਂ ਨੂੰ ਦੇਖ ਕੇ 27-8-1955 ਨੂੰ ਆਲ ਇੰਡੀਆ ਸ਼ੈਡੂਲਡ ਕਾਸਟਸ ਫੈਡਰੇਸ਼ਨ ਦੀ ਐਗਜ਼ੈਕਟਿਵ ਕਮੇਟੀ ਦੁਆਰਾ ਪਾਸ ਕੀਤੇ ਮਤੇ ਰਾਹੀਂ ਸ਼ੈ. ਕਾਂ. ਪੁਲੀਟੀਕਲ ਰਿਜ਼ਰਵੇਸ਼ਨ ਨੂੰ ਖਤਮ ਕਰਨ ਦੀ ਮੰਗ ਕੀਤੀ ਸੀ। ਧਾਰਮਿਕ ਅਤੇ ਸਮਾਜਿਕ ਪੱਧਰ ਤੇ ਏਕਤਾ ਦੀ ਦ੍ਰਿਸ਼ਟੀ ਤੋਂ ਇਸ ਸਮਾਜ ਦਾ ਉਸ ਤੋਂ ਵੀ ਭੈੜਾ ਹਾਲ ਹੈ। ਬਾਲਮੀਕ ਸਮਾਜ ਅਤੇ ਕਬੀਰ ਪੰਥੀ ਸਮਾਜ ਦੀ ਤਰ੍ਹਾਂ ਰਵਿਦਾਸੀਆ ਸਮੁਦਾਏ ਵਿਚ ਖੁਦ ਰਵਿਦਾਸ ਜੀ ਦੇ ਨਾਮ ਤੇ ਸਾਧਾਂ ਸੰਤਾਂ ਦੇ ਅਨੇਕ ਡੇਰੇ ਗੱਦੀਆਂ ਗੁੱਟ ਬਣ ਗਏ ਹਨ, ਜਿਹਨਾਂ ਵਿਚ ਆਪਸ ਵਿਚ ਹੀ ਡਾਂਗ ਸੋਟੇ ਮੁਕੱਦਮੇਬਾਜ਼ੀ ਦੀ ਨੌਬਤ ਆ ਚੁੱਕੀ ਹੈ। ਹਰ ਇਕ ਦਾ ਆਪਣਾ ਆਪਣਾ ਮੱਤ ਹੈ। ਬਾਕੀ ਸਿੱਖ ਸਾਧਾਂ ਬਾਬਿਆਂ ਅਤੇ ਸਤਿ ਗੁਰੂਆਂ ਦੇ ਡੇਰਿਆਂ ਦੀ ਤਾਂ ਗੱਲ ਹੀ ਛੱਡੋ, ਜਿੱਥੇ ਸ਼ਰਧਾਲੂ ਸੰਗਤਾਂ ਅਤੇ ਸੁੱਖਾਂ ਸੁੱਖ ਕੇ ਸੇਵਾ ਕਰਨ ਅਤੇ ਚੜ੍ਹਾਵੇ ਚੜ੍ਹਾਉਣ ਵਾਲਿਆਂ ਵਿਚ ਬਹੁਗਿਣਤੀ ਇਹਨਾਂ ਹੀ ਦਲਿਤ ਲੋਕਾਂ ਦੀ ਹੈ। ਰਵਾਇਤੀ ਹਿੰਦੂ ਦੇਵੀ ਦੇਵਤਿਆਂ ਦੇ ਮੰਦਰਾਂ ਅਤੇ ਹੋਰ ਤੀਰਥ ਸਥਾਨਾਂ ਦੇ 'ਚਾਲੇ' ਤਾਂ ਉਵੇਂ ਜਿਵੇਂ ਚਲਦੇ ਪਾਏ ਹਨ। ਤਾਂਤ੍ਰਿਕ ਅਤੇ ਧੂਣੀ ਵਾਲੇ ਬਾਬੇ ਆਪਣੀਆਂ ਅਲੱਗ ਦੁਕਾਨਾਂ ਸਜਾਈ ਬੈਠੇ ਹਨ। ਇਸ ਅਨਪੜ੍ਹ ਟੋਲੇ ਦੀ ਕਿਸ ਕਿਸ ਤੋਂ ਬਾਂਹ ਛੁਡਾਈ ਜਾਵੇ। ਇਹ ਵਿਚਾਰਕ ਅਸਪਸ਼ਟਤਾ ਅਤੇ ਆਵਾਰਗੀ ਦੇ ਹਾਲਾਤ ਇਕ ਚਿੰਤਨਸ਼ੀਲ ਸਮਾਜ ਸੇਵਕ ਦੇ ਮਨ ਨੂੰ ਬੇਚੈਨ ਕਰਨ ਲਈ ਕਾਫੀ ਹਨ। ਬਾਬਾ ਸਾਹਿਬ ਨੇ ਦਲਿਤ ਮੁਕਤੀ ਸੰਘਰਸ਼ ਦੇ ਸੰਦਰਭ ਵਿਚ ਚਿਤਾਵਨੀ ਦਿੱਤੀ ਸੀ ਕਿ ਰਾਜਨੀਤਿਕ ਕ੍ਰਾਂਤੀ ਤੋਂ ਪਹਿਲਾਂ ਧਾਰਮਿਕ ਅਤੇ ਸਭਿਆਚਾਰਕ ਕ੍ਰਾਂਤੀ ਦਾ ਆਣਾ ਜ਼ਰੂਰੀ ਹੈ। ਹੋਰ ਪਾਰਟੀਆਂ ਦੇ ਕਿਲ੍ਹਿਆਂ 'ਚ ਬੰਦ ਨੇਤਾ ਅਤੇ ਅੰਧ ਵਿਸ਼ਵਾਸੀ ਦਲਦਲ 'ਚ ਫਸੇ ਲੋਕ ਇਸ ਧਾਰਮਿਕ ਸਭਿਆਚਾਰਕ ਕ੍ਰਾਂਤੀ ਦੀ ਮਹੱਤਤਾ ਨੂੰ ਕੀ ਸਮਝ ਸਕਦੇ ਹਨ? ਇਹਨਾਂ ਦੇ ਦਿਮਾਗ 'ਤੇ ਕੀ ਬੋਝ ਹੈ?

ਇਸ ਸਮੇਂ ਮੋਦੀ ਸਰਕਾਰ ਦੇ ਹਕੂਮਤ ਸੰਭਾਲਣ ਉਪਰੰਤ ਉਸ ਦੇ ਪਿਤਰ ਸੰਗਠਨ ਰਾਸ਼ਟਰੀ ਸਵੈਮ ਸੇਵਕ ਨੇ ਉਸ ਨੂੰ ਆਪਣਾ ਔਜ਼ਾਰ ਬਣਾ ਕੇ ਜੋ ਹਿੰਦੂਤਵ ਦੀ ਹਨੇਰੀ ਉਭਾਰ ਦਿੱਤੀ ਹੈ, ਉਸ ਨੇ ਸਭ ਆਲੋਚਕਾਂ, ਵਿਰੋਧੀ ਪਾਰਟੀਆਂ ਦੇ ਪੈਰ ਉਖਾੜ ਦਿੱਤੇ ਹਨ- ਸੰਵਿਧਾਨਕ ਤੌਰ ਤਰੀਕਿਆਂ ਨਾਲ ਨਹੀਂ ਬਲਕਿ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਦੁਆਰਾ ਵਿਰੋਧੀ ਵਿਚਾਰਾਂ ਵਾਲੇ ਨੇਤਾਵਾਂ, ਯੂਨੀਵਰਸਿਟੀ ਵਿਦਿਆਰਥੀਆਂ ਖਿਲਾਫ ਦੇਸ਼ ਧਰੋਹ ਜਿਹੇ ਸੰਗਠਨ ਜੁਰਮਾਂ ਦੇ ਮੁਕੱਦਮੇ ਦਰਜ ਕਰਕੇ, ਬੁੱਧੀਮਾਨ ਲੇਖਕਾਂ, ਤਰਕਸ਼ੀਲ ਵਿਦਵਾਨਾਂ ਨੂੰ ਗੋਲੀਆਂ ਨਾਲ ਮਾਰ ਕੇ ਅਤੇ ਦਹਿਸ਼ਤ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰਕੇ। ਇਹ ਬਾਬਾ ਸਾਹਿਬ ਦੀ ਕਲਪਨਾ ਦੀ ਡੈਮੋਕ੍ਰੇਟਿਕ, ਸੋਸ਼ਲਿਸਟ ਅਤੇ ਸੈਕੂਲਰ ਰਿਪਬਲਿਕ ਹਰਗਿਜ਼ ਨਹੀਂ ਹੈ। ਉਹਨਾਂ ਨੇ ਹੀ ਤਾਂ ਇਹ ਕਿਹਾ ਸੀ ਕਿ 'ਜੇ ਹਿੰਦੂ ਰਾਜ ਸੱਚਮੁਚ ਸਾਕਾਰ ਹੋ ਜਾਂਦਾ ਹੈ ਤਾਂ ਇਹ ਦੇਸ਼ ਦੀ ਸਭ ਤੋਂ ਵੱਡੀ ਬਦਕਿਸਮਤੀ ਹੋਵੇਗੀ। ਕਿਉਂਕਿ ਹਿੰਦੂ ਦਾ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤ ਵਿਚ ਵਿਸ਼ਵਾਸ ਹੀ ਨਹੀਂ। ਦੇਸ਼ ਨੂੰ ਸਿੱਧੇ ਰਾਹ ਪਾਉਣ, ਦਲਿਤ ਲੋਕਾਂ ਦੀ ਸਾਮੰਤੀ ਬਘਿਆੜਾਂ ਫਿਰ ਤੋਂ ਰੱਖਿਆ ਵਾਸਤੇ ਅੰਬੇਡਕਰ ਬਾਬਾ ਦੇ ਫਿਰ ਤੋਂ ਆਉਣ ਦੀ ਸਖ਼ਤ ਲੋੜ ਹੈ।

# ਬਹੁਪੱਖੀ ਅੰਤਰ ਰਾਸ਼ਟਰੀ ਸ਼ਖਸੀਅਤ- ਮਹਾਨ ਅੰਬੇਡਕਰ



- ਫਤਿਹਜੰਗ ਸਿੰਘ
91-98726-70278

ਕਦੇ ਕਦੇ ਇਸ ਧਰਤੀ 'ਤੇ ਅਜਿਹੇ ਮਹਾਂਪੁਰਸ਼ ਜਨਮ ਲੈਂਦੇ ਹਨ ਜੋ ਆਪਣੀ ਧਰਤੀ ਮਾਂ 'ਤੇ ਹੋ ਰਹੇ ਜ਼ੁਲਮਾਂ, ਅੱਤਿਆਚਾਰਾਂ, ਪਾਪਾਂ ਅਤੇ ਅੱਨਿਆ ਦੇ ਬੋਝ ਨੂੰ ਹਲਕਾ ਕਰਨ ਲਈ ਆਪਣਾ ਸੁਖ, ਆਰਾਮ ਅਤੇ ਨੀਂਦ ਤਿਆਗ ਕੇ ਔਖੇ ਅਤੇ ਕੰਡਿਆਲੇ ਸੰਘਰਸ਼ ਦਾ ਰਾਹ ਚੁਣ ਲੈਂਦੇ ਹਨ। ਇਸ ਰਾਹ ਤੇ ਤੁਰਦਿਆਂ ਫਿਰ ਉਹਨਾਂ ਨੂੰ ਨਾ ਤਪਦੀਆਂ ਦੁਪਹਿਰਾਂ ਸਾੜ ਸਕਦੀਆਂ ਹਨ ਨਾ ਯਖ ਸਰਦੀ ਦੀਆਂ ਰਾਤਾਂ ਠਾਰ ਸਕਦੀਆਂ ਹਨ, ਨਾ ਝੱਖੜ ਤੇ ਤੂਫਾਨ ਰਾਹ ਰੋਕ ਸਕਦੇ ਹਨ ਅਤੇ ਨਾ ਹੀ ਔਝੜ ਰਾਹਾਂ ਦੇ ਤਿੱਖੇ ਕੰਡੇ ਕਦਮ ਥੰਮ੍ਹ ਸਕਦੇ ਹਨ। ਉਹ ਬੱਸ ਦਿਨ ਰਾਤ ਆਪਣੇ ਸਫ਼ਰ ਵਿਚ ਮਗਨ ਰਹਿੰਦੇ ਹਨ। ਅਜਿਹੀ ਹੀ ਇਕ ਸ਼ਖਸੀਅਤ ਨੇ ਮਾਂ ਭੀਮਾ ਬਾਈ ਅਤੇ ਪਿਤਾ ਸੂਬੇਦਾਰ ਰਾਮ ਜੀ ਦੇ ਘਰ 14 ਅਪ੍ਰੈਲ 1891 ਨੂੰ ਬਾਲ ਰੂਪ ਵਿਚ ਜਨਮ ਲਿਆ। ਮੱਧ ਪ੍ਰਦੇਸ਼ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਪੈਂਦੀ ਮੋਹੂ ਛਾਉਣੀ ਵਿਚ ਨੌਕਰੀ ਕਰ ਰਹੇ ਪਿਤਾ ਸੂਬੇਦਾਰ ਨੂੰ ਕੀ ਪਤਾ ਸੀ ਕਿ ਉਸਦਾ ਇਹ ਚੌਦ੍ਹਵਾਂ ਬੱਚਾ ਵੱਡਾ ਹੋ ਕੇ ਅੰਬੇਡਕਰ ਦੇ ਰੂਪ ਵਿਚ ਕਰੋੜਾਂ ਦੁਖਿਆਰੀਆਂ ਅੱਖਾਂ ਦਾ ਨੂਰ ਬਣੇਗਾ, ਇਕ ਚਾਨਣ ਮੁਨਾਰਾ ਬਣੇਗਾ। ਪਾਖੰਡੀ ਪੰਡਤਾਂ ਨੇ ਇਸ ਮੌਕੇ ਭਵਿੱਖਬਾਣੀ ਕੀਤੀ ਕਿ ਇਹ ਬਾਲ ਕਿਉਂਕਿ ਮਾੜੇ ਗ੍ਰਹਿਆਂ ਵੇਲੇ ਪੈਦਾ ਹੋਇਆ ਹੈ, ਇਸ ਲਈ ਇਹ ਪਰਿਵਾਰ ਲਈ ਮਨਹੂਸ ਸਾਬਤ ਹੋਵੇਗਾ। ਅਸ਼ੁਭ ਹੋਣ ਕਾਰਨ ਕੁਲ ਨੂੰ ਕਲੰਕਿਤ ਕਰੇਗਾ ਅਤੇ ਪਰਿਵਾਰ ਲਈ ਵੱਡੀਆਂ ਮੁਸੀਬਤਾਂ ਦਾ ਕਾਰਨ ਬਣੇਗਾ। ਪਰ ਦੁਨੀਆਂ ਨੇ ਵੇਖਿਆ ਕਿ ਇਹੀ 'ਮਨਹੂਸ' ਬੱਚਾ ਵੱਡਾ ਹੋ ਕੇ ਕਰੋੜਾਂ ਉਹਨਾਂ ਲੋਕਾਂ ਦਾ ਸਹਾਰਾ ਬਣਿਆ, ਜਿਹਨਾਂ ਦਾ ਨਾ ਕੋਈ ਭਵਿੱਖ ਸੀ ਨਾ ਵਰਤਮਾਨ। ਅਤੀਤ ਦੇ ਲੁੱਟੇ ਪੁੱਟੇ ਇਹ ਲੋਕ ਮਨੁੱਖ ਤਾਂ ਕੀ ਜਾਨਵਰਾਂ ਤੋਂ ਵੀ ਹੇਠਾਂ ਰੇਂਗ ਰਹੇ ਕੀੜੇ ਮਕੌੜਿਆਂ ਦੀ ਪੱਧਰ 'ਤੇ ਜੀਅ ਰਹੇ ਸਨ। ਇਹੀ ਉਹ ਲੋਕ ਸਨ ਜਿਹਨਾਂ ਨੂੰ ਇਤਿਹਾਸ ਵਿਚ ਸਮੇਂ ਦੀ ਗਰਦਿਸ਼ ਨੇ ਮਨੂੰਵਾਦ ਰਾਹੀਂ ਮਨੁੱਖ ਨੂੰ ਮਨੁੱਖ ਨਾਲੋਂ ਪਾੜ ਕੇ ਉਹਨਾਂ ਦੇ ਆਪਣੇ ਹੀ ਦੇਸ਼ ਵਿਚ, ਆਪਣੇ ਹੀ ਸ਼ਹਿਰ, ਪਿੰਡ ਦੀਆਂ ਗਲੀਆਂ ਵਿਚ ਉਸਨੂੰ ਅਛੂਤ ਗਰਦਾਨ ਕੇ ਗਲ ਵਿਚ ਕੁੱਜੇ ਤੇ ਲੱਕ ਨਾਲ ਝਾੜੂ ਬੰਨ੍ਹ ਕੇ ਤੁਰਨ ਲਈ ਮਜਬੂਰ ਕੀਤਾ ਤਾਂ ਜੋ ਉਸਦੇ ਥੁੱਕਣ ਨਾਲ ਅਤੇ ਪੈਰ ਦੀ ਪੈੜ ਨਾਲ ਇਹ ਧਰਤੀ ਨਾ ਭਿੱਟੀ ਜਾਵੇ ਜਿਸ 'ਤੇ ਕਿ ਜਾਤ ਹੰਕਾਰੀਆਂ ਦਾ ਲੰਬੇ ਸਮੇਂ ਤੋਂ ਰਾਜ ਚਲਦਾ ਆ ਰਿਹਾ ਸੀ। ਇਹੋ ਜਿਹੀ ਸਮਾਜਿਕ ਵਿਵਸਥਾ ਦੇ ਖਿਲਾਫ ਡਾ. ਅੰਬੇਡਕਰ ਨੇ ਚੋਟੀ ਦੀ ਵਿੱਦਿਆ ਪ੍ਰਾਪਤ ਕਰਕੇ, ਦੇਸ਼ ਵਿਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਜਾਣਕਾਰੀ ਇਕੱਤਰ ਕਰਕੇ ਆਪਣੇ ਆਪ ਨੂੰ ਸੰਘਰਸ਼ ਦੇ ਹਰ ਹਥਿਆਰ ਨਾਲ ਲੈਸ ਕਰਕੇ, ਗੈਰ ਬਰਾਬਰੀ ਦੇ ਟੋਏ-ਟਿੱਬੇ ਭਰਨ ਲਈ ਮੈਦਾਨ ਵਿਚ ਕੁੱਦ ਪਏ ਅਤੇ ਇਹਨਾਂ ਜਾਤ ਹੰਕਾਰੀਆਂ ਨੂੰ ਪੈਰ ਪੈਰ ਤੇ ਵੰਗਾਰਿਆ, ਜਿਹਨਾਂ ਨੇ ਇਸ ਧਰਤੀ ਤੇ ਜਾਤ-ਪਾਤ, ਊਚ-ਨੀਚ ਦਾ ਜਾਲ ਵਿਛਾ ਕੇ ਇਸ ਦੇਸ਼ ਦੀ ਬਹੁਗਿਣਤੀ ਨੂੰ ਮਨੁੱਖਤਾ ਤੋਂ ਬਹੁਤ ਹੇਠਲੀ ਪੱਧਰ ਤੇ ਜਿਊਣ ਲਈ ਮਜਬੂਰ ਕੀਤਾ ਹੋਇਆ ਸੀ। ਬਾਬਾ ਸਾਹਿਬ ਇਸ ਜਾਤੀ ਵਿਵਸਥਾ ਅਤੇ ਊਚ-ਨੀਚ ਵਾਲੇ ਸਮਾਜ ਨੂੰ ਖਤਮ ਕਰਕੇ ਸਮਾਨਤਾ, ਭਾਈਚਾਰੇ ਅਤੇ ਸੁਤੰਤਰਤਾ ਵਾਲਾ ਸਮਾਜ ਸਿਰਜਣ ਦੇ ਤੀਬਰ ਇਛੁੱਕ ਸਨ। ਇਸ ਕਾਰਜ ਲਈ ਉਹਨਾਂ ਨੇ ਆਪਣੀ ਸਾਰੀ ਹਯਾਤੀ, ਸਾਰੀ ਵਿੱਦਿਆ ਅਤੇ ਸਾਰੀ ਲਿਆਕਤ ਲੇਖੇ ਲਾ ਦਿੱਤੀ। ਸਮਾਜ ਦੇ ਦੋਖੀਆਂ ਨੇ ਉਹਨਾਂ ਨੂੰ ਕਦਮ ਕਦਮ 'ਤੇ ਅਪਮਾਨਿਤ ਕੀਤਾ, ਮਾਰਨ ਦੀਆਂ ਧਮਕੀਆਂ ਹੀ ਨਹੀਂ ਦਿੱਤੀਆਂ ਸਗੋਂ ਜਾਨਲੇਵਾ ਹਮਲੇ ਹੋਏ ਵੀ ਪਰ ਉਹ ਅਡੋਲ ਅਤੇ ਨਿੱਧੜਕ ਹੋ ਕੇ ਆਪਣੇ ਨਿਸ਼ਾਨੇ ਵੱਲ ਲਗਾਤਾਰ ਵਧਦੇ ਰਹੇ ਅਤੇ ਜੋ ਕੁਝ ਉਹ ਕਰ ਗਏ ਉਹ ਇਕ ਇਨਕਲਾਬ ਤੋਂ ਘੱਟ ਨਹੀਂ ਸੀ।

ਬਾਬਾ ਸਾਹਿਬ ਵੱਲੋਂ ਕੀਤੇ ਗਏ ਕੰਮਾਂ ਨੂੰ ਸਮੇਂ ਦੀਆਂ ਸਰਕਾਰਾਂ ਅਤੇ ਵਿਰੋਧੀ ਸ਼ਕਤੀਆਂ ਨੇ ਇਸ ਤਰ੍ਹਾਂ ਪ੍ਰਚਾਰਿਆ ਕਿ ਉਹਨਾਂ ਦੀ ਸ਼ਖਸੀਅਤ ਨੂੰ ਪਹਿਲਾਂ ਤਾਂ ਪੂਰਨ ਰੂਪ ਵਿਚ ਉਭਰਨ ਹੀ ਨਾ ਦਿੱਤਾ ਗਿਆ ਸਗੋਂ ਉਹਨਾਂ ਵੱਲੋਂ ਕੀਤੇ ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਕਾਂਗਰਸ, ਮਹਾਤਮਾ ਗਾਧੀ ਜਾਂ ਹੋਰ ਕਾਂਗਰਸੀ ਦਲਿਤ ਆਗੂਆਂ ਦੇ ਖਾਤੇ ਵਿਚ ਪਾਉਂਦੀਆਂ ਰਹੀਆਂ, ਫਿਰ ਜਦੋਂ ਬਾਬਾ ਸਾਹਿਬ ਦੇ ਕੰਮ ਕੰਨ ਪਾੜ ਕੇ ਬਾਹਰ ਆਉਣ ਲੱਗੇ ਤਾਂ ਇਹਨਾਂ ਹੀ ਸ਼ਕਤੀਆਂ ਨੇ ਉਹਨਾਂ ਨੂੰ ਸਿਰਫ ਦਲਿਤਾਂ ਦੇ ਆਗੂ ਹੀ ਬਣਾ ਕੇ ਪੇਸ਼ ਕੀਤਾ। ਜਦੋਂ ਕਿ ਉਹਨਾਂ ਦਾ ਸੰਘਰਸ਼ ਸਮਾਜ ਦੇ ਹਰ ਉਸ ਵਰਗ ਲਈ ਸੀ, ਜਿਸਨੂੰ ਉਸਦਾ ਹੱਕ ਨਹੀਂ ਸੀ ਮਿਲ ਰਿਹਾ ਤੇ ਇਕ ਲੰਮੇ ਸਮੇਂ ਤੋਂ ਉਸਦੀ ਲੁੱਟ-ਖਸੁੱਟ ਕਰਕੇ ਉਸਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ। ਇਹ ਠੀਕ ਹੈ ਕਿ ਸਮੇਂ ਦੀ ਜਾਤਪਾਤੀ ਕਰੂਰਤਾ ਦਾ ਡੰਡਾ ਸਭ ਤੋਂ ਵੱਧ ਦਲਿਤਾਂ 'ਤੇ ਚੱਲਿਆ ਸੀ ਪਰ ਬਾਬਾ ਸਾਹਿਬ ਨੇ ਜਿੱਥੇ ਇਸ ਵਰਗ ਲਈ ਸੰਘਰਸ਼ ਕੀਤਾ, ਉਥੇ ਨਾਲ ਦੀ ਨਾਲ ਔਰਤਾਂ ਅਤੇ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਲਈ ਵੀ ਲੜਾਈ ਲੜੀ। ਉਹਨਾਂ ਨੇ ਸਮਾਜਿਕ ਤੇ ਰਾਜਨੀਤਿਕ ਖੇਤਰ ਦੇ ਨਾਲ ਨਾਲ ਆਰਥਿਕ, ਕਾਨੂੰਨੀ ਅਤੇ ਮੀਡੀਆ ਖੇਤਰ ਵਿਚ ਵੀ ਸਹੀ ਅਗਵਾਈ ਕੀਤੀ। ਇੱਥੇ ਹੀ ਬੱਸ ਨਹੀਂ ਧਰਮ ਦੇ ਖੇਤਰ ਵਿਚ ਵੀ ਉਹਨਾਂ ਨੇ ਪੂਰਨ ਸੇਧ ਦਿੱਤੀ। ਵਿਰੋਧੀਆਂ ਵੱਲੋਂ ਉਹਨਾਂ 'ਤੇ ਇਕ ਲੇਬਲ ਚਿਪਕਾਉਣਾ ਕਿ ਉਹ ਸਿਰਫ ਦਲਿਤਾਂ ਦੇ ਹੀ ਨੇਤਾ ਸਨ, ਇਹ ਉਹਨਾਂ ਦੀਆਂ ਘਾਲਣਾਵਾਂ ਅਤੇ ਪ੍ਰਾਪਤੀਆਂ ਨਾਲ ਜ਼ਿਆਦਤੀ, ਸੰਕੀਰਨਤਾ ਅਤੇ ਪੱਖਪਾਤ ਹੈ। ਉਹ ਪੂਰੇ ਦੇਸ਼ ਨੂੰ ਹਰ ਖੇਤਰ ਵਿਚ ਸੇਧ ਦੇਣ ਵਾਲੇ ਨੇਤਾ ਸਨ। ਆਓ ਵੇਖੀਏ ਕਿਵੇਂ?

### ਔਰਤ ਦੇ ਹੱਕਾਂ ਦਾ ਰਾਖਾ

ਬਾਬਾ ਸਾਹਿਬ ਨੇ ਜਿੱਥੇ ਸਦੀਆਂ ਤੋਂ ਲਿਤਾੜੇ ਦਲਿਤ ਸਮਾਜ ਲਈ ਲੜਾਈ ਲੜ ਕੇ ਇਕ ਨਵੇਂ ਯੁੱਗ ਦਾ ਆਗਾਜ਼ ਕੀਤਾ, ਉਥੇ ਉਹਨਾਂ ਨੇ ਸਮੁੱਚੇ ਸਮਾਜ ਦੇ ਮਹੱਤਵਪੂਰਨ ਅੱਧੇ ਹਿੱਸੇ ਔਰਤ ਵਰਗ ਲਈ ਵੀ ਵਿਸ਼ੇਸ਼ ਤੌਰ ਤੇ ਲੜਾਈ ਲੜੀ। ਸਮਾਜ ਵਿਚ ਔਰਤਾਂ ਤੇ ਹੋ ਰਹੇ ਜ਼ੁਲਮ ਅਤੇ ਅੱਤਿਆਚਾਰਾਂ ਤੋਂ ਉਹ ਬਹੁਤ ਪੀੜਤ ਹੁੰਦੇ ਸਨ। ਹਿੰਦੂ ਸ਼ਾਸਤਰਾਂ ਵਿਚ ਗਰਦਾਨੀ ਗਈ ਪੈਰ ਦੀ ਜੁੱਤੀ, ਬੇ-ਅਕਲ, ਨਰਕ ਦਾ ਦੁਆਰ, ਬੇਵਫਾ, ਕੁਲਟਾ, ਅਧਿਕਾਰ ਰਹਿਤ, ਗੁੱਤ ਪਿੱਛੇ ਮੱਤ, ਪਤੀ ਦੀ ਲਾਸ਼ ਨਾਲ ਸਤੀ ਹੋਣ ਵਾਲੀ ਵਸਤੂ ਨੂੰ ਬਾਬਾ ਸਾਹਿਬ ਨੇ ਸੰਵਿਧਾਨ ਬਣਾਉਣ ਲੱਗਿਆਂ ਸੰਵਿਧਾਨ ਦੀ ਧਾਰਾ 15 (1) ਰਾਹੀਂ ਮਰਦ ਦੇ ਬਰਾਬਰ ਅਧਿਕਾਰ ਦਿਵਾਇਆ। ਧਾਰਾ 39 ਰਾਹੀਂ ਬਰਾਬਰ ਕੰਮ ਅਤੇ ਬਰਾਬਰ ਤਨਖਾਹ ਦੀ ਵਿਵਸਥਾ ਕਰਵਾਈ। ਬੰਬਈ ਵਿਧਾਨ ਪ੍ਰੀਸ਼ਦ ਵਿਚ ਹੁੰਦਿਆਂ ਉਹਨਾਂ ਨੇ 3 ਅਗਸਤ 1928 ਨੂੰ ਵਿਧਾਨ ਪ੍ਰੀਸ਼ਦ ਵਿਚ ਬਿਲ ਪੇਸ਼ ਕੀਤਾ ਅਤੇ ਮੁਜ਼ਾਹਰੇ ਤੇ ਘਿਰਾਓ ਕਰਕੇ ਅੰਗਰੇਜ਼ ਸਰਕਾਰ ਨੂੰ ਪਹਿਲੀ ਵਾਰ ਔਰਤ ਦੀ ਬੇਗਾਰੀ ਖਤਮ ਕਰਨ ਲਈ ਮਜਬੂਰ ਕੀਤਾ। ਫਿਰ 28 ਜੁਲਾਈ ਨੂੰ ਬਿਲ ਪੇਸ਼ ਕਰਕੇ ਪ੍ਰਸੂਤਾ ਛੁੱਟੀ ਅਤੇ ਵੇਤਨ ਦਾ ਪ੍ਰਬੰਧ ਕਰਵਾਇਆ। ਮਰਦ ਦੇ ਬਰਾਬਰ ਹੜਤਾਲ ਕਰਨ ਦਾ ਅਧਿਕਾਰ ਦਿਵਾਇਆ। ਵੋਟ ਦੇ ਅਧਿਕਾਰ ਲਈ ਇੰਡੀਅਨ ਸਟੈਚੁਟਰੀ ਕਮਿਸ਼ਨ ਨੂੰ ਯਾਦ ਪੱਤਰ ਦੇ ਕੇ ਔਰਤ ਲਈ ਵੋਟ ਦੇ ਅਧਿਕਾਰ ਲਈ ਜ਼ੋਰਦਾਰ ਆਵਾਜ਼ ਉਠਾਈ। ਔਰਤ ਦੇ ਜਾਇਦਾਦ ਮਾਲਕੀ ਅਧਿਕਾਰ, ਤਲਾਕ ਦਾ ਅਧਿਕਾਰ, ਆਪਣਾ ਵਾਰਸ ਚੁਣਨ ਦਾ ਅਧਿਕਾਰ, ਬੱਚਾ ਗੋਦ ਲੈਣ ਦਾ ਅਧਿਕਾਰ ਆਦਿ ਦਿਵਾਉਣ ਲਈ ਬਤੌਰ ਕਾਨੂੰਨ ਮੰਤਰੀ ਬਹੁ-ਚਰਚਿਤ ਹਿੰਦੂ ਕੋਡ ਬਿਲ 5 ਫਰਵਰੀ 1951 ਨੂੰ ਪੇਸ਼ ਕੀਤਾ। ਬਿਲ 'ਤੇ ਲੰਬੀ ਬਹਿਸ ਹੋਈ ਪਰ ਮਨੂੰਵਾਦੀਆਂ ਦਾ ਜ਼ੋਰ ਹੋਣ ਕਾਰਨ ਇਹ ਬਿਲ ਪਾਸ ਨਾ ਹੋ ਸਕਿਆ। ਉਹਨਾਂ ਨੇ ਤੰਗ ਆ ਕੇ 28 ਸਤੰਬਰ 1951 ਨੂੰ ਆਪਣੇ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਕਿਉਂਕਿ ਕਾਂਗਰਸੀ ਆਗੂਆਂ ਨੇ ਬਿਲ ਪਾਸ ਕਰਨ ਦਾ ਵਾਅਦਾ ਤੋੜ ਦਿੱਤਾ ਸੀ।



ਬਾਬਾ ਸਾਹਿਬ ਦਾ ਵਿਚਾਰ ਸੀ ਕਿ "ਜਦੋਂ ਤੱਕ ਔਰਤ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ, ਉਦੋਂ ਤੱਕ ਦੇਸ਼ ਦੀ ਅੱਧੀ ਆਬਾਦੀ ਗੁਲਾਮ ਬਣੀ ਰਹੇਗੀ ਅਤੇ ਜਦੋਂ ਤੱਕ ਔਰਤਾਂ ਕ੍ਰਾਂਤੀ ਵਿਚ ਹਿੱਸੇਦਾਰ ਨਹੀਂ ਬਣਨਗੀਆਂ, ਕ੍ਰਾਂਤੀ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਰਾਜਸੀ ਜਾਂ ਆਰਥਿਕ ਉਹ ਅਧੂਰੀ ਹੀ ਰਹੇਗੀ।" ਬਾਬਾ ਸਾਹਿਬ ਦੀ ਇਹ ਕਿੱਡੀ ਇਨਕਲਾਬੀ ਜ਼ੁਰਅਤ ਸੀ ਜੋ ਔਰਤਾਂ ਅਤੇ ਦਲਿਤਾਂ ਉਤੇ ਅੱਤਿਆਚਾਰ ਕਰਨ ਦਾ ਫੁਰਮਾਨ ਪੱਕਿਆਂ ਕਰਨ ਵਾਲੀ 'ਧਾਰਮਿਕ' ਪੁਸਤਕ ਮਨੂੰ ਸਿਮ੍ਰਤੀ ਨੂੰ ਜਨਮ ਤੌਰ ਤੇ ਸਾੜਿਆ। ਉਹਨਾਂ ਨੇ 'ਭਾਰਤੀ ਨਾਰੀ ਦਾ ਉਥਾਨ ਅਤੇ ਪਤਨ' ਵਰਗੀ ਖੋਜ ਪੁਸਤਕ ਲਿਖ ਕੇ ਔਰਤ ਦੇ ਹੱਕ ਵਿਚ ਖਲੋਏ। ਅੱਜ ਔਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ, ਐਮ. ਪੀ., ਐਮ. ਐਲ. ਏ., ਨੌਕਰਸ਼ਾਹੀ ਦੇ ਵੱਡੇ ਅਹੁਦੇ ਲੈਣ ਪਿੱਛੇ ਬਾਬਾ ਸਾਹਿਬ ਦੀ ਸੋਚ ਖੜ੍ਹੀ ਮਹਿਸੂਸ ਕੀਤੀ ਜਾ ਸਕਦੀ ਹੈ।

### ਮਜ਼ਦੂਰਾਂ ਦੇ ਹੱਕਾਂ ਦਾ ਝੰਡਾ ਬਰਦਾਰ

ਬਾਬਾ ਸਾਹਿਬ ਮਜ਼ਦੂਰ ਅਤੇ ਨੌਕਰੀ ਪੇਸ਼ਾ ਵਰਗ ਲਈ ਵੀ ਬਹੁਤ ਗੰਭੀਰ ਸਨ। ਉਹਨਾਂ ਦਾ ਮੰਨਣਾ ਸੀ ਕਿ, 'ਜਿਵੇਂ ਆਜ਼ਾਦੀ ਦਾ ਹੱਕ ਇਕ ਰੱਬੀ ਹੱਕ ਹੈ ਉਵੇਂ ਹੀ ਮਜ਼ਦੂਰ ਦਾ ਹੜਤਾਲ ਦਾ ਹੱਕ ਵੀ ਇਕ ਪਵਿੱਤਰ ਅਧਿਕਾਰ ਹੈ, ਜੋ ਉਸਨੇ ਆਪਦੇ ਕੁਦਰਤੀ ਤੇ ਨਿਆਂਇਕ ਹੱਕਾਂ ਲਈ ਇਕ ਹਥਿਆਰ ਵਜੋਂ ਵਰਤਣਾ ਹੁੰਦਾ ਹੈ। ਹੜਤਾਲ ਕਰਨ ਕਰਕੇ ਮਜ਼ਦੂਰਾਂ ਨੂੰ ਸਜ਼ਾ ਦੇਣੀ ਮਜ਼ਦੂਰਾਂ ਨੂੰ ਗੁਲਾਮੀ ਵੱਲ ਧੱਕਣ ਦੇ ਤੁਲ ਹੈ। ਉਹਨਾਂ ਨਾਲ ਸਮਝੌਤੇ ਦੀ ਗੱਲਬਾਤ ਹੜਤਾਲ ਰੋਕਣ ਦਾ ਕਦੇ ਵੀ ਬਹਾਨਾ ਨਹੀਂ ਬਣਨਾ ਚਾਹੀਦਾ। ਉਹਨਾਂ ਦਾ ਇਹ ਵੀ ਮੰਨਣਾ ਸੀ ਕਿ ਕਾਰਖਾਨੇ ਵਿਚ ਸ਼ਾਂਤੀ ਕਾਇਮ ਰੱਖਣ ਲਈ ਮਜ਼ਦੂਰ ਦੀ ਆਜ਼ਾਦੀ ਖਤਮ ਕਰਕੇ ਉਸਨੂੰ ਮਾਲਕ ਦੀ ਗੁਲਾਮੀ ਦੀ ਜੰਜੀਰ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਬਾਬਾ ਸਾਹਿਬ ਨੇ ਮਜ਼ਦੂਰਾਂ ਨੂੰ ਜਾਗਰਿਤ ਕਰਨ ਲਈ ਅਸਲੀਅਤ ਤੋਂ ਜਾਣੂ ਕਰਵਾਉਂਦਿਆਂ ਆਖਿਆ ਕਿ, ਇਸ ਦੇਸ਼ ਵਿਚ ਮਜ਼ਦੂਰ ਦੇ ਦੋ ਦੁਸ਼ਮਣ ਹਨ- ਇਕ ਬ੍ਰਾਹਮਣਵਾਦ ਤੇ ਦੂਜਾ ਪੂੰਜੀਵਾਦ। ਬ੍ਰਾਹਮਣਵਾਦ ਇੰਨਾ ਸਰਬ ਵਿਆਪਕ ਹੈ ਕਿ ਇਹ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਹਰ ਖੇਤਰ ਵਿਚ ਮਾਰ ਕਰਦਾ ਹੈ। ਬ੍ਰਾਹਮਣਵਾਦ ਕਿਉਂਕਿ ਗੈਰ ਬਰਾਬਰੀ ਦੀ ਜੜ੍ਹ ਹੈ, ਇਸ ਲਈ ਮਜ਼ਦੂਰਾਂ ਦੀ ਏਕਤਾ ਬ੍ਰਾਹਮਣਵਾਦ ਦੇ ਖਾਤਮੇ 'ਤੇ ਨਿਰਭਰ ਕਰਦਾ ਹੈ। ਜਿੰਨੀ ਛੇਤੀ ਉਹ ਇਸ 'ਤੇ ਕਾਬੂ ਪਾ ਲੈਣਗੇ, ਉਨੀ ਛੇਤੀ ਹੀ ਕੋਈ ਮਜ਼ਦੂਰ ਏਕਤਾ ਵਾਲਾ ਸੰਗਠਨ ਬਣਾਉਣ ਵਿਚ ਕਾਮਯਾਬ ਹੋਣਗੇ।

ਬਾਬਾ ਸਾਹਿਬ ਨੇ 1936 ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਦੀ ਸਥਾਪਨਾ ਨਾ ਅਤੇ 1942-46 ਤੱਕ ਵਾਇਸਰਾਇ ਕੌਂਸਲ ਦੇ ਲੇਬਰ ਮੈਂਬਰ ਹੁੰਦਿਆਂ ਮਜ਼ਦੂਰ ਸਮੱਸਿਆਵਾਂ ਦੇ ਸਬੰਧ ਵਿਚ ਮਜ਼ਦੂਰ ਕਾਨੂੰਨਾਂ ਅਤੇ ਕਾਨੂੰਨ ਪ੍ਰਣਾਲੀ ਵਿਚ ਕਈ ਇਨਕਲਾਬੀ ਸੁਧਾਰ ਕਰਵਾਏ। ਉਹਨਾਂ ਨੇ ਸੰਵਿਧਾਨ ਅਸੈਂਬਲੀ ਵਿਚ 'ਸਟੇਟ ਸਮਾਜਵਾਦ' ਦਾ ਮਤਾ ਪੇਸ਼ ਕੀਤਾ ਸੀ ਜਿਸ ਅਧੀਨ ਜ਼ਮੀਨ ਅਤੇ ਉਦਯੋਗ ਨੂੰ ਨਿੱਜੀ ਕੰਟਰੋਲ ਤੋਂ ਲੈ ਕੇ ਸਰਕਾਰੀ ਕੰਟਰੋਲ ਵਿਚ ਲੈਣਾ ਸ਼ਾਮਲ ਸੀ।

### ਮਨੁੱਖੀ ਅਧਿਕਾਰ ਬਨਾਮ ਸੰਵਿਧਾਨ

ਬਾਬਾ ਸਾਹਿਬ ਦਾ ਮੁੱਖ ਸੰਘਰਸ਼ ਬਰਾਬਰੀ ਅਤੇ ਆਜ਼ਾਦੀ ਪ੍ਰਾਪਤ ਕਰਕੇ ਸਮਾਜ ਵਿਚ ਭਾਈਚਾਰਾ ਪੈਦਾ ਕਰਨ ਵੱਲ ਸੇਧਿਤ ਸੀ। ਸਮਾਜ ਦੇ ਉਸ ਹਿੱਸੇ ਨੂੰ ਜਿਸਨੂੰ ਸਦੀਆਂ ਤੋਂ ਮਨੁੱਖੀ ਅਧਿਕਾਰ ਤਾਂ ਕੀ ਮਨੁੱਖ ਹੀ ਨਹੀਂ ਸੀ ਮੰਨਿਆ ਜਾ ਰਿਹਾ, ਉਸਨੂੰ ਜਾਗਰਿਤ ਕਰਕੇ ਉਸਦੇ ਅਧਿਕਾਰਾਂ ਪ੍ਰਤੀ ਸੰਘਰਸ਼ ਕਰਨਾ ਸੀ। ਜਦੋਂ ਉਹਨਾਂ ਨੂੰ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਸਦੀਆਂ ਤੋਂ ਖੋਹੇ ਮਨੁੱਖੀ ਅਧਿਕਾਰਾਂ ਨੂੰ ਮੌਲਿਕ ਅਧਿਕਾਰਾਂ ਦੀ ਮੋਹਰ ਲੁਆ ਕੇ ਸੰਵਿਧਾਨ ਵਿਚ ਪੱਕਿਆਂ ਕਰ ਗਏ। ਇਹ ਉਹਨਾਂ ਦੀ ਵੱਡੀ ਪ੍ਰਾਪਤੀ ਹੈ। ਸੰਵਿਧਾਨ ਰਾਹੀਂ ਭਾਵੇਂ ਉਹਨਾਂ ਨੇ ਬਰਾਬਰ ਦਾ ਵੋਟ ਅਧਿਕਾਰ ਦੁਆ ਕੇ ਸਮਾਜ ਵਿਚ ਰਾਜਸੀ ਬਰਾਬਰਤਾ ਤਾਂ ਲਿਆ ਦਿੱਤੀ ਪਰ ਉਹਨਾਂ ਨੂੰ ਪਤਾ ਸੀ ਕਿ ਅਸਲੀ ਬਰਾਬਰਤਾ ਤਾਂ ਸਮਾਜਿਕ ਅਤੇ ਆਰਥਿਕ ਬਰਾਬਰਤਾ ਵਿਚ ਛਿਪੀ ਹੋਈ ਹੈ। ਇਸੇ ਲਈ ਉਹਨਾਂ ਨੇ ਸੰਵਿਧਾਨ ਲਾਗੂ ਕਰਨ ਦੇ ਦਿਨ ਹੀ 26 ਜਨਵਰੀ 1950 ਨੂੰ ਇਹ ਆਖ ਦਿੱਤਾ ਸੀ ਕਿ 'ਅਸੀਂ 26 ਜਨਵਰੀ 1950 ਨੂੰ ਬਰਾਬਰੀ ਵਾਲਾ ਸੰਵਿਧਾਨ ਲਾਗੂ ਕਰਨ ਜਾ ਰਹੇ ਹਾਂ ਪਰ ਇਸ ਨਾਲ ਸਾਨੂੰ ਭਾਵੇਂ ਰਾਜਸੀ ਬਰਾਬਰੀ ਤਾਂ ਮਿਲ ਜਾਵੇਗੀ ਪਰ ਸਮਾਜਿਕ ਤੇ ਆਰਥਿਕ ਬਰਾਬਰੀ ਨਹੀਂ ਮਿਲੇਗੀ। ਸਾਨੂੰ ਜਲਦੀ ਤੋਂ ਜਲਦੀ ਇਹ ਫਰਕ ਮਿਟਾਉਣਾ ਹੋਵੇਗਾ, ਨਹੀਂ ਤਾਂ ਇਸ ਵਿਤਕਰੇ ਦੇ ਸ਼ਿਕਾਰ ਲੋਕ ਰਾਜਸੀ ਤੰਤਰ ਨੂੰ ਖੇਰੂੰ ਖੇਰੂੰ ਕਰ ਦੇਣਗੇ।' ਪਰ ਅਸੀਂ ਵੇਖ ਰਹੇ ਹਾਂ ਕਿ ਇਹ ਵਿਤਕਰਾ ਤਾਂ ਹਾਲੇ ਤੱਕ ਵੀ ਜਾਰੀ ਹੈ। ਸਮਾਜਿਕ ਤੇ ਆਰਥਿਕ ਪਾੜਾ ਘਟਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ। ਇਸ ਵਿਤਕਰੇ ਦੇ ਸ਼ਿਕਾਰ ਲੋਕ ਜਾਗ ਹੀ ਨਹੀਂ ਰਹੇ। ਉਹਨਾਂ ਨੇ ਮੰਨਿਆ ਸੀ ਕਿ ਜੇ ਇਹਨਾਂ ਹਾਲਾਤਾਂ ਵਿਚ ਸੁਧਾਰ ਨਹੀਂ ਹੁੰਦਾ ਤਾਂ ਇਹ ਕਸੂਰ ਸੰਵਿਧਾਨ ਦਾ ਨਹੀਂ ਸਗੋਂ ਇਸਨੂੰ ਲਾਗੂ ਕਰਨ ਵਾਲਿਆਂ ਦਾ ਹੋਵੇਗਾ। ਇਹ ਸਾਡੇ ਸਾਹਮਣੇ ਸਵਾਲ ਹੈ ਕਿ ਕਿਹੜੀਆਂ ਤਾਕਤਾਂ ਇਸਨੂੰ ਸਹੀ ਅਰਥਾਂ ਵਿਚ ਲਾਗੂ ਹੋਣ ਤੋਂ ਦੂਰ ਰੱਖ ਰਹੀਆਂ ਹਨ। ਇਹ ਰਲ ਮਿਲ ਕੇ ਸੋਚਣ ਦਾ ਵਿਸ਼ਾ ਹੈ।

### ਧਾਰਮਿਕ ਵਿਸ਼ਵਾਸ ਬਾਰੇ

ਬਾਬਾ ਸਾਹਿਬ ਦਾ ਮੰਨਣਾ ਸੀ ਕਿ ਹਰ ਵਿਚਾਰ ਹਰ ਸੋਚ ਦਾ ਆਧਾਰ ਵਿਗਿਆਨਕ ਹੋਣਾ ਚਾਹੀਦਾ ਹੈ। ਧਰਮ ਨੂੰ ਵੀ ਉਹ ਇਸ ਘੇਰੇ ਵਿਚ ਲੈਂਦੇ ਹਨ। ਉਹ ਅਜਿਹੇ ਵਿਸ਼ਵਾਸ ਜਾਂ ਧਰਮ ਨੂੰ ਮੰਨਣ ਤੋਂ ਇਨਕਾਰੀ ਹਨ ਜੋ ਸਮਾਜ ਵਿਚ ਜਾਤ-ਪਾਤ ਦੇ ਵਿਤਕਰੇ ਖੜ੍ਹੇ ਕਰਕੇ ਗੈਰ ਬਰਾਬਰੀ ਪੈਦਾ ਕਰਦਾ ਹੈ। ਮਹਾਤਮਾ ਬੁੱਧ ਅਤੇ ਗੁਰੂ ਨਾਨਕ ਵਿਚ ਉਹਨਾਂ ਦੀ ਅਥਾਹ ਸ਼ਰਧਾ ਸੀ, ਜਿਸ ਤੋਂ ਉਹਨਾਂ ਨੇ ਸੱਚ ਕਹਿਣ ਦੀ ਦਲੇਰੀ ਪ੍ਰਾਪਤ ਕੀਤੀ ਸੀ। ਜਾਤ ਪਾਤ ਤੇ ਗੈਰ ਬਰਾਬਰੀ ਪੈਦਾ ਕਰਨ ਵਾਲੇ ਧਰਮ ਸ਼ਾਸਤਰਾਂ ਬਾਰੇ ਉਹਨਾਂ ਕਿਹਾ, 'ਤੁਹਾਨੂੰ ਉਸ ਅਸੂਲ ਉਤੇ ਡਟ ਕੇ ਖੜ੍ਹਨਾ ਪਵੇਗਾ, ਜਿਸ 'ਤੇ ਮਹਾਤਮਾ ਬੁੱਧ ਡਟ ਕੇ ਖੜੋਤੇ ਸਨ, ਗੁਰੂ ਨਾਨਕ ਡਟ ਕੇ ਖੜੋਤੇ ਸਨ। ਤੁਹਾਨੂੰ ਇਹਨਾਂ ਧਰਮ ਸ਼ਾਸਤਰਾਂ ਨੂੰ ਸਿਰਫ ਤਿਲਾਂਜਲੀ ਹੀ ਨਹੀਂ ਦੇਣੀ ਚਾਹੀਦੀ ਸਗੋਂ ਬੁੱਧ ਅਤੇ ਨਾਨਕ ਦੀ ਤਰ੍ਹਾਂ ਉਹਨਾਂ ਸ਼ਾਸਤਰਾਂ ਦੇ ਹੁਕਮਾਂ ਨੂੰ ਗਲਤ ਕਹਿਣ ਦੀ ਦਲੇਰੀ ਵੀ ਕਰਨੀ ਚਾਹੀਦੀ ਹੈ।' ਬਾਬਾ ਸਾਹਿਬ ਨੇ 1935 ਵਿਚ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਹਿੰਦੂ ਧਰਮ ਵਿਚ ਪੈਦਾ ਹੋ ਗਏ ਇਹ ਉਹਨਾਂ ਦੇ ਵੱਸ ਵਿਚ ਨਹੀਂ ਸੀ ਪਰ ਉਹ ਇਸ ਧਰਮ ਵਿਚ ਮਰਨਗੇ ਨਹੀਂ, ਇਹ ਉਹਨਾਂ ਦੇ ਵੱਸ ਵਿਚ ਹੈ। ਉਹਨਾਂ ਨੇ ਇਹ ਗੱਲ ਇਸ ਲਈ ਆਖੀ ਕਿਉਂਕਿ ਬ੍ਰਾਹਮਣ ਨੇ ਇਸਨੂੰ ਗਲਤ ਲੀਹਾਂ 'ਤੇ ਤੋਰ ਕੇ ਜਾਤ ਪਾਤ ਦੇ ਨਾਂ 'ਤੇ ਊਚ ਨੀਚ ਪੈਦਾ ਕੀਤੀ ਅਤੇ ਸਮਾਜ ਦੇ ਵੱਡੇ ਹਿੱਸੇ ਨੂੰ ਸਦੀਆਂ ਤੱਕ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਰੱਖਿਆ। ਉਹਨਾਂ ਨੇ ਸਾਰੇ ਧਰਮਾਂ ਦਾ ਡੂੰਘਾ ਅਧਿਐਨ ਕੀਤਾ। ਇਕ ਮੌਕੇ ਉਹਨਾਂ ਨੇ ਸਿੱਖ ਧਰਮ ਨੂੰ ਅਪਣਾਉਣ ਦਾ ਮਨ ਵੀ ਬਣਾਇਆ। ਪਰ ਬ੍ਰਾਹਮਣਵਾਦੀ ਘੁਸਪੈਠ ਨਾਲ ਸਿੱਖਾਂ ਵਿਚ ਵੀ ਹਿੰਦੂਆਂ ਵਾਂਗ ਹੀ ਜਾਤਪਾਤ ਤੇ ਊਚ-ਨੀਚ ਦਾ ਬੋਲਬਾਲਾ ਵੇਖ ਕੇ ਉਪਰਾਮ ਹੋ ਗਏ। ਅਖੀਰ ਉਹਨਾਂ ਨੇ ਬੁੱਧ ਧਰਮ ਨੂੰ ਚੁਣਿਆ ਅਤੇ 'ਬੁੱਧ ਤੇ ਉਸਦਾ ਧੰਮ' ਗ੍ਰੰਥ ਲਿਖ ਕੇ 1956 ਵਿਚ ਆਪਣੇ ਲੱਖਾਂ ਸ਼ਰਧਾਲੂਆਂ ਸਮੇਤ ਬੁੱਧ ਧਰਮ ਨੂੰ ਗ੍ਰਹਿਣ ਕੀਤਾ। ਬੁੱਧ ਧਰਮ ਉਹਨਾਂ ਸਭ ਫੋਕੇ ਰੀਤੀ ਰਿਵਾਜ, ਵਹਿਮ, ਮਾਨਤਾਵਾਂ ਨੂੰ ਮੁੱਢੋਂ ਹੀ ਨਕਾਰ ਦਿੰਦਾ ਹੈ ਜੋ ਦਲਿਤਾਂ ਦੀ ਅਧੋਗਤੀ ਦਾ ਕਰਨ ਬਣੇ ਸਨ।

ਉਹਨਾਂ ਨੇ ਇਹ ਨਤੀਜਾ ਕੱਢਿਆ ਕਿ ਧਰਮ ਜੀਵਨ ਦੀਆਂ ਸਚਾਈਆਂ, ਜ਼ਿੰਦਗੀ ਦੀ ਅਸਲੀਅਤ ਨਾਲ ਸਬੰਧ ਰੱਖਦਾ ਹੋਵੇ, ਰੱਬ ਕੇਂਦਰੀ ਬਿੰਦੂ ਨਹੀਂ ਹੈ। ਅਸਲ ਧਰਮ ਸ਼ਾਸਤਰਾਂ ਜਾਂ ਗ੍ਰੰਥਾਂ ਵਿਚ ਨਹੀਂ ਸਗੋਂ ਦਿਲ ਵਿਚ ਹੁੰਦਾ ਹੈ ਅਤੇ ਨੈਤਿਕਤਾ ਇਸਦਾ ਧੁਰਾ ਹੁੰਦਾ ਹੈ। ਧਰਮ ਦਾ ਕੰਮ ਦੁਨੀਆਂ ਨੂੰ ਖੁਸ਼ੀਆਂ ਭਰਪੂਰ ਬਣਾਉਣਾ ਹੁੰਦਾ ਹੈ, ਬੇਚੈਨੀ, ਟਕਰਾਅ ਘਟਾਉਣਾ ਹੁੰਦਾ ਹੈ। ਇਹਨਾਂ ਨੂੰ ਘਟਾਉਣ ਲਈ ਇਹਨਾਂ ਦੇ ਕਾਰਨਾਂ ਨੂੰ ਲੱਭ ਕੇ ਹੱਲ ਲੱਭਣਾ ਹੁੰਦਾ ਹੈ। ਅਸਲ ਧਰਮ ਮਨੁੱਖ ਨੂੰ ਉਸਦੇ ਕੰਮਾਂ ਤੋਂ ਪਛਾਨਣਾ ਹੈ ਨਾ ਕਿ ਜਨਮ ਤੋਂ। ਦੁਨੀਆਂ ਦੀ ਹਰ ਚੀਜ਼ ਇਕ ਨਿਯਮ ਵਿਚ ਬੰਨ੍ਹੀ ਵਿੱਚਰ ਰਹੀ ਹੈ ਤੇ ਤਬਦੀਲੀ ਦੇ ਘੇਰੇ ਵਿਚ ਹੈ। ਇਸ ਤਰ੍ਹਾਂ ਬਾਬਾ ਸਾਹਿਬ ਨੇ ਪ੍ਰਚੱਲਿਤ ਧਰਮ ਦੇ ਅਰਥਾਂ ਨੂੰ ਬੁੱਧ ਧਰਮ ਰਾਹੀਂ ਨਵਾਂ ਰੂਪ ਦਿੱਤਾ।

### ਅਰਥ ਵਿਗਿਆਨੀ

ਬਾਬਾ ਸਾਹਿਬ ਨੂੰ ਆਰਥਿਕ ਖੇਤਰ ਵਿਚ ਵੀ ਮੁਹਾਰਤ ਹਾਸਲ ਸੀ। ਉਹਨਾਂ ਨੇ ਕੋਲੰਬੀਆ ਯੂਨੀਵਰਸਿਟੀ ਵਿਚ ਉੱਚ ਵਿੱਦਿਆ ਪ੍ਰਾਪਤੀ ਵੇਲੇ 'ਈਸਟ ਇੰਡੀਆ ਕੰਪਨੀ ਦਾ ਪ੍ਰਸ਼ਾਸਨ ਅਤੇ ਵਿੱਤ ਪ੍ਰਬੰਧ' ਇਕ ਖੋਜ ਪੱਤਰ ਲਿਖਿਆ ਸੀ। ਇਹਨਾਂ ਨੇ ਬਰਤਾਨਵੀ ਸਰਕਾਰ ਨੂੰ ਭਾਰਤੀਆਂ ਦੇ ਪੈਸੇ ਨੂੰ ਸਹੀ ਇਸਤੇਮਾਲ ਨਾ ਕਰਨ 'ਤੇ ਭੰਡਿਆ। ਰੁਪਏ ਦੀ ਸਮੱਸਿਆ ਜੋ ਬਾਬਾ ਸਾਹਿਬ ਨੇ ਬਿਆਨ ਕੀਤਾ, ਉਸਨੂੰ ਉਸ ਵੇਲੇ ਦੇ ਕਈ ਅਰਥ ਸ਼ਾਸਤਰੀਆਂ ਨੇ ਸਲਾਹਿਆ ਸੀ। ਰੁਪਏ ਦੀ ਸਮੱਸਿਆ ਅਤੇ ਹੋਰ ਆਰਥਿਕ ਮਾਮਲਿਆਂ ਬਾਰੇ ਉਹਨਾਂ ਦੇ ਵਿਚਾਰ ਇਕ ਪ੍ਰਪੱਕ ਤੇ ਦੂਰਦਰਸ਼ੀ ਅਰਥ ਵਿਗਿਆਨੀਆਂ ਵਾਲੇ ਸਨ। ਆਰਥਿਕ ਖੇਤਰ ਨਾਲ ਸਬੰਧਤ ਉਹਨਾਂ ਦੀਆਂ ਪੁਸਤਕਾਂ, ਪੁਰਾਤਨ ਭਾਰਤੀ ਤਿਜ਼ਾਰਤ, ਭਾਰਤ ਦਾ ਕੌਮ ਲਾਭ ਅੰਸ਼, ਬਰਤਾਨਵੀ ਭਾਰਤ ਵਿਚ ਕੌਮੀ ਵਿੱਤ ਦੀ ਪ੍ਰਾਂਤਕ ਵੰਡ, ਰੁਪਏ ਦੀ ਸਮੱਸਿਆ ਆਦਿ ਖੋਜ ਭਰਪੂਰ ਹਨ।

ਗੱਲ ਕੀ ਬਾਬਾ ਸਾਹਿਬ ਨੇ ਹਰ ਖੇਤਰ ਵਿਚ ਡੂੰਘਾ ਅਧਿਐਨ ਕਰਕੇ ਉਸਨੂੰ ਸਮਾਜ ਦੇ ਹਿੱਤ ਵਿਚ ਵਰਤ ਲਿਆ ਕਿਉਂਕਿ ਉਹ ਬੁੱਧ, ਕਬੀਰ, ਨਾਨਕ, ਰਵਿਦਾਸ ਅਤੇ ਫੂਲੇ ਦੇ ਸੁਪਨਿਆਂ ਦਾ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਵਾਲਾ ਸਰਬ ਸੰਪੰਨ ਸਮਾਜ ਸਿਰਜਣ ਦੇ ਇਛੁੱਕ ਸਨ। ਮਨੁੱਖਤਾ ਦੀ ਭਲਾਈ ਉਹਨਾਂ ਦਾ ਆਸ਼ਾ ਸੀ। ਉਹਨਾਂ ਨੇ ਜੋ ਕੀਤਾ ਵਧੀਆ ਸਮਾਜ, ਵਧੀਆ ਦੇਸ਼ ਬਣਾਉਣ ਲਈ ਕੀਤਾ। ਉਹਨਾਂ ਦਾ ਮੰਨਣਾ ਸੀ ਕਿ "ਧਰਮ, ਸਭਿਅਤਾ, ਭਾਸ਼ਾ ਦੀ ਕੱਟੜ ਪ੍ਰਤੀਬੱਧਤਾ ਨਿਸ਼ਚੇ ਹੀ ਭਾਰਤੀਪਣ ਦੇ ਅਹਿਸਾਸ ਨੂੰ ਨਹੀਂ ਪਨਪਣ ਦੇਵੇਗੀ। ਮੈਂ ਚਾਹੁੰਦਾ ਹਾਂ ਕਿ ਮੇਰੇ ਦੇਸ਼ ਦੇ ਲੋਕ ਪਹਿਲਾਂ ਭਾਰਤੀ ਬਣਨ ਤੇ ਅਖੀਰ ਤੱਕ ਭਾਰਤੀ ਹੀ ਰਹਿਣ, ਹੋਰ ਕੁਝ ਨਹੀਂ- ਸਿਰਫ ਭਾਰਤੀ।' ਪਰ ਭਾਰਤ ਦੇ ਮਨੂੰਵਾਦੀ ਢਾਂਚੇ ਨੇ ਉਹਨਾਂ ਦੀ ਛਵੀ ਉਭਰਨ ਨਹੀਂ ਦਿੱਤਾ। ਉਹਨਾਂ ਦੇ ਕੀਤੇ ਕੰਮਾਂ ਨੂੰ ਦਬਾਇਆ ਗਿਆ ਪਰ ਉਹ ਸੱਚ ਦਾ ਸੂਰਜ ਸੀ ਜਿਸਨੂੰ ਉਦੈ ਹੋਣ ਤੋਂ ਰੋਕਿਆ ਨਹੀਂ ਸੀ ਜਾ ਸਕਦਾ, ਉਸਦੀ ਰੌਸ਼ਨੀ ਨੂੰ ਫੈਲਣ ਤੋਂ ਨਹੀਂ ਸੀ ਰੋਕਿਆ ਜਾ ਸਕਦਾ।

### ਅੰਤਰ ਰਾਸ਼ਟਰੀ ਸ਼ਖਸੀਅਤ

ਅੰਗਰੇਜ਼ ਲੇਖਕ ਬੇਵਲੇ ਨਿਕਲਸ ਦੀ 'ਵਰਡਿਕਟ ਆਨ ਇੰਡੀਆ' ਅਨੁਸਾਰ ਉਹ ਉਪਰਲੇ ਬਿਹਤਰੀਨ 6 ਦਿਮਾਗਾਂ ਵਿਚੋਂ ਇਕ ਸਨ। ਕੋਲੰਬੀਆ ਯੂਨੀਵਰਸਿਟੀ ਨੇ ਉਹਨਾਂ ਨੂੰ ਡਾਕਟਰ ਆਫ ਲਾਅ ਦੀ ਡਿਗਰੀ ਇਹਨਾਂ ਪ੍ਰਸੰਸਨੀਆ ਸ਼ਬਦਾਂ ਨਾਲ ਦਿੱਤੀ, "ਉਹ ਇਕ ਯੋਗ ਰਾਜਨੀਤੀ ਮਾਹਿਰ, ਅਰਥ ਸ਼ਾਸਤਰੀ, ਬੈਰਿਸਟਰ, ਪ੍ਰੋਫੈਸਰ ਦੇ ਨਾਲ ਨਾਲ ਮਹਾਨ ਸਮਾਜ ਸੁਧਾਰਕ ਅਤੇ ਮਾਨਵ ਅਧਿਕਾਰਾਂ ਦੇ ਬੇਖੌਫ ਯੋਧੇ ਸਨ।" ਸਾਲ 2012 ਵਿਚ ਕੋਲੰਬੀਆ ਯੂਨੀਵਰਸਿਟੀ ਨੇ ਹੀ ਦੁਨੀਆਂ ਦੇ ਚੋਟੀ ਦੇ ਸੌ ਮਹਾਂਪੁਰਖਾਂ, ਬੁੱਧੀਜੀਵੀਆਂ ਦੀ ਸੂਚੀ ਪ੍ਰਕਾਸ਼ਿਤ ਕੀਤੀ, ਜਿਹਨਾਂ ਮਨੁੱਖੀ ਕਲਿਆਣ ਹਿੱਤ ਸਭ ਤੋਂ ਵੱਧ ਯੋਗਦਾਨ ਦਿੱਤਾ, ਜਿਸ ਵਿਚ ਪਹਿਲਾ ਨੰਬਰ ਡਾ. ਅੰਬੇਡਕਰ ਨੂੰ ਮਿਲਿਆ। ਭਾਰਤੀ ਮੀਡੀਆ ਨੇ ਇਸਨੂੰ ਨਹੀਂ ਪ੍ਰਚਾਰਿਆ। ਪਰ ਸਚਾਈ, ਉਹ ਜੋ ਲੱਖ ਪੜ੍ਹਦੇ ਪਾੜ ਕੇ ਵੀ ਬਾਹਰ ਆ ਜਾਏ।

ਉਂਝ ਤਾਂ ਬਾਬਾ ਸਾਹਿਬ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ 1910 ਵਿਚ ਹੀ ਮਿਲ ਗਈ ਸੀ ਜਦੋਂ ਉਹਨਾਂ ਨੇ ਆਪਣਾ ਖੋਜ ਪੱਤਰ 'ਕਾਸਟ ਜੈਨਸਿਸ' ਸੰਪੂਰਨ ਕੀਤਾ ਸੀ ਅਤੇ 1917 ਵਿਚ ਇਹ ਇਕ ਅੰਤਰ ਰਾਸ਼ਟਰੀ ਮੈਗਜ਼ੀਨ ਵਿਚ ਛਪਿਆ। ਕੋਲੰਬੀਆ ਯੂਨੀਵਰਸਿਟੀ ਵਿਚ ਲੱਗੇ ਬਾਬਾ ਸਾਹਿਬ ਦੇ ਬੁੱਤ ਦੇ ਹੇਠਾਂ ਲਿਖਿਆ ਗਿਆ ਹੈ ਕਿ ਇਹ ਭਾਰਤ ਵਿਚ ਜੰਮੇ ਅਤੇ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਖਾਤਰ ਲੜੇ। ਫਿਰ 1969 ਵਿਚ ਇਕ ਅੰਗਰੇਜ਼ ਵਿਦਵਾਨ ਮੈਡਮ ਇਜ਼ੀਲਟ ਨੇ ਬਾਬਾ ਸਾਹਿਬ 'ਤੇ ਖੋਜ ਗ੍ਰੰਥ ਲਿਖਿਆ ਤਾਂ ਉਹਨਾਂ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਮਿਲੀ। ਪੈਰੀ ਐਂਡਰਸਨ ਵਰਗੇ ਅੰਤਰ ਰਾਸ਼ਟਰੀ ਲੇਖਕ ਬਾਬਾ ਸਾਹਿਬ 'ਤੇ ਪੁਸਤਕ ਲਿਖਦਿਆਂ ਆਖਦੇ ਹਨ ਕਿ ਜਦੋਂ ਉਹ ਬਾਬਾ ਸਾਹਿਬ ਦੀਆਂ ਲਿਖਤਾਂ ਪੜ੍ਹਦੇ ਹਨ ਤਾਂ ਕਿਸੇ ਹੋਰ ਹੀ ਦੂਜੀ ਦੁਨੀਆਂ ਵਿਚ ਗੁਆਚ ਜਾਂਦੇ ਹਨ। ਇਹ ਖੁਲਾਸਾ ਪ੍ਰਸਿੱਧ ਵਿਦਵਾਨ ਪ੍ਰੋ: ਵਿਵੇਕ ਕੁਮਾਰ (ਜੇ. ਐਨ. ਯੂ. ਦਿੱਲੀ) ਨੇ ਆਪਣੇ ਇਕ ਲੈਕਚਰ ਵਿਚ ਕੀਤਾ। ਉਹਨਾਂ ਅੱਗੇ ਦੱਸਿਆ ਕਿ ਦੁਨੀਆ ਦੇ ਘੱਟੋ ਘੱਟ 14 ਸਮਾਜ ਸ਼ਾਸਤਰੀ ਮੰਨ ਚੁੱਕੇ ਹਨ ਕਿ ਡਾ. ਅੰਬੇਡਕਰ ਦਾ ਮੁਕਾਬਲਾ ਇਟਲੀ ਦੇ ਮਹਾਨ ਫਿਲਾਸਫ਼ਰ ਐਂਟੋਨਿਓ ਨਾਲ ਹੈ, ਹੋਰ ਉਹਨਾਂ ਦੇ ਨੇੜੇ ਤੇੜੇ ਵੀ ਨਹੀਂ ਢੁੱਕਦਾ। ਅੱਜ ਜਦੋਂ ਵਿਦੇਸ਼ਾਂ ਵਿਚ ਬਾਬਾ ਸਾਹਿਬ ਦੇ ਬੁੱਤ ਲੱਗ ਰਹੇ ਹਨ, ਉਹਨਾਂ ਦਾ ਜਨਮ ਦਿਨ ਅਮਰੀਕਾ,

(ਬਾਕੀ ਅਗਲੇ ਸਫੇ 'ਤੇ)

# ਸਦੀ ਬਾਅਦ ਵੀ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਪੂਰੀ ਪਹਿਚਾਣ ਅਤੇ ਸਨਮਾਨ ਨਾ ਮਿਲਿਆ



ਐਡਵੋਕੇਟ ਕੁਲਦੀਪ ਚੰਦ
9417563054

13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਹੋਏ ਗੋਲੀਕਾਂਡ ਜਿਸ ਵਿੱਚ ਅਣਗਿਣਤ ਨਿਹੱਥੇ ਨਿਰਦੋਸ਼ ਲੋਕ ਮਾਰੇ ਗਏ ਅਤੇ ਜਖਮੀ ਹੋਏ ਨੂੰ ਯਾਦ ਕਰਕੇ ਹਰ ਭਾਰਤ ਵਾਸੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਪਰ ਇਸਤੋਂ ਵੀ ਵੱਡੇ ਦੁੱਖ ਅਤੇ ਰੋਸ ਦੀ ਗੱਲ ਹੈ ਕਿ ਜਲਿਆਂਵਾਲਾ ਬਾਗ ਵਿੱਚ 97 ਸਾਲ ਪਹਿਲਾਂ ਮਾਰੇ ਗਏ ਲੋਕਾਂ ਨੂੰ ਸਹੀ ਪਹਿਚਾਣ ਅਤੇ ਸਨਮਾਨ ਅਜ਼ਾਦੀ ਦੇ 67 ਸਾਲਾਂ ਬਾਦ ਵੀ ਹਾਸਲ ਨਹੀਂ ਹੋਇਆ ਹੈ। ਜਲਿਆਂ ਵਾਲਾ ਬਾਗ ਸਿੱਖ ਧਰਮ ਦੇ ਪ੍ਰਸਿੱਧ ਧਾਰਮਿਕ ਸਥਾਨ ਸ਼੍ਰੀ ਹਰਿਮੰਦਰ ਸਾਹਿਬ ਸ਼੍ਰੀ ਅ੍ਮਿਤਸਰ ਦੇ ਨੇੜੇ ਹੈ। ਪੰਜਾਬ ਦੇ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਸੀ ਅਤੇ ਹਜ਼ਾਰਾਂ ਪੰਜਾਬੀਆਂ ਨੇ ਅੰਗਰੇਜ਼ਾਂ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਪਰ ਅੰਗਰੇਜ਼ਾਂ ਨੇ ਇਸਦੇ ਬਦਲੇ ਵਿੱਚ ਜਲਿਆਵਾਲਾ ਬਾਗ ਵਿੱਚ ਨਿਹੱਥੇ ਪੰਜਾਬੀ ਪੇਂਡੂਆਂ ਦੇ ਖ਼ੂਨ ਦੀ ਹੋਲੀ ਖੇਡੀ। ਜਲਿਆ ਵਾਲਾ ਬਾਗ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਅੱਜ ਤੱਕ ਤਾਂ ਪੂਰੀ ਗਿਣਤੀ ਅਤੇ ਜਾਣਕਾਰੀ ਹੀ ਪਤਾ ਨਹੀਂ ਚੱਲ ਸਕੀ ਹੈ ਅਤੇ ਨਾਂ ਹੀ ਅੱਜ ਤੱਕ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ ਹੈ। ਇਸ ਦਰਦਨਾਕ ਗੈਰ ਮਨੁਖੀ ਗੋਲੀਕਾਂਡ ਸਬੰਧੀ ਇਤਿਹਾਸ ਵੇਖੀਏ ਤਾਂ ਬ੍ਰਿਟਿਸ਼ ਸਰਕਾਰ ਵਲੋਂ ਪਾਸ ਕੀਤੇ ਗਏ ਰਾਅਲਟ ਐਕਟ ਦੇ ਵਿਰੋਧ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰੋਸ ਪ੍ਰਦਰਸ਼ਨ ਹੋ ਰਿਹਾ ਸੀ। ਇਸ ਕਾਰਨ ਬ੍ਰਿਟਿਸ਼ ਸਰਕਾਰ ਵਲੋਂ ਦੋ ਪ੍ਰਮੁੱਖ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸਦੇ ਵਿਰੋਧ ਵਜੋਂ 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਮੂਹਰੇ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀ ਆਪਣੇ 2 ਮਸ਼ਹੂਰ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਦੀ ਰਿਹਾਈ ਦੀ ਮੰਗ ਕਰ ਰਹੇ ਸਨ ਜਿਹਨਾਂ ਨੂੰ ਪੁਲਿਸ ਗ੍ਰਿਫਤਾਰ ਕਰਕੇ ਕਿਸੇ ਗੁੱਪਤ ਜਗ੍ਹਾ ਤੇ ਲੈ ਗਈ ਸੀ। ਬ੍ਰਿਟਿਸ਼ ਫੌਜ ਨੇ ਪ੍ਰਦਰਸ਼ਨਕਾਰੀਆਂ ਤੇ ਗੋਲੀ ਚਲਾ ਦਿੱਤੀ ਜਿਸ ਕਾਰਨ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ ਸਨ।

ਇਸ ਤੋਂ ਬਾਅਦ ਦੇਸ਼ਵਾਸੀਆਂ ਵਿੱਚ ਅੰਗਰੇਜ਼ਾ ਖਿਲਾਫ ਰੋਸ ਵੱਧ ਗਿਆ ਅਤੇ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਦਫ਼ਤਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਹਮਲਾ ਕਰਕੇ ਭੰਨਤੋੜ ਸ਼ੁਰੂ ਕਰ ਦਿੱਤੀ ਅਤੇ ਅਗਜਨੀ ਕਰਨ ਲੱਗ ਪਏ। ਇਸ ਦੌਰਾਨ 5 ਯੂਰਪੀ ਨਾਗਰਿਕਾਂ ਸਮੇਤ ਕਈ ਸਰਕਾਰੀ ਅਧਿਕਾਰੀ ਸਰਕਾਰੀ ਅਤੇ ਆਮ ਨਾਗਰਿਕ ਮਾਰੇ ਗਏ। ਇਸ ਦਿਨ ਫੌਜ਼ ਨਾਲ ਪ੍ਰਦਰਸ਼ਨਕਾਰੀਆਂ ਦੀਆਂ ਕਈ ਝੜਪਾਂ ਹੋਈਆਂ ਜਿਸ ਵਿੱਚ 8 ਤੋਂ 20 ਪ੍ਰਦਰਸ਼ਨਕਾਰੀ ਮਾਰੇ ਗਏ। ਇਸਤੋਂ ਬਾਅਦ 11 ਅਪ੍ਰੈਲ, 1919 ਨੂੰ ਮਿਸ ਮਾਰਸੇਲਾ ਸ਼ੇਰਵੁੱਡ ਜੋ ਕਿ ਇੱਕ ਅੰਗਰੇਜ਼ ਮਿਸ਼ਨਰੀ ਸੀ ਅਤੇ ਸਕੂਲ ਚਲਾ ਰਹੀ ਸੀ ਨੇ ਸਕੂਲ ਬੰਦ ਕਰ ਦਿੱਤਾ ਅਤੇ ਲੱਗਭੱਗ 600 ਭਾਰਤੀ ਵਿਦਿਆਰਥੀਆਂ ਨੂੰ ਵਾਪਿਸ ਘਰ ਭੇਜ ਦਿੱਤਾ ਸੀ। ਇਸਦੇ ਰੋਸ ਵਜੋਂ ਭੜਕੀ ਭੀੜ ਨੇ ਕੂਚਾ ਕੁਰੀਚਨ ਤੰਗ ਗਲੀ ਵਿੱਚ ਉਸਨੂੰ ਵਾਲਾਂ ਤੋਂ ਫੜ ਕੇ ਘਸੀਟਿਆ ਅਤੇ ਕੁੱਟਿਆ ਜਿਸਨੂੰ ਕੁੱਝ ਵਿਦਿਆਰਥੀਆਂ ਦੇ ਮਾਪਿਆਂ ਨੇ ਭੀੜ ਹੱਥੋਂ ਬਚਾਇਆ। ਇਸਤੋਂ ਬਾਅਦ ਜਨਰਲ ਡਾਇਰ ਨੇ ਉਸੇ ਗਲੀ ਵਿੱਚ ਭਾਰਤੀਆਂ ਨੂੰ ਗੋਡਿਆਂ ਅਤੇ ਹੱਥਾਂ ਭਾਰ ਰੇਂਗ ਕੇ ਚੱਲਣ ਲਈ ਮਜ਼ਬੂਰ ਕੀਤਾ ਸੀ। ਇਸਤੋਂ ਅਗਲੇ ਦੋ ਦਿਨਾਂ ਤੱਕ ਪੰਜਾਬ ਵਿੱਚ ਹਿੰਸਾ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਪੰਜਾਬ ਵਿੱਚ ਰੇਲ ਦੀਆਂ ਪਟੜੀਆਂ ਨੂੰ ਉਖਾੜ ਦਿੱਤਾ ਗਿਆ, ਟੈਲੀਫੋਨ ਸੇਵਾ ਠੱਪ ਕਰ ਦਿੱਤੀ ਗਈ ਅਤੇ ਸਰਕਾਰੀ ਭਵਨਾਂ ਨੂੰ ਅੱਗਾਂ ਲਗਾਈਆਂ ਗਈਆਂ ਅਤੇ ਤਿੰਨ ਯੂਰਪੀ ਲੋਕਾਂ ਦਾ ਕਤਲ ਕਰ ਦਿੱਤਾ ਗਿਆ। ਇਸਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਮਾਰਸ਼ਲ ਲਾਅ ਲਗਾ ਦਿੱਤਾ। ਇਸ ਲਾਅ ਅਨੁਸਾਰ ਕਿਤੇ ਵੀ ਚਾਰ ਤੋਂ ਵੱਧ ਭਾਰਤੀ ਇੱਕੋ ਜਗ੍ਹਾ ਇਕੱਠੇ ਨਹੀਂ ਹੋ ਸਕਦੇ ਸਨ। ਇਸਤੋਂ ਬਾਅਦ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਹਰਮਿੰਦਰ ਸਾਹਿਬ ਨੇੜੇ ਜ਼ਲਿਆਵਾਲਾ ਬਾਗ ਵਿੱਚ ਲੋਕਾਂ ਦਾ ਭਾਰੀ ਇਕੱਠ ਸ਼ਾਂਤੀਪੂਰਵਕ ਸਭਾ ਕਰ ਰਿਹਾ ਸੀ। ਇਹ ਜਲਸਾ ਸ਼ਾਮ ਦੇ 4 ਵੱਜ ਕੇ 30 ਮਿੰਟ ਤੇ ਸ਼ੁਰੂ ਹੋਇਆ ਸੀ। ਇਸ ਵਿੱਚ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਿਲ ਸਨ। ਸ਼ਾਮ ਦੇ 5 ਵੱਜ ਕੇ 30 ਮਿੰਟ ਤੇ ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਇਹ ਫੌਜੀ 303 ਲੀ ਇਨਫੀਲਡ ਬੋਲਟ ਐਕਸ਼ਨ ਰਾਈਫਲਾਂ ਨਾਲ ਲੈਸ ਸਨ। ਇਸ ਮੌਕੇ ਜਨਰਲ ਡਾਇਰ ਆਪਣੇ ਨਾਲ ਦੋ ਗੱਡੀਆਂ ਵਿੱਚ ਮਸ਼ੀਨਗੰਨਾਂ ਵੀ ਲੈ ਕੇ ਆਇਆ ਸੀ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਇਹ ਬਾਗ ਦੋ ਸੋ ਗਜ ਲੰਮਾ ਅਤੇ ਇੱਕ ਸੋ ਗਜ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ।ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ। ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਮਾਰੇ ਗਏ ਸਨ ਅਤੇ ਲੱਗਭੱਗ 1100 ਵਿਅਕਤੀ ਜਖਮੀ ਹੋਏ ਸਨ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਹਨ, ਇੰਡੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ ਸੀ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਹੈ। ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਸਹੀਦ ਹੋਏ ਸਨ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ। ਉਨ੍ਹਾਂ ਅਨੁਸਾਰ ਇਸ ਗੋ-ਲੀਕਾਂਡ ਵਿੱਚ 200 ਵਿਅਕਤੀ ਜਖਮੀ ਹੋਏ ਸਨ। ਉਸ ਵੇਲੇ ਦਰਬਾਰ ਸਾਹਿਬ ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਦਰਬਾਰ ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ 1919 ਵਿੱਚ ਜਨਰਲ ਡਾਇਰ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਸੀ। ਇਸ ਹੱਤਿਆਕਾਂਡ ਦੇ ਵਿਰੋਧ ਵਿੱਚ ਰਬਿੰਦਰਨਾਥ ਟੈਗੋਰ ਨੇ ਸਰ ਦੀ ਉਪਾਧੀ ਮੋੜ ਦਿੱਤੀ। ਜਲਿਆਂ ਵਾਲਾ ਬਾਗ ਸਰਦਾਰ ਹਿੰਮਤ ਸਿੰਘ ਦੇ ਪਰਿਵਾਰ ਦੀ ਸੰਪਤੀ ਸੀ ਜੋ ਕਿ ਪਿੰਡ ਜੱਲਾ ਤੋਂ ਉਹ ਇੱਥੇ ਆਏ ਸਨ ਜੋ ਕਿ ਹੁਣ ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਥਿਤ ਹੈ।

ਇਸ ਪਰਿਵਾਰ ਨੂੰ ਜੱਲੇਵਾਲੇ ਜਾਂ ਜੱਲੇ ਜਾਂ ਜੱਲਾ ਆਦਿ ਕਿਹਾ ਜਾਂਦਾ ਸੀ। 1920 ਵਿੱਚ ਇੰਡੀਅਨ ਨੈਸ਼ਨਲ ਕਾਂਗਸਰ ਪਾਰਟੀ ਵਲੋਂ ਮਤਾ ਪਾਕੇ ਇੱਕ ਟਰੱਸਟ ਬਣਾਇਆ ਗਿਆ ਅਤੇ 1923 ਵਿੱਚ ਇਸ ਟਰੱਸਟ ਨੇ ਇਹ ਜਮੀਨ ਖਰੀਦੀ। 01 ਅਗਸਤ 1920 ਨੂੰ ਇਸ ਸਥਾਨ ਨੂੰ ਇਸ ਪਰਿਵਾਰ ਕੋਲੋਂ 560472/- ਰੁਪਏ ਵਿੱਚ ਖਰੀਦਿਆ ਗਿਆ ਸੀ, ਪਰ ਮੌਜੂਦਾ ਲਾਟ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਹੀ ਬਣਾਈ ਗਈ ਸੀ। ਇਹ ਲਾਟ ਬਣਾਉਣ ਲਈ 925000/- ਰੁਪਏ ਦੀ ਲਾਗਤ ਆਈ ਸੀ। ਜਲਿਆ ਵਾਲਾ ਬਾਗ ਵਿੱਚ ਦੇਸ਼ ਦੀ ਅਜਾਦੀ ਤੋਂ ਕਈ ਸਾਲਾਂ ਬਾਦ 1961 ਵਿੱਚ ਜੋਤੀ ਦੇ ਅਕਾਰ ਦਾ 45 ਫੁੱਟ ਉੱਚਾ ਲਾਲ ਪੱਥਰਾਂ ਵਾਲਾ ਖੰਭਾ ਇਸ ਗੋਲੀਕਾਂਡ ਵਿੱਚ ਮਾਰੇਗਏ ਸ਼ਹੀਦਾਂ ਦੀ ਯਾਦ ਵਿੱਚ ਬਣਾਇਆ ਗਿਆ। ਇੱਥੇ ਇੱਕ ਅਮਰ ਜੋਤੀ ਵੀ ਬਣਾਈ ਗਈ ਹੈ ਜੋਕਿ ਹਮੇਸ਼ਾ ਜਲਦੀ ਰਹਿੰਦੀ ਹੈ।

ਬ੍ਰਿਟਿਸ਼ ਸਰਕਾਰ ਦੇ ਕਈ ਆਗੂਆਂ ਨੇ ਸਮੇਂ ਸਮੇਂ ਤੇ ਇਸ ਬਾਗ ਦਾ ਦੌਰਾ ਕੀਤਾ ਹੈ। ਇਸ ਦਰਦਨਾਕ ਘਟਨਾ ਤੋਂ ਕਈ ਸਾਲਾਂ ਬਾਦ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਇਸ ਇਤਿਹਾਸਕ ਬਾਗ ਵਿੱਚ ਆਏ ਸਨ ਅਤੇ ਉਨ੍ਹਾਂ ਨੇ 13 ਅਪ੍ਰੈਲ 1919 ਨੂੰ ਵਾਪਰੇ ਗੋਲੀਕਾਂਡ ਨੂੰ ਇੱਕ ਸ਼ਰਮਨਾਕ ਘਟਨਾ ਕਰਾਰ ਦਿਤਾ, ਬ੍ਰਿਟਿਸ਼ ਪ੍ਰਧਾਨ ਮੰਤਰੀ ਬਿਸਟਲ ਚਰਚਿਲ ਨੇ ਇਸ ਘਟਨਾ ਨੂੰ ਰਾਖਸ਼ਸ਼ੀ ਘਟਨਾ ਤੱਕ ਕਿਹਾ ਸੀ। 1997 ਵਿੱਚ ਮਹਾਰਾਣੀ ਐਲਿਜਾਵੈਥ ਦੂਜੀ ਅਤੇ ਉਸਦੇ ਪਤੀ ਅਤੇ ਡਿਉਕ ਆਫ ਐਡਿਨਵਰਗ ਪ੍ਰਿੰਸ ਫਿਲਿਪ ਲੇ ਵੀ ਇਸ ਥਾਂ ਦਾ ਦੌਰਾ ਕੀਤਾ। ਜਲਿਆਵਾਲਾ ਬਾਗ ਦੇ ਖ਼ੂਨੀ ਕਾਂਡ ਦਾ ਬਦਲਾ ਇੱਕ ਅਣਖੀਲੇ ਪੰਜਾਬੀ ਸੂਰਮੇ ਸ਼ਹੀਦ ਊਧਮ ਸਿੰਘ ਜੋਕਿ ਖੁਦ ਇਸ ਗੋਲੀਕਾਂਡ ਮੌਕੇ ਬਾਗ ਵਿੱਚ ਸੀ ਅਤੇ ਜਖ਼ਮੀ ਹੋਇਆ ਸੀ ਨੇ ਲਿਆ ਸੀ। ਮਾਈਕਲ ਓਡਵਾਇਰ ਜੋ ਕਿ ਜਲਿਆਵਾਲਾ ਬਾਗ ਦੇ ਖ਼ੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਸੀ ਅਤੇ ਜਨਰਲ ਡਾਇਰ ਨੂੰ ਕਤਲੇਆਮ ਕਰਨ ਦੀ ਇਜ਼ਾਜ਼ਤ ਦਿੱਤੀ ਸੀ ਨੂੰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੱਕ ਸਭਾ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਅਤੇ 31 ਜੁਲਾਈ 1940 ਨੂੰ ਅੰਗਰੇਜ਼ ਸਰਕਾਰ ਨੇ ਊਧਮ ਸਿੰਘ ਨੂੰ ਫਾਂਸੀ ਦੇ ਤਖਤੇ ਦੇ ਲਟਕਾ ਕੇ ਸ਼ਹੀਦ ਕਰ ਦਿੱਤਾ। ਇਸ ਸਥਾਨ ਦਾ ਡਿਜਾਇਨ ਅਮਰੀਕਾ ਦੇ ਪ੍ਰਸਿੱਧ ਆਰਕੀਟੈਕਟ ਬੈਂਜਾਮੀਨ ਪੋਲਕ ਨੇ ਤਿਆਰ ਕੀਤਾ ਅਤੇ 13 ਅਪ੍ਰੈਲ 1961 ਨੂੰ ਭਾਰਤ ਦੇ ਰਾਸ਼ਟਰਪਤੀ ਡਾਕਟਰ ਰਾਜਿੰਦਰਾ ਪ੍ਰਸਾਦ ਨੇ ਇਸਦਾ ਉਦਘਾਟਨ ਕੀਤਾ ਸੀ।

ਕਿੰਨੇ ਦੁੱਖ ਦੀ ਗੱਲ ਹੈ ਕਿ 13 ਅਪ੍ਰੈਲ 1919 ਨੂੰ ਜ਼ਲਿਆਵਾਲਾ ਬਾਗ ਵਿੱਚ ਸ਼ਹੀਦ ਹੋਣ ਵਾਲੇ ਲੋਕ 97 ਸਾਲਾਂ ਬਾਦ ਵੀ ਇੱਕ ਬੁਝਾਰਤ ਹੀ ਬਣੇ ਹੋਏ ਹਨ ਅਤੇ ਸ਼ਹੀਦ ਹੋਏ ਦੇਸਵਾਸੀਆਂ ਦੀ ਅਸਲੀਅਤ ਅਜੇ ਤੱਕ ਲੋਕਾਂ ਸਾਹਮਣੇ ਨਹੀਂ ਆ ਰਹੀ ਹੈ।

ਇਨ੍ਹਾਂ ਸ਼ਹੀਦਾਂ ਨੂੰ ਸਨਮਾਨ ਦੇਣਾ ਤਾਂ ਦੂਰ ਉਨ੍ਹਾਂ ਦੀ ਪੂਰੀ ਗਿਣਤੀ ਦੀ ਸੂਚੀ ਵੀ ਨਹੀਂ ਹੈ। ਰੋਜਾਨਾ ਹਜਾਰਾਂ ਲੋਕ ਇਸ ਥਾਂ ਤੇ ਆਕੇ ਆਪਣੀ ਸ਼ਰਧਾਂਜ਼ਲੀ ਤਾਂ ਭੇਟ ਕਰਦੇ ਹਨ ਪਰ ਉਹਨਾਂ ਨੂੰ ਇਹ ਨਹੀਂ ਪਤਾ ਚੱਲਦਾ ਕਿ ਉਹ ਆਪਣੀ ਸ਼ਰਧਾਂਜ਼ਲੀ ਕਿਸਨੂੰ ਦੇਣ ਕਿਉਂਕਿ ਆਪਣੀ ਜਾਨ ਦੇਣ ਵਾਲੇ ਲੋਕਾਂ ਦੀ ਵਿਸਥਾਰ ਵਿੱਚ ਕੋਈ ਵੀ ਜਾਣਕਾਰੀ ਨਹੀਂ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਨੂੰ ਅਗਿਆਤ ਨਾ ਰਹਿਣ ਦੇਵੇ ਸਗੋਂ ਉਹਨਾਂ ਦੇ ਨਾਮ ਅਤੇ ਤਸਵੀਰਾਂ ਸਨਮਾਨ ਸਹਿਤ ਇਸ ਥਾ ਤੇ ਲਗਾਈਆਂ ਜਾਣ ਤਾਂ ਜੋ ਆਮ ਜਨਤਾ ਨੂੰ ਪਤਾ ਲੱਗ ਸਕੇ ਕਿ ਕਿਹਨਾਂ ਲੋਕਾਂ ਨੇ ਦੇਸ਼ ਦੀ ਖਾਤਰ ਆਪਣੀ ਜਾਨ ਗਵਾਈ ਸੀ। ਸਰਕਾਰ ਨੂੰ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਮਰਨ ਵਾਲੇ ਲੋਕਾਂ ਨੂੰ ਸ਼ਹੀਦ ਦਾ ਦਰਜਾ ਦੇ ਕੇ ਬਣਦਾ ਸਨਮਾਨ ਦੇਣਾ ਚਾਹੀਦਾ ਹੈ ਅਤੇ ਮੁਕੰਮਲ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਲਈ ਪੁੱਖਤਾ ਪ੍ਰਬੰਧ ਕਰਨੇ ਚਾਹੀਦੇ ਹਨ ਨਹੀਂ ਤਾਂ ਸਾਡੀ ਆਣ ਵਾਲੀ ਪੀੜੀ ਦੇਸ਼ ਦੇ ਇਸ ਗੌਰਵਮਈ ਇਤਿਹਾਸ ਤੋਂ ਬਾਂਝੀ ਰਹਿ ਜਾਵੇਗੀ।




# ਬਹੁਪੱਖੀ ਅੰਤਰ ਰਾਸ਼ਟਰੀ ਸ਼ਖਸੀਅਤ- ਮਹਾਨ ਅੰਬੇਡਕਰ

**(ਸਫਾ 28 ਦੀ ਬਾਕੀ)**

ਕੈਨੇਡਾ, ਸਪੇਨ, ਜਰਮਨ, ਇੰਗਲੈਂਡ, ਜਾਪਾਨ, ਆਸਟਰੀਆ, ਆਸਟ੍ਰੇਲੀਆ ਆਦਿ ਵਿਚ ਬੜੀ ਧੂਮ ਧੂਮ ਨਾਲ ਮਨਾਇਆ ਜਾਂਦਾ ਹੈ ਤਾਂ ਨਿਸ਼ਚੇ ਹੀ ਇਹ ਸਾਰਾ ਵਰਤਾਰਾ ਉਹਨਾਂ ਨੂੰ ਇਕ ਅੰਤਰ ਰਾਸ਼ਟਰੀ ਸ਼ਖਸੀਅਤ ਸਥਾਪਤ ਕਰਦਾ ਹੈ। ਭਾਰਤ ਵਿਚ ਤਾਂ ਉਹ ਪਹਿਲੇ ਨੰਬਰ 'ਤੇ ਸਥਾਪਤ ਹੋ ਹੀ ਚੁੱਕੇ ਹਨ। ਸਾਲ 2012 ਵਿਚ ਹੀ ਇਕ ਭਾਰਤੀ ਟੀ. ਵੀ. ਚੈਨਲ ਵੱਲੋਂ ਇਹ ਅਧਿਐਨ/ਸਰਵੇਖਣ ਕਰਵਾਇਆ ਗਿਆ ਕਿ ਗਾਂਧੀ ਤੋਂ ਬਾਅਦ ਕੌਣ ਮਹਾਨ ਭਾਰਤੀ ਸ਼ਖਸੀਅਤ ਸੀ। ਜੱਜਾਂ ਦੀਆਂ ਵੋਟਾਂ ਪੰਡਤ ਨਹਿਰੂ ਦੇ ਹੱਕ ਵਿਚ 20 ਅਤੇ ਡਾ. ਅੰਬੇਡਕਰ ਦੇ ਹੱਕ ਵਿਚ ਸਿਰਫ 6 ਪਈਆਂ ਪਰ ਜਦੋਂ ਜਨਤਾ ਦੀਆਂ ਵੋਟਾਂ ਪਈਆਂ ਤਾਂ ਪੰਡਤ ਨਹਿਰੂ ਨੂੰ 9921 ਅਤੇ ਡਾ. ਅੰਬੇਡਕਰ ਨੂੰ 19,19,734 ਵੋਟਾਂ ਪਈਆਂ। ਆਊਟਲੁੱਕ ਮੈਗਜ਼ੀਨ ਦੀ ਰਿਪੋਰਟ ਅਨੁਸਾਰ ਪਹਿਲਾ ਸਥਾਨ ਡਾ. ਅੰਬੇਡਕਰ ਨੂੰ, ਦੂਜਾ ਅਬਦੁਲ ਕਲਾਮ ਨੂੰ (13,74,431 ਵੋਟਾਂ) ਅਤੇ ਤੀਜਾ ਸਰਦਾਰ ਪਟੇਲ (5,58,835 ਵੋਟਾਂ) ਮਿਲਿਆ।

**ਸਹੀ ਆਗੂ ਦੀ ਪਛਾਣ**

ਅੱਜ ਦੇਸ਼ ਨੂੰ ਅਗਾਂਹ ਲਿਜਾਣ ਵਾਲੇ ਅਖੌਤੀ ਲੀਡਰਾਂ ਦੀ ਇਕ ਵੱਡੀ ਭੀੜ ਜਮ੍ਹਾ ਹੋ ਗਈ ਹੈ, ਜਿਸ ਕਰਕੇ ਲੋਕਾਂ ਨੂੰ ਪਛਾਨਣਾ ਔਖਾ ਹੋ ਗਿਆ ਹੈ ਕਿ ਅਸਲ ਲੀਡਰ ਕਿਹੜਾ ਹੈ। ਬਾਬਾ ਸਾਹਿਬ ਨੇ ਸਹੀ ਆਗੂ ਦੀ ਪਛਾਣ ਇੰਜ ਦੱਸੀ ਹੈ, ''ਆਗੂ ਉਹ ਹੋਣਾ ਚਾਹੀਦਾ ਹੈ ਜੋ ਲੋਕਾਂ ਦੇ ਹਿੱਤ ਲਈ ਜਾਨ ਤੋੜ ਕੇ ਲੜੇ, ਜੋ ਦੱਬਿਆਂ ਕੁਚਲਿਆਂ ਲਈ, ਆਮ ਲੋਕਾਂ ਲਈ, ਉਹਨਾਂ ਨਾਲ ਹੋ ਰਹੀਆਂ ਵਧੀਕੀਆਂ ਖਾਤਰ ਸੰਘਰਸ਼ ਕਰਕੇ ਉਹਨਾਂ ਨੂੰ ਦੂਰ ਕਰਵਾਏ।

ਉਹ ਸੋਚ ਸਕਣ ਦੇ ਕਾਬਲ ਹੋਵੇ, ਕਿਰਦਾਰ ਦਾ ਪੂਰਾ ਹੋਵੇ, ਅਸੂਲਾਂ ਅਤੇ ਇਖਲਾਕ ਦਾ ਪੂਰਾ ਹੋਵੇ।' ਇਸ ਤੋਂ ਉਲਟ ਜੋ ਸਾਡੇ ਅਖੌਤੀ ਰਹਿਬਰ ਅਖਵਾਉਂਦੇ ਹਨ ਉਹਨਾਂ ਬਾਰੇ ਉਹਨਾਂ ਨੇ ਕਿਹਾ ਸੀ, "ਸਾਡੇ ਦੇਸ਼ ਦੇ ਕੁਝ ਆਗੂ ਅਜਿਹੀਆਂ ਅਜੀਬ ਕਿਸਮ ਦੀਆਂ ਗੱਲਾਂ ਕਰਦੇ ਹਨ ਕਿ ਜੇ ਉਹ ਅਜਿਹੀਆਂ ਗੱਲਾਂ ਕਿਸੇ ਹੋਰ ਦੇਸ਼ ਵਿਚ ਕਰਨ ਤਾਂ ਨਿਸ਼ਚੇ ਹੀ ਉਹਨਾਂ ਨੂੰ ਪਾਗਲ ਕਰਾਰ ਦੇ ਦਿੱਤਾ ਜਾਵੇ ਪਰ ਸਾਡੇ ਦੇਸ਼ ਵਿਚ ਅਜਿਹੇ ਆਗੂਆਂ ਨੂੰ ਮਹਾਤਮਾ, ਧਰਮਾਤਮਾ, ਜੋਗੀ ਆਖ ਕੇ ਨਿਵਾਜਿਆ ਜਾਂਦਾ ਹੈ।'' ਬਾਬਾ ਸਾਹਿਬ ਨੇ ਇਹਨਾਂ ਵਿਚਾਰਾਂ 'ਤੇ ਸਾਰੀ ਉਮਰ ਪਹਿਰਾ ਦਿੱਤਾ ਤੇ ਅਜੋਕੇ ਲੀਡਰਾਂ ਵਾਂਗ ਲੋਕਾਂ ਦਾ ਲਹੂ ਚੂਸ ਚੂਸ ਕੇ ਮਹਿਲ ਨਹੀਂ ਬਣਾਏ ਤਿਜੋਰੀਆਂ ਨਹੀਂ ਭਰੀਆਂ। ਜਦੋਂ ਉਹ ਇਸ ਸੰਸਾਰ ਤੋਂ ਕੂਚ ਕਰ ਗਏ ਤਾਂ ਉਸ ਵੇਲੇ ਉਹਨਾਂ ਦੇ ਸਿਰ ਵੀਹ ਹਜ਼ਾਰ ਦਾ ਕਰਜ਼ਾ ਖੜ੍ਹਾ ਸੀ।

ਅੱਜ ਲੋੜ ਹੈ ਉਹਨਾਂ ਦੇ ਜਨਮ ਦਿਨ 'ਤੇ ਇਸ ਬਹੁਪੱਖੀ ਸ਼ਖਸੀਅਤ, ਇਨਕਲਾਬੀ ਯੋਧੇ, ਸੂਰਬੀਰ, ਸੂਝਵਾਨ, ਵਿਦਵਾਨ, ਅਣਥੱਕ ਸੱਚੇ ਸੁੱਚੇ ਆਗੂ ਦੇ ਜੀਵਨ ਤੋਂ ਕੋਈ ਸੇਧ ਲਈਏ, ਆਪਣੀ ਸਮਾਜਿਕ ਦਸ਼ਾ ਦਾ ਅਧਿਐਨ ਕਰੀਏ। ਲੋੜ ਹੈ ਦੁਰਦਸ਼ਾ ਦੇ ਸਤਾਏ ਅਤੇ ਨਪੀੜੇ ਲੋਕ ਜਾਗਣ ਅਤੇ ਇੱਕਜੁਟ ਹੋ ਕੇ ਸਮਾਜ ਦੇ ਦੁਸ਼ਮਣ ਆਗੂਆਂ, ਸਮਾਜ ਵਿਚ ਪਣਪ ਰਹੀਆਂ ਕੁਰੀਤੀਆਂ ਅਤੇ ਪੈਰ ਪੈਰ ਤੇ ਵਾਪਰ ਰਹੀਆਂ ਵਧੀਕੀਆਂ ਦਾ ਮੁਕਾਬਲਾ ਕਰਨ ਅਤੇ ਇਕ ਜ਼ਬਰਦਸਤ ਹੰਭਲਾ ਮਾਰਨ ਤਾਂ ਜੋ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਵਾਲੇ ਇਕ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ।

ਉਹੀ ਸਮਾਜ ਜੋ ਤਥਾਗਤ ਬੁੱਧ ਸਿਰਜਣਾ ਚਾਹੁੰਦਾ ਸੀ, ਉਹੀ ਸਮਾਜ ਜੋ ਕਬੀਰ, ਨਾਮਦੇਵ, ਬਾਬਾ ਨਾਨਕ, ਸਮੇਤ ਹਰ ਲੋਕਹਿੱਤ ਕਲਿਆਣਕਾਰੀ ਮਹਾਂਪੁਰਖ ਦਾ ਸੁਪਨਾ ਵੀ ਸੀ। ਉਹੀ ਸਮਾਜ ਜਿਸਨੂੰ ਰਵਿਦਾਸ ਨੇ 'ਬੇਗਮਪੁਰੇ' ਵਿਚ ਸਮਾਜਵਾਦੀ ਮਹਾਨ ਫਲਸਫੇ ਦੇ ਰੂਪ ਵਿਚ ਉਤਰਿਆ ਸੀ। ਇਸ ਸਹੀ ਦਿਸ਼ਾ ਵਿਚ ਪੁੱਟੇ ਗਏ ਸਾਡੇ ਇਕ ਦੋ ਕਦਮ ਵੀ ਵੱਡਾ ਯੋਗਦਾਨ ਪਾ ਸਕਦੇ ਹਨ ਤੇ ਬਾਬਾ ਸਾਹਿਬ ਦੇ ਜਨਮ ਦਿਨ 'ਤੇ ਸਹੀ ਸ਼ਰਧਾ ਦੇ ਫੁੱਲ ਸਾਬਤ ਹੋ ਸਕਦੇ ਹਨ।

# ਮਾਹਿਲਪੁਰ ਦਾ ਫੁੱਟਬਾਲ ਸੰਸਾਰ



ਬਲਜਿੰਦਰ ਮਾਨ

ਮਾਹਿਲਪੁਰ ਦਾ ਫੁੱਟਬਾਲ ਸੰਸਾਰ ਬਲਜਿੰਦਰ ਮਾਨ ਦੀ ਛਪ ਕੇ ਆਈ ਨਵੀਂ ਪੁਸਤਕ ਹੈ ਜਿਸ ਵਿੱਚ ਉਸਨੇ ਫੁਟਬਾਲ ਦੀ ਧਰਤੀ ਮਾਹਿਲਪੁਰ ਨੂੰ ਭਾਗ ਲਾਉਣ ਵਾਲੇ ਖਿਡਾਰੀਆਂ ਦੇ ਜੀਵਨ ਸੰਘਰਸ਼ ਨੂੰ ਬਾਖੂਬੀ ਉਜਾਗਰ ਕੀਤਾ ਹੈ। ਖ਼ੂਬਸੂਰਤ ਰੰਗਦਾਰ ਤਸਵੀਰਾਂ ਨਾਲ ਆਰਟ ਪੇਪਰ ਤੇ ਸ਼ਿੰਗਾਰੀ ਇਸ ਵੱਡ-ਆਕਾਰੀ ਐਲਬਮ ਦਾ ਪ੍ਰਕਾਸ਼ਨ ਪ੍ਰਿੰ: ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ, ਹੁਸ਼ਿਆਰਪੁਰ ਵਲੋਂ ਕੀਤਾ ਗਿਆ ਹੈ।ਜਿਸ ਵਾਸਤੇ ਕਲੱਬ ਦੇ ਅਗਾਂਹਵਧੂ ਸੋਚ ਦੇ ਮਾਲਕ ਪ੍ਰਧਾਨ ਕੁਲਵੰਤ ਸਿੰਘ ਸੰਘਾ ਅਤੇ ਉਹਨਾਂ ਦੀ ਸਾਰੀ ਟੀਮ ਦੀ ਸ਼ਲਾਘਾ ਕਰਨੀ ਬਣਦੀ ਹੈ ਜਿਨ੍ਹਾਂ ਆਪਣੀ ਅਮੀਰ ਵਿਰਾਸਤ ਨੂੰ ਇਸ ਕੀਮਤੀ ਪੁਸਤਕ ਵਿਚ ਸੰਭਾਲ ਲਿਆ ਹੈ। ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਇਹ ਪੁਸਤਕ ਇਕ ਰਾਹ ਦਸੇਰੇ ਦਾ ਕੰਮ ਕਰਦੀ ਹੈ। ਪਹਿਲੀ ਵਾਰ ਇਹ 2021 ਵਿੱਚ ਤੇ ਦੂਸਰੀ ਵਾਰ ਇਹ 2025 ਵਿੱਚ ਪ੍ਰਕਾਸ਼ਤ ਹੋਈ ਹੈ ਤੇ ਕਰਮਯੋਗੀ ਪ੍ਰਿੰਸੀਪਲ ਨੂੰ ਸਮਰਪਿਤ ਕੀਤੀ ਗਈ ਹੈ।ਜਿਉਂ-ਜਿਉਂ ਅਸੀਂ ਇਸ ਪੁਸਤਕ ਦੇ ਪੰਨਿਆਂ ਨੂੰ ਪਰਤਦੇ ਹਾਂ, ਹਠੀ, ਸਿਰੜੀ ਤੇ ਮਿਹਨਤੀ ਬਿਰਤੀ ਵਾਲੇ ਬਲਜਿੰਦਰ ਦੀ ਮਿਹਨਤ ਪਾਠਕਾਂ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਪ੍ਰਿੰਸੀਪਲ ਸਰਵਣ ਸਿੰਘ ਲਿਖਦੇ ਹਨ ਕਿ ਜਿਵੇਂ ਸੰਸਾਰਪੁਰ ਨੂੰ ਹਾਕੀ ਦਾ ਘਰ ਕਿਹਾ ਜਾਂਦਾ ਹੈ ਉਸੇ ਤਰ੍ਹਾਂ ਮਾਹਿਲਪੁਰ ਫੁੱਟਬਾਲ ਦਾ ਘਰ ਹੈ। ਸੰਸਾਰਪੁਰੀਆਂ ਨੂੰ ਹਾਕੀ ਦੀ ਜਾਗ ਜਲੰਧਰ ਛਾਉਣੀ ਨੇ ਲਾਈ ਜਦੋਂ ਕਿ ਮਾਹਿਲਪੁਰੀਆਂ ਨੂੰ ਫੁੱਟਬਾਲ ਦੀ ਜਾਗ ਵੀ ਹੁਸ਼ਿਆਰਪੁਰ ਛਾਉਣੀ ਨੇ ਲਾਈ ਸੀ।

ਪਹਿਲਾਂ ਪਹਿਲ ਪੰਜਾਬ ਦੇ ਮੁੰਡੇ ਗੋਰਿਆਂ ਨੂੰ ਹਾਕੀ, ਫੁਟਬਾਲ ਖੇਡਦੇ ਵੇਖ ਕੇ ਖੇਡਣ ਲੱਗੇ ਸਨ। ਫਿਰ ਰੀਸ ਹੌਲੀ ਹੌਲੀ ਅੱਗੇ ਤੁਰਦੀ ਗਈ। ਰੀਸ ਕਰਨਾ ਪੰਜਾਬੀਆਂ ਦਾ ਜੱਦੀ ਪੁਸ਼ਤੀ ਸੁਭਾ ਹੈ। ਇਹ ਭਾਵੇਂ ਪਰਦੇਸ ਜਾਣ ਦੀ ਜਾਂ ਬਾਰਾਂ ਅਬਾਦ ਕਰਨ ਦੀ ਹੋਵੇ, ਭਾਵੇ ਕਲੱਕਤੇ ਜਾ ਕੇ ਡਰਾਈਵਰ ਬਣਨ ਦੀ ਹੋਵੇ। ਇਸ ਤੋਂ ਅੱਗੇ ਉਹ ਇੱਕ ਬੜੀ ਦਿਲਚਸਪ ਗਲ ਚੁਟਕਲੇ ਨਾਲ ਜੋੜ ਕੇ ਕਰਦੇ ਹਨ ਕਿ ਸੰਸਾਰਪੁਰ ਵਿੱਚ ਬੱਚੇ ਤਦ ਤਕ ਜਨਮ ਨਹੀਂ ਲੈਂਦੇ ਜਦੋਂ ਤੱਕ ਉਨ੍ਹਾਂ ਨੂੰ ਕਿਹਾ ਨਹੀਂ ਜਾਂਦਾ ਕਿ ਜੰਮ ਪਓ, ਤੁਹਾਨੂੰ ਕਲਕੱਤੇ ਦਾ ਡਰਾਈਵਰ ਬਣਾ ਦਿਆਂਗੇ। ਉਦੋਂ ਉਸ ਇਲਾਕੇ ਵਿੱਚ ਕਲਕੱਤੇ ਦਾ ਡਰਾਈਵਰ ਬਣਨ ਦੀ ਰੀਸ ਪਈ ਹੋਈ ਸੀ। ਇੰਜ ਹੀ ਕਿਹਾ ਜਾਂਦਾ ਹੈ ਕਿ ਬੱਚੇ ਉਦੋਂ ਤਕ ਜਨਮ ਨਹੀ ਸੀ ਲੈਂਦੇ ਜਦੋਂ ਤਕ ਉਨ੍ਹਾਂ ਦੇ ਹੱਥ ਵਿੱਚ ਹਾਕੀ ਨਹੀ ਸੀ ਫੜਾਈ ਜਾਂਦੀ। ਮਾਹਿਲਪੁਰੀਆਂ ਨੂੰ ਖ਼ੁਦ ਪਤਾ ਹੋਊ ਕਿ ਉਨ੍ਹਾਂ ਨੂੰ ਕਿਸ ਚੀਜ਼ ਦਾ ਲਾਲਚ ਦਿੱਤਾ ਜਾਂਦਾ ਹੋਵੇਗਾ। 1985 ਤੋਂ ਬਲਜਿੰਦਰ ਮਾਨ ਪੰਜਾਬੀ ਦੀਆਂ ਅਖ਼ਬਾਰਾਂ ਵਿੱਚ ਨਿਰੰਤਰ ਲੇਖ ਵੀ ਲਿਖਦਾ ਰਿਹਾ ਹੈ।ਉਹ ਆਪਣੇ ਸਾਥੀ ਐਸ.ਡੀ. ਕ੍ਰਿਸ਼ਨਾ ਰਾਓ ਨੂੰ ਨਾਲ ਲੈ ਕੇ ਜਲੰਧਰ, ਲੁਧਿਆਣੇ, ਰੋਪੜ ਅਤੇ ਪਟਿਆਲਾ ਤੱਕ ਸਕੂਟਰ ਤੇ ਖਿਡਾਰੀਆਂ ਨੂੰ ਮਿਲਣ ਵੀ ਜਾਂਦਾ ਰਿਹਾ ਹੈ। ਇਸ ਪੁਸਤਕ ਲਈ ਜਾਣਕਾਰੀ ਪ੍ਰਾਪਤ ਕਰਨ ਲਈ ਉਸ ਨੂੰ ਕਾਫ਼ੀ ਤਰੱਦਦ ਕਰਨਾ ਪਿਆ। ਪੁਸਤਕ ਦੀ ਭੂਮਿਕਾ ਵਿੱਚ ਲੇਖਕ ਨੇ ਉਨ੍ਹਾਂ ਮੁਸ਼ਕਲਾਂ ਦਾ ਜ਼ਿਕਰ ਵੀ ਕੀਤਾ ਹੈ ਜਿਹੜੀਆਂ ਇਸ ਪੁਸਤਕ ਨੂੰ ਨੇਪਰੇ ਚਾੜ੍ਹਨ ਲਈ ਉਸ ਨੂੰ ਝਲਣੀਆਂ ਪਈਆਂ।

ਇੰਦਰ ਸਿੰਘ ਦੇ ਸੰਘਰਸ਼ ਦੀ ਗਲ ਕਰਦਾ ਬਲਜਿੰਦਰ ਲਿਖਦਾ ਹੈ ਕਿ ਮਾਰਕੇਡਾ ਕਪ ਮਲੇਸ਼ੀਆ ਵਿੱਚ ਉਹ ਖੇਡਣ ਗਿਆ ਤਾਂ ਉਸ ਦੀ ਖੇਡ ਤੋਂ ਪ੍ਰਭਾਵਤ ਹੋ ਕੇ ਉਸਨੂੰ ਤੇਈ ਹਜ਼ਾਰ ਮਾਸਕ ਤਨਖਾਹ ਦੀ ਆਫਰ ਆਈ ਤਾਂ ਉਸਨੇ ਕਿਹਾ ਮੈਨੂੰ ਪੰਜਾਬੀ ਹੋਣ ਦਾ ਮਾਣ ਹੈ ਮੈਂ ਸਿਰਫ਼ਓਮਪ; ਆਪਣੇ ਦੇਸ਼ ਲਈ ਖੇਡਾਂਗਾ। ਉਸਨੇ ਆਪਣੇ ਦੇਸ਼ ਦੀ ਟੀਮ ਨੂੰ ਕੌਮਾਂਤਰੀ ਪੱਧਰ ਤੇ ਜਿੱਤਾਂ ਦਵਾਈਆਂ ਤੇ ਪੰਜਾਬ ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ।ਗੁਰਦੇਵ ਸਿੰਘ, ਕੁਲਤਾਰ ਸਿੰਘ ਅਤੇ ਦਰਸ਼ਨ ਸਿੰਘ ਇੱਕੋ ਪਿੰਡ ਖੈਰੜ ਅਛਰੋਵਾਲ ਦੇ ਸਨ। ਗੁਰਦੇਵ ਸਿੰਘ ਪੰਜਾਬ ਯੂਨੀਵਰਸਿਟੀ ਦੀ ਟੀਮ ਵਿੱਚ ਵੀ ਖੇਡਦਾ ਰਿਹਾ ਅਤੇ 1971 ਵਿੱਚ ਆਪਣੀ ਟੀਮ ਦਾ ਕਪਤਾਨ ਵੀ ਬਣ ਗਿਆ। ਉਹ ਆਪਣੀਆਂ ਪ੍ਰਾਪਤੀਆਂ ਵਿੱਚ ਜਰਨੈਲ ਸਿੰਘ ਦਾ ਖਾਸ ਹੱਥ ਰਖਦਾ ਹੈ। 1979 ਵਿੱਚ ਜਦੋਂ ਉਹ ਬੰਗਾਲ ਲਈ ਖੇਡਿਆ ਤਾਂ ਉਸਨੂੰ ਵਧੀਆ ਡਿਫੈਂਡਰ ਐਲਾਨਿਆ ਗਿਆ।

ਬਲਜਿੰਦਰ ਲਿਖਦਾ ਹੈ ਕਿ ਫੁੱਟਬਾਲ ਪੱਖੋਂ ਜਿਹੜਾ ਤਾਜ ਦੇਸ਼ ਦੇ ਸਿਰ ਤੇ ਜਰਨੈਲ ਸਿੰਘ ਨੇ ਸਜਾਇਆ, ਉਹ ਵਿਲੱਖਣ ਹੈ ਅਤੇ ਹੋਰ ਕਿਸੇ ਦੇ ਹਿੱਸੇ ਨਹੀ ਆਇਆ। ਉਹ ਸਚਮੁਚ ਫੁੱਟਬਾਲ ਦਾ ਜਰਨੈਲ ਸੀ।

ਦੇਸ਼ ਭਗਤ ਅਤੇ ਲੋਕ ਆਗੂਆਂ ਦਾ ਪਿੰਡ ਹੈ ਲੰਗੇਰੀ ਜਿਸ ਨੇ ਕਾਮਰੇਡ ਦਰਸ਼ਨ ਵਰਗੇ ਆਗੂ ਪੈਦਾ ਕੀਤੇ। ਅਰਵਿੰਦ ਕੁਮਾਰ ਫੁੱਟਬਾਲ ਦੇ ਅੰਬਰ ਦਾ ਚਮਕਦਾ ਸਿਤਾਰਾ ਹੈ। ਮਾਹਿਲਪੁਰ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਨੂੰ ਕੋਚ ਹਸਨ ਅਲੀ ਦੀ ਰਹਿਨੁਮਾਈ ਮਿਲਣ ਨਾਲ ਸਕੂਲ ਵਿੱਚ ਪੜ੍ਹਦੇ ਹੀ ਉਸ ਦੀ ਫੁੱਟਬਾਲ ਦੀ ਖੇਡ ਨੂੰ ਖ਼ੂਬ ਹੁੰਗਾਰਾ ਮਿਲਿਆ। ਖਾਲਸਾ ਕਾਲਜ ਵਿਚ ਪੜ੍ਹਦੇ ਸਮੇਂ ਉਸ ਨੇ ਅਜਿਹੀ ਸ਼ਾਨਦਾਰ ਖੇਡ ਦਾ ਪਰਦਰਸ਼ਨ ਕੀਤਾ ਕਿ ਉਸਦੀ ਚਰਚਾ ਚਾਰੇ ਪਾਸੇ ਹੋਣ ਲੱਗੀ। ਪੰਜ ਵਾਰੀ ਕੌਮੀ ਚੈਂਪੀਅਨਸ਼ਿਪ ਸੰਤੋਸ਼ ਟਰਾਫੀ ਖੇਡਣ ਨਾਲ ਅਰਵਿੰਦ ਨੂੰ 1991 ਵਿਚ ਰਸ਼ੀਆ ਦਾ ਟੂਰ ਲਾਉਣ ਦਾ ਮੌਕਾ ਮਿਲਿਆ। ਅਰਵਿੰਦ ਕੁਮਾਰ 2014 ਤੋਂ ਡੀ.ਏ.ਵੀ ਕਾਲਜ ਹੁਸ਼ਿਆਰਪੁਰ ਵਿੱਚ ਕੋਚਿੰਗ ਕਰ ਰਿਹਾ ਹੈ। ਹਰਿੰਦਰ ਸਨੀ ਨੇ ਜੇ ਸੀ ਟੀ ਵਿੱਚ ਖੇਡ ਦਾ ਵਧੀਆ ਪ੍ਰਦਰਸ਼ਨ ਕਰਕੇ ਖ਼ੂਬ ਨਾਮਣਾ ਖਟਿਆ।

1977 ਵਿੱਚ ਪਿੰਡ ਪੋਸੀ ਵਿੱਚ ਜਨਮ ਲੈਣ ਵਾਲੇ ਚਰਨਜੀਤ ਕੁਮਾਰ ਨੇ ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਫੁੱਟਬਾਲ ਕੋਚ ਅਤੇ ਸਪੋਰਟਸ ਇੰਚਾਰਜ ਵਜੋਂ ਯਾਦਗਾਰੀ ਕੰਮ ਕਿਤਾ। ਉਸਨੇ ਖਿਡਾਰੀਆਂ ਨੂੰ ਤਕਨੀਕੀ ਜੁਗਤਾਂ ਦਸ ਕੇ ਆਧਨਿਕ ਸਮੇਂ ਦੀਆਂ ਚਣੌਤੀਆਂ ਦਾ ਮੁਕਾਬਲਾ ਕਰਨ ਦੇ ਹਾਣ ਦਾ ਬਨਾਉਣ ਦਾ ਯਤਨ ਕੀਤਾ। ਕੋਚ ਵਜੋਂ ਉਸਦਾ ਸਫ਼ਰ ਬੀ.ਏ. ਐਮ ਖਾਲਸਾ ਕਾਲਜ ਗੜ੍ਹਸ਼ੰਕਰ ਤੋਂ ਸ਼ੁਰੂ ਹੁੰਦਾ ਹੈ। ਫਿਰ ਖਾਲਸਾ ਕਾਲਜ ਮਾਹਿਲਪੁਰ, ਲਾਇਲਪੁਰ ਤੇ ਕੁਝ ਹੋਰ ਕਾਲਜਾਂ ਵਿੱਚ ਉਸਨੇ ਆਪਣੀਆਂ ਸੇਵਾਵਾਂ ਦਿੱਤੀਆਂ। 2009 ਵਿੱਚ ਉਸਨੇ ਆਲ ਇੰਡੀਆ ਅੰਤਰ ਵਰਿਸਟੀਆਂ ਵਿੱਚ ਪੰਜਾਬ ਯੂਨੀਵਰਸਿਟੀ ਟੀਮ ਦੀ ਕਪਤਾਨੀ ਕੀਤੀ।

ਉਸਦੀ ਕਪਤਾਨੀ ਸਦਕਾ ਯੂਨੀਵਰਸਟੀ ਨੇ ਆਲ ਇੰਡੀਆ ਜੇਤੂ ਦਾ ਖ਼ਿਤਾਬ ਮਿਲਿਆ। ਇਸ ਤੋਂ ਇਲਾਵਾ ਮਨਜੀਤ ਸਿੰਘ ਜਿਆਣ, ਨਿਰਮਲ ਸਿੰਘ ਨਿੰਮਾ, ਜੀਤ ਸਿੰਘ ਖਾਬੜਾ ਵਰਗੇ ਬਹੁਤ ਸਾਰੇ ਨੌਜਵਾਨਾਂ ਨੇ ਆਪਣੇ ਆਪਣੇ ਇਲਾਕੇ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਵੱਡੇ ਵਡੇਰਿਆਂ ਦਾ ਰਿਣ ਉਤਾਰਿਆ।

ਜੇਕਰ ਗੱਲ ਜਗਤਾਰ ਬੈਂਸ ਦੀ ਕਰੀਏ ਤਾਂ ਉਸਦੀਆਂ ਪ੍ਰਾਪਤੀਆਂ ਵੀ ਕਿਸੇ ਨਾਲੋਂ ਘੱਟ ਨਹੀ। ਉਸ ਨੇ ਮਾਤਾ ਜਗਦੀਸ਼ ਕੌਰ ਦੇ ਲਾਡਲੇ ਬੈਂਸ ਨੇ ਰੋਪੜ ਤੋਂ ਮੁਕਤੀ ਪ੍ਰਾਪਤ ਕਰਕੇ ਇੱਥੇ ਹੀ ਰੈਣ ਬਸੇਰਾ ਕੀਤਾ। 1952-53 ਵਿੱਚ ਉਹ ਖਾਲਸਾ ਕਾਲਜ ਮਾਹਿਲਪੁਰ ਦਾ ਅਜਿਹਾ ਖਿਡਾਰੀ ਸੀ ਜਿਸ ਦੀ ਚੋਣ ਪੰਜਾਬ ਯੂਨੀਵਰਸਟੀ ਦੀ ਟੀਮ ਵਾਸਤੇ ਹੋਈ ਸੀ। ਉਸਦੀ ਹੀ ਕਪਤਾਨੀ ਹੇਠ ਕਾਲਜ ਨੇ ਪਹਿਲੀ ਵਾਰ ਪੰਜਾਬ ਯੂਨੀਵਰਸਟੀ ਫੁੱਟਬਾਲ ਚੈਂਪਅਨਸ਼ਿਪ ਜਿੱਤੀ ਸੀ।

ਉਸਦੇ ਖਿਡਾਰੀ ਹੋਣ ਤੋਂ ਇਲਾਵਾ ਉਸ ਦਾ ਇੱਕ ਸ਼ੌਂਕ ਬਾਂਸੁਰੀ ਵਜਾਉਣਾ ਤੇ ਗ਼ਜ਼ਲ ਗਾਉਣਾ ਵੀ ਸੀ।ਮਾਹਿਲਪੁਰ ਨਾਲ ਜੁੜਿਆ ਹੋਣ ਕਰਕੇ ਤੇ ਮਾਹਿਲਪੁਰ ਸਕੂਲ ਵਿੱਚ ਹੀ ਪੜ੍ਹਾਈ ਕੀਤੀ ਹੋਣ ਕਰਕੇ ਮੈਂ ਬਲਜਿੰਦਰ ਦੀ ਇਸ ਪੁਸਤਕ ਨੂੰ ਬੜੀ ਦਿਲਚਸਪੀ ਨਾਲ ਪੜ੍ਹਿਆ ਹੈ। ਬਹੁਤ ਸਾਰੇ ਨਾਮਵਰ ਖਿਡਾਰੀਆਂ ਨੂੰ ਮੈਂ ਬੜੇ ਨੇੜਿਓ ਤੱਕਿਆ ਵੀ ਹੈ ਤੇ ਉਨ੍ਹਾਂ ਦੀ ਖੇਡ ਦਾ ਆਨੰਦ ਵੀ ਮਾਣਿਆ ਹੈ। ਇਸੇ ਲਈ ਇਸ ਪੁਸਤਕ ਬਾਰੇ ਲਿਖਣਾ ਮੈਨੂੰ ਬਹੁਤ ਚੰਗਾ ਲੱਗਾ। ਬਲਜਿੰਦਰ ਮਾਨ ਨੂੰ ਬਹੁਤ ਬਹੁਤ ਮੁਬਾਰਕ।

# ‘ਕਾਂਗਰਸ ਪਾਰਟੀ’ ਵੀ 'ਅਕਾਲੀ ਦਲ ਬਾਦਲ’ ਦੇ ਰਾਹ ‘ਤੇ



ਜੰਗ ਸਿੰਘ, ਮਰਸਡ

ਦੇਸ਼ ਦੀ ਅਜ਼ਾਦੀ ਦਿਵਾਉਣ ਵਿੱਚ ਇੱਕਲਿਆਂ ਕਾਂਗਰਸ ਪਾਰਟੀ ਦਾ ਹੀ ਯੋਗਦਾਨ ਨਹੀਂ ਸੀ, ਹਾਂ ਇਹ ਠੀਕ ਹੈ ਕਿ ਅੰਗਰੇਜ਼ ਜਿਹੜੀ ਕਿ ਬੜੀ ਸ਼ਾਤਰ ਕੌਮ ਸੀ ਉਸ ਨੇ ਜਾਣ ਲੱਗਿਆਂ ਦੇਸ਼ ਦੀ ਵਾਗ-ਡੋਰ ਕਾਂਗਰਸ ਦੇ ਹੱਥ ਜਰੂਰ ਫੜਾਈ ਸੀ ਪਰ ਜੇਕਰ ਨਿਰਪੱਖਤਾ ਨਾਲ ਦੇਸ਼ ਦੀ ਅਜ਼ਾਦੀ ਦੀ ਲਹਿਰ ਨੂੰ ਵਾਚੀਏ ਤਾਂ ਸਪਸ਼ਟ ਪਤਾ ਲੱਗਦਾ ਹੈ ਕਿ ਦੇਸ਼ ਨੂੰ ਅਜ਼ਾਦੀ ਦਿਵਾਉਣ ਵਿੱਚ ਕਾਂਗਰਸ ਪਾਰਟੀ ਦਾ ਯੋਗਦਾਨ ਰਿਹਾ ਹੈ ਉਥੇ ਅਜ਼ਾਦੀ ਦਿਵਾਉਣ ਵਿੱਚ ਵੱਡੀ ਭੂਮਿਕਾ ਕੂਕਾ ਲਹਿਰ, ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ ਵਿਸ਼ੇਸ਼ ਕਰਕੇ ਸ਼ਹੀਦੇ ਆਜਮ ਸ੍ਰ ਭਗਤ ਸਿੰਘ, ਰਾਜ ਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ, ਰਾਮ ਬਿਸਮਿਲ, ਬਾਬਾ ਸੋਹਨ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਸ੍ਰ ਤੇਜਾ ਸਿੰਘ ਸੁਤੰਤਰ ਆਦਿ ਅਨੇਕਾਂ ਹਿੰਦੂ ਮੁਸਲਿਮ ਤੇ ਸਿੱਖਾਂ ਦਾ ਯੋਗਦਾਨ ਸੀ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਅਮਰੀਕਾ, ਕਨੇਡਾ ਆਦਿ ਦੇਸ਼ਾਂ ਵਿੱਚ ਬੜੀ ਸ਼ਾਨਦਾਰ, ਸੁੱਖ ਅਰਾਮ ਦੀ ਜਿੰਦਗੀ ਬਤੀਤ ਕਰ ਰਹੇ ਸਨ ਉਨ੍ਹਾਂ ਸਭਨਾਂ ਨੂੰ ਲੱਤ ਮਾਰ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਸੱਤ ਸਮੁੰਦਰੋਂ ਪਾਰੋਂ ਚੱਲ ਕੇ ਭਾਰਤ ਵਿੱਚ ਆਪਣੀਆਂ ਕੁਰਬਾਨੀਆਂ ਦੇਣ ਲਈ ਆਏ ਸਨ। ਉਸ ਦੇ ਨਾਲ ਹੀ ਚਲੀ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਸ਼ਾਂਤਮਈ ਅੰਦੋਲਨ ਵਿੱਚ ਪੰਡਤ ਜਵਾਹਰ ਲਾਲ, ਵੱਲਭ ਭਾਈ ਪਟੇਲ ਤੋਂ ਇਲਾਵਾ ਸਿੱਖਾਂ ਦੇ ਆਗੂਆਂ ਵਿੱਚ ਬਾਬਾ ਖੜਗ ਸਿੰਘ, ਮਾਸਟਰ ਤਾਰਾ ਸਿੰਘ ਸ੍ਰ ਬਲਦੇਵ ਸਿੰਘ, ਸ੍ਰ ਹੁਕਮ ਸਿੰਘ, ਸ੍ਰ ਸਵਰਨ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਗਿਆਨੀ ਕਰਤਾਰ ਸਿੰਘ ਆਦਿ ਅਨੇਕਾਂ ਆਗੂਆਂ ਦੀ ਲੰਮੀ ਕਤਾਰ ਹੈ ਜਿਨ੍ਹਾਂ ਨੇ ਸ਼ਾਂਤਮਈ ਢੰਗ ਨਾਲ ਦੇਸ਼ ਨੂੰ ਅਜ਼ਾਦ ਕਰਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਬਹੁਤ ਸਾਰੇ ਭਾਰਤੀਆਂ ਦਾ ਮੰਨਣਾ ਹੈ ਕਿ ਕਿ ਅੰਗਰੇਜ਼ ਸ਼ਾਂਤਮਈ ਤਰੀਕੇ ਨਾਲ ਦੇਸ਼ ਵਿੱਚੋਂ ਨਿਕਲਣ ਵਾਲੇ ਨਹੀਂ ਸਨ ਜੇ ਸ਼ਹੀਦੇ ਆਜਮ ਸ੍ਰ ਭਗਤ ਸਿੰਘ, ਉਸ ਦੇ ਸਾਥੀ ਅੰਗਰੇਜ਼ਾਂ ਨੂੰ ਕੰਬਣੀ ਨਾ ਲਗਾ ਦੇਂਦੇ। ਇਹ ਗੱਲ ਵੀ ਸਹੀ ਹੈ ਕਿ ਦੇਸ਼ ਦੀ ਇਸ ਵੇਲੇ ਵਾਗ-ਡੋਰ ਜਿਹੜੀ ਹੁਕਮਰਾਨ ਧਿਰ ਕੋਲ ਹੈ ਕਹਿਣ ਦਾ ਭਾਵ ਰ.ਸ.ਸ. ਹੈ। ਇਹ ਤਾਂ ਅੰਗਰੇਜ਼ਾਂ ਦੀ ਭਗਤੀ ਹੀ ਕਰਦੇ ਰਹੇ ਸਨ ਇਨ੍ਹਾਂ ਦਾ ਇਕੋ ਇਕ ਸੂਰਬੀਰ 'ਵੀਰ ਸਾਵਰਕਰ’ ਦੱਸਿਆ ਜਾਂਦਾ ਜਿਸ ਨੂੰ ਹੁਕਮਰਾਨ ਪਾਰਟੀ ਨੇ ਸਭ ਤੋਂ ਉੱਚੇ ਸਨਮਾਨ ਨਾਲ ਨਿਵਾਜਿਆ ਹੋਇਆ ਹੈ। ਜਦੋਂ ਕਿ ਇਸ 'ਵੀਰ ਸਾਵਰਕਰ’ ਦਾ ਇਤਿਹਾਸ ਇਹ ਹੈ ਕਿ ਵੀਰ ਸਾਵਰਕਰ ਨੇ ਸ੍ਰ ਭਗਤ ਸਿੰਘ ਨਾਲ ਗ੍ਰਿਫਤਾਰੀ ਜਰੂਰ ਦਿੱਤੀ ਸੀ ਪਰ ਇਕ ਮਹੀਨਾ ਵੀ ਜੇਲ੍ਹ ਵਿੱਚ ਨਹੀਂ ਸੀ ਕੱਟ ਸਕਿਆ ਇਸ ਨੇ ਚਾਰ ਵਾਰ ਅੰਗਰੇਜ਼ਾਂ ਕੋਲੋਂ ਅਰਜੋਈਆਂ ਕੀਤੀਆਂ ਸਨ ਕਿ ਉਨ੍ਹਾਂ ਦੀ ਪਾਰਟੀ ਤਾਂ ਅੰਗਰੇਜ਼ਾਂ ਦੀ ਟੋਡੀ ਹੈ ਤੇ ਉਸ ਦਾ ਦੇਸ਼ ਦੀ ਅਜ਼ਾਦੀ ਦੀ ਲਹਿਰ ਨਾਲ ਨੇੜਲਾ ਸਬੰਧ ਵੀ ਨਹੀਂ ਹੈ ਇਸ ਲਈ ਉਸ ਨੂੰ ਮੁਆਫ਼ ਕਰ ਦਿੱਤਾ ਜਾਵੇ ਤਾਂ ਕਿਧਰੇ ਮੁਆਫ਼ੀਆਂ ਮੰਗ ਕੇ ਰਿਹਾਅ ਹੋ ਕੇ ਜੇਲ੍ਹੋਂ ਬਾਹਰ ਆਇਆ ਸੀ। ਅੰਗਰੇਜ਼ਾਂ ਨੇ ਬੜੀ ਚਲਾਕੀ ਵਰਤਦਿਆਂ ਜਾਣ ਸਮੇਂ ਅਜ਼ਾਦ ਭਾਰਤ ਦੀ ਵਾਗ-ਡੋਰ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਆਦਿ ਕਾਂਗਰਸੀ ਆਗੂਆਂ ਦੇ ਹੱਥ ਫੜਾ ਕੇ ਚਲੇ ਗਏ। ਸਭ ਨੂੰ ਪਤਾ ਹੈ ਕਿ ਦੇਸ਼ ਨੂੰ ਅਜ਼ਾਦ ਕਰਾਉਣ ਵਿੱਚ ਸਭ ਤੋਂ ਵੱਧ 80% ਤੋਂ ਵਧੇਰੇ ਕੁਰਬਾਨੀਆਂ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਦਿੱਤੀਆਂ ਹਨ। ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ ਆਦਿ ਕਾਂਗਰਸੀ ਆਗੂਆਂ ਨੇ ਤੇ ਸਿੱਖਾਂ ਦੇ ਆਗੂਆਂ ਮਾਸਟਰ ਤਾਰਾ ਸਿੰਘ ਆਦਿ ਨਾਲ ਇਕ ਵਾਅਦਾ ਕੀਤਾ ਸੀ ਕਿ ਅਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਆਪਣਾ ਵੱਖਰਾ ਖਿੱਤਾ ਦਿੱਤਾ ਜਾਵੇਗਾ ਜਿਥੇ ਉਹ ਅਜ਼ਾਦੀ ਨਾਲ ਰਹਿ ਸਕਣਗੇ”। ਪਰ ਅਜ਼ਾਦੀ ਤੋਂ ਤੁਰੰਤ ਬਾਅਦ ਕਾਂਗਰਸੀ ਆਗੂ ਇਸ ਵਾਅਦੇ ਤੋਂ ਇਹ ਕਹਿ ਕੇ ਝੱਟ ਮੁੱਕਰ ਗਏ ਕਿ ਹੁਣ ਤਾਂ ਸਮਾਂ ਲੰਘ ਗਿਆ ਹੈ ਭਾਵ ਪੰਜਾਬੀਆਂ ਤੇ ਸਿੱਖ ਕੌਮ ਨਾਲ ਸਭ ਤੋਂ ਵੱਡੀ ਗੱਦਾਰੀ ਕਾਂਗਰਸ ਪਾਰਟੀ ਨੇ ਕੀਤੀ। ਇਸ ਦੇ ਪ੍ਰਧਾਨ ਮੰਤਰੀ ਨੇ ਤਾਂ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ’ ਸ੍ਰੀ ਅਕਾਲ ਤਖਤ ਸਾਹਿਬ ਤੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਕੇ ਉਸ ਨੂੰ ਢਹਿ ਢੇਰੀ ਕਰਾ ਦਿੱਤਾ ਸੀ ਜਿਸ ਦਾ ਲੰਮਾ ਸਮਾਂ ਸੰਤਾਪ ਪੰਜਾਬੀਆਂ ਤੇ ਸਿੱਖ ਕੌਮ ਨੂੰ ਅਤਿਵਾਦ ਦੇ ਦੌਰ ਵਿੱਚੋਂ ਲੰਘ ਕੇ ਭੁਗਤਣਾ ਪਿਆ। ਇਸ ਸਮੇਂ ਦੌਰਾਨ ਪੁਲੀਸ ਨੇ ਸਿੱਖ ਨੌਜਵਾਨਾਂ ਬੱਚੇ ਬੱਚੀਆਂ ਦਾ ਇੰਨੀ ਵੱਡੀ ਪੱਧਰ ਤੇ ਝੂਠੇ ਮੁਕਾਬਲੇ ਕਰਾ ਕੇ ਘਾਣ ਕੀਤਾ ਸੀ ਕਿ ਪੰਜਾਬ ਦੇ ਸਰਹੱਦੀ ਪਿੰਡਾਂ ਦੇ ਜਿਲ੍ਹਿਆਂ ਵਿੱਚ ਲਗ ਭਗ ਦੋ ਦਹਾਕਿਆਂ ਤਕ ਬਰਾਤਾਂ ਤਕ ਨਹੀਂ ਸਨ ਚੜ੍ਹ ਸਕੀਆਂ। ਦੇਸ਼ ਦੀ ਅਜ਼ਾਦੀ ਤੋਂ ਹੁਣ ਤਕ ਦੇ ਸਾਢੇ ਸੱਤ ਦਹਾਕਿਆਂ ਦੇ ਇਤਿਹਾਸ ਤੇ 'ਨਹਿਰੂ ਟੱਬਰ’ ਪਿਛਲੇ ਤਿੰਨ ਦਹਾਕਿਆਂ ਨੂੰ ਛੱਡ ਕੇ ਦੇਸ਼ ਤੇ ਸਿੱਧੇ ਤੇ ਅਸਿੱਧੇ ਤੌਰ ਤੇ ਰਾਜ ਕਰਦਾ ਰਿਹਾ ਹੈ। ਇਸ ਟੱਬਰ ਨੇ ਆਪਣੇ ਤੋਂ ਬਿਨਾ ਕਿਸੇ ਵੀ ਹੋਰ ਕਾਂਗਰਸ ਪਾਰਟੀ ਦੇ ਆਗੂ ਨੂੰ ਸੁਤੰਤਰ ਤੌਰ ਤੇ ਰਾਜ ਨਹੀਂ ਕਰਨ ਦਿੱਤਾ। ਸੰਸਾਰ ਦੇ ਪੜ੍ਹੇ ਲਿਖੇ ਤੇ ਸਭ ਤੋਂ ਸਿਆਣੇ ਅਤੇ ਸੰਸਾਰ ਵਿੱਚ ਆਪਣੀ ਧਾਂਕ ਜਮਾਉਣ ਵਾਲੇ ਆਰਥਕ ਕਾਰ, ਈਮਾਨਦਾਰ ਨੀਤੀ ਘਾੜੇ ਡਾ. ਮਨਮੋਹਨ ਸਿੰਘ ਨੂੰ ਵੀ ਇਸ ਟੱਬਰ ਨੇ ਅਜ਼ਾਦਾਨਾ ਤੌਰ ਤੇ ਕੰਮ ਨਹੀਂ ਕਰਨ ਦਿੱਤਾ। ਜੇ ਕਰ ਕਰਨ ਦਿੱਤਾ ਹੁੰਦਾ ਤਾਂ ਸ਼ਾਇਦ ਅੱਜ ਦੇਸ਼ ਦੀ ਨੁਹਾਰ ਵੱਖਰੀ ਹੀ ਹੁੰਦੀ ਤੇ ਭਾਰਤ ਵਿੱਚ ਮੌਜੂਦਾ ਸਿਆਸੀ ਪਾਰਟੀ ਦੇ ਹਾਕਮ ਦੇਸ਼ ਤੇ ਰਾਜ ਨਾ ਕਰ ਰਹੇ ਹੁੰਦੇ। ਕਾਂਗਰਸ ਪਾਰਟੀ ਦੀ ਹਾਲਤ ਕਿਸੇ ਕੋਲੋਂ ਲੁਕੀ ਨਹੀਂ ਹੋਈ 'ਪੰਜਾਬ’ ਵੇਖ ਲਉ, 'ਹਰਿਆਣਾ’ ਵੇਖ ਲਓ ਇਸ ਪਾਰਟੀ ਦੇ ਆਗੂ ਆਪਸ ਵਿੱਚ ਲੜ ਕੇ ਕੁੱਕੜ ਖੇਹ ਉਡਾ ਰਹੇ ਹਨ ਹਰਿਆਣਾ ਵਿੱਚ ਬੀਤੇ ਸਮੇਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਇਸ ਪਾਰਟੀ ਨੂੰ ਕੋਈ ਹਰਾ ਨਹੀਂ ਸੀ ਸਕਦਾ ਪਰ ਮੁੱਖ ਮੰਤਰੀ 'ਮੈਂ ਬਣਾ’ 'ਮੈਂ ਬਣਾਂ’ ਦੀ ਆੜ੍ਹ ਵਿੱਚ ਕਾਂਗਰਸ ਦੇ ਹੱਥ ਵਿੱਚ ਆਉਂਦੀ ਸਰਕਾਰ ਭਾਜਪਾ ਦੇ ਹੱਥ ਵਿੱਚ ਚਲੀ ਗਈ। ਹਾਲੇ ਵੀ ਇਸ ਪਾਰਟੀ ਦੇ ਆਗੂ ਰੱਲ ਕੇ ਚੱਲਣ ਦੀ ਥਾਂ ਤੇ ਅੱਡ ਅੱਡ ਰਹਿ ਕੇ ਆਪਣਾ ਜਲੂਸ ਕਡਾ. ਰਹੇ ਹਨ ਜਿਸ ਦੀ ਮਿਸਾਲ ਭਾਰਤ ਦੇ ਹੋਰ ਪ੍ਰਾਂਤਾਂ ਵਿੱਚ ਵੀ ਵੇਖਣ ਨੂੰ ਮਿਲ ਰਹੀ ਹੈ ਭਾਜਪਾ ਨੇ ਜਦੋਂ ਦੀ ਦੇਸ਼ ਵਿੱਚ ਗੱਦੀ ਸੰਭਾਲੀ ਹੈ ਇਸ ਦੇ ਆਗੂ ਲਗਾਤਾਰ ਪ੍ਰਚਾਰ ਕਰਦੇ ਆ ਰਹੇ ਹਨ ਕਿ ਮਹਾਤਮਾ ਗਾਂਧੀ ਨੇ ਦੇਸ਼ ਦੀ ਅਜ਼ਾਦੀ ਤੋਂ ਬਾਅਦ ਕਿਹਾ ਸੀ ਕਿ ਹੁਣ ਕਾਂਗਰਸ ਪਾਰਟੀ ਦੀ ਜਰੂਰਤ ਨਹੀਂ ਹੈ ਇਸ ਪਾਰਟੀ ਨੂੰ ਤੋੜ੍ਹ ਦੇਣਾ ਚਾਹੀਦਾ ਹੈ ਇਹ ਨਹੀਂ ਪਤਾ ਕਿ ਉਨ੍ਹਾਂ ਨੇ ਕਿਹਾ ਸੀ ਕਿ ਨਹੀਂ ਪਰ ਭਾਜਪਾ ਵਾਲੇ ਜਰੂਰ ਕਾਂਗਰਸ ਨੂੰ ਖਤਮ ਕਰਨ ਵੱਲ ਲਗੇ ਹੋਏ ਹਨ।

**'ਨਹਿਰੂ ਟੱਬਰ’ ਨੂੰ ਬਾਦਲਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਕਾਂਗਰਸ ਦੀ ਹੋਂਦ ਨੂੰ ਬਚਾਉਣ ਲਈ ਉਹ ਸਤਿਕਾਰਤ ਢੰਗ ਨਾਲ ਕਾਂਗਰਸ ਦੀ ਵਾਗ-ਡੋਰ ਸੁਹਿਰਦ ਪਾਰਟੀ ਦੇ ਆਗੂਆਂ ਹੱਥ ਫੜਾ ਦੇਣ। ਜਿਸ ਵਿੱਚ ਉਨ੍ਹਾਂ ਦਾਂ ਆਪਣਾ ਵੀ ਭਲਾ ਹੈ ਤੇ ਕਾਂਗਰਸ ਪਾਰਟੀ ਦਾ ਵੀ। ਅੱਜ ਜਿਵੇਂ ਬਾਦਲਾਂ ਦੀ ਪਾਰਟੀ ਦਾ ਪੰਜਾਬ ਵਿੱਚੋਂ ਸਫਾਇਆ ਹੋ ਗਿਆ ਹੈ। ਜੇਕਰ ਕਾਂਗਰਸ ਦੀ ਲੀਡਰਸ਼ਿਪ 'ਨਹਿਰੂ ਟੱਬਰ’ ਦੇ ਚੁੰਗਲ ਵਿੱਚੋਂ ਨਾ ਨਿਕਲੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਕਾਂਗਰਸ ਪਾਰਟੀ ਦੀ ਪਾਟੋ ਧਾੜ੍ਹ ਦੇ ਹੋਰ ਦ੍ਰਿਸ਼ ਵੀ ਵੱਡੇ ਪੱਧਰ ਤੇ ਦਿਸਣੇ ਅਰੰਭ ਹੋ ਜਾਣਗੇ।**

ਦੇਸ਼ ਦੇ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਰ.ਸ.ਸ. ਨੇ ਆਪਣੇ ਬੰਦੇ ਲੁਕਵੇਂ ਢੰਗ ਨਾਲ ਕਾਂਗਰਸ ਵਿੱਚ ਪੂਰੀ ਤਰਾਂ ਘੁਸੇੜ੍ਹ ਦਿੱਤੇ ਹਨ ਜਿਹੜੇ ਕਿਸੇ ਵੀ ਹਾਲਤ ਵਿੱਚ ਕਾਂਗਰਸ ਨੂੰ ਇਕਠਿਆਂ ਨਹੀਂ ਹੋਣ ਦੇਣਗੇ। 'ਨਹਿਰੂ ਟੱਬਰ’ ਨੂੰ ਬਾਦਲਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ।ਉਸ ਨੂੰ ਚਾਹੀਦਾ ਹੈ ਕਿ ਕਾਂਗਰਸ ਦੀ ਹੋਂਦ ਨੂੰ ਬਚਾਉਣ ਲਈ ਉਹ ਸਤਿਕਾਰਤ ਢੰਗ ਨਾਲ ਕਾਂਗਰਸ ਦੀ ਵਾਗ-ਡੋਰ ਸੁਹਿਰਦ ਪਾਰਟੀ ਦੇ ਆਗੂਆਂ ਹੱਥ ਫੜਾ ਦੇਣ। ਜਿਸ ਵਿੱਚ ਉਨ੍ਹਾਂ ਦਾਂ ਆਪਣਾ ਵੀ ਭਲਾ ਹੈ ਤੇ ਕਾਂਗਰਸ ਪਾਰਟੀ ਦਾ ਵੀ। ਅੱਜ ਜਿਵੇਂ ਬਾਦਲਾਂ ਦੀ ਪਾਰਟੀ ਦਾ ਪੰਜਾਬ ਵਿੱਚੋਂ ਸਫਾਇਆ ਹੋ ਗਿਆ ਹੈ। ਜੇਕਰ ਕਾਂਗਰਸ ਦੀ ਲੀਡਰਸ਼ਿਪ 'ਨਹਿਰੂ ਟੱਬਰ’ ਦੇ ਚੁੰਗਲ ਵਿੱਚੋਂ ਨਾ ਨਿਕਲੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਕਾਂਗਰਸ ਪਾਰਟੀ ਦੀ ਪਾਟੋ ਧਾੜ੍ਹ ਦੇ ਹੋਰ ਦ੍ਰਿਸ਼ ਵੀ ਵੱਡੇ ਪੱਧਰ ਤੇ ਦਿਸਣੇ ਅਰੰਭ ਹੋ ਜਾਣਗੇ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰ.ਸ.ਸ. ਬੜੀ ਗਹਿਰੀ ਚਾਲ ਨਾਲ ਕਾਂਗਰਸ ਪਾਰਟੀ ਨੂੰ ਸਦਾ ਲਈ ਦੇਸ਼ ਵਿੱਚੋਂ ਕੱਢਣ ਵਿੱਚ ਲਗੀ ਹੋਈ ਹੈ। ਇਹ ਹੁਣ ਕਾਂਗਰਸ ਪਾਰਟੀ ਦੇ ਕੇਂਦਰੀ ਆਗੂਆਂ ਨੇ ਦੇਖਣਾ ਹੈ ਕਿ ਉਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਬਚਾਉਣਾ ਹੈ ਜਾਂ ਕਿ ਫਿਰ ਦੇਸ ਦੀ ਵਾਗ-ਡੋਰ ਪੱਕੇ ਤੌਰ ਤੇ ਦੇਸ਼ ਵਿਰੋਧੀ, ਕੱਟੜ੍ਹ ਫਿਰਕਾਪ੍ਰਸਤ ਵੱਖ ਵੱਖ ਧਰਮਾਂ ਵਿੱਚ ਵੰਡੀਆਂ ਪਾਉਣ ਵਾਲੀ ਪਾਰਟੀ 'ਭਾਜਪਾ’ ਦੇ ਹੱਥ ਵਿੱਚ ਫੜਾਈ ਰੱਖਣੀ ਹੈ!

# ਕਲਾਵਾਂ ਦਾ ਸਾਗਰ ਹੈ ਇਲਾਕਾ ਮਾਹਿਲਪੁਰ- ਪ੍ਰੋ. ਅਜੀਤ ਲੰਗੇਰੀ

**ਮਾਹਿਲਪੁਰ (ਮਾਨ)** ਇਲਾਕਾ ਮਾਹਿਲਪੁਰ ਦਾ ਹਰ ਪਿੰਡ ਅਤੇ ਇੱਥੋਂ ਦੀ ਪ੍ਰਸਿੱਧ ਸੰਸਥਾ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਕਲਾਵਾਂ ਦਾ ਸਾਗਰ ਹੈ। ਇਹ ਵਿਚਾਰ ਪ੍ਰੋਫੈਸਰ ਸਿਮਰ ਮਾਣਕ ਦੇ ਚਿੱਤਰਾਂ ਦੀ ਨੁਮਾਇਸ਼ ਮੌਕੇ ਪ੍ਰਿੰਸੀਪਲ ਹਰਭਜਨ ਸਿੰਘ ਵਿਚਾਰ ਮੰਚ ਤੇ ਸੰਯੋਜਕ ਪ੍ਰੋ। ਅਜੀਤ ਲੰਗੇਰੀ ਨੇ ਖਾਲਸਾ ਕਾਲਜ ਮਾਹਿਲਪੁਰ ਵਿੱਚ ਆਖੇ। ਉਹਨਾਂ ਅੱਗੇ ਕਿਹਾ ਕਿ ਇਸ ਸੰਸਥਾ ਨੇ ਹਰ ਖੇਤਰ ਵਿੱਚ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਵਾਲੇ ਇਨਸਾਨ ਪੈਦਾ ਕੀਤੇ ਹਨ। ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਯਾਦ ਵਿੱਚ ਚਿੱਤਰਾਂ ਦੀ ਨੁਮਾਇਸ਼ ਦਾ ਪ੍ਰਬੰਧ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਜੇ ਬੀ ਸੇਖੋਂ ਅਤੇ ਸਿੱਖ ਵਿੱਦਿਅਕ ਕੌਂਸਲ ਦੇ ਸਹਿਯੋਗ ਨਾਲ ਕੀਤਾ ਗਿਆ। ਕਲਾ ਸਮਾਗਮ ਦੇ ਸੂਤਰਧਾਰ ਵਜੋਂ ਭੂਮਿਕਾ ਨਿਭਾਉਂਦਿਆਂ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਵਾਇਆ।

ਨੁਮਾਇਸ਼ ਦਾ ਉਦਘਾਟਨ ਕਰਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਮਾਹਿਲਪੁਰ ਦੇ ਸੰਧੂਰੀ ਅੰਬਾਂ ਅਤੇ ਸਿਰਜਣਾ ਦੀ ਕਲਾਤਮਿਕ ਮਹਿਕ ਹਰ ਕਿਸੇ ਨੂੰ ਆਕਰਸ਼ਿਤ ਕਰਦੀ ਹੈ। ਕੋਮਲ ਕਲਾਵਾਂ ਦੇ ਵਿਕਾਸ ਨਾਲ ਹੀ ਮਨੁੱਖੀ ਮਨ ਅੰਦਰ ਇਨਸਾਨੀ ਕਦਰਾਂ ਕੀਮਤਾਂ ਉਪਜਦੀਆਂ ਹਨ।ਇਸ ਮੌਕੇ ਸਭ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਡਾ।ਪਰਵਿੰਦਰ ਸਿੰਘ ਨੇ ਕਿਹਾ ਕਿ ਕਾਲਜ ਵਿੱਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਰਹਿੰਦਾ ਹੈ। ਉਹਨਾਂ ਅੱਗੇ ਕਿਹਾ ਕਿ ਸਮੇਂ ਦੀ ਲੋੜ ਹੈ ਆਪਣੀ ਨਵੀਂ ਪਨੀਰੀ ਨੂੰ ਅਮੀਰ ਵਿਰਾਸਤੀ ਕਦਰਾਂ ਕੀਮਤਾਂ ਨਾਲ ਜੋੜਿਆ ਜਾਵੇ। ਉਚੇਚੇ ਤੌਰ ਤੇ ਹਾਜ਼ਰ ਹੋਈ ਕਵਿਤਰੀ ਸੁਖਵਿੰਦਰ ਅੰਮ੍ਰਿਤ ਅਤੇ ਗਾਇਕ ਬਲਰਾਜ ਨੇ ਆਪਣੀਆਂ ਕਲਾਤਮਿਕ ਵੰਨਗੀਆਂ ਨਾਲ ਖ਼ੂਬ ਰੰਗ ਬੰਨਿਆ । ਪ੍ਰੋ. ਸਿਮਰ ਮਾਣਕ ਨਾਲ ਉਹਨਾਂ ਦੇ ਜੀਵਨ ਸਾਥੀ ਲੇਖਕ ਪ੍ਰੋ. ਗੁਰਮਨ ਸਿੰਘ ਨੇ ਚਿੱਤਰਾਂ ਦੀ ਪਿੱਠ ਭੂਮੀ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਦਰਸ਼ਕਾਂ ਨੇ ਇਹਨਾਂ ਚਿੱਤਰਾਂ ਨੂੰ ਦੇਖ ਕੇ ਆਪਣੇ ਕਲਾਤਮਿਕ ਪੱਧਰ ਨੂੰ ਉਚੇਰਾ ਕੀਤਾ। ਨਮਾਇਸ਼ ਦੇ ਪ੍ਰਬੰਧਾਂ ਨੂੰ



ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਪ੍ਰੋ. ਦਲਵਿੰਦਰ ਅਜੀਤ, ਪ੍ਰੋ. ਤਜਿੰਦਰ ਸਿੰਘ, ਤਲਵਿੰਦਰ ਹੀਰ, ਬੱਬੂ ਮਾਹਿਲਪੁਰੀ , ਸਰਪੰਚ ਬਲਵਿੰਦਰ ਸਿੰਘ, ਬਲਜਿੰਦਰ ਮਾਨ , ਪਰਮਜੀਤ ਕਾਤਿਬ, ਰਘੁਵੀਰ ਸਿੰਘ ਕਲੋਆ ਅਤੇ ਸੁਖਮਨ ਸਿੰਘ ਆਦਿ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ।

ਨੁਮਾਇਸ਼ ਦਾ ਆਨੰਦ ਮਾਨਣ ਵਾਲੇ ਪਤਵੰਤਿਆਂ ਵਿੱਚ ਪ੍ਰਿੰ. ਸੁਰਜੀਤ ਸਿੰਘ, ਸੁਰਿੰਦਰ ਪਾਲ ਝੱਲ, ਰੋਸ਼ਨਜੀਤ ਸਿੰਘ ਪਨਾਮ, ਅੰਮ੍ਰਿਤਪਾਲ ਸਿੰਘ ਸੰਧੂ,ਵਿਜੇ ਬੰਬੇਲੀ, ਗੁਰਮਿੰਦਰ ਕੈਂਡੋਵਾਲ, ਹਰਵੀਰ ਮਾਨ, ਬਾਬੂ ਅਮਰਜੀਤ ਸਿੰਘ,ਚੈਂਚਲ ਸਿੰਘ ਬੈਂਸ ,ਬੰਤ ਸਿੰਘ ਬੈਂਸ ,ਬਲਦੇਵ ਸਿੰਘ ਬੰਗਾ, ਸੁਖਦੇਵ ਨਡਾਲੋਂ, ਪ੍ਰ.। ਵਿਕਰਮ ਚੰਦੇਲ, ਬਲਜੀਤ ਸਿੰਘ ਬੈਂਸ, ਪ੍ਰਿੰ। ਸੁਖਚੈਨ ਸਿੰਘ ਸਮੇਤ ਵਿਦਿਆਰਥੀ, ਅਧਿਆਪਕ ਅਤੇ ਕਲਾ ਪ੍ਰੇਮੀ ਸ਼ਾਮਿਲ ਸਨ।

# ਬਾਬੂ ਸਿੰਘ ਰੈਹਲ ਦੀ ਸਵੈ-ਜੀਵਨੀ 'ਵਹਿਣ ਦਰਿਆਵਾਂ ਦੇ' ਪ੍ਰੇਰਨਾ ਸ੍ਰੋਤ

ਬਾਬੂ ਸਿੰਘ ਰੈਹਲ ਦੀ ਸਵੈ-ਜੀਵਨੀ 'ਵਹਿਣ ਦਰਿਆਵਾਂ ਦੇ' ਦਿਹਾਤੀ ਸਭਿਆਚਾਰ, ਸਰਕਾਰੀ ਤੰਤਰ ਤੇ ਨੌਕਰੀਤੰਤਰ ਦੀ ਪ੍ਰਣਾਲੀ ਦਾ ਨਮੂਨਾ ਹੈ। ਇਹ ਸਵੈ-ਜੀਵਨੀ ਪਰੰਪਰਾਗਤ ਢੰਗ ਨਾਲ ਲਿਖੀਆਂ ਗਈਆਂ ਜੀਵਨੀਆਂ ਵਰਗੀ ਨਹੀਂ ਹੈ। ਇਹ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਵਰਤਾਰੇ ਅਤੇ ਜ਼ਿੰਦਗੀ ਵਿੱਚ ਵਿਚਰਦਿਆਂ ਹੋਏ ਤਜ਼ਰਬਿਆਂ ਦੀ ਜਾਣਕਾਰੀ 'ਤੇ ਅਧਾਰਤ ਹੈ। ਬਾਬੂ ਸਿੰਘ ਰੈਹਲ ਸਰਬਾਂਗੀ ਬਹੁ-ਵਿਧਾਵੀ ਲੇਖਕ ਹੈ। ਉਸਨੇ ਕਵਿਤਾ, ਗੀਤ, ਗ਼ਜ਼ਲ, ਵਾਰਤਕ ਅਤੇ ਕਹਾਣੀਆਂ ਲਿਖੀਆਂ ਹਨ। ਉਸ ਦੇ ਚਾਰ ਕਹਾਣੀ ਸੰਗ੍ਰਹਿ ਅਤੇ ਦੋ ਵਾਰਤਕ ਦੀਆਂ ਮੌਲਿਕ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਉਹ ਦੋ ਪੁਸਤਕਾਂ ਦਾ ਸਹਿ ਮੁੱਖ ਸੰਪਾਦਕ ਹੈ। 'ਵਹਿਣ ਦਰਿਆਵਾਂ ਦੇ' ਉਸਦੀ ਸੱਤਵੀਂ ਪੁਸਤਕ ਹੈ। ਉਸਨੇ ਆਪਣੀ ਇਸ ਸਵੈ-ਜੀਵਨੀ ਨੂੰ 17 ਭਾਗਾਂ ਵਿੱਚ ਵੰਡਿਆ ਹੈ। ਉਸਨੇ ਬਚਪਨ ਤੋਂ ਲੈ ਕੇ ਆਪਣੀ ਜ਼ਿੰਦਗੀ ਦੀ ਜਦੋਜਹਿਦ ਦੀ ਦਾਸਤਾਂ ਬਿਆਨ ਕੀਤੀ ਹੈ। ਜੇ ਉਸਨੂੰ ਦਿਹਾਤੀ ਜੀਵਨ, ਸਰਕਾਰੀ/ਨੌਕਰੀਤੰਤਰ ਦੀ ਪ੍ਰਣਾਲੀ ਅਤੇ ਕੁਦਰਤ ਦਾ ਦ੍ਰਿਸ਼ਟਾਂਤਿਕ ਚਿਤੇਰਾ ਕਹਿ ਲਿਆ ਜਾਵੇ ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ, ਕਿਉਂਕਿ ਉਸਨੇ ਆਪਣੀ ਸਵੈ-ਜੀਵਨੀ ਵਿੱਚ ਆਪਣੀ ਜ਼ਿੰਦਗੀ ਦੀ ਜਦੋਜਹਿਦ ਦੇ ਨਾਲ ਪਿੰਡਾਂ ਦੇ ਲੋਕਾਂ ਅਤੇ ਸਰਕਾਰੀ ਮੁਲਾਜ਼ਮਾ ਦੀ ਨੌਕਰੀ ਦੌਰਾਨ ਜਦੋਜਹਿਦ ਦਾ ਵੀ ਬਾਖ਼ੂਬੀ ਨਾਲ ਵਰਣਨ ਕੀਤਾ ਹੈ। ਪਿੰਡਾਂ ਦੀ ਰਹਿਤਲ ਬਾਰੇ ਲਿਖਦਿਆਂ ਉਸਨੇ ਪੁਰਾਣੇ ਤੇ ਆਧੁਨਿਕ ਸਮੇਂ ਦੀਆਂ ਪ੍ਰਸਥਿਤੀਆਂ ਬਾਰੇ ਵਿਆਖਿਆ ਨਾਲ ਲਿਖਿਆ ਹੈ। ਪਿੰਡਾਂ ਦੇ ਲੋਕ ਘੱਟ ਸਹੂਲਤਾਂ ਦੀ ਅਣਹੋਂਦ ਕਰਕੇ ਆਪਣੇ ਪਰਿਵਾਰਾਂ ਦੇ ਨਿਰਬਾਹ ਲਈ ਹਮੇਸ਼ਾ ਲਟਾਪੀਂਘ ਹੋਏ ਰਹਿੰਦੇ ਹਨ, ਪ੍ਰੰਤੂ ਉਹ ਸੰਤੁਸ਼ਟਟਾ, ਹੌਸਲੇ, ਦਲੇਰੀ ਅਤੇ ਮਿਹਨਤ ਦਾ ਮੁਜੱਸਮਾ ਹੁੰਦੇ ਹਨ। ਪਿੰਡਾਂ ਵਿੱਚ ਹਰ ਵਰਗ, ਜ਼ਾਤ ਤੇ ਫਿਰਕੇ ਦੇ ਲੋਕ ਰਹਿੰਦੇ ਹਨ ਪ੍ਰੰਤੂ ਉਨ੍ਹਾਂ ਵਿੱਚ ਹਮੇਸ਼ਾ ਸਦਭਾਵਨਾ ਦਾ ਵਾਤਾਵਰਨ ਬਣਿਆਂ ਰਹਿੰਦਾ ਹੈ ਤੇ ਇੱਕ ਦੂਜੇ 'ਤੇ ਨਿਰਭਰ ਹੁੰਦੇ ਹਨ। ਇੱਕਾ-ਦੁੱਕਾ ਲੋਕ ਜ਼ਾਤ-ਪਾਤ ਦੇ ਬੰਧਨਾਂ ਵਿੱਚ ਵੀ ਬੱਝੇ ਹੁੰਦੇ ਹਨ। ਸਾਰੇ ਧਰਮਾ ਦੇ ਧਾਰਮਿਕ ਸਥਾਨ ਹੁੰਦੇ ਹਨ, ਜੋ ਆਪਸੀ ਸਹਿਹੋਂਦ, ਏਕਤਾ ਤੇ ਅਖੰਡਤਾ ਦਾ ਪ੍ਰਤੀਕ ਹੁੰਦੇ ਹਨ। ਸ਼ਹਿਰਾਂ ਦੀ ਤਰ੍ਹਾਂ ਪਿੰਡਾਂ ਵਿੱਚ ਧਾਰਮਿਕ ਵੰਡੀਆਂ ਨਹੀਂ ਹੁੰਦੀਆਂ, ਨਫ਼ਰਤ ਕੋਹਾਂ ਦੂਰ ਹੁੰਦੀ ਹੈ। ਬਾਬੂ ਸਿੰਘ ਰੈਹਲ ਨੇ ਦਿਹਾਤੀ ਸਭਿਆਚਾਰ ਦੀ ਤਸਵੀਰ ਖਿੱਚਕੇ ਰੱਖ ਦਿੱਤੀ ਹੈ। ਦਿਹਾਤੀ ਖੇਡਾਂ ਵੀ ਲੋਕਾਂ ਵਿੱਚ ਸਪੋਰਟਸਮੈਨ ਸਪਿਰਟ ਪੈਦਾ ਕਰਦੀਆਂ ਹਨ। ਪਿੰਡਾਂ ਵਿੱਚ ਹੋਣ ਵਾਲੇ ਮੇਲੇ, ਸਮਾਜਿਕ ਇਕੱਠ, ਘੋਲ-ਕੁਸ਼ਤੀਆਂ ਅਤੇ ਕਵੀਸ਼ਰੀਆਂ, ਦੁਸਹਿਰੇ ਨੂੰ ਸਾਂਝੀ ਲਗਾਉਣਾ ਆਦਿ ਦਿਹਾਤੀ ਵਿਰਾਸਤ ਦੀ ਲੋਕ ਧਾਰਾ ਦਾ ਅੰਗ ਬਣ ਚੁੱਕੇ ਹਨ, ਉਨ੍ਹਾਂ ਬਾਰੇ ਵਿਸਤਾਰ ਨਾਲ ਲਿਖਿਆ ਹੈ। ਪਿੰਡਾਂ ਵਿੱਚ ਜ਼ਿਮੀਦਾਰਾਂ ਦੇ ਪਟਵਾਰੀਆਂ ਵੱਲੋਂ ਪਾਏ ਪੰਗਿਆਂ ਕਰਕੇ ਝਗੜੇ ਝੇੜੇ ਆਮ ਜਿਹੀ ਗੱਲ ਹੈ। ਪ੍ਰੰਤੂ ਇਹ ਲੋਕ ਇੱਕ ਦੂਜੇ ਦੇ ਸਹਾਈ ਤੇ ਦੁੱਖ-ਸੁੱਖ ਦੇ ਸਾਥੀ ਬਣਦੇ ਹਨ। ਇਹ




ਸਾਡੇ ਪੰਜਾਬੀ ਸਭਿਆਚਾਰ ਦਾ ਹਿੱਸਾ ਹਨ। ਇਸ ਸਵੈ-ਜੀਵਨੀ ਵਿੱਚ ਲੇਖਕ ਨੇ ਕੁਦਰਤੀ ਵਾਤਾਵਰਨ ਨੂੰ ਵੀ ਕਮਾਲ ਦਾ ਚਿਤਰਿਆ ਹੈ। ਭਾਵੇਂ ਪੁਸਤਕ ਵਿੱਚ ਕਿਤੇ-ਕਿਤੇ ਦੁਹਰਾਓ ਵੀ ਹੈ ਪ੍ਰੰਤੂ ਰੌਚਿਕਤਾ ਬਰਕਰਾਰ ਤੇ ਪੁਸਤਕ ਪੜ੍ਹਨ ਵਿੱਚ ਦਿਲਚਸਪੀ ਬਣੀ ਰਹਿੰਦੀ ਹੈ। ਬਾਬੂ ਸਿੰਘ ਰੈਹਲ ਦੀ ਸ਼ਬਦਾਵਲੀ ਠੇਠ ਮਲਵਈ, ਰਸਮਈ, ਕਾਵਿਮਈ ਅਤੇ ਸ਼ੈਲੀ ਵੀ ਦਰਿਆਵਾਂ ਦੇ ਵਹਿਣ ਦੀ ਤਰ੍ਹਾਂ ਦਿਲ ਨੂੰ ਟੁੰਬਣ ਵਾਲੀ ਹੈ ਕਿਉਂਕਿ ਉਸਨੇ ਸਾਹਿਤਕ ਪਿਉਂਦ ਦਿੱਤੀ ਹੋਈ ਹੈ। ਇੱਕ ਕਿਸਮ ਨਾਲ ਉਸਦੀ ਇਹ ਸਾਹਿਤਕ ਸਵੈ-ਜੀਵਨੀ ਵੀ ਹੈ, ਕਿਉਂਕਿ ਉਸਨੇ ਆਪਣੀਆਂ ਸਾਹਿਤਕ ਸਰਗਰਮੀਆਂ ਬਾਰੇ ਵੀ ਵਿਸਤਾਰ ਨਾਲ ਲਿਖਿਆ ਹੈ। ਉਸਨੂੰ ਸਾਹਿਤਕ ਮਸ ਕਿਵੇਂ ਲੱਗੀ, ਉਸਤੋਂ ਬਾਅਦ ਲੜੀਵਾਰ ਕਿਵੇਂ ਤੇ ਕਿੱਥੇ-ਕਿੱਥੇ ਰਹਿ-ਦਿਆਂ ਵਿਕਸਤ ਹੋਈ। ਸਾਹਿਤ ਸਭਾਵਾਂ ਵਿੱਚ ਬਾਬੂ ਸਿੰਘ ਰੈਹਲ ਨੇ ਆਪਣੇ ਯੋਗਦਾਨ ਅਤੇ ਆਪਣੀਆਂ ਕਹਾਣੀਆਂ ਦੇ ਸਫਰ ਦਾ ਚਿੱਠਾ ਲਿਖਿਆ ਹੈ। ਸਰਕਾਰੀ ਅਤੇ ਗ਼ੈਰ ਸਰਕਾਰੀ ਰਸਾਲਿਆਂ ਵਿੱਚ ਪ੍ਰਕਾਸ਼ਤ ਹੋਣ ਅਤੇ ਵੱਡੇ ਸਾਹਿਤਕਾਰਾਂ ਨੂੰ ਮਿਲਣ ਦੇ ਇਤਫਾਕ ਤੇ ਮਿਲੇ ਮੋਹ-ਮੁਹੱਬਤ ਤੇ ਆਸ਼ੀਰਵਾਦ ਦਾ ਵੀ ਵਰਣਨ ਕੀਤਾ ਹੈ। ਲੇਖਕ ਦੇ ਆਪਣੇ ਵਿਭਾਗ ਦੀ ਯੂਨੀਅਨ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨਾਂ ਅਤੇ ਉਨ੍ਹਾਂ ਦੇ ਨਤੀਜਿਆਂ ਬਾਰੇ ਵੀ ਲਿਖਿਆ ਗਿਆ ਹੈ। ਬਾਬੂ ਸਿੰਘ ਰੈਹਲ ਦੀ ਨੌਕਰੀ ਸਮੇਂ ਉਸਦੇ ਆਪਣੇ ਦਫ਼ਤਰੀ ਅਧਿਕਾਰੀਆਂ, ਕਰਮਚਾਰੀਆਂ ਅਤੇ ਜਿਥੇ ਕਿਤੇ ਵੀ ਉਹ ਰਿਹਾ, ਆਂਢੀਆਂ ਗੁਆਂਢੀਆਂ ਤੇ ਉਥੋਂ ਦੇ ਸਥਾਨਕ ਵਸਨੀਕਾਂ ਨਾਲ ਭਾਈਚਾਰਕ ਸਾਂਝ ਬਾਰੇ ਵੀ ਲਿਖਿਆ ਗਿਆ ਹੈ, ਜਿਸਤੋਂ ਪਤਾ ਲੱਗਦਾ ਹੈ ਕਿ ਉਸਦੇ ਦੋਸਤੀ ਵਾਲੇ ਸੰਬੰਧ ਨੌਕਰੀ ਅਤੇ ਸਮਾਜਿਕ ਜੀਵਨ ਵਿੱਚ ਸਫ਼ਲ ਹੋਣ ਵਿੱਚ ਸਹਾਇਕ ਸਾਬਤ ਹੁੰਦੇ ਰਹੇ ਹਨ ਅਤੇ ਸਮਾਜਿਕ ਵਾਤਵਰਨ ਸਦਭਾਵਨਾ ਵਾਲਾ ਤੇ ਸੁੱਖਦਾਈ ਰਿਹਾ ਹੈ। 25 ਸਾਲ ਦੀ ਉਮਰ ਵਿੱਚ ਲੇਖਕ ਨੂੰ ਪੱਕੀ ਨੌਕਰੀ ਮਿਲ ਗਈ ਸੀ ਅਤੇ 30 ਸਾਲ ਦੀ ਉਮਰ ਵਿੱਚ ਵਿਆਹ ਦੇ ਬੰਧਨ ਵਿੱਚ ਬੱਝ ਗਿਆ। ਦੋ ਬੱਚੇ ਲੜਕਾ ਤੇ ਲੜਕੀ ਦੋਹਾਂ ਨੂੰ ਪੜ੍ਹਾਇਆ ਤੇ ਜ਼ਿੰਦਗੀ ਵਿੱਚ ਸੈਟਲ ਕਰਵਾਇਆ। ਮਿਹਨਤ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ ਕਰਕੇ ਤਰੱਕੀਆਂ ਕਰਦਾ ਰਿਹਾ। ਬਾਬੂ ਸਿੰਘ ਰੈਹਲ ਦਾ ਜਨਮ ਪਿਤਾ ਅਰਜਣ ਸਿੰਘ ਦੇ ਘਰ ਦਲੀਪ ਕੌਰ ਦੀ ਕੁੱਖੋਂ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਦੇ ਪਿੰਡ ਮਲ੍ਹੇਵਾਲ ਵਿਖੇ 17 ਅਗਸਤ 1941 ਨੂੰ ਹੋਇਆ (ਉਦੋਂ ਨਾਭਾ ਰਿਆਸਤ)। ਦਸਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਗਿਆਨੀ, ਬੀ.ਏ. ਅਤੇ ਐਮ.ਏ ਉਸਨੇ ਨੌਕਰੀ ਕਰਦਿਆਂ ਹੀ ਪਾਸ ਕੀਤੀਆਂ। ਉਸਨੂੰ ਜ਼ਿੰਦਗੀ ਵਿੱਚ ਸਥਾਪਤ ਹੋਣ ਲਈ ਅਨੇਕਾਂ ਵੇਲਣ ਵੇਲਣੇ ਪਏ। ਪਿਤਾ ਨਾਲ ਖੇਤੀ ਦਾ ਕੰਮ ਵੀ ਕਰਨਾ ਪਿਆ ਪ੍ਰੰਤੂ ਸਿਹਤ ਕਮਜ਼ੋਰ ਹੋਣ ਕਰਕੇ ਨੌਕਰੀ ਨੂੰ ਤਰਜੀਹ ਦਿੱਤੀ। ਪਟਵਾਰੀ ਦੀ ਸਿੱਖਿਆ ਪ੍ਰਾਪਤ ਵੀ ਕੀਤੀ, ਨਹਿਰੀ ਵਿਭਾਗ ਵਿੱਚ ਕਈ ਛੋਟੀਆਂ-ਛੋਟੀਆਂ ਐਡਹਾਕ ਨੌਕਰੀਆਂ ਵੀ ਕੀਤੀਆਂ ਅਤੇ ਅਖ਼ੀਰ ਡਾਕ ਤਾਰ ਵਿਭਾਗ ਵਿੱਚ ਤਾਰ ਬਾਬੂ ਤੋਂ ਸ਼ਰੂ ਕਰਕੇ ਸੀਨੀਅਰ ਟੈਲੀਗ੍ਰਾਫ਼ ਮਾਸਟਰ ਦੇ ਅਹੁਦੇ ਤੱਕ ਪਹੁੰਚ ਗਿਆ। ਆਮ ਤੌਰ 'ਤੇ ਸਵੈ-ਜੀਵਨੀਆਂ ਵਿੱਚ ਆਪਣੀਆਂ ਪ੍ਰਾਪਤੀਆਂ ਬਾਰੇ ਹੀ ਲਿਖਿਆ ਜਾਂਦਾ ਹੈ ਪ੍ਰੰਤੂ ਬਾਬੂ ਸਿੰਘ ਰੈਹਲ ਨੇ ਆਪਣੀਆਂ ਕਮਜ਼ੋਰੀਆਂ ਵੀ ਬੇਬਾਕੀ ਨਾਲ ਲਿਖੀਆਂ ਹਨ। ਦਿਹਾਤੀ ਕਿਸਾਨੀ ਪਰਿਵਾਰਾਂ ਦੀਆਂ ਸਮੱਸਿਆਵਾਂ, ਘਰੇਲੂ ਖਿੱਚੋਤਾਣ ਅਤੇ ਪਰਿਵਾਰਾਂ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਰਕੇ ਭਰਾਵਾਂ ਵਿੱਚ ਨਿੱਕੇ-ਮੋਟੇ ਮਨ-ਮੁਟਾਵਾਂ ਬਾਰੇ ਵੀ ਬੇਝਿਜਕ ਹੋ ਕੇ ਲਿਖਿਆ ਹੈ ਪ੍ਰੰਤੂ ਇਸ ਤੋਂ ਇੱਕ ਸਬਕ ਮਿਲਦਾ ਹੈ ਕਿ ਸਬਰ ਸੰਤੋਖ ਵਾਲੇ ਵਿਅਕਤੀ ਨੂੰ ਹਮੇਸ਼ਾ ਸਫ਼ਲਤਾ ਮਿਲਦੀ ਹੈ। ਉਸਦੀ ਜ਼ਿੰਦਗੀ ਦੀ ਜਦੋਜਹਿਦ ਨੌਜਵਾਨਾ ਲਈ ਪ੍ਰੇਰਨਾ ਸ੍ਰੋਤ ਸਾਬਤ ਹੋ ਸਕਦੀ ਹੈ। ਪੋਸਟ ਤੇ ਟੈਲੀਗ੍ਰਾਫ਼ ਵਿਭਾਗ ਦੀ ਯੂਨੀਅਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਕਰਕੇ ਬਾਬੂ ਸਿੰਘ ਰੈਹਲ ਨੇ ਸਮੁੱਚੇ ਭਾਰਤ ਅਤੇ ਨਾਲ ਲਗਦੇ ਭੁਟਾਨ ਤੇ ਸਿਕਮ ਦੇ ਸੈਰ ਸਪਾਟਾ ਵਾਲੇ ਇਲਾਕਿਆਂ ਦੀ ਖ਼ੂਬ ਸੈਰ ਕੀਤੀ। ਯੂਨੀਅਨ ਦੀਆਂ ਕਾਨਫ਼ਰੰਸਾਂ ਵਿੱਚ ਰੇਲ, ਬਸ ਅਤੇ ਸਮੁੰਦਰ ਰਾਹੀਂ ਸਫ਼ਰ ਕਰਦਿਆਂ ਲੇਖਕ ਨੇ ਕੁਦਰਤ ਦੀ ਕਾਇਨਾਤ ਬਾਰੇ ਬੜੇ ਸੁੰਦਰ ਅਤੇ ਸੁਹਾਵਣੇ ਵਾਤਾਵਰਨ ਬਾਰੇ ਕਮਾਲ ਦੀ ਸ਼ਬਦਾਵਲੀ ਨਾਲ ਵਰਣਨ ਕੀਤਾ ਹੈ। 11ਤੋਂ 17 ਚੈਪਟਰਾਂ ਵਿੱਚ ਤਾਂ ਉਸ ਨੇ ਆਪਣੀਆਂ ਯੂਨੀਅਨ ਦੀਆਂ ਮੀਟਿੰਗਾਂ ਵਿੱਚ ਹਿੱਸਾ ਲੈਣ, ਸੈਰ ਸਪਾਟਾ ਸਥਾਨਾਂ, ਅਜਾਇਬ ਘਰ, ਕਿਲੇ, ਬੀਚਜ਼, ਧਾਰਮਿਕ ਮੰਦਰਾਂ ਗੁਰਦੁਆਰਿਆਂ ਅਤੇ ਇਤਿਹਾਸਕ ਥਾਵਾਂ ਦੀ ਯਾਤਰਾ ਦਾ ਵਿਸਤਾਰ ਨਾਲ ਵਿਵਰਣ ਦਿੱਤਾ ਹੈ। ਬਾਬੂ ਸਿੰਘ ਰੈਹਲ ਦੀ ਸਵੈ-ਜੀਵਨੀ ਪੜ੍ਹਕੇ ਪਤਾ ਲੱਗਿਆ ਹੈ ਕਿ ਉਸਨੇ ਭਾਰਤ ਦੇ ਲਗਪਗ ਸਾਰੇ ਮਹੱਤਵਪੂਰਨ ਸੈਰ ਸਪਾਟਾ ਸਥਾਨਾ ਅਤੇ ਮੰਦਰਾਂ ਦੇ ਦਰਸ਼ਨ ਕੀਤੇ ਹਨ। ਇਨ੍ਹਾਂ ਪਵਿਤਰ ਸਥਾਨਾ ਤੇ ਕੀਤੀ ਚਿਤਰਕਾਰੀ ਬਾਰੇ ਬਿਹਤਰੀਨ ਢੰਗ ਨਾਲ ਲਿਖਿਆ ਹੈ। ਇਹ ਵੀ ਪਤਾ ਲੱਗਦਾ ਹੈ ਕਿ ਉਹ ਉਸਨੂੰ ਮਿਲਣ ਵਾਲੇ ਹਰ ਵਿਅਕਤੀ ਨਾਲ ਪਰਿਵਾਰਿਕ ਸੰਬੰਧ ਬਣਾ ਕੇ ਵਿਚਰਦਾ ਰਹਿੰਦਾ ਹੈ। ਇੱਥੋਂ ਤੱਕ ਕਿ ਸੇਵਾ ਮੁਕਤੀ ਤੋਂ ਬਾਅਦ ਵੀ ਉਹ ਆਲ ਇੰਡੀਆ ਬੀ.ਐਸ.ਐਨ.ਐਲ.ਪੈਨਸਨਰਜ਼ ਐਸੋਸੀਏਸ਼ਨ ਦਾ ਮੈਂਬਰ ਬਣਕੇ ਵਿਚਰਦਾ ਆ ਰਿਹਾ ਹੈ।

159 ਪੰਨਿਆਂ, 220 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

ਸੰਪਰਕ : ਬਾਬੂ ਸਿੰਘ ਰੈਹਲ 6284121600


ਉਜਾਗਰ ਸਿੰਘ
91-94178 13072

# ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਤੇ

ਆ ਜਾਉ ਸਾਰੇ ਕਠੇ ਹੋ ਕੇ 14 ਅਪਰੈਲ ਨੂੰ
ਡਾ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਈਏ
ਨੱਚੀਏ ਗਾਈਏ ਖੁਸ਼ੀ ਮਨਾਈਏ
ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਭਾਰਤ ਦਾ ਸੰਵਿਧਾਨ ਬਣਾਇਆ
ਸਾਨੂੰ ਸਾਡਾ ਚੌਥਾ ਹਿੱਸਾ ਹੱਕ ਦੁਆਇਆ
ਸਕੂਲ ਵਿੱਚ ਸਾਨੂੰ ਪੜ੍ਹਨੇ ਪਾਇਆ
ਪੜੋ ਕਠੇ ਹੋਵੋ ਸੰਘਰਸ਼ ਕਰੋ ਦਾ ਨਾਹਰਾ ਲਾਇਆ
ਚਪੜਾਸੀ ਤੋਂ ਲੈਕੇ ਟੀਚਰ ਪ੍ਰਿੰਸੀਪਲ ਗਿਆਨੀ ਵਕੀਲ ਜੱਜ ਬਣਾਇਆ
ਵੋਟਾਂ ਪਾਉਣ ਦਾ ਹੱਕ ਦੁਆਇਆ
ਪਿੰਡ ਦੇ ਪੰਚ ਸਰਪੰਚ ਐਮ ਐਲ ਏ ਐਮ ਪੀ ਰਾਸ਼ਟਰਪਤੀ ਦੀ ਕੁਰਸੀ ਤੇ ਬੈਠਾਇਆ
ਡਾਕਟਰ ਭੀਮ ਰਾਓ ਅੰਬੇਦਕਰ ਨੇ
ਦੁਨੀਆ ਦੇ ਸਭ ਮੁਲਕਾਂ ਵਿੱਚ ਬੈਠੇ ਦਲਿਤਾਂ ਨੂੰ ਪਹੁੰਚਾਇਆ
ਨੱਰ ਦਿਆਲ ਨੂੰ ਪਿੰਡ ਗੜੇ ਫਿਲੌਰ ਦਾ ਸਰਪੰਚ ਬਣਾਇਆ



ਇੰਗਲੈਂਡ ਕੈਨੇਡਾ ਤੋਂ ਅਮਰੀਕਾ ਵਿਚ ਪਹੁੰਚਾਇਆ
ਨੱਰ ਦਿਆਲ ਸਰਪੰਚ ਗੜਾ ਫਿਲੌਰ
ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਆਪਣਾ ਭਗਵਾਨ ਰੱਬ ਮੰਨਦਾ
ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ
ਹਰ ਰੋਜ਼ ਨਾਮ ਧਿਆਉਂਦਾ
ਆ ਜਾਉ ਸਾਰੇ ਕਠੇ ਹੋ ਕੇ 14 ਅਪਰੈਲ 2025 ਨੂੰ
ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਈਏ
ਨੱਰ ਦਿਆਲ ਸਰਪੰਚ ਗੜਾ ਫਿਲੌਰ ਵਲੋਂ ਸ਼ਭ ਭਾਈ ਚਾਰੇ ਨੂੰ ਡਾ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ਜੀ।




**– ਦਿਆਲ ਨੱਰ ਸਰਪੰਚ ਗੜਾ**
**(ਫਿਲੌਰ)**

## ਪੁਸਤਕ ਸਮੀਖਿਆ

**ਤ੍ਰਿਕੁਟੀ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਪਰਦੀਪ**
**ਪ੍ਰਕਾਸ਼ਕ: ਕਾਗਦ ਪ੍ਰਕਾਸ਼ਨ ਜਲੰਧਰ,**
**ਪੰਨੇ: 80, ਮੁੱਲ: 100 ਰੁਪਏ**

ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੇ ਰਚਨਹਾਰੇ ਪਰਦੀਪ ਭਾਰਤੀ ਸਾਹਿਤ ਅਕੈਡਮੀ ਤੋਂ ਯੁਵਾ ਸਾਹਿਤ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ। ਕਵਿਤਾ ਦੇ ਖੇਤਰ ਵਿੱਚ ਆਪਣੀ ਦੇਸ਼ ਦੁਨੀਆਂ ਦੀ ਸੈਰ ਨਾਲ ਉਨ੍ਹਾਂ ਨੇ ਵਿਸ਼ਵ ਵਿਆਪੀ ਰੰਗ ਭਰੇ ਹਨ। ਖੁੱਲੀ ਕਵਿਤਾ ਨੂੰ ਸਮਝਣ ਵਾਸਤੇ ਦਿਲ ਦਿਮਾਗ ਦੇ ਦਰ ਦਰਵਾਜਿਆ ਨੂੰ ਖੋਲ੍ਹਣਾ ਪੈਂਦਾ ਹੈ। ਕਵੀ ਆਪਣੇ ਜੀਵਨ ਤਜਰਬਿਆਂ ਅਤੇ ਇਤਿਹਾਸ ਮਿਥਿਹਾਸ ਨੂੰ ਇੱਕੋ ਕੜਾਹੀ ਵਿੱਚ ਕਾੜ੍ਹਦਾ ਹੋਇਆ ਨਵੀਆਂ ਨਰੋਈਆਂ ਤੇ ਸਵਾਦਲੀਆਂ ਕਵਿਤਾਵਾਂ ਦੀ ਸਿਰਜਣਾ ਕਰਦਾ। ਇਹ ਕਵਿਤਾਵਾਂ ਪਾਠਕ ਨੂੰ ਜਿੱਥੇ ਦੇਸ਼ ਦੁਨੀਆਂ ਦੀ ਸੈਰ ਕਰਾਉਂਦੀਆਂ ਹਨ ਉੱਥੇ ਅੰਤਰ ਨਾਦ ਨੂੰ ਸੁਣਨ ਦੀ ਸਮਰੱਥਾ ਵੀ ਪ੍ਰਦਾਨ ਕਰਦੀਆਂ ਹਨ। ਖੁੱਲੀਆਂ ਕਵਿਤਾਵਾਂ ਦਾ ਇਹ ਅਨੋਖਾ ਸੰਗ੍ਰਹਿ ਕਾਵਿ ਕਲਾ ਦਾ ਵੀ ਸਿਖ਼ਰ ਸਿਰਜਦਾ ਹੈ। ਪਾਠਕ ਪੁਸਤਕ ਦਾ ਪਹਿਲਾ ਪੰਨਾ ਪੜ੍ਹਦਾ ਹੋਇਆ ਅੱਗੇ ਤੋਂ ਅਗੇਰੇ ਆਪ ਮੁਹਾਰਾ ਹੀ ਤੁਰਿਆ ਜਾਂਦਾ ਹੈ। ਕਵਿਤਾ ਵਿੱਚ ਇੰਨਾ ਦਮ ਹੈ ਕਿ ਪਾਠਕ ਉਸ ਨੂੰ ਪੜ੍ਹੇ ਬਗੈਰ ਛੱਡ ਨਹੀਂ ਸਕਦਾ। ਕਵੀ ਦੀ ਸ਼ਬਦ ਚੋਣ ਕਮਾਲ ਦੀ ਹੋਣ ਕਰਕੇ ਪਾਠਕ ਮਨ ਅੰਦਰ ਹੋਰ ਜਗਿਆਸਾ ਪੈਦਾ ਹੁੰਦੀ ਜਾਂਦੀ ਹੈ।




ਯੁਵਾ ਕਵੀ ਪਰਦੀਪ ਤੇ ਤਜਰਬੇ ਇਹ ਸਾਬਤ ਕਰਦੇ ਹਨ ਕਿ ਉਹ ਮਾਹਿਲਪੁਰ ਇਲਾਕੇ ਦਾ ਇੱਕ ਨਿਵੇਕਲਾ ਸ਼ਾਇਰ ਹੈ ਜਿਸ ਨੇ ਕਾਵਿ ਜਗਤ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਪੁਸਤਕ ਤ੍ਰਿਕੁਟੀ ਵਿੱਚ ਦਰਜ ਕਵਿਤਾਵਾਂ ਨਿਜ ਤੋਂ ਸ਼ੁਰੂ ਹੋ ਕੇ ਪੂਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਮਿੱਟੀ, ਧਰਤੀ, ਆਕਾਸ਼, ਸਮੁੰਦਰ, ਪਹਾੜ ਜੰਗਲ ਅਤੇ ਜੀਵ ਜੰਤੂਆਂ ਨਾਲ ਵਰਤ ਰਹੇ ਕੁਦਰਤੀ ਵਰਤਾਰਿਆਂ ਦੇ ਭੇਦ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਕਵੀ ਮਨੁੱਖ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਦੁਨੀਆਂ ਦੇ ਖੌਰੂ ਤੋਂ ਸੁੰਨ ਸਮਾਧੀ ਤੱਕ ਦੇ ਸਫ਼ਰ ਨੂੰ ਬਿਆਨ ਕਰਦਿਆਂ ਕਵੀ ਨੇ ਮਨੁੱਖ ਅੰਦਰੋਂ ਖੁਰ ਰਹੀ ਮਨੁੱਖਤਾ ਦੀ ਚਿੰਤਾ ਵੀ ਜ਼ਾਹਰ ਕੀਤੀ ਹੈ। ਸਬਕ ਨਾਮੀ ਕਵਿਤਾ ਦੀਆਂ ਇਹ ਸਤਰਾਂ ਕਾਬਲੇ ਗੌਰ ਹਨ:

ਇਹ ਕਿਹਾ ਸਬਕ ਸੀ
ਜਿਸ 'ਤੇ ਪੈਰ ਧਰਦਿਆਂ
ਮੈਨੂੰ ਅਹਿਸਾਸ ਹੋਇਆ
ਕਿ ਮਿੱਟੀ ਮਿੱਟੀ ਅੰਦਰ ਸਫ਼ਰ ਕਰਦੀ ਹੈ
ਤੇ ਕਦੇ ਕਦੇ ਹਿਲਦਾ ਹੱਥ
ਕੋਈ ਰੌਸ਼ਨੀ ਛੂਹ ਲੈਂਦਾ ਹੈ।

ਕਵੀ ਮਨ ਅੰਦਰ ਇਹ ਕਵਿਤਾਵਾਂ ਧਰਤੀ ਅੰਦਰਲੇ ਲਾਵੇ ਵਾਂਗ ਬਲਦੀਆਂ ਹੋਈਆਂ ਜਦੋਂ ਬਾਹਰ ਆਉਂਦੀਆਂ ਹਨ ਤਾਂ ਧਰਤੀ ਦੀ ਹਿੱਕ ਤੇ ਪਹਾੜ ਉਸਾਰਦੀਆਂ ਹਨ। ਫੇਰ ਕਵੀ ਦੀ ਉਡਾਰੀ ਇਹਨਾਂ ਅੰਬਰਾਂ ਤੋਂ ਪਰੇ ਤੇ ਹੋਰ ਪਰੇ ਚਲੇ ਜਾਂਦੀ। ਕਦੀ ਉਹ ਜਿਉਣ ਦੀ ਆਸ ਪ੍ਰਗਟ ਕਰਦਾ ਹੈ ਤੇ ਕਦੀ ਉਹ ਆਪਣੀ ਨਿਰਾਸ਼ਾ ਨੂੰ ਆਸ਼ਾ ਵਿੱਚ ਬਦਲਦਾ ਹੋਇਆ ਮੁਰਸ਼ਦ ਦੇ ਲੜ ਲੱਗਦਾ ਹੈ ।ਕੁਦਰਤ ਦੀ ਲੀਲਾ ਨੂੰ ਗੁਰੂ ਗਿਆਨ ਨਾਲ ਵਿਚਾਰਦਾ ਅਤੇ ਨਿਖਾਰਦਾ ਹੈ। ਇਸ ਵਿਚਾਰਨ ਤੇ ਨਿਖਾਰਨ ਦੀ ਪ੍ਰਕਿਰਿਆ ਵਿੱਚ ਕਵੀ ਦੀ ਕਵਿਤਾ ਉਡਾਰੀਆਂ ਦਾ ਸਿਖਰ ਸਿਰਜਦੀ ਹੋਈ ਇਸ ਧਰਤੀ ਦੀ ਹਿੱਕ ਅੰਦਰ ਡੂੰਘੀਆਂ ਜੜ੍ਹਾਂ ਖਿਲਾਰ ਦਿੰਦੀ ਹੈ। ਫਿਰ ਧਰਤੀ ਦੀਆਂ ਗਹਿਰਾਈਆਂ ਨੂੰ ਮਾਪਦੀ ਹੋਈ ਡੂੰਘੀਆਂ ਸਿਖਰਾਂ ਸਿਰਜਦੀ ਹੈ।


ਮੈਂ ਹੱਥ ਲੈਣ
ਅਕਸਰ ਦਫ਼ਤਰ ਭੱਜਦਾ ਹਾਂ
ਤੇ ਉਹ ਪਿਛਾਂਹ ਆਉਂਦੀ
ਗੁਆ ਲੈਂਦੀ ਹੈ ਪੈਰ ਆਪਣੇ।

ਭਾਲ਼ ਨਾਮੀ ਕਵਿਤਾ ਦੀਆਂ ਇਹ ਸਤਰਾਂ ਵੀ ਪਾਠਕ ਮਨ ਅੰਦਰ ਹਲਚਲ ਪੈਦਾ ਕਰਦੀਆਂ ਹਨ।

ਤ੍ਰਿਕੁਟੀ ਪੁਸਤਕ ਦਾ ਪਾਠ ਕਰਦਿਆਂ ਪਾਠਕ ਅੰਦਰ ਜੰਮੇ ਹੋਏ ਵਹਿਮ ਭਰਮ ਕੁਰੇਦੇ ਜਾਂਦੇ ਹਨ ਅਤੇ ਉਹਨਾਂ ਵਹਿਮਾਂ ਭਰਮਾਂ ਦਾ ਨਿਤਾਰਾ ਵੀ ਕੀਤਾ ਜਾਂਦਾ ਹੈ। ਪੁਸਤਕ ਵਿੱਚ ਦਰਜ ਸੰਸਾਰ, ਜਨਮ, ਫਰਿਹਾਦ, ਤਾਂਘ, ਭੇਦ, ਲੰਘਦਿਆਂ, ਕੰਢਾ, ਦਾ ਵਿਜ਼ਨ, ਸਹਿਜ, ਅੱਗ ਦੇ ਸਫੇ, ਦਫਤਰ ਦਾ ਪੋਰਟਰੇਟ, ਲੀਲਾ, ਮੁਰਸ਼ਦ ਅਤੇ ਰੂਪ ਆਦਿ ਕਵਿਤਾਵਾਂ ਪਾਠਕਾਂ ਦੇ ਦਿਲ ਦੀਆਂ ਗਹਿਰਾਈਆਂ ਤੱਕ ਲਹਿ ਜਾਂਦੀਆਂ ਹਨ। ਇਹ ਕਵਿਤਾਵਾਂ ਕਵਿਤਾ ਦੇ ਡੂੰਘੇ ਸਾਗਰ ਦੀਆਂ ਘੋਗੇ ਸਿੱਪੀਆਂ ਅਤੇ ਹੀਰੇ ਜਵਾਹਰਤ ਪਾਠਕ ਅੱਗੇ ਪੇਸ਼ ਕਰਦੀਆਂ ਹਨ।

## ਦੇਹਰਾਦੂਨ ਵਿੱਚ ਫਿਲਮ 'ਭਾਬੀ ਜੀ ਘਰ ਪਰ ਹੈਂ' ਦੀ ਸ਼ੂਟਿੰਗ ਦੌਰਾਨ ਆਸਿਫ ਸ਼ੇਖ ਹੋਏ ਬੇਹੋਸ਼

'ਭਾਬੀ ਜੀ ਘਰ ਪਰ ਹੈਂ' ਵਿੱਚ ਵਿਭੂਤੀ ਨਾਰਾਇਣ ਦੀ ਭੂਮਿਕਾ ਨਿਭਾਉਣ ਵਾਲੇ ਅਦਾਕਾਰ ਆਸਿਫ਼ ਸ਼ੇਖ ਦੇਹਰਾਦੂਨ ਵਿੱਚ ਸ਼ੋਅ ਦੀ ਸ਼ੂਟਿੰਗ ਦੌਰਾਨ ਅਚਾਨਕ ਬੇਹੋਸ਼ ਹੋਣ ਤੋਂ ਬਾਅਦ ਉਸਨੂੰ ਹਸਪਤਾਲ ਲਿਜਾਇਆ ਗਿਆ। ਪਰ ਹੁਣ ਅਦਾਕਾਰ ਨੂੰ ਹੋਰ ਡਾਕਟਰੀ ਇਲਾਜ ਲਈ ਮੁੰਬਈ ਲਿਜਾਇਆ ਗਿਆ ਹੈ। ਸ਼ੋਅ ਦੇ ਨਿਰਮਾਤਾਵਾਂ ਅਤੇ ਅਦਾਕਾਰ ਦੇ ਪਰਿਵਾਰ ਵੱਲੋਂ ਅਜੇ ਤੱਕ ਉਸਦੀ ਸਿਹਤ ਬਾਰੇ ਕੋਈ ਅਪਡੇਟ ਨਹੀਂ ਦਿੱਤੀ ਗਈ ਹੈ।



ਹਾਲਾਂਕਿ, ਪ੍ਰਸ਼ੰਸਕ ਚਿੰਤਤ ਹਨ ਅਤੇ ਉਨ੍ਹਾਂ ਦੇ ਜਲਦੀ ਠੀਕ ਹੋਣ ਲਈ ਪ੍ਰਾਰਥਨਾ ਕਰ ਰਹੇ ਹਨ। 60 ਸਾਲਾ ਅਦਾਕਾਰ 2015 ਤੋਂ ਸ਼ੋਅ ਨਾਲ ਜੁੜਿਆ ਹੋਇਆ ਹੈ। ਰਿਪੋਰਟ ਦੇ ਅਨੁਸਾਰ, ਸ਼ੋਅ 'ਤੇ ਇੱਕ ਫਿਲਮ ਬਣਾਈ ਜਾ ਰਹੀ ਹੈ ਅਤੇ ਅਦਾਕਾਰ ਇਸਦੀ ਸ਼ੂਟਿੰਗ ਲਈ ਦੇਹਰਾਦੂਨ ਵਿੱਚ ਸੀ।

## ਇਮਰਾਨ ਹਾਸ਼ਮੀ ਦੀ 'ਗਰਾਊਂਡ ਜ਼ੀਰੋ' 24 ਨੂੰ ਹੋਵੇਗੀ ਰਿਲੀਜ਼



ਬੌਲੀਵੁੱਡ ਅਦਾਕਾਰ ਇਮਰਾਨ ਹਾਸ਼ਮੀ ਦੀ ਫਿਲਮ 'ਗ੍ਰਾਊਂਡ ਜ਼ੀਰੋ' 25 ਅਪਰੈਲ ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ। ਇਹ ਫਿਲਮ ਬਾਰਡਰ ਸਕਿਉਰਿਟੀ ਫੋਰਸ (ਬੀਐੱਸਐੱਫ) ਦੇ ਇੱਕ ਅਪਰੇਸ਼ਨ 'ਤੇ ਆਧਾਰਿਤ ਹੈ। ਇਸ ਫਿਲਮ ਦੀ ਕਹਾਣੀ ਡਿਪਟੀ ਕਮਾਂਡੈਂਟ ਵਜੋਂ ਇਮਰਾਨ ਹਾਸ਼ਮੀ ਦੇ ਕਿਰਦਾਰ ਦੁਆਲੇ ਘੁੰਮਦੀ ਹੈ। ਉਹ ਦੋ ਸਾਲਾਂ ਤਕ ਇੱਕ ਵੱਡੇ ਕੌਮੀ ਖ਼ਤਰੇ ਦੀ ਜਾਂਚ ਦੀ ਅਗਵਾਈ ਕਰਦਾ ਹੈ। ਫਿਲਮ 'ਗਰਾਊਂਡ ਜ਼ੀਰੋ' ਵਿੱਚ ਦੇਸ਼ ਦੀ ਰੱਖਿਆ ਕਰਨ ਵਾਲਿਆਂ ਦੀ ਹਿੰਮਤ, ਕੁਰਬਾਨੀ ਅਤੇ ਅਣਦੇਖੇ ਸੰਘਰਸ਼ ਨੂੰ ਦਿਖਾਇਆ ਗਿਆ ਹੈ। ਇਸ ਫਿਲਮ ਦਾ ਨਿਰਦੇਸ਼ਨ ਤੇਜਸ ਦੇਵਸਕਰ ਨੇ ਕੀਤਾ ਹੈ। ਇਸ ਫਿਲਮ ਨੂੰ ਐਕਸਲ ਐਂਟਰਟੇਨਮੈਂਟ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਮਰਾਨ ਚਾਰ ਸਾਲਾਂ ਬਾਅਦ ਪਹਿਲੀ ਵਾਰ ਮੁੱਖ ਭੂਮਿਕਾ ਵਿੱਚ ਨਜ਼ਰ ਆਵੇਗਾ। ਉਸ ਦਾ ਜਨਮ ਦਿਨ ਵੀ 24 ਮਾਰਚ ਨੂੰ ਹੁੰਦਾ ਹੈ। ਇਸੇ ਦਿਨ ਹੀ ਉਸ ਦੀ ਫਿਲਮ ਰਿਲੀਜ਼ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਮਰਾਨ ਆਖ਼ਰੀ ਵਾਰ ਸਾਲ 2021 ਵਿੱਚ ਆਈ ਡਰਾਉਣੀ ਫਿਲਮ 'ਡਿਬੁਕ' ਵਿੱਚ ਮੁੱਖ ਭੂਮਿਕਾ ਵਿੱਚ ਨਜ਼ਰ ਆਇਆ ਸੀ। ਇਸ ਫਿਲਮ ਦੇ ਨਿਰਮਾਤਾ ਇਸ ਤੋਂ ਪਹਿਲਾਂ 'ਲਕਸ਼ੈ' ਵਰਗੀਆਂ ਦੇਸ਼ ਭਗਤੀ ਵਾਲੀਆਂ ਫਿਲਮਾਂ ਬਣਾ ਚੁੱਕੇ ਹਨ।

**– ਤਰਸੇਮ ਬੱਧਣ**

# ਪੰਜਾਬ ਵੰਡ ਦੇ ਦਰਦ ਦਾ ਚਸ਼ਮਦੀਦ ਗਵਾਹ ਸ਼ਾਇਰ: ਡਾ. ਗੁਰਬਚਨ ਸਿੰਘ ਰਾਹੀ

ਸ਼ਾਇਰ ਅਤੇ ਲੇਖਕ ਸਮਾਜਿਕ ਵਰਤਾਰਿਆਂ ਅਤੇ ਹਕੀਕੀ ਘਟਨਾਵਾਂ ਨੂੰ ਆਪਣੀ ਸੋਝੀ ਮੁਤਾਬਿਕ ਸ਼ਬਦਾਂ ਦਾ ਬਾਣਾ ਪਹਿਨਾ ਕੇ ਪਾਠਕ ਦੁਨੀਆਂ ਅੱਗੇ ਕਵਿਤਾ, ਗ਼ਜ਼ਲ, ਗੀਤ, ਨਾਟਕ, ਕਹਾਣੀ, ਨਾਵਲ ਆਦਿ ਵਿਧਾਵਾਂ ਦੇ ਰੂਪ ਚ ਪਰੋਸਦੇ ਹਨ। ਉਮਰ ਦੇ ਬਜ਼ੁਰਗ, ਪਰ ਦਿਲ ਦੇ ਨੌਜਵਾਨ ਬਾਦਸ਼ਾਹ ਸ਼ਾਇਰ ਡਾ. ਗੁਰਬਚਨ ਸਿੰਘ ਰਾਹੀ ਆਪਣੀਆਂ ਕਾਵਿ ਰਚਨਾਵਾਂ ਵਿਚ ਅਲੌਕਿਕ ਰੂਹ ਫੂਕ ਦਿੰਦੇ ਹਨ। ਲੈਅ ਵਿੱਚ ਪੇਸ਼ਕਾਰੀ ਸਮੇਂ ਉਹਨਾਂ ਦੀ ਕਵਿਤਾ ਦੇ ਦਿਲ ਟੁੰਬਵੇਂ ਅਲਫਾਜ਼ ਕੰਨਾਂ ਵਿੱਚ ਪੈਣ ਤੇ ਅਗਲੀਆਂ ਸਤਰਾਂ ਨੂੰ ਸੁਣਨ ਲਈ ਉਤਸੁਕਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਉਹਨਾਂ ਦੀਆਂ ਕਵਿਤਾਵਾਂ ਦੇ ਸ਼ਬਦਾਂ ਵਿਚ ਗਹਿਰਾਈ ਅਤੇ ਰਵਾਨਗੀ ਹੈ, ਵਿਚਾਰਾਂ ਦੀ ਸਾਰਥਿਕਤਾ ਹੈ, ਉਜਾੜੇ ਦੇ ਦਰਦ ਦੀ ਪਿੰਡੇ ਤੇ ਹੰਡਾਈ ਪੀੜ ਹੈ, ਬਚਪਨ ਦੀਆਂ ਨਾਦਾਨੀਆਂ ਦਾ ਭੰਡਾਰ ਦੀ ਸੱਚਾਈ ਸੱਚਾਈ ਹੈ, ਆਕਰਸ਼ਣ ਹੈ, ਵਿਰਾਸਤ ਹੈ, ਦਿਲੀਂ ਸਾਂਝਾ ਦਾ ਝਲਕਾਰਾ ਹੈ, ਅਧਿਆਤਮਕ ਨਿਮਰਤਾ ਅਤੇ ਸਾਦਗੀ ਹੈ, ਰੌਚਕਤਾ ਅਤੇ ਰੂਹਾਨੀਅਤ ਸਕੂਨ ਹੈ। ਉਹਨਾਂ ਅਣਵੰਡੇ ਪਕਿਸਤਾਨੀ ਪੰਜਾਬ ਦੀ ਧਰਤੀ ਤੋਂ ਸ਼ਹਿਰ ਪਟਿਆਲਾ ਤੱਕ ਪੰਧ ਨੂੰ 'ਰਾਹੀ' ਬਣ ਨਾਪਿਆ ਹੈ ਅਤੇ ਵੰਡ ਦੇ ਦਰਦ ਦੀਆਂ ਅੱਖੀਂ ਦੇਖੀਆਂ ਖੌਫਨਾਕ ਘਟਨਾਵਾਂ ਨੂੰ ਦਿਲ ਚ ਸਮੋਅ ਰੱਖਿਆ ਹੋਇਆ ਹੈ। ਪਰਿਵਾਰ ਦੇ ਵਿੱਛੜੇ ਰਿਸ਼ਤਿਆਂ ਦੇ ਵਿਯੋਗ ਦੇ ਜ਼ਖ਼ਮ ਦਾ ਨਾਸੂਰ ਅਜੇ ਤੱਕ ਅੱਲਾ ਹੈ।

ਸਾਹਿਤਕ ਖੇਤਰ ਦੇ ਇਸ ਵਗਦੇ ਦਰਿਆ ਰੂਪੀ ਸਰਬਾਂਗੀ ਲੇਖਕ ਡਾ. ਗੁਰਬਚਨ ਸਿੰਘ ਰਾਹੀ ਨੇ ਅਣਵੰਡੇ ਪੰਜਾਬ ਦੀ ਧਰਤੀ ਤੇ ਪਿਤਾ ਸ. ਕਰਤਾਰ ਸਿੰਘ ਅਤੇ ਮਾਤਾ ਸ੍ਰੀਮਤੀ ਹਰਭਜਨ ਕੌਰ ਦੇ ਘਰ 12 ਅਪ੍ਰੈਲ 1937 ਨੂੰ ਪਿੰਡ ਬਣੀਏ ਕੇ ਨੇੜੇ ਅਟਾਰੀ ਵਿਖੇ ਜਨਮ ਲਿਆ। ਪਰਿਵਾਰ ਕੱਪੜੇ ਦਾ ਵਪਾਰ ਕਰਦਾ ਹੋਣ ਕਾਰਣ ਲਾਹੌਰ ਸ਼ਿਫਟ ਹੋ ਗਿਆ ਸੀ ਅਤੇ ਡੀਏਵੀ ਸਕੂਲ ਲਾਹੌਰ ਤੋਂ ਉਹਨਾਂ ਦੀ ਮੁੱਢਲੀ ਪੜਾਈ ਦੀ ਸ਼ੁਰੂਆਤ ਹੋਈ।

ਸੁਰਤ ਸੰਭਾਲੀ ਤਾਂ ਪੰਜਾਬ ਦੀ ਵੰਡ ਦੇ ਖੌਫਨਾਕ ਮੰਜ਼ਰਾਂ ਨੇ ਦਿਲ ਨੂੰ ਮਜ਼ਬੂਤ ਹੀ ਇੰਨਾਂ ਕਰ ਦਿੱਤਾ ਕਿ ਉਹਨਾਂ ਹਿੰਮਤ ਨੂੰ ਯਾਰ ਬਣਾ ਅਣਥੱਕ ਮਿਹਨਤ ਦਾ ਪੱਲਾ ਫੜ ਲਿਆ।ਏਧਰਲੇ ਪੰਜਾਬ 'ਚ ਅੰਮ੍ਰਿਤਸਰ ਤੋਂ ਜ਼ਿੰਦਗੀ ਨਵੇਂ ਰਾਹ ਲਈ ਫਿਰ ਤੁਰ ਪਈ ਅਤੇ ਪੜ੍ਹਾਈ ਅੱਗੇ ਜਾਰੀ ਹੋ ਗਈ। ਸਾਰੀਆਂ ਜਮਾਤਾਂ ਪਹਿਲੇ ਦਰਜੇ ਚ ਪਾਸ ਕੀਤੀਆ, ਇੱਥੋਂ ਤੱਕ ਕਿ ਡਿਗਰੀਆਂ ਵੀ ਪਹਿਲੇ ਦਰਜੇ ਚ ਪਾਸ ਹਨ।

ਪਟਿਆਲਾ ਵਿਖੇ ਰਿਹਾਇਸ਼ ਪੱਕੀ ਸਥਾਪਤ ਹੋ ਜਾਣ ਤੇ ਉਹਨਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਐਮ ਏ (ਗੋਲਡ ਮੈਡਲਿਸਟ) ਪਹਿਲੇ ਦਰਜੇ ਚ, ਸਰਟੀਫਿਕੇਟ ਕੋਰਸ ਇਨ ਪਰਸ਼ੀਅਨ (ਫ਼ਾਰਸੀ) ਅਤੇ ਧਾਰਮਿਕ ਨਾਟਕ ਦੀ ਪੰਜਾਬੀ ਰੰਗਮੰਚ ਨੂੰ ਦੇਣ ਵਿਸ਼ੇ ਤੇ ਪੀ.ਐਚ.ਡੀ. ਕੀਤੀ। ਉਰਦੂ ਦੀ ਬੀਏ ਐਡੀਸ਼ਨਲ, ਆਨਰਜ਼ ਇਨ ਪੰਜਾਬੀ (ਗਿਆਨੀ), ਐਮ ਏ ਹਿਸਟਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੇ। ਉਹਨਾਂ ਤਿੱਬਤੀ ਭਾਸ਼ਾ ਤਿਬਤਨ ਦਾ ਸਰਟੀਫਿਕੇਟ ਕੋਰਸ ਵੀ ਪਾਸ ਕੀਤਾ ਹੋਇਆ ਹੈ।

ਅਧਿਆਪਨ ਕਿੱਤੇ ਨਾਲ ਜੁੜ ਕੇ ਜਿੱਥੇ ਉਹ ਵਿੱਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਪ੍ਰਦਾਨ ਕਰਦੇ ਸਨ , ਉੱਥੇ ਸਮਾਜਿਕ, ਸੱਭਿਆਚਾਰਕ, ਪਰਿਵਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਵੀ ਪੜਾਉਂਦੇ ਸਨ ਤਾਂ ਜੋ ਭਵਿੱਖ ਦਾ ਸਮਾਜ ਮਜ਼ਬੂਤ ਅਤੇ ਬੌਧਿਕ ਪੱਖੋਂ ਮਜ਼ਬੂਤ ਹੋਵੇ। ਉਹਨਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਤੌਰ ਐਸੋਸੀਏਟ ਪ੍ਰੋਫੈਸਰ ਪੋਸਟ ਗ੍ਰੈਜੂਏਟ ਡਿਪਾਰਮੈਂਟ ਆਫ ਪੰਜਾਬੀ, ਗੌਰਮਿੰਟ ਮਹਿੰਦਰਾ ਕਾਲਜ ਪਟਿਆਲਾ ਅਤੇ ਆਈ ਏ ਐਸ ਟ੍ਰੇਨਿੰਗ ਸੈਂਟਰ ਪੰਜਾਬੀ ਯੂਨੀਵਰਸਿਟੀ ਵਿਖੇ ਸੇਵਾਵਾਂ ਨਿਭਾਈਆਂ ਹਨ।ਇਸ ਤੋਂ ਇਲਾਵਾ ਉਹਨਾਂ ਹੋਰ ਵੀ ਬਹੁਤ ਸਾਰੇ ਕਾਲਜਾਂ ਵਿੱਚ ਉਹਨਾਂ ਅਧਿਆਪਨ ਦਾ ਕਾਰਜ ਕੀਤਾ ਹੈ।

ਸਾਹਿਤਕ ਖੇਤਰ ਦੀਆਂ ਸਰਗਰਮੀਆਂ ਵਿੱਚ ਉਹਨਾਂ 1974 ਵਿੱਚ 'ਮੌਤ ਦਾ ਵਪਾਰ' ਕਾਵਿ ਸੰਗ੍ਰਹਿ ਨਾਲ ਸ਼ਿਰਕਤ ਕੀਤੀ।ਇਸ ਤਰ੍ਹਾਂ ਉਹਨਾਂ ਲਗਾਤਾਰ ਆਸ ਦਾ ਫੁੱਲ,ਅਗਨ ਕ੍ਰੀੜਾ, ਕੁਝ ਗੱਲਾਂ ਅੱਖਰ ਅੱਖਰ ਸ਼ਬਦ , ਤੇਰਾ ਆਕਾਸ਼ ਮੇਰੀ ਉਡਾਣ, ਨੂਲ ਅੰਬਰਾਂ ਤੋਂ, ਵੇਦਨ ਕਹੀਏ ਕਿਸ? ਬੋਲ ਅਨਮੋਲ, ਵਰਤਮਾਨ ਦੇ ਪ੍ਰਤੀਬਿੰਬ, ਤਿੰਨ ਰੰਗ, ਪ੍ਰੀਤ-ਵੀਣਾ ਛੇੜ ਫਿਰ,ਵਕਤ ਦੀ ਖੇਡ ਕਾਵਿ ਸੰਗ੍ਰਹਿ ਅਤੇ ਕੁਰਬਾਨੀ ਦਾ ਮੁੱਲ ਲਘੂ ਕਥਾ ਸੰਗ੍ਰਹਿ ਪੰਜਾਬੀ ਸਾਹਿਤ ਸੰਸਾਰ ਦੀ ਝੋਲੀ ਪਾਏ। ਆਪਣੇ ਸਾਹਿਤਕ ਸਫ਼ਰ ਦੌਰਾਨ ਬੈਗਮ ਜ਼ੈਨਾ ਨਾਟਕ ਨਾਲ ਉਹਨਾਂ ਸਾਹਿਤਕ ਵਿਧਾ ਵਿਚ ਹੋਰ ਵਾਧਾ ਕੀਤਾ। ਉਹਨਾਂ ਬੱਚਿਆਂ ਲਈ ਹਵਾਈ ਜਹਾਜ਼, ਸੜਕਾਂ ਦੇ ਨਿਯਮ ਅਤੇ ਸਾਡੇ ਰਸਮ ਰਿਵਾਜ ਬਾਲ ਪੁਸਤਕਾਂ ਲਿਖ ਕੇ ਬਾਲ ਸਾਹਿਤ ਖੇਤਰ ਵਿੱਚ ਪ੍ਰਸੰਸਾਯੋਗ ਕੰਮ ਕੀਤਾ।ਭਾਸ਼ਾ ਵਿਭਾਗ ਪੰਜਾਬ ਵਿੱਚ ਵੀ ਉਹਨਾਂ ਖੋਜ ਸਹਾਇਕ, ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਸਹਾਇਕ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਈਆਂ ਹਨ। ਉਹਨਾਂ 'ਜਪੁਜੀ ਸਾਹਿਬ' ਦਾ ਉਰਦੂ ਵਿਚ ਅਨੁਵਾਦ ਕਰਕੇ ਇੱਕ ਮੀਲ ਪੱਥਰ ਕੰਮ ਕੀਤਾ ਹੈ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਸੰਸਾਰ ਪ੍ਰਸਿੱਧ ਪੁਸਤਕ 'ਗਾਥਾ ਭਾਰਤ ਦੇਸ਼ ਕੀ' ਦਾ ਪੰਜਾਬੀ ਅਨੁਵਾਦ ਵੀ ਕੀਤਾ ਹੈ।



ਉਹਨਾਂ ਦੇ ਗੁਰੂ ਨਾਨਕ ਬਾਣੀ ਵਿਵੇਚਨ ਦੇ ਦੋ ਐਡੀਸ਼ਨ, ਕਰਮ ਪ੍ਰਤੀਕਰਮ,ਜਪੁ ਜੀ ਤੇ ਆਸਾ ਦੀ ਵਾਰ-ਇਕ ਅਧਿਐਨ, ਅਨੁਭਵ ਅਤੇ ਸਮੀਖਿਆ, ਧਾਰਮਿਕ ਨਾਟਕ ਤੇ ਪੰਜਾਬੀ ਰੰਗਮੰਚ ਅਤੇ ਸਾਹਿਤ ਚਰਚਾ ਆਦਿ ਤੇ ਆਧਾਰਿਤ ਅਲੋਚਨਾਤਮਕ ਵਿਚਾਰ ਪੁਸਤਕਾਂ ਵੀ ਛਪੀਆਂ ਹਨ। ਜੈਨਾਂ ਦਾ ਵਿਰਲਾਪ ਕਾਵਿ ਨਾਟਕ ਅਤੇ ਮੱਧਕਾਲੀਨ ਪੰਜਾਬੀ ਕਾਵਿ ਦੀ ਸੰਪਾਦਨਾ/ ਵਿਆਕਰਣ/ ਕੋਸ਼ਕਾਰੀ ਕੀਤੀ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਂਝੀਆਂ ਪੁਸਤਕਾਂ ਵਿੱਚ ਸ਼ਮੂਲੀਅਤ ਕੀਤੀ ਹੈ। ਉਹਨਾਂ ਦੀ ਲਿਖੀ ਅੰਗਰੇਜ਼ੀ-ਪੰਜਾਬੀ ਪ੍ਰਬੰਧਕੀ ਸ਼ਬਦਾਵਲੀ ਸਰਕਾਰੀ ਦਫ਼ਤਰਾਂ ਵਿੱਚ ਵਰਤੋਂ ਵਿੱਚ ਹੈ।

ਸ਼੍ਰੋਮਣੀ ਬਾਲ ਸਾਹਿਤਕਾਰ ਡਾ. ਦਰਸਨ ਸਿੰਘ ਆਸ਼ਟ ਨੇ ਇਸ 88 ਸਾਲਾ ਬਜ਼ੁਰਗ ਸਾਹਿਤਕਾਰ ਡਾ. ਗੁਰਬਚਨ ਸਿੰਘ ਰਾਹੀ ਨੂੰ ਪੁਸਤਕ 'ਸ਼ਬਦਾਂ ਦਾ ਵਣਜਾਰਾ' ਅਭਿਨੰਦਨ ਗ੍ਰੰਥ ਵਿੱਚ ਲਿਖ ਕੇ ਸਾਹਿਤਕ ਖੇਤਰ ਵਿੱਚ ਅਮਰ ਕਰ ਦਿੱਤਾ ਹੈ।ਇਸ ਵਿੱਚ ਉਹਨਾਂ ਦੇ ਕਮਸਕਸ਼ ਜੀਵਨ ਦੀਆਂ ਸਥਿਤੀਆਂ, ਪ੍ਰਸਥਿਤੀਆਂ, ਯਤਨਸ਼ੀਲਤਾ, ਪ੍ਰਾਪਤੀਆਂ,ਸਮਾਜ ਲਈ ਪਾਏ ਯੋਗਦਾਨ ਤੋਂ ਬਾਖੂਬੀ ਜਾਣੂ ਕਰਵਾਉਣ ਹਿੱਤ ਗੁਲਦਸਤੇ ਦੇ ਰੂਪ ਵਿੱਚ ਪਾਠਕਾਂ ਤੱਕ ਪੁੱਜਦਾ ਕੀਤਾ ਹੈ।

ਉਹਨਾਂ ਦੇ ਮਾਣ ਸਨਮਾਨ ਦੀ ਲੜੀ ਵੀ ਬਹੁਤ ਲੰਮੇਰੀ ਹੈ,ਪਰ ਉਹ ਆਪਣੇ ਪੜਾਏ ਵਿੱਦਿਆਰਥੀਆਂ, ਪਾਠਕਾਂ ਅਤੇ ਸ਼ੁਭਚਿੰਤਕਾਂ ਤੋਂ ਮਿਲਦੇ ਸਤਿਕਾਰ ਨੂੰ ਸਭ ਤੋਂ ਵੱਡਾ ਮਾਣ ਸਨਮਾਨ ਮੰਨਦੇ ਹਨ। ਉਹਨਾਂ ਨੂੰ ਸਾਹਿਤਕ ਅਤੇ ਸਮਾਜਿਕ ਖੇਤਰ ਵਿੱਚ ਪਾਏ ਪ੍ਰਸੰਸਾਯੋਗ ਯੋਗਦਾਨ ਕਰਕੇ ਬਹੁਤ ਸਾਰੀਆਂ ਸਮਾਜਿਕ, ਧਾਰਮਿਕ, ਸਾਹਿਤਕ, ਸੱਭਿਆਚਾਰਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਬਜ਼ੁਰਗ ਸ਼ਾਇਰ ਡਾ।ਰਾਹੀ ਦਾ ਕਵਿਤਾ ਪ੍ਰਤੀ ਕਹਿਣਾ ਹੈ ਕਿ ਉਪਾਸਨਾ, ਅਨੁਰਾਗ ਅਤੇ ਵੀਰ ਰਸ ਵਾਲੀਆਂ ਕਵਿਤਾਵਾਂ ਵਿੱਚ ਸਤਯੰ, ਸ਼ਿਵਯੰ ਅਤੇ ਸੁੰਦਰਯੰ ਦਾ ਹੋਣਾ ਅਤਿ ਜ਼ਰੂਰੀ ਹੈ, ਕਿਉਂਕਿ ਇਹ ਕਾਵਿ ਸਾਹਿਤ ਸਿਰਜਣਾ ਦੀ ਆਤਮਾ ਹਨ।ਇਸ ਤੋਂ ਬਿਨਾਂ ਕਵਿਤਾ ਅਰਥਹੀਣ ਹੋਵੇਗੀ। ਕਵਿਤਾਵਾਂ ਦਾ ਯਥਾਰਥ, ਕਲਿਆਣਕਾਰੀ ਸੇਧ, ਸੁੰਦਰਤਾ ਅਤੇ ਸ਼ੀਲਤਾ ਆਦਿ ਦਾ ਧਾਰਨੀ ਹੋਣਾ ਲਾਜ਼ਮੀ ਹੈ ਤਾਂ ਜੋ ਪਾਠਕ ਦੀ ਮਾਨਸਿਕਤਾ ਉੱਪਰ ਇਸਦਾ ਗਹਿਰਾ ਅਤੇ ਸੁਖਾਵਾਂ ਪ੍ਰਭਾਵ ਪਵੇ।

ਉਹਨਾਂ ਦੀਆਂ ਕਵਿਤਾਵਾਂ ਵਿਚੋਂ ਹਮੇਸ਼ਾ ਸਮਾਜਿਕ ਜੀਵਨਸ਼ੈਲੀ, ਸੱਭਿਆਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ, ਰਾਜਨੀਤਕ ਲੋਕਾਂ ਦੇ ਕਿਰਦਾਰਾਂ ਦਾ ਝਲਕਾਰਾ ਪੈਂਦਾ ਹੈ।

ਪ੍ਰੀਤ-ਵੀਣਾ ਛੇੜ ਫਿਰ ਗਾ ਕੋਈ ਮਿੱਠਾ ਰਾਗ,<br>
ਸੁਣ ਕੇ ਆਵਾਜ਼ ਜਿਸਦੀ ਜਾਗ ਪਵੇ ਸੁੱਤਾ ਇਨਸਾਨ...

ਉਹਨਾਂ ਦੀ ਇਹ ਕਵਿਤਾ ਮਾਨਵਵਾਦੀ ਸੋਚ ਨੂੰ ਹਲੂਣਾ ਦਿੰਦੀ ਹੈ। ਸਮਾਜਿਕ ਅਤੇ ਪਰਿਵਾਰਕ ਕਦਰਾਂ ਕੀਮਤਾਂ ਦੇ ਹੁੰਦੇ ਘਾਣ ਦਾ ਦਰਦ ਮਹਿਸੂਸ ਕਰਦਿਆਂ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਡਾ. ਰਾਹੀ ਕਟਾਸ ਕਰਦੇ ਲਿਖ ਦਿੰਦੇ ਹਨ;

ਹਰ ਪਿੰਡ ਹਰ ਸ਼ਹਿਰ ਵਿੱਚ ਮਲਕ ਭਾਗੋ ਦਾ ਰਾਜ ਹੈ,<br>
ਭਾਈ ਲਾਲੋ ਦਾ ਕੱਚਾ ਕੋਠਾ ਨਜ਼ਰ ਆਉਂਦਾ ਨਹੀਂ,<br>
'ਕਿਰਤ ਕਰੋ ਵੰਡ ਛਕੋ' ਦਾ ਸੰਦੇਸ਼<br>
ਕਿਸੇ ਨੂੰ ਕੋਈ ਸੁਣਾਉਂਦਾ ਨਹੀਂ ,<br>
ਅੱਜ ਸਾਰੇ ਸੱਜਣ ਠੱਗ ਤੇ ਚੋਰ ਨੇ<br>
ਚੋਰਾਂ ਨੂੰ ਪੈ ਗਏ ਅੱਗੋਂ ਮੋਰ ਨੇ...

ਇਸੇ ਤਰ੍ਹਾਂ ਮੁਹੱਬਤੀ ਸਾਂਝ ਦੀਆਂ ਉਡਾਰੀਆਂ ਨੂੰ ਮਹਿਸੂਸ ਕਰਕੇ ਵਿੱਛੜੇ ਪਰਿਵਾਰਕ ਰਿਸ਼ਤਿਆਂ ਦੇ ਵਿਯੋਗ ਦਾ ਅਹਿਸਾਸ ਜਿਤਾਉਂਦੇ ਡਾ. ਸਾਹਿਬ ਮਨ ਦੀ ਉਡਾਰੀ ਨੂੰ ਕੋਰੇ ਕਾਗਜ਼ ਦੀ ਹਿੱਕ ਤੇ ਝਰੀਟ ਦਿੰਦੇ ਹਨ;

ਤੇਰੇ ਨਾਲ ਮੇਰੇ ਦਿਲ ਦੀ ਦੁਨੀਆਂ<br>
ਖੁਸ਼ ਸੀ, ਆਬਾਦ ਸੀ,<br>
ਦਿਲ ਸਦਾ ਸਰਸ਼ਾਰ ਸੀ।<br>
ਪਰ ਹੁਣ ਤਾਂ ਮਨ ਦਾ ਵਿਹੜਾ<br>
ਉੱਜੜਿਆ ਅਤੇ ਬਰਬਾਦ ਹੈ।

ਉਹਨਾਂ ਦੀਆਂ ਰਚਨਾਵਾਂ ਵਿਚ ਪੋਹ ਦੀ ਕਕਰੀਲੀ ਠੰਡੀ ਰਾਤ ਵਰਗੀ ਸ਼ਾਂਤੀ ਹੈ, ਮਾਘ ਦੀ ਕੋਸੀ ਕੋਸੀ ਧੁੱਪ ਦੇ ਸੇਕ ਵਰਗਾ ਨਿੱਘ ਅਤੇ ਹਾੜ ਮਹੀਨੇ ਤਪਦੇ ਟਿੱਬਿਆਂ ਦੇ ਰੇਤ ਤੇ ਡਿੱਗੀ ਕਣੀ ਦੀ ਠੰਡਕ ਵਰਗਾ ਅਹਿਸਾਸ ਮਹਿਸੂਸ ਹੁੰਦਾ ਹੈ।

ਉਹਨਾਂ ਨੇ ਆਕਾਸ਼ਵਾਣੀ ਪਟਿਆਲਾ ਅਤੇ ਦੂਰਦਰਸ਼ਨ ਜਲੰਧਰ ਤੋਂ ਪੰਜਾਬੀ ਵਿਰਸਾ ਵਿਸ਼ੇ ਤੇ ਵਿਸ਼ੇਸ਼ ਵਿਚਾਰ ਪ੍ਰਗਟ ਕੀਤੇ ਹਨ। ਉਹਨਾਂ ਨੇ ਪੰਜਾਬੀ ਭਾਸ਼ਾ ਅਤੇ ਮਾਂ ਬੋਲੀ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲਤਾ, ਸਿੱਖ ਧਰਮ ਦੀ ਫਿਲਾਸਫੀ ਦੀ ਵਿਲੱਖਣਤਾ ਅਤੇ ਸੱਭਿਆਚਾਰ ਦਾ ਪ੍ਰਚਾਰ,ਮੱਧ ਕਾਲੀਨ ਪੰਜਾਬੀ ਸਾਹਿਤ ਦਾ ਅਧਿਆਪਨ ਅਤੇ ਅਧਿਐਨ ਨੂੰ ਆਪਣੇ ਜੀਵਨ ਦਾ ਉਦੇਸ਼ ਰੱਖਿਆ ਹੈ ਅਤੇ ਭਵਿੱਖ ਵਿੱਚ ਵੀ ਯਤਨ ਕਾਰਜਸ਼ੀਲ ਰਹਿਣਗੇ।

ਪੰਜਾਬੀ ਸਾਹਿਤ ਦੀ ਇਹ ਨਰੋਈ ਅਤੇ ਗਹਿਰਾਈ ਭਰਪੂਰ ਕਲਮ ਅੱਲੜ੍ਹ ਦਰਿਆ ਦੇ ਵਹਿਣ ਵਾਂਗ ਨਿਰੰਤਰ ਵਹਿੰਦੀ ਰਹੇ। **-ਇੰਜੀ. ਸਤਨਾਮ ਸਿੰਘ ਮੱਟੂ**

**9779708257**

## .ਗ਼ਜ਼ਲ

ਕਿਹਾ ਜੋ ਵੀ ਮੇਰੇ ਦਿਲ ਨੇ ਕਦੀ ਮੈਂ ਗੱਲ ਨਹੀਂ ਮੋੜੀ।<br>
ਹਜ਼ਾਰਾਂ ਵਾਰ ਸਹੁੰ ਖਾਧੀ ਹਜ਼ਾਰਾਂ ਵਾਰ ਸਹੁੰ ਤੋੜੀ।<br>
ਮਗਰ ਫਿਰ ਵੀ ਅਧੂਰੀ ਜ਼ਿੰਦਗੀ ਪੂਰੀ ਨਹੀਂ ਹੋਈ,<br>
ਕਦੀ ਪਥਰਾਂ ਦੇ ਨਾਲ ਜੋੜੀ ਕਦੀ ਸ਼ੀਸ਼ੇ ਦੇ ਨਾਲ ਜੋੜੀ।<br>
ਦੁਲੱਤੀ ਮਾਰਨੇ ਤੋਂ ਫਿਰ ਵੀ ਚੰਦਰੀ ਬਾਜ ਨਾ ਆਈ,<br>
ਕਿ ਸ਼ਿਸ਼ਟਾਚਾਰ ਦੇ ਨਿਯਮਾਂ 'ਚ ਰਖ ਕੇ ਵੇਖ ਲਈ ਘੋੜੀ।<br>
ਕਰਮ ਏਦਾਂ ਕਰੋ ਸਦੀਆਂ 'ਚ ਅੰਕਿਤ ਨਾਮ ਹੋ ਜਾਏ,<br>
ਕਿਹੜਾ ਕਹਿੰਦਾ ਕਿ ਜੀਵਨ ਵਾਸਤੇ ਹੈ ਜ਼ਿੰਦਗੀ ਥੋੜ੍ਹੀ।<br>
ਡਰੀ ਹੈ ਬਾਪ ਦੀ ਹਰ ਰੂਹ ਕਿਵੇਂ ਮਹਿਫੂਜ਼ ਰਖਣੀਂ ਧੀ,<br>
ਕਿਸੇ ਨੇ ਮਾਰ ਕੇ ਲੜਕੀ ਨਦੀ ਵਿਚ ਲਾਸ਼ ਹੈ ਰੋੜ੍ਹੀ।<br>
ਨਾ ਅੰਬਰ ਤਿੜਕਿਆ ਕਿਧਰੇ ਨਾ ਕਿਧਰੇ ਤਾਰੇ ਟਕਰਾਏ,<br>
ਕਿਵੇਂ ਫ਼ਿਰ ਕਿਸ ਤਰ੍ਹਾਂ ਹੋਈ ਹੈ ਚੰਨ ਦੀ ਚਾਨਣੀ ਕੋੜ੍ਹੀ।<br>
ਬਹਿਰ ਨਾਲੋਂ ਜ਼ਰੂਰੀ ਹੈ ਰਿਧਮ ਦੀ ਰੌਸ਼ਨੀ ਬਾਲਮ,<br>
ਨਾ ਹੋਵੇ ਗ਼ਜ਼ਲ ਦੇ ਰੁਕਨਾ ਦੇ ਵਿਚ ਤਰਤੀਬ ਬੇਲੋੜੀ।

**ਬਲਵਿੰਦਰ ਬਾਲਮ ਗੁਰਦਾਸਪੁਰ**

**98156-25409**

## ਪੰਛੀ ਤੇ ਕੁਦਰਤ

**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਗੁਰਪ੍ਰੀਤ ਸਿੰਘ ਜਖਵਾਲੀ**
**ਪ੍ਰਕਾਸ਼ਕ: ਜੇ ਪੀ ਪਬਲਿਕੇਸ਼ਨ ਪਟਿਆਲਾ, ਪੰਨੇ: 72, ਮੁੱਲ: 150 ਰੁਪਏ**

ਬਾਲ ਸਾਹਿਤ ਦੀ ਸਿਰਜਣਾ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ। ਇਸ ਵਾਸਤੇ ਲੇਖਕ ਨੂੰ ਬਾਲ ਮਨ ਦੀਆਂ ਗਹਿਰਾਈਆਂ ਦੀ ਥਾਹ ਪਾਉਣੀ ਹੁੰਦੀ ਹੈ। ਜਦੋਂ ਕਵੀ ਜਾਂ ਲੇਖਕ ਬਾਲ ਮਨ ਦਾ ਗਿਆਨੀ ਬਣ ਜਾਂਦਾ ਹੈ ਫਿਰ ਉਹ ਬੱਚਿਆਂ ਲਈ ਮਨੋਰੰਜਕ ਅਤੇ ਗਿਆਨਵਰਧਕ ਰਚਨਾਵਾਂ ਦੀ ਸਿਰਜਣਾ ਕਰਦਾ ਹੈ। ਗੁਰਪ੍ਰੀਤ ਸਿੰਘ ਜਖਵਾਲੀ ਨੇ ਵੀ ਆਪਣੀ ਲੰਮੀ ਘਾਲਣਾ ਤੋਂ ਬਾਅਦ ਹਥਲੀ ਪੁਸਤਕ 'ਪੰਛੀ ਤੇ ਕੁਦਰਤ' ਦੀ ਪ੍ਰਕਾਸ਼ਨਾ ਕੀਤੀ ਹੈ। ਉਸ ਦੇ ਸੰਗੀ ਸਾਥੀ ਦਵਿੰਦਰ ਪਟਿਆਲਵੀ ਨੇ ਉਸ ਨੂੰ ਪ੍ਰੇਰਿਤ ਕਰਕੇ ਹਥਲੀ ਪੁਸਤਕ ਪਾਠਕਾਂ ਤੱਕ ਪੁੱਜਣ ਦਾ ਸ਼ਾਨਦਾਰ ਉਪਰਾਲਾ ਕੀਤਾ। ਡਾਕਟਰ ਦਰਸ਼ਨ ਸਿੰਘ ਆਸ਼ਟ ਅਨੁਸਾਰ ਇਸ ਪੁਸਤਕ ਰਾਹੀਂ ਕਵੀ ਸਾਨੂੰ ਸਮਾਜਿਕ ਤੇ ਸਰੀਰਕ ਬਿਮਾਰੀਆਂ ਪ੍ਰਤੀ ਸੁਚੇਤ ਕਰ ਰਿਹਾ ਹੈ। ਪੁਸਤਕ ਵਿੱਚ ਦਰਜ 63 ਵੰਨ- ਸੁਵੰਨੀਆਂ ਕਵਿਤਾਵਾਂ ਦੇ ਵਿਸ਼ੇ ਵੀ ਬੜੇ ਰੌਚਕ ਹਨ। ਕਵੀ ਬਾਲ ਪਾਠਕਾਂ ਨੂੰ ਆਪਣੇ ਅੰਦਰ ਨਵੀਆਂ ਤੇ ਰੋਈਆਂ ਕਦਰਾਂ ਕੀਮਤਾਂ ਭਰਨ ਦੀ ਸਲਾਹ ਦਿੰਦਾ ਹੋਇਆ ਸਿਹਤ ਦਾ ਖਾਸ ਤੌਰ ਤੇ ਖਿਆਲ ਰੱਖਣ ਦੀ ਨਸੀਹਤ ਕਰਦਾ ਹੈ। ਉਹ ਤਨ ਤੇ ਮਨ ਦੇ ਰਿਸ਼ਤੇ ਨੂੰ ਗੂੜ੍ਹਾ ਅਤੇ ਨਰੋਆ ਬਣਾਉਣ ਦੇ ਆਹਰ ਵਿੱਚ ਹੈ। ਕਵਿਤਾਵਾਂ ਨਾਲ ਕੰਪਿਊਟਰ ਚਿੱਤਰ ਪੁਸਤਕ ਦੇ ਮੁੱਲ ਵਿੱਚ ਵਾਧਾ ਕਰਦੇ ਹਨ।




ਪ੍ਰਾਇਮਰੀ ਪੱਧਰ ਦੇ ਵਿਦਿਆਰਥੀਆਂ ਲਈ ਇਹ ਪੁਸਤਕ ਇੱਕ ਗਾਈਡ ਬੁੱਕ ਬਣ ਜਾਂਦੀ ਹੈ। ਜਿਸ ਰਾਹੀਂ ਉਹ ਆਲੇ ਦੁਆਲੇ ਬਾਰੇ ਗਿਆਨ ਹਾਸਿਲ ਕਰਦੇ ਹੋਏ ਆਪਣੇ ਜੀਵਨ ਨੂੰ ਖੁਸ਼ੀਆਂ ਭਰਪੂਰ ਬਣਾ ਸਕਦੇ ਹਨ। ਬਿੱਲੀ ਦਾ ਮੂੰਹ, ਚੂਹੇ ਬਿੱਲੀ ਦੀ ਕਲਾਸ, ਦਾਦਾ ਜੀ, ਦੋ ਕੱਪ ਚਾਹ, ਮੇਰਾ ਬੈਂਕ, ਸਵੇਰ ਦੀ ਸਭਾ, ਮੰਮੀ ਦੀ ਸਿੱਖਿਆ, ਸਿੱਖ ਕੌਮ ਦੀ ਹੀਰੇ, ਸਿਆਣੀਆਂ ਗੱਲਾਂ, ਬਣ ਬੰਦੇ ਇਨਸਾਨ, ਚਾਚੂ ਸੁਪਰ ਸਟਾਰ,ਮੋਟਰ ਕਾਰ, ਪੋਹ ਮਹੀਨਾ, ਪੇਪਰਾਂ ਦੀ ਤਿਆਰੀ, ਗੁਰਬਾਣੀ ਪੜ੍ਹੀਏ ਅਤੇ ਸਵੇਰ ਦੀ ਸੈਰ ਆਦਿ ਕਵਿਤਾਵਾਂ ਬੱਚਿਆਂ ਲਈ ਪ੍ਰੇਰਨਾਦਾਇਕ ਅਤੇ ਸਿੱਖਿਆਦਾਇਕ ਹਨ। ਪੁਸਤਕ ਦੇ ਅਖੀਰ ਵਿੱਚ ਦਰਜ ਕੀਤੇ ਤਿੰਨ ਗੀਤਾਂ ਵਿੱਚ ਇੱਕ ਗੀਤ 'ਕਿੱਥੇ ਗਈ ਮਾਰ ਉਡਾਰੀ ਤੂੰ ਚਿੜੀਏ' ਡਾ. ਆਸ਼ਟ ਹੁਰਾਂ ਦੇ ਗੀਤ ਨਾਲ ਰਲਦਾ ਮਿਲਦਾ ਗੀਤ ਹੈ। ਕਵੀ ਨੂੰ ਅਜਿਹੀਆਂ ਭੁੱਲਾਂ ਤੋਂ ਬਚਣ ਦੀ ਜ਼ਰੂਰਤ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਗੁਰਪ੍ਰੀਤ ਸਿੰਘ ਜਖਵਾਲੀ ਬਾਲ ਸਾਹਿਤ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾ ਰਿਹਾ ਹੈ। ਹਥਲੀ ਪੁਸਤਕ ਉਸ ਨੂੰ ਸਾਹਿਤ ਜਗਤ ਵਿੱਚ ਹੋਰ ਅਗੇਰੇ ਵਧਣ ਲਈ ਰਾਹ ਪੱਧਰਾ ਕਰੇਗੀ।

## ਨਗਰ ਨਿਗਮ ਹੁਸ਼ਿਆਰਪੁਰ ਕਰ ਰਿਹੈ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ - ਕਮਿਸ਼ਨਰ ਨਗਰ ਨਿਗਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕਮਿਸ਼ਨਰ ਨਗਰ ਨਿਗਮ ਡਾ।ਅਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਗਰ ਨਿਗਮ ਸ਼ਹਿਰਵਾਸੀਆਂ ਨੂੰ 100 ਫੀਸਦੀ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਉਦੇਸ਼ ਨੂੰ ਧਿਆਨ ਵਿਚ ਰੱਖਦੇ ਹੋਏ ਆਮ ਜਨਤਾ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਨਗਰ ਨਿਗਮ ਦਫ਼ਤਰ ਵਿਖੇ ਵਿਸ਼ੇਸ਼ 'ਸ਼ਿਕਾਇਤ ਸੈੱਲ' ਸਥਾਪਿਤ ਕੀਤਾ ਗਿਆ ਹੈ। ਇਸ ਸੈਲ ਰਾਹੀਂ ਨਾਗਰਿਕ ਹੁਣ ਘਰ ਬੈਠੇ ਹੀ ਆਪਣੀਆਂ ਸ਼ਿਕਾਇਤਾਂ ਵਟਸਅਪ ਨੰਬਰ 94634-97791 ਅਤੇ ਲੈਂਡਲਾਈਨ ਨੰਬਰ 01882-2220322 'ਤੇ ਦਰਜ ਕਰਵਾ ਸਕਦੇ ਹਨ। ਇਸ ਪ੍ਰਕਿਰਿਆ ਨੂੰ ਸਰਲ ਅਤੇ ਪ੍ਰਭਾਵੀ ਬਣਾਉਣ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਸਟਾਫ਼ ਦੀ ਤਾਇਨਾਤੀ ਵੀ ਕੀਤੀ ਗਈ ਹੈ। ਕਮਿਸ਼ਨਰ ਡਾ। ਅਮਨਦੀਪ ਕੌਰ ਨੇ ਦੱਸਿਆ ਕਿ 11 ਜੁਲਾਈ 2024 ਤੋਂ ਹੁਣ ਤੱਕ ਕੁੱਲ 640 ਸ਼ਿਕਾਇਤਾਂ ਇਨ੍ਹਾਂ ਨੰਬਰਾਂ ਰਾਹੀਂ ਪ੍ਰਾਪਤ ਹੋਈਆਂ ਹਨ, ਜਿਸ ਵਿਚ 629 ਸ਼ਿਕਾਇਤਾਂ ਦਾ ਤੁਰੰਤ ਹੱਲ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਦਰਸਾਉਂਦੀ ਹੈ ਕਿ ਨਗਰ ਨਿਗਮ ਦੀ ਇਹ ਪਹਿਲ ਜਨਤਾ ਲਈ ਨਾ ਕੇਵਲ ਸੁਵਿਧਾਜਨਕ ਸਿੱਧ ਹੋ ਰਹੀ ਹੈ, ਬਲਕਿ ਸ਼ਿਕਾਇਤਾਂ ਦੇ ਹੱਲ ਵਿਚ ਵੀ ਕਿਸੇ ਪ੍ਰਕਾਰ ਦੀ ਦੇਰੀ ਨਹੀਂ ਹੋ ਰਹੀ ਹੈ।

13 ਅਪ੍ਰੈਲ ਦੇ ਅੰਕ ਲਈ

# ਖ਼ਾਲਸਾ ਪੰਥ ਦੀ ਸਾਜਨਾ ਤੇ ਇਸ ਦਾ ਪਿਛੋਕੜ




ਹੋਰ ਮੌਸਮੀ ਤਿਓਹਾਰਾਂ ਵਾਂਗ ਵੈਸਾਖੀ ਵੀ ਇਕ ਮੌਸਮੀ ਤਿਓਹਾਰ ਹੈ ਪਰ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸਾ ਪੰਥ ਦੀ ਸਾਜਨਾ ਨਾਲ ਹੁਣ ਇਹ ਇਕ ਸਿੱਖਾਂ ਦਾ ਧਾਰਮਿਕ ਦਿਵਸ ਦਾ ਰੂਪ ਧਾਰਨ ਕਰ ਗਿਆ ਹੈ। ਸੁਆਲ ਪੈਦਾ ਹੁੰਦਾ ਹੈ ਕਿ ਗੁਰੂ ਜੀ ਨੂੰ ਖਾਲਸਾ ਪੰਥ ਸਾਜਨ ਦੀ ਲੋੜ ਕਿਉਂ ਪਈ?

ਇਸਦੇ ਪਿਛੋਕੜ ਵਿਚ ਜਦੋਂ ਅਸੀਂ ਝਾਤ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਸ ਦਾ ਕਾਰਨ ਔਰੰਗਜੇਬ ਵਲੋਂ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਨੀਤੀ ਸੀ। ਔਰੰਗਜੇਬ ਨੇ ਆਪਣੇ ਰਾਜਭਾਗ ਦੇ ਕੁਝ ਸਾਲਾਂ ਪਿਛੋਂ ਧਾਰਮਿਕ ਕੱਟੜਪ੍ਰਸਤ ਦੀ ਨੀਤੀ ਅਪਣਾਉਂਦੇ ਹੋਏ ਕਈ ਫੁਰਮਾਨ ਜਾਰੀ ਕੀਤੇ। ਸਾਰੇ ਹਿੰਦੁਸਤਾਨ ਨੂੰ ਇਸਲਾਮ ਧਰਮ ਵਿਚ ਤਬਦੀਲ ਕਰਨ ਲਈ ਉਸਨੇ ਹਿੰਦੂਆਂ ਵਿਰੁੱਧ ਕਈ ਕਦਮ ਚੁੱਕੇ। ਉਨ੍ਹਾਂ ਦੇ ਤਿਓਹਾਰਾਂ ਅਤੇ ਧਾਰਮਿਕ ਪੂਜਾ ਅਰਚਨਾ 'ਤੇ ਪਾਬੰਦੀ ਲਾ ਦਿੱਤੀ ਗਈ। ਫ਼ੌਜ ਤੇ ਹੋਰ ਸਰਕਾਰੀ ਨੌਕਰੀਆਂ ਕੇਵਲ ਮੁਸਲਮਾਨਾਂ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ। ਰਾਜਪੂਤਾਂ ਨੂੰ ਛੱਡ ਕੇ ਬਾਕੀ ਹਿੰਦੂਆਂ ਨੂੰ ਘੋੜੇ ਅਤੇ ਹਾਥੀ ਦੀ ਸਵਾਰੀ ਕਰਨ ਦੀ ਪਾਬੰਦੀ ਲਾ ਦਿੱਤੀ ਗਈ। ਹਿੰਦੂਆਂ ਉਤੇ ਵਧੇਰੇ ਟੈਕਸ ਲਾਏ ਗਏ। ਕਈ ਮੰਦਰ ਢਾਹ ਕੇ ਉਨ੍ਹਾਂ ਨੂੰ ਮਸੀਤਾਂ ਵਿਚ ਬਦਲ ਦਿੱਤਾ ਗਿਆ।

